**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

**Hardeep S.Rai**
ਇੰਮੀਗ੍ਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ
Duabba Insurance Agency
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com
Gurcharan Singh Mann Insurance Agent Licence# OC 70672



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 48, November 26, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਜੋੜ-ਤੋੜ ਨੇ ਉਲਝਾਈ ਸਿਆਸੀ ਤਾਣੀ

## ਸਿਆਸੀ ਧਿਰਾਂ ਜਿੱਤ ਲਈ ਕਰ ਰਹੀਆਂ ਨੇ ਹਰ ਹੀਲਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਵਿਧਾਨ ਸਭਾ ਚੋਣਾਂ ਤੋਂ ਢਾਈ-ਤਿੰਨ ਮਹੀਨੇ ਪਹਿਲਾਂ ਪੰਜਾਬ ਦੀ ਸਿਆਸਤ ਵਿਚ ਜੋੜ-ਤੋੜ ਦਾ ਰੁਝਾਨ ਸਿਖਰਾਂ 'ਤੇ ਹੈ। ਵੱਡੀਆਂ ਸਿਆਸੀ ਧਿਰਾਂ ਵੱਲੋਂ ਜਿਥੇ ਛੋਟੇ ਸਿਆਸੀ ਦਲ ਨੂੰ ਆਪਣੇ ਵਿਚ ਮਰਜ਼ ਕਰਨ ਦੀ ਦੌੜ ਲੱਗੀ ਹੋਈ ਹੈ, ਉਥੇ ਟਿਕਟ ਨਾ ਮਿਲਣ ਤੋਂ ਨਾਰਾਜ਼ ਆਗੂਆਂ ਨੇ ਖੁੱਲ੍ਹ ਕੇ ਬਗਾਵਤ ਦਾ ਰਾਹ ਫੜ ਲਿਆ ਹੈ। ਬਗਾਵਤ ਦਾ ਸਭ ਤੋਂ ਵੱਧ ਸੇਕ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ ਅਤੇ ਉਮੀਦਵਾਰਾਂ ਦੀ ਪਹਿਲੀ ਸੂਚੀ ਪਿੱਛੋਂ ਹੀ ਉਸ ਦੇ ਚਾਰ ਵਿਧਾਇਕਾਂ ਨੇ ਪਾਰਟੀ ਨੂੰ ਅਲਵਿਦਾ ਆਖ ਦਿੱਤਾ।

ਮੌਜੂਦਾ ਵਿਧਾਨ ਸਭਾ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਸਭ ਤੋਂ ਵੱਧ ਛੇ ਵਾਰ ਜਿੱਤੇ ਸਰਵਨ ਸਿੰਘ ਫਿਲੌਰ ਟਿਕਟ ਨਾ ਦੇਣ ਕਾਰਨ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਬਸਪਾ ਵਿਚੋਂ ਆ ਕੇ ਅਕਾਲੀ ਵਿਧਾਇਕ ਬਣੇ ਅਵਿਨਾਸ਼ ਚੰਦਰ ਨੇ ਵੀ ਟਿਕਟ ਨਾ ਮਿਲਣ ਕਰ ਕੇ ਅਕਾਲੀ ਦਲ ਨੂੰ ਅਲਵਿਦਾ ਕਹਿ ਦਿੱਤੀ ਹੈ ਅਤੇ ਮੁੜ ਬਸਪਾ ਵਿਚ ਜਾਣ ਦੀ ਤਿਆਰੀ ਵਿਚ ਹਨ। ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਨਾਲ ਵਿਵਾਦ ਦੇ ਕਾਰਨ ਨਿਹਾਲ ਸਿੰਘ ਵਾਲਾ ਤੋਂ ਰਾਜਵਿੰਦਰ ਕੌਰ ਭਾਗੀਬਾਂਦਰ ਨੇ ਆਜ਼ਾਦ

(ਬਾਕੀ ਸਫਾ 6 'ਤੇ)



### 'ਆਪ' ਦੀ ਰਣਨੀਤੀ ਨੇ ਹਾਕਮਾਂ ਦਾ ਫਿਕਰ ਵਧਾਇਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਰਣਨੀਤੀ ਨੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਫਿਕਰਾਂ ਵਿਚ ਪਾਇਆ ਹੋਇਆ ਹੈ। 'ਆਪ' ਨੇ ਅਕਾਲੀ ਦਲ ਦੇ ਵੱਡੇ ਆਗੂਆਂ ਨੂੰ ਉਨ੍ਹਾਂ ਦੇ ਗੜ੍ਹ ਵਿਚ ਹੀ ਘੇਰਨ ਦਾ ਐਲਾਨ ਕੀਤਾ ਹੋਇਆ ਹੈ। ਜਲਾਲਾਬਾਦ ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਭਗਵੰਤ ਮਾਨ ਟੱਕਰ ਦੇਣਗੇ। ਇਹ ਵੀ ਚਰਚਾ ਹੈ ਕਿ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਨਾਲ ਆਪ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਭਿੜਨਗੇ। ਆਪ ਦੀ ਰਣਨੀਤੀ ਹੈ ਕਿ ਵੱਡੇ ਲੀਡਰਾਂ ਨੂੰ ਉਨ੍ਹਾਂ ਦੇ ਹਲਕਿਆਂ ਵਿਚ ਹੀ ਘੇਰਿਆ ਜਾਵੇ ਤਾਂ ਜੋ ਉਹ ਬਾਹਰ ਜਾ ਕੇ ਚੋਣ ਪ੍ਰਚਾਰ ਨਾ ਕਰ ਸਕਣ। ਚੋਣ ਮਾਹਰਾਂ ਅਨੁਸਾਰ ਜਲਾਲਾਬਾਦ ਸੀਟ ਉਤੇ ਭਗਵੰਤ ਮਾਨ ਦੇ ਆਉਣ ਨਾਲ ਇਸ ਸੀਟ ਉਤੇ ਮੁਕਾਬਲਾ ਰੌਚਕ ਬਣ ਗਿਆ ਹੈ। ਪਿਛਲੀਆਂ ਵਿਧਾਨ ਸਭਾ ਚੋਣ ਦੌਰਾਨ ਲਹਿਰਾ ਹਲਕੇ ਤੋਂ ਕਾਂਗਰਸ ਦੀ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਖਿਲਾਫ਼ ਪੀ.ਪੀ.ਪੀ. ਪਾਰਟੀ ਵੱਲੋਂ ਭਗਵੰਤ ਮਾਨ ਨੇ ਆਪਣੇ ਰਾਜਨੀਤਕ ਸਫਰ ਦੀ ਸ਼ੁਰੂਆਤ ਕੀਤੀ ਸੀ, ਪਰ ਉਸ ਨੂੰ ਸਫਲਤਾ ਨਹੀਂ ਮਿਲੀ। ਇਸ ਤੋਂ ਬਾਅਦ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਤੇ ਲੋਕ ਸਭਾ ਹਲਕੇ ਸੰਗਰੂਰ ਤੋਂ ਉਨ੍ਹਾਂ ਨੇ ਅਕਾਲੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਖਿਲਾਫ਼ ਚੋਣ ਲੜੀ। ਉਨ੍ਹਾਂ ਨੂੰ ਵੱਡੇ ਫਰਕ ਨਾਲ ਹਰਾ ਕੇ ਸੀਟ ਉਤੇ ਜਿੱਤ ਦਰਜ ਕੀਤੀ।

# ਪਾਣੀਆਂ ਬਾਰੇ ਫੈਸਲੇ ਨੇ ਸਮੀਕਰਨਾਂ ਬਦਲੀਆਂ

**ਚੰਡੀਗੜ੍ਹ:** ਪੰਜਾਬ ਦੇ ਪਾਣੀਆਂ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੇ ਸੂਬੇ ਦੇ ਸਿਆਸੀ ਸਮੀਕਰਨਾਂ ਵਿਚ ਵੱਡਾ ਮੋੜਾ ਲਿਆਂਦਾ ਹੈ। ਅਦਾਲਤ ਦੇ ਫੈਸਲੇ ਪਿੱਛੋਂ ਸਿਆਸੀ ਧਿਰਾਂ ਇਸ ਮਸਲੇ ਬਾਰੇ ਨਫੇ ਨੁਕਸਾਨ ਦੇ ਜੋੜ-ਤੋੜ ਵਿਚ ਉਲਝੀਆਂ ਹੋਈਆਂ ਹਨ। ਅਦਾਲਤ ਵੱਲੋਂ ਹਰਿਆਣਾ ਦੇ ਹੱਕ ਵਿਚ ਫੈਸਲਾ ਦੇਣ ਕਾਰਨ ਸਾਰੇ ਕਾਂਗਰਸੀ ਵਿਧਾਇਕਾਂ ਵੱਲੋਂ ਅਸਤੀਫੇ ਦੇਣ ਕਾਰਨ ਹਾਕਮ ਧਿਰ ਅਕਾਲੀ ਦਲ ਬਾਦਲ ਨੇ ਰਾਤੋਂ ਰਾਤ ਕਿਸਾਨਾਂ ਦੀ ਜ਼ਮੀਨ ਮੋੜ ਕੇ ਪਾਣੀਆਂ ਦੇ 'ਸੱਚੇ ਰਾਖੇ' ਹੋਣ ਦਾ ਸਬੂਤ ਦਿੱਤਾ ਹੈ। ਹਾਕਮ ਧਿਰਾਂ ਹੁਣ ਆਪਣੇ ਨੌਂ ਸਾਲਾਂ ਵਿਚ ਕਰਵਾਏ 'ਵਿਕਾਸ' ਦੇ ਨਾਅਰੇ ਨੂੰ ਛੱਡ ਕੇ ਪਾਣੀਆਂ ਲਈ ਕੀਤੀਆਂ 'ਕੁਰਬਾਨੀਆਂ' ਗਿਣਵਾ ਰਹੀ ਹੈ। ਆਮ ਕਰ ਕੇ ਬਾਦਲ ਧਿਰ ਚੋਣਾਂ ਸਮੇਂ ਧਾਰਮਿਕ ਮਸਲਿਆਂ ਨੂੰ ਅੱਗੇ ਰੱਖਦੇ ਸੀ, ਪਰ ਇਸ ਵਾਰ ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਪਾਸਾ ਪਲਟ ਲਿਆ ਹੈ।

ਅੱਠ ਮਹੀਨਿਆਂ ਦੌਰਾਨ ਇਹ ਦੂਜੀ ਵਾਰ ਹੈ ਜਦੋਂ ਇਹ ਜ਼ਮੀਨ ਅਸਲ ਮਾਲਕਾਂ ਨੂੰ ਮੋੜਨ ਦਾ ਐਲਾਨ ਕੀਤਾ ਗਿਆ ਹੈ। ਪਹਿਲਾਂ ਵਿਧਾਨ ਸਭਾ ਨੇ ਇਸ ਸਬੰਧੀ ਬਿੱਲ ਪਾਸ ਕੀਤਾ ਸੀ ਜਿਸ ਨੂੰ ਰਾਜਪਾਲ ਤੋਂ ਅਜੇ ਤੱਕ ਮਨਜ਼ੂਰੀ ਨਹੀਂ ਮਿਲੀ। ਹੁਣ ਸੂਬਾਈ ਮੰਤਰੀ ਮੰਡਲ ਨੇ ਆਪਣੀਆਂ ਕਾਰਜ ਪਾਲਕ ਸ਼ਕਤੀਆਂ ਦੀ ਵਰਤੋਂ ਕਰਦਿਆਂ ਡੀਨੋਟੀਫਿਕੇਸ਼ਨ ਸਬੰਧੀ ਹੁਕਮ ਜਾਰੀ ਕੀਤਾ।

ਅੱਠ ਮਹੀਨੇ ਪਹਿਲਾਂ ਜਦੋਂ ਜ਼ਮੀਨ ਡੀਨੋਟੀਫਾਈ ਕਰਨ ਸਬੰਧੀ ਬਿੱਲ ਪਾਸ ਕੀਤਾ ਗਿਆ ਸੀ, ਉਦੋਂ ਵਿਰੋਧੀ ਧਿਰ-ਕਾਂਗਰਸ ਨੇ ਹਾਕਮ ਧਿਰ ਦਾ ਸਾਥ ਦਿੱਤਾ ਸੀ। ਹੁਣ ਕਾਂਗਰਸੀ ਵਿਧਾਇਕਾਂ ਵੱਲੋਂ ਅਸਤੀਫੇ ਦੇਣ ਕਾਰਨ ਵਿਸ਼ੇਸ਼ ਇਜਲਾਸ ਵਿਚ ਵਿਰੋਧੀ ਧਿਰ ਦੀ ਹਾਜ਼ਰੀ ਨਾ-ਮਾਤਰ ਸੀ।

2004 ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਨੂੰ ਪੰਜਾਬ ਦੇ ਪਾਣੀਆਂ ਦਾ ਰਾਖਾ ਸਾਬਤ ਕਰਨ ਲਈ ਵਿਧਾਨ ਸਭਾ ਤੋਂ ਸਰਬਸੰਮਤੀ ਨਾਲ ਐਕਟ ਪਾਸ ਕਰਵਾਇਆ ਸੀ ਜਿਸ ਨੂੰ ਸੁਪਰੀਮ ਕੋਰਟ ਨੇ ਹੁਣ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹੇ ਦਲੇਰਾਨਾ ਕਦਮ ਦੇ ਬਾਵਜੂਦ ਅਮਰਿੰਦਰ ਸਿੰਘ 2007 ਦੀਆਂ ਵਿਧਾਨ ਸਭਾ ਚੋਣਾਂ ਨਾ ਜਿੱਤ ਸਕਿਆ। ਮੁੱਖ ਮੰਤਰੀ ਦਾ ਅਹੁਦਾ ਮੁੜ ਹਾਸਲ ਕਰਨ ਲਈ ਉਸ ਵੱਲੋਂ ਹੁਣ ਫਿਰ ਪਾਣੀਆਂ ਦੇ ਮਸਲੇ ਉਤੇ ਹੀ ਵੱਡੀ ਟੇਕ ਰੱਖੀ ਜਾ ਰਹੀ ਹੈ।

### ਸਿਆਸੀ ਦਾਅ-ਪੇਚਾਂ ਦਾ ਦੌਰ ਚੱਲਿਆ

**ਚੰਡੀਗੜ੍ਹ:** ਅਕਾਲੀਆਂ ਨੂੰ ਵੀ ਜਾਪਦਾ ਹੈ ਕਿ ਉਹ ਇਸ ਮਸਲੇ ਨੂੰ ਜਜ਼ਬਾਤੀ ਮੁੱਦਾ ਬਣਾ ਕੇ ਆਪਣੇ ਵਿਰੁੱਧ ਚੱਲ ਰਹੀ ਸਿਆਸੀ ਹਵਾ ਦਾ ਰੁੱਖ ਮੋੜ ਸਕਦੇ ਹਨ। ਸਿਆਸਤਦਾਨਾਂ ਦੇ ਅਜਿਹੇ ਦਾਅ-ਪੇਚਾਂ ਕਾਰਨ ਪੰਜਾਬ ਨੂੰ ਹਰ ਸਾਲ ਕਰੋੜਾਂ ਰੁਪਏ ਵਕੀਲਾਂ ਦੀਆਂ ਫੀਸਾਂ ਦੇ ਰੂਪ ਵਿਚ ਅਦਾ ਕਰਨੇ ਪੈ ਰਹੇ ਹਨ। ਪਾਣੀਆਂ ਬਾਰੇ ਪੰਜਾਬ ਦਾ ਕੇਸ ਚੋਖਾ ਮਜ਼ਬੂਤ ਹੈ, ਪਰ ਸੂਬਾਈ ਨੇਤਾਵਾਂ ਦੇ ਗਲਤ ਪੈਂਤੜਿਆਂ ਕਾਰਨ ਰਾਜ ਤਿੰਨ ਵਾਰ ਸੁਪਰੀਮ ਕੋਰਟ ਵਿਚ ਮੁਕੱਦਮੇ ਹਾਰ ਚੁੱਕਾ ਹੈ।


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club Masters Emerald Award 2010, 2011



Raja SWEETS & CATERING
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਜਲੂਰ ਕਾਂਡ: ਕਿਸਾਨ-ਮਜ਼ਦੂਰ ਜਥੇਬੰਦੀਆਂ ਰੋਹ ਵਿਚ ਆਈਆਂ

**ਸੰਗਰੂਰ:** ਮਾਤਾ ਗੁਰਦੇਵ ਕੌਰ ਦੀ ਮੌਤ ਮਗਰੋਂ ਜਲੂਰ ਕਾਂਡ ਭਖਦਾ ਜਾ ਰਿਹਾ ਹੈ। ਇੱਕ ਪਾਸੇ ਜਲੂਰ ਜਬਰ ਵਿਰੋਧੀ ਐਕਸ਼ਨ ਕਮੇਟੀ ਦੀ ਅਗਵਾਈ ਹੇਠ ਪੰਜਾਬ ਦੀਆਂ ਦਰਜਨਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਮਾਤਾ ਗੁਰਦੇਵ ਕੌਰ ਦੇ ਕਤਲ ਕੇਸ 'ਚ ਲੋੜੀਂਦੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਇੱਥੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਕੋਠੀ ਅੱਗੇ ਅਣਮਿਥੇ ਸਮੇਂ ਦਾ ਪੱਕਾ ਮੋਰਚਾ ਲਗਾਇਆ ਹੋਇਆ ਹੈ, ਦੂਜੇ ਪਾਸੇ ਕਿਸਾਨ ਜ਼ਮੀਨ ਬਚਾਓ ਸੰਘਰਸ਼ ਕਮੇਟੀ ਜਲੂਰ ਵੱਲੋਂ ਸਬੰਧਤ ਪੁਲਿਸ ਕੇਸ ਰੱਦ ਕਰਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਗਿਆ ਹੈ।

ਜਲੂਰ ਜਬਰ ਵਿਰੋਧੀ ਐਕਸ਼ਨ ਕਮੇਟੀ ਦੀ ਅਗਵਾਈ ਹੇਠ ਪੰਜਾਬ ਦੀਆਂ ਦਰਜਨਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਕੋਠੀ ਅੱਗੇ ਲਗਾਏ ਪੱਕੇ ਮੋਰਚੇ ਦੇ ਚੌਥੇ ਦਿਨ ਸ਼ਹਿਰ ਵਿਚ ਰੋਸ ਮਾਰਚ ਕੀਤਾ ਗਿਆ ਅਤੇ ਲਾਲ ਬੱਤੀ ਚੌਕ ਵਿਚ ਆਵਾਜਾਈ ਠੱਪ ਕਰ ਕੇ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਗੁਰਦੇਵ ਕੌਰ ਦੇ ਕਤਲ ਕੇਸ ਵਿਚ ਲੋੜੀਂਦੇ ਮੁਲਜ਼ਮ ਸ਼ਰੇਆਮ ਪੁਲਿਸ ਦੀ ਮੌਜੂਦਗੀ ਵਿਚ ਵਿੱਤ ਮੰਤਰੀ ਦੀ ਸ਼ਹਿ 'ਤੇ ਰੋਸ ਧਰਨੇ ਲਗਾ ਰਹੇ ਹਨ ਜੋ ਦਲਿਤਾਂ ਨਾਲ ਬੇਇਨਸਾਫ਼ੀ ਦਾ ਪ੍ਰਤੱਖ ਸਬੂਤ ਹੈ। ਬੁਲਾਰਿਆਂ ਨੇ ਕਿਹਾ ਕਿ ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਮੀਟਿੰਗ ਦੌਰਾਨ 21 ਨਵੰਬਰ ਤੱਕ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਵਿੱਤ ਮੰਤਰੀ ਦੇ ਸਿਆਸੀ ਦਬਾਅ ਹੇਠ ਪੁਲਿਸ ਬੇਵੱਸ ਹੋ ਕੇ ਰਹਿ ਗਈ ਹੈ।

ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਮੁਕੇਸ਼ ਮਲੌਦ, ਬੀ.ਕੇ.ਯੂ. (ਏਕਤਾ ਉਗਰਾਹਾਂ) ਦੇ ਜੋਗਿੰਦਰ ਸਿੰਘ ਉਗਰਾਹਾਂ, ਬੀ.ਕੇ.ਯੂ. (ਏਕਤਾ ਡਕੌਂਦਾ) ਦੇ ਗੁਰਮੀਤ ਸਿੰਘ ਭੱਟੀਵਾਲ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਕਸ਼ਮੀਰ ਸਿੰਘ ਘੁੱਗਸ਼ੋਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜੋਰਾ ਸਿੰਘ ਨਸਰਾਲੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੁਖਪਾਲ ਖਿਆਲੀ, ਕਿਰਤੀ ਕਿਸਾਨ ਯੂਨੀਅਨ ਦੇ ਦਾਤਾਰ ਸਿੰਘ, ਬੀ.ਕੇ.ਯੂ. (ਕ੍ਰਾਂਤੀਕਾਰੀ) ਦੇ ਟਹਿਲ ਸਿੰਘ ਨੇ ਸੰਬੋਧਨ ਕਰਦਿਆ ਦੋਸ਼ ਲਾਇਆ ਕਿ ਗੁਰਦੇਵ ਕੌਰ ਦੇ ਕਤਲ ਕੇਸ ਵਿਚ ਲੋੜੀਂਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਉਲਟਾ ਸਿਆਸੀ ਸ਼ਹਿ ਹੇਠ ਕੇਸ ਰੱਦ ਕਰਾਉਣ ਲਈ ਲਹਿਰਾਗਾਗਾ ਵਿਚ ਰੋਸ ਧਰਨੇ ਸ਼ੁਰੂ ਕਰਵਾ ਦਿੱਤੇ ਗਏ ਹਨ।

# 'ਆਪ' ਅਤੇ ਬੈਂਸ ਭਰਾ ਇਕਸੁਰ ਹੋਏ

**ਚੰਡੀਗੜ੍ਹ:** ਹੁਣ ਤੱਕ ਕਿਸੇ ਵੀ ਪਾਰਟੀ ਨਾਲ ਗੱਠਜੋੜ ਨਾ ਕਰਨ ਦੀ ਨੀਤੀ 'ਤੇ ਚੱਲ ਰਹੀ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੇ ਬਦਲਦੇ ਸਿਆਸੀ ਹਾਲਾਤ ਨੂੰ ਦੇਖਦਿਆਂ ਬੈਂਸ ਭਰਾਵਾਂ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਦੀ ਲੋਕ ਇਨਸਾਫ਼ ਪਾਰਟੀ ਨਾਲ ਗੱਠਜੋੜ ਕਰ ਲਿਆ। ਗੱਠਜੋੜ ਤਹਿਤ ਲੋਕ ਇਨਸਾਫ਼ ਪਾਰਟੀ ਨੂੰ ਪੰਜ ਸੀਟਾਂ ਦਿੱਤੀਆਂ ਗਈਆਂ ਹਨ। ਸੂਤਰਾਂ ਮੁਤਾਬਕ ਲੋਕ ਇਨਸਾਫ਼ ਪਾਰਟੀ ਲੁਧਿਆਣਾ ਦੀਆਂ ਚਾਰ ਅਤੇ ਸੰਗਰੂਰ ਜ਼ਿਲ੍ਹੇ ਦੀ ਅਮਰਗੜ੍ਹ ਸੀਟ ਤੋਂ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰਨਗੇ। ਇਸ ਗੱਠਜੋੜ ਨਾਲ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਹੇਠਲੇ 'ਆਵਾਜ਼-ਏ-ਪੰਜਾਬ' ਮੋਰਚੇ ਨੂੰ ਝਟਕਾ ਲੱਗਿਆ ਹੈ ਅਤੇ ਹੁਣ ਉਹ ਪਰਗਟ ਸਿੰਘ ਨਾਲ ਇਕੱਲੇ ਪੈ ਗਏ ਹਨ।

'ਆਪ' ਦੇ ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਇਨਸਾਫ਼ ਪਾਰਟੀ ਦੇ ਸਿਧਾਂਤ ਅਤੇ ਸਿਆਸਤ 'ਆਪ' ਨਾਲ ਮੇਲ ਖਾਂਦੀ ਹੈ ਅਤੇ ਪਾਰਟੀ ਦਾ ਸੰਵਿਧਾਨ ਵੀ ਗੱਠਜੋੜ ਕਰਨ ਤੋਂ ਨਹੀਂ ਰੋਕਦਾ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਕਿਹਾ ਕਿ ਜੇ 'ਆਪ' ਗੱਠਜੋੜ ਸੱਤਾ ਵਿਚ ਆਇਆ ਤਾਂ ਉਹ ਬੈਂਸ ਭਰਾਵਾਂ ਦੀ ਮੰਗ ਅਨੁਸਾਰ ਲੁਧਿਆਣਾ ਦੀ ਸਨਅਤ ਨੂੰ ਵਿਸ਼ੇਸ਼ ਪੈਕਜ ਦੇਣਗੇ। ਐਸ.ਵਾਈ.ਐਲ. ਦੇ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਪਾਣੀ ਦੇਣ ਲਈ ਇਕ ਵੀ ਬੂੰਦ ਨਹੀਂ ਹੈ।

ਲੁਧਿਆਣਾ ਦੀ ਆਤਮ ਨਗਰ ਸੀਟ ਤੋਂ ਸਿਮਰਜੀਤ ਸਿੰਘ ਬੈਂਸ, ਲੁਧਿਆਣਾ (ਦੱਖਣੀ) ਤੋਂ ਬਲਵਿੰਦਰ ਸਿੰਘ ਬੈਂਸ ਚੋਣ ਲੜਨਗੇ। ਲੁਧਿਆਣਾ (ਕੇਂਦਰੀ) ਤੋਂ ਲੋਕ ਇਨਸਾਫ਼ ਪਾਰਟੀ ਵੱਲੋਂ ਕੌਂਸਲਰ ਗੁਰਪ੍ਰੀਤ ਸਿੰਘ ਖੁਰਾਣਾ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ। ਲੁਧਿਆਣਾ (ਨੌਰਥ) ਤੋਂ ਕੌਂਸਲਰ ਰਣਧੀਰ ਸਿੰਘ ਸਿਬੀਆ ਨੂੰ ਟਿਕਟ ਮਿਲ ਸਕਦੀ ਹੈ।

# ਕੈਪਟਨ ਅਤੇ ਬਾਦਲਾਂ ਦੀ ਨੀਅਤ ਵਿਚ ਖੋਟ: ਕੇਜਰੀਵਾਲ

**ਨਿਹਾਲ ਸਿੰਘ ਵਾਲਾ:** ਆਮ ਆਦਮੀ ਪਾਰਟੀ ਵੱਲੋਂ ਇੱਥੇ ਅਨਾਜ ਮੰਡੀ ਵਿਚ ਕੀਤੀ ਗਈ ਪੰਜਾਬ ਇਨਕਲਾਬ ਰੈਲੀ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਬਾਦਲਾਂ ਤੇ ਕੈਪਟਨ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਪੈਸੇ ਦੀ ਕਮੀ ਨਹੀਂ, ਆਗੂਆਂ ਦੀ ਨੀਅਤ ਵਿਚ ਹੀ ਖੋਟ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਿਓ-ਪੁੱਤਰ ਵਾਰੋ-ਵਾਰੀ ਪੰਜਾਬ ਨੂੰ ਲੁੱਟ ਰਹੇ ਹਨ ਅਤੇ ਪੰਜਾਬੀਆਂ ਨੂੰ ਬੇਵਕੂਫ਼ ਬਣਾ ਰਹੇ ਹਨ। ਦੋਵੇਂ ਹੀ ਭ੍ਰਿਸ਼ਟ ਹੋਣ ਕਾਰਨ ਇੱਕ-ਦੂਜੇ ਖ਼ਿਲਾਫ਼ ਕਾਰਵਾਈ ਨਹੀਂ ਕਰਦੇ।

ਸ੍ਰੀ ਕੇਜਰੀਵਾਲ ਨੇ ਲੋਕਾਂ ਨੂੰ ਸਿਸਟਮ ਬਦਲਣ ਲਈ 'ਆਪ' ਦੀ ਸਰਕਾਰ ਲਿਆਉਣ ਦਾ ਸੱਦਾ ਦਿੰਦਿਆਂ ਚੋਣ ਨਿਸ਼ਾਨ ਝਾੜੂ ਵਾਲੇ ਉਮੀਦਵਾਰਾਂ ਨੂੰ 110 ਸੀਟਾਂ ਤੋਂ ਜਿਤਾਉਣ ਲਈ ਕਿਹਾ। ਉਨ੍ਹਾਂ ਦਿੱਲੀ ਵਿਚ ਕਰਵਾਏ ਗਏ ਕੰਮਾਂ ਦੇ ਸੋਹਲੇ ਗਾਉਂਦਿਆਂ ਕਿਹਾ ਕਿ ਉਸੇ ਤਰਜ਼ 'ਤੇ ਪੰਜਾਬ ਵਿਚ ਕੰਮ ਕੀਤੇ ਜਾਣਗੇ। ਪੰਜਾਬ ਵਿਚ ਕੈਂਸਰ ਦੇ ਮਰੀਜ਼ਾਂ ਦੇ ਮੁਫ਼ਤ ਇਲਾਜ ਲਈ ਹਸਪਤਾਲ ਖੋਲ੍ਹੇ ਜਾਣਗੇ ਅਤੇ ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰ ਕੇ ਪੰਜਾਬ ਦਾ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕੈਪਟਨ ਦੇ ਪਰਿਵਾਰ ਉਤੇ ਕਾਲਾ ਧਨ ਇਕੱਠਾ ਕਰਨ ਦਾ ਦੋਸ਼ ਲਾਉਂਦਿਆਂ ਇਨ੍ਹਾਂ ਦੇ ਖਾਤਾ ਨੰਬਰ ਵੀ ਨਸ਼ਰ ਕੀਤੇ। ਉਨ੍ਹਾਂ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵੰਗਾਰਦਿਆਂ ਕਿਹਾ ਕਿ ਦੋ ਮਹੀਨਿਆਂ ਦਾ ਸਮਾਂ ਰਹਿ ਗਿਆ ਹੈ, ਮਜੀਠੀਆ ਜਾਂ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਵੇ, ਨਹੀਂ ਤਾਂ ਮਜੀਠੀਏ ਨੂੰ ਅੰਦਰ ਕਰਵਾ ਦਿੱਤਾ ਜਾਵੇਗਾ। ਇਸ ਸਮੇਂ ਐਮ.ਪੀ. ਭਗਵੰਤ ਮਾਨ, ਐਮ.ਪੀ. ਸਾਧੂ ਸਿੰਘ, ਸੁਖਜਿੰਦਰ ਲੋਪੋ, ਕੁਲਤਾਰ ਸਿੰਘ ਸੰਧਵਾਂ, ਨਿਹਾਲ ਸਿੰਘ ਵਾਲਾ ਤੋਂ ਆਮ ਆਦਮੀ ਪਾਰਟੀ ਉਮੀਦਵਾਰ ਮਨਜੀਤ ਸਿੰਘ ਬਿਲਾਸਪੁਰ ਨੇ ਵੀ ਸੰਬੋਧਨ ਕੀਤਾ।

## ਹੱਤਕ ਕੇਸ: ਕੇਜਰੀਵਾਲ ਨੂੰ ਝਟਕਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਸੁਪਰੀਮ ਕੋਰਟ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪਾਏ ਗਏ ਇੱਜ਼ਤ ਹੱਤਕ ਦੇ ਕੇਸ ਨੂੰ ਖ਼ਾਰਜ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਪੀ.ਸੀ. ਘੋਸ਼ ਅਤੇ ਯੂ.ਯੂ. ਲਲਿਤ ਦੀ ਬੈਂਚ ਨੇ ਕਿਹਾ ਕਿ ਸ੍ਰੀ ਜੇਤਲੀ ਨੂੰ ਸ੍ਰੀ ਕੇਜਰੀਵਾਲ ਖ਼ਿਲਾਫ਼ ਮਾਣਹਾਨੀ ਦਾ ਕੇਸ ਚਲਾਉਣ ਤੋਂ ਰੋਕਿਆ ਨਹੀਂ ਜਾ ਸਕਦਾ।

ਆਮ ਆਦਮੀ ਪਾਰਟੀ ਸੁਪਰੀਮੋ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਕਿਹਾ ਕਿ ਭਾਵੇਂ ਸ੍ਰੀ ਜੇਤਲੀ ਨੂੰ ਦੋ ਵੱਖੋ ਵੱਖਰੇ ਕੇਸ ਚਲਾਉਣ ਤੋਂ ਰੋਕਿਆ ਨਹੀਂ ਜਾ ਸਕਦਾ, ਪਰ ਕਈ ਹਾਈ ਕੋਰਟਾਂ ਨੇ ਕੇਸਾਂ ਨੂੰ ਖ਼ਾਰਜ ਕੀਤਾ ਹੈ। ਸ੍ਰੀ ਜੇਠਮਲਾਨੀ ਨੇ ਕਿਹਾ ਕਿ ਅਪਰਾਧਿਕ ਕੇਸ ਨੂੰ ਸਿਵਲ ਮਾਣਹਾਨੀ ਕੇਸ ਦੇ ਫ਼ੈਸਲੇ ਤੋਂ ਬਾਅਦ ਸੁਣਿਆ ਜਾ ਸਕਦਾ ਹੈ। ਬੈਂਚ ਨੇ ਇਸ ਦਲੀਲ ਤੋਂ ਇਨਕਾਰ ਕਰ ਦਿੱਤਾ।

# ਅਕਾਲੀ ਵਿਧਾਇਕ ਵੱਲੋਂ ਪਾਰਟੀ ਤੋਂ ਅਸਤੀਫ਼ਾ

**ਮੋਗਾ:** ਬਾਘਾਪੁਰਾਣਾ ਤੋਂ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਆਪਣੇ ਹਮਾਇਤੀਆਂ ਸਮੇਤ ਪਾਰਟੀ ਵਿਚੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੇ ਨਾਲ ਅਸਤੀਫ਼ਾ ਦੇਣ ਵਾਲਿਆਂ ਵਿਚ ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਇੰਦਰਜੀਤ ਜੌਲੀ ਗਰਗ, ਜ਼ਿਲ੍ਹਾ ਬਾਰ ਐਸੋਸੀਏਸ਼ਨ ਪ੍ਰਧਾਨ ਤੇ ਅਕਾਲੀ ਕੌਂਸਲਰ ਨਸੀਬ ਬਾਵਾ, ਮੋਗਾ ਕੇਂਦਰੀ ਸਹਿਕਾਰੀ ਬੈਂਕ ਦੇ ਡਾਇਰੈਕਟਰ ਸੁਖਦੇਵ ਸਿੰਘ ਖੋਸਾ ਤੇ ਉਨ੍ਹਾਂ ਦੇ ਹੋਰ ਸਮਰਥਕ ਸ਼ਾਮਲ ਹਨ।

ਪ੍ਰੈਸ ਕਾਨਫਰੰਸ ਵਿਚ ਸ. ਮਹੇਸ਼ ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਦੱਸਿਆ ਕਿ ਉਨ੍ਹਾਂ ਦੀ ਰਿਹਾਇਸ਼ 'ਤੇ ਮੰਗਲਵਾਰੀਂ ਤੜਕਸਾਰ ਪੁਲਿਸ ਨੇ ਛਾਪੇ ਮਾਰੇ ਅਤੇ ਗੈਂਗਸਟਰਾਂ ਨਾਲ ਸਬੰਧਾਂ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੱਤੀ। ਪੁਲਿਸ ਨੇ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਨ ਲਈ ਵੀ ਕਿਹਾ ਅਤੇ ਸਾਫ਼ ਕਰ ਦਿੱਤਾ ਕਿ ਜੇ ਅਕਾਲੀ ਦਲ ਛੱਡਿਆ ਤਾਂ ਉਨ੍ਹਾਂ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਵਿਧਾਇਕ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਟਿਕਟ ਕੱਟਣ ਦੇ ਰੋਸ ਵਜੋਂ ਨਹੀਂ, ਬਲਕਿ ਘਰੇ ਪੁਲਿਸ ਭੇਜ ਕੇ ਬੇਇਜ਼ਤ ਕਰਨ ਦੇ ਰੋਸ ਵਜੋਂ ਛੱਡੀ ਹੈ। ਭਵਿੱਖੀ ਦੀ ਰਣਨੀਤੀ ਬਾਰੇ ਉਹ ਜਲਦੀ ਹੀ ਫ਼ੈਸਲਾ ਕਰਨਗੇ।

ਉਧਰ ਹਲਕਾ ਨਿਹਾਲ ਸਿੰਘ ਵਾਲਾ ਰਾਖਵਾਂ ਤੋਂ ਵਿਧਾਇਕਾ ਰਾਜਵਿੰਦਰ ਕੌਰ ਭਾਗੀਕੇ ਜਿਨ੍ਹਾਂ ਦੀ ਟਿਕਟ ਕੱਟ ਦਿੱਤੀ ਗਈ ਹੈ, ਨੇ ਵੀ ਅਕਾਲੀ ਦਲ ਨੂੰ ਅਲਟੀਮੇਟਮ ਦਿੱਤਾ ਹੋਇਆ ਹੈ। ਇਸੇ ਦੌਰਾਨ ਥਾਣਾ ਨਿਹਾਲ ਸਿੰਘ ਵਾਲਾ ਦੇ ਇੰਸਪੈਕਟਰ ਦਲਬੀਰ ਸਿੰਘ ਨੇ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਥਾਣਾ ਫੂਲ ਮੁਖੀ ਮੋਹਣ ਲਾਲ ਉਨ੍ਹਾਂ ਨੂੰ ਨਾਲ ਲੈ ਕੇ ਵਿਧਾਇਕ ਦੇ ਘਰ ਮਿਲਣ ਗਏ ਸਨ।

## 2018 ਤੋਂ ਮਿਲਣਗੇ ਸਵਿੱਸ ਖਾਤਿਆਂ ਦੇ ਵੇਰਵੇ

**ਨਵੀਂ ਦਿੱਲੀ:** ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਖ਼ਿਲਾਫ਼ ਲੜਾਈ ਵਿਚ ਇਕ ਕਦਮ ਅਗਾਂਹ ਪੁੱਟਦਿਆਂ ਸਵਿਟਜ਼ਰਲੈਂਡ ਨੇ ਆਪਣੇ ਬੈਂਕਾਂ ਵਿਚ ਭਾਰਤੀਆਂ ਦੇ ਖਾਤਿਆਂ ਸਬੰਧੀ ਜਾਣਕਾਰੀ ਭਾਰਤ ਨਾਲ ਸਾਂਝੀ ਕਰਨ ਦੀ ਸਹਿਮਤੀ ਜਤਾਈ ਹੈ। ਬੈਂਕ ਵੱਲੋਂ ਇਹ ਜਾਣਕਾਰੀ ਸਤੰਬਰ 2018 ਤੋਂ ਸਾਂਝੀ ਕੀਤੀ ਜਾਵੇਗੀ।

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

# ਪਾਣੀਆਂ ਦੀ ਵੰਡ: ਸਿਆਸੀ ਹਿੱਤਾਂ ਨੂੰ ਦਿੱਤੀ ਤਰਜੀਹ

ਚੰਡੀਗੜ੍ਹ: ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ-2004 (ਪੰਜਾਬ ਸਮਝੌਤੇ ਰੱਦ ਕਰਨ ਸਬੰਧੀ ਐਕਟ 2004) ਬਾਰੇ ਸੁਪਰੀਮ ਕੋਰਟ ਵੱਲੋਂ ਰਾਸ਼ਟਰਪਤੀ ਨੂੰ ਦਿੱਤੀ ਰਾਇ ਤੋਂ ਬਾਅਦ ਦਰਿਆਈ ਪਾਣੀਆਂ ਦੀ ਵੰਡ 'ਤੇ ਸ਼ਬਦੀ ਜੰਗ ਮੁੜ ਸ਼ੁਰੂ ਹੋ ਗਈ ਹੈ। ਪੰਜਾਬ ਨਾਲ ਬਿਨਾਂ ਸ਼ੱਕ ਸੰਵਿਧਾਨ ਅਤੇ ਕਾਨੂੰਨ ਮੁਤਾਬਕ ਇਨਸਾਫ ਨਹੀਂ ਹੋਇਆ, ਪਰ ਸੂਬੇ ਦੇ ਸਿਆਸੀ ਆਗੂਆਂ ਦੀ ਸ਼ਬਦਾਵਲੀ ਵੱਧ ਭੜਕਾਹਟ ਵਾਲੀ ਨਜ਼ਰ ਆਉਂਦੀ ਹੈ। ਇਸ ਸ਼ਬਦਾਵਲੀ ਪਿੱਛੇ ਪੰਜਾਬ ਦਾ ਹਿੱਤ ਘੱਟ ਅਤੇ 'ਮਿਸ਼ਨ 17' ਉਤੇ ਟੇਕ ਰੱਖ ਕੇ ਵੋਟਾਂ ਹਾਸਲ ਕਰਨ ਦੀ ਭਾਵਨਾ ਵੱਧ ਦਿਖਾਈ ਦੇ ਰਹੀ ਹੈ।

ਦੇਸ਼ ਵਿਚ ਹੋਰ ਨਦੀਆਂ ਕ੍ਰਿਸ਼ਨਾ, ਕਾਵੇਰੀ ਤੇ ਨਰਮਦਾ ਆਦਿ ਦੇ ਅੰਤਰਰਾਜੀ ਝਗੜੇ ਹਨ ਤੇ ਇਨ੍ਹਾਂ 'ਤੇ ਟ੍ਰਿਬਿਊਨਲਾਂ ਦੇ ਫੈਸਲੇ ਵੀ ਆਏ ਹੋਏ ਹਨ, ਪਰ ਵਿਵਾਦ ਮੁੜ ਮਘ ਜਾਂਦਾ ਹੈ। ਦੱਖਣ ਦੇ ਇਨ੍ਹਾਂ ਸੂਬਿਆਂ ਦੇ ਸਿਆਸਤਦਾਨ ਘੱਟੋ-ਘੱਟ ਸੂਬਾਈ ਮੁੱਦਿਆਂ 'ਤੇ ਇਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਦਿਖਾਈ ਦਿੰਦੇ ਹਨ, ਪਰ ਪੰਜਾਬ ਦੀ ਸਿਆਸਤ ਵਿਚ ਸਥਿਤੀ ਉਲਟ ਹੈ। ਇਹ ਵੱਡਾ ਸੁਆਲ ਹੈ ਕਿ ਕੀ ਪੰਜਾਬ ਦੇ ਸਿਆਸਤਦਾਨ ਦਲੀਲਾਂ ਅਤੇ ਤੱਥਾਂ ਦੀ ਰੋਸ਼ਨੀ ਵਿਚ ਇੱਕਜੁਟ ਹੋ ਕੇ ਸੂਬੇ ਦਾ ਕੇਸ ਦੇਸ਼ ਅਤੇ ਦੁਨੀਆਂ ਸਾਹਮਣੇ ਰੱਖ ਸਕਣਗੇ ਜਾਂ ਬਾਹਰੀ ਖੇਤਰਾਂ ਵਿਚ ਖਲਨਾਇਕ ਵਾਲਾ ਅਕਸ ਬਣਾਉਣ ਦਾ ਮੁਹਾਵਰਾ ਹੀ ਵਰਤਦੇ ਰਹਿਣਗੇ?

ਬਾਦਲ ਸਰਕਾਰ ਨੇ 1979 ਵਿਚ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਪਾਣੀਆਂ ਦੀ ਵੰਡ ਦਾ ਕੇਸ ਸੁਪਰੀਮ ਕੋਰਟ ਕੋਲ ਉਠਾਉਂਦਿਆਂ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਨੂੰ ਚੁਣੌਤੀ ਦਿੱਤੀ ਸੀ। ਇਹ ਕੇਸ ਤਿੰਨ ਰਾਜਾਂ ਦੇ ਮੁੱਖ ਮੰਤਰੀਆਂ ਦੇ ਸਮਝੌਤੇ ਤੋਂ ਬਾਅਦ ਵਾਪਸ ਲੈ ਲਿਆ ਗਿਆ। ਅਕਾਲੀ ਦਲ ਦੀ 1985, 1997 ਤੇ ਕਾਂਗਰਸ ਦੀ 2002 ਵਿਚ ਬਣੀ ਸਰਕਾਰ ਨੇ ਮੁੜ ਧਾਰਾ 78 ਨੂੰ ਚੁਣੌਤੀ ਨਹੀਂ ਦਿੱਤੀ। ਹੁਣ 2007 ਵਿਚ ਇਸ ਧਾਰਾ ਨੂੰ ਚੁਣੌਤੀ ਦੇਣ ਦਾ ਕੇਸ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ, ਪਰ ਇਸ ਦੇ ਨਾਲ ਹੀ ਪੰਜਾਬ ਨੇ ਪਾਣੀਆਂ ਦਾ ਮੁੜ ਅਨੁਮਾਨ ਲਾਉਣ ਲਈ ਨਵਾਂ ਟ੍ਰਿਬਿਊਨਲ ਬਣਾਉਣ ਦੀ ਵੀ ਮੰਗ ਕੀਤੀ



ਹੈ। ਪੰਜਾਬ ਦੇ ਸਿੰਜਾਈ ਸਲਾਹਕਾਰ ਪ੍ਰੀਤਮ ਸਿੰਘ ਕੁੰਮੇਦਾਨ ਦਾ ਕਹਿਣਾ ਹੈ ਕਿ ਇਹ ਰਾਇ ਦਿੱਲੀ ਦੇ ਵਕੀਲਾਂ ਦੀ ਹੈ, ਪਰ ਪੰਜਾਬ ਪਾਣੀਆਂ ਦੇ ਮਾਮਲੇ 'ਚ ਇਨਸਾਫ ਸਿਰਫ ਰਿਪੇਰੀਅਨ ਸਿਧਾਂਤ 'ਤੇ ਰਹਿ ਕੇ ਹੀ ਲੈ ਸਕਦਾ ਹੈ। ਟ੍ਰਿਬਿਊਨਲ ਸਿਰਫ ਅੰਤਰਰਾਜੀ ਜਲ ਵਿਵਾਦ ਲਈ ਹੋ ਸਕਦਾ ਹੈ। ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਟ੍ਰਿਬਿਊਨਲ ਦੀ ਮੰਗ ਤੋਂ ਬਿਨਾਂ ਹੁਣ ਪੰਜਾਬ ਕੋਲ ਕੋਈ ਹੋਰ ਰਾਹ ਨਹੀਂ ਹੈ।

ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦਿੱਤਾ 1976 ਦਾ ਅਵਾਰਡ ਅਤੇ ਤਿੰਨੇ ਕਾਂਗਰਸੀ ਮੁੱਖ ਮੰਤਰੀਆਂ ਦੇ ਕਰਵਾਏ ਸਮਝੌਤੇ ਕਾਨੂੰਨੀ ਨਹੀਂ ਹਨ। ਇਸ ਦੇ ਬਾਵਜੂਦ ਪੰਜਾਬ ਦੀਆਂ ਪਾਰਟੀਆਂ ਦੀ ਇਨ੍ਹਾਂ ਸਮਝੌਤਿਆਂ ਬਾਰੇ ਪਹੁੰਚ ਸਪਸ਼ਟ ਨਹੀਂ ਰਹੀ। ਕਾਂਗਰਸ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਤਾਂ ਕੁਰਸੀ ਬਚਾਉਣ ਲਈ ਦਬਾਅ ਵਿਚ ਆ ਗਏ, ਪਰ ਸ਼੍ਰੋਮਣੀ ਅਕਾਲੀ ਦਲ ਨੇ ਜਾਣਦੇ ਹੋਏ ਵੀ ਸਪਸ਼ਟ ਸਟੈਂਡ ਨਹੀਂ ਲਿਆ। 1979 ਵਿਚ ਬਣੀ ਬਾਦਲ ਸਰਕਾਰ ਨੇ ਹਰਿਆਣਾ ਤੋਂ ਦੋ ਕਰੋੜ ਰੁਪਏ ਐਸ.ਵਾਈ.ਐਲ. ਨਹਿਰ ਲਈ ਜ਼ਮੀਨ ਐਕੁਆਇਰ ਕਰਨ ਲਈ ਲਏ। ਮੁੱਖ ਮੰਤਰੀ ਦਾ ਜਵਾਬ ਤਸੱਲੀਜਨਕ ਨਹੀਂ ਕਿ ਇਹ ਹੇਠਲੇ ਪੱਧਰ ਦੇ ਅਧਿਕਾਰੀਆਂ ਨੇ ਲਏ। ਹਰਿਆਣਾ ਵਿਧਾਨ ਸਭਾ ਵਿਚ ਚੌਧਰੀ ਦੇਵੀ ਲਾਲ ਵੱਲੋਂ ਦਰਜ ਭਾਸ਼ਣ ਕਿ ਐਸ.ਵਾਈ.ਐਲ. ਦੇ ਉਦਘਾਟਨੀ ਸਮਾਗਮ ਵਿਚ ਜਾਣ ਲਈ ਸ੍ਰੀ ਬਾਦਲ ਮੰਨ ਗਏ ਸਨ ਤੇ ਬਾਅਦ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦਖਲ ਨਾਲ ਉਨ੍ਹਾਂ ਜਾਣ ਤੋਂ ਇਨਕਾਰ ਕਰ ਦਿੱਤਾ। ਇਕ ਹੋਰ ਵੱਡਾ ਤੱਥ ਰਾਜੀਵ-ਲੌਂਗੋਵਾਲ ਸਮਝੌਤਾ ਹੈ ਜਿਸ ਤਹਿਤ ਟ੍ਰਿਬਿਊਨਲ ਗਠਨ ਕਰਨ ਦੀ ਮੰਗ ਮੰਨ ਕੇ ਅਕਾਲੀ ਦਲ ਰਿਪੇਰੀਅਨ ਸਿਧਾਂਤ ਤੋਂ ਪਿੱਛੇ ਹਟ ਗਿਆ। ਐਸ.ਵਾਈ.ਐਲ. ਲਈ 212 ਏਕੜ ਵਿੱਚੋਂ ਪੰਜਾਬ ਦੇ ਹਿੱਸੇ ਦੀ 121 ਏਕੜ ਜ਼ਮੀਨ ਵਿਚੋਂ 85 ਫ਼ੀਸਦੀ ਐਕੁਆਇਰ ਕਰਨ ਅਤੇ ਨਹਿਰ ਦੀ ਖੁਦਾਈ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਦੌਰਾਨ ਹੋਈ। ਇਸ ਸਰਕਾਰ 'ਚ ਕੈਪਟਨ ਅਮਰਿੰਦਰ ਸਿੰਘ ਖੇਤੀ ਮੰਤਰੀ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਵੀ ਵਿਧਾਇਕ ਸਨ। ਇਨ੍ਹਾਂ ਨੇ ਅਸਤੀਫਾ ਪਾਣੀ ਦੇ ਮੁੱਦੇ ਉਤੇ ਨਹੀਂ ਦਿੱਤਾ ਅਤੇ ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲਿਸ ਭੇਜਣ ਤੋਂ ਬਾਅਦ ਅਸਤੀਫ਼ਾ ਦਿੱਤਾ ਸੀ। ਬਰਨਾਲਾ ਸਰਕਾਰ ਨੇ ਵ੍ਹਾਈਟ ਪੇਪਰ ਜਾਰੀ ਕਰ ਕੇ ਐਸ.ਵਾਈ.ਐਲ. ਕੱਢਣ ਨੂੰ ਪ੍ਰਾਪਤੀ ਵਜੋਂ ਪੇਸ਼ ਕੀਤਾ ਸੀ।

**ਪੰਜਾਬ ਪੁਨਰਗਠਨ ਕਾਨੂੰਨ-1966 ਦਾ ਰੇੜਕਾ:** ਪੰਜਾਬ ਪੁਨਰਗਠਨ ਕਾਨੂੰਨ-1966 ਤਹਿਤ ਪੰਜਾਬ ਦੀ ਵੰਡ ਦੌਰਾਨ ਜਿਥੇ ਪੰਜਾਬੀ ਭਾਸ਼ਾ ਅਤੇ ਚੰਡੀਗੜ੍ਹ ਦਾ ਰੇੜਕਾ ਬਰਕਰਾਰ ਹੈ, ਉਥੇ ਹੀ ਇਸ ਕਾਨੂੰਨ ਦੀ ਧਾਰਾ 78, 79 ਤੇ 80 ਕਾਰਨ ਪਾਣੀਆਂ ਦੀ ਵੰਡ ਅਤੇ ਪਾਵਰ ਪ੍ਰਾਜੈਕਟਾਂ ਵਿਚ ਕੇਂਦਰ ਸਰਕਾਰ ਦਾ ਦਖ਼ਲ ਵਧ ਗਿਆ। ਮਾਹਿਰ ਇਸ ਨੂੰ ਗ਼ੈਰ-ਸੰਵਿਧਾਨਕ ਕਰਾਰ ਦੇ ਰਹੇ ਹਨ, ਕਿਉਂਕਿ ਦਰਿਆਈ ਪਾਣੀਆਂ ਦੀ ਵੰਡ ਦਾ ਮਾਮਲਾ ਰਾਜਾਂ ਦਾ ਵਿਸ਼ਾ ਹੈ। ਸੰਵਿਧਾਨ ਦੇ ਆਰਟੀਕਲ 262 ਤਹਿਤ ਸੰਸਦ ਵੱਲੋਂ ਬਣਾਏ ਅੰਤਰਰਾਜੀ ਦਰਿਆਈ ਜਲ ਵਿਵਾਦ ਕਾਨੂੰਨ 1956 ਤਹਿਤ ਅੰਤਰਰਾਜੀ ਦਰਿਆਵਾਂ ਦੇ ਪਾਣੀ ਸਬੰਧੀ ਟ੍ਰਿਬਿਊਨਲ ਦਾ ਗਠਨ ਕੀਤਾ ਜਾ ਸਕਦਾ ਹੈ। 2002 ਵਿਚ ਇਸ ਕਾਨੂੰਨ ਵਿਚ ਸੋਧ ਹੋਈ ਅਤੇ ਨਵੇਂ ਟ੍ਰਿਬਿਊਨਲ ਨੂੰ ਪੁਰਾਣੇ ਝਗੜੇ ਮੁੜ ਖੋਲ੍ਹਣ ਦਾ ਹੱਕ ਵੀ ਦਿੱਤਾ ਜਾ ਸਕਦਾ ਹੈ। ਪ੍ਰੀਤਮ ਸਿੰਘ ਕੁੰਮੇਦਾਨ ਅਨੁਸਾਰ ਇਹ ਕਾਨੂੰਨ ਸਿਰਫ ਅੰਤਰਰਾਜੀ ਪਾਣੀਆਂ ਦੇ ਝਗੜੇ ਲਈ ਹੈ। ਪੰਜਾਬ ਦੇ ਦਰਿਆ ਰਾਜਸਥਾਨ ਅਤੇ ਹਰਿਆਣਾ ਦੇ ਮਾਮਲੇ ਵਿੱਚ ਅੰਤਰਰਾਜੀ ਨਹੀਂ ਹਨ।


## ਕੇਂਦਰ ਸਰਕਾਰ ਦੀ ਚੁੱਪ 'ਤੇ ਸਵਾਲ

ਕੇਂਦਰ ਦੀ ਤਤਕਾਲੀ ਕਾਂਗਰਸ ਸਰਕਾਰ ਨੇ ਪੰਜਾਬ ਨਾਲ ਪਾਣੀਆਂ ਦੇ ਮੁੱਦੇ ਉਤੇ ਬੇਇਨਸਾਫ਼ੀ ਕੀਤੀ ਤੇ ਪੰਜਾਬ ਦੇ ਕਾਂਗਰਸ ਆਗੂ ਵੀ ਇਨਸਾਫ਼ ਲੈਣ ਵਿਚ ਸਫ਼ਲ ਨਹੀਂ ਹੋਏ। ਇਸ ਤੋਂ ਬਾਅਦ ਪਹਿਲਾਂ ਅਟਲ ਬਿਹਾਰੀ ਵਾਜਪਾਈ ਸਰਕਾਰ ਤੇ ਹੁਣ ਲਗਭਗ ਢਾਈ ਸਾਲ ਤੋਂ ਮੋਦੀ ਸਰਕਾਰ ਵਿਚ ਅਕਾਲੀ ਦਲ ਵੀ ਭਾਈਵਾਲ ਹੈ। ਪੰਜਾਬ ਦੇ ਲੋਕ ਜਾਣਨਾ ਚਾਹੁਣਗੇ ਕਿ ਇਨ੍ਹਾਂ ਸਾਲਾਂ ਦੌਰਾਨ ਕੇਂਦਰ ਸਰਕਾਰ ਅਤੇ ਅਕਾਲੀ ਦਲ ਨੇ ਪਾਣੀਆਂ ਦੇ ਮਾਮਲੇ ਵਿਚ ਇਨਸਾਫ਼ ਲੈਣ ਲਈ ਕੀ ਕੋਸ਼ਿਸ਼ ਕੀਤੀ ਅਤੇ ਉਸ ਦਾ ਨਤੀਜਾ ਕੀ ਨਿਕਲਿਆ? ਕੇਂਦਰ ਸਰਕਾਰ ਦੀ ਚੁੱਪ ਦੋਵੇਂ ਸੂਬਿਆਂ ਦੇ ਲੋਕਾਂ ਨੂੰ ਖਾਨਾਜੰਗੀ ਵੱਲ ਧੱਕ ਰਹੀ ਹੈ।

## ਕੀ ਹੈ ਪਾਣੀਆਂ ਦਾ ਰਾਇਪੇਰੀਅਨ ਕਾਨੂੰਨ?

**ਚੰਡੀਗੜ੍ਹ:** ਅੱਜ ਜਦੋਂ ਪੰਜਾਬ ਤੇ ਹਰਿਆਣਾ 'ਚ ਐਸ.ਵਾਈ.ਐਲ. ਦਾ ਮੁੱਦਾ ਸੁਰਖੀਆਂ ਬਣਿਆ ਹੋਇਆ ਹੈ ਤਾਂ ਅਜਿਹੇ 'ਚ ਹਰ ਕਿਸੇ ਲਈ ਜਾਣਕਾਰੀ ਦਾ ਵਿਸ਼ਾ ਹੋ ਜਾਂਦਾ ਹੈ ਕਿ ਆਖਰ ਪਾਣੀਆਂ ਦਾ ਰਾਇਪੇਰੀਅਨ ਕਾਨੂੰਨ ਹੈ ਕੀ? ਅੰਤਰਰਾਸ਼ਟਰੀ ਰਾਇਪੇਰੀਅਨ ਕਾਨੂੰਨ ਮੁਤਾਬਕ ਮੈਦਾਨੀ ਇਲਾਕਿਆਂ ਵਿਚ ਦਰਿਆਵਾਂ ਦੇ ਕੰਢੇ ਪੈਂਦੇ ਖੇਤਰ ਜਿਹੜੇ ਕਿ ਦਰਿਆਵਾਂ ਦੁਆਰਾ ਕੀਤੇ ਜਾਂਦੇ ਨੁਕਸਾਨ ਨੂੰ ਝੱਲਦੇ ਹਨ, ਦਰਿਆਵਾਂ ਦੇ ਪਾਣੀਆਂ ਉਤੇ ਉਨ੍ਹਾਂ ਦਾ ਹੀ ਹੱਕ ਹੁੰਦਾ ਹੈ। ਜਾਂ ਕਹਿ ਲਈਏ ਕਿ ਪਾਣੀ ਜਿਸ ਜ਼ਮੀਨ ਵਿਚੋਂ ਕੁਦਰਤੀ ਤੌਰ 'ਤੇ ਵਹਿੰਦਾ ਹੈ, ਉਸ ਦੀ ਵਰਤੋਂ ਕਰਨ ਦਾ ਅਧਿਕਾਰ ਉਸ ਜ਼ਮੀਨ ਦੇ ਮਾਲਕਾਂ ਦਾ ਹੀ ਹੁੰਦਾ ਹੈ।

ਪਰ ਅੱਜ ਅੰਤਰਰਾਸ਼ਟਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਪੰਜਾਬ ਦਾ ਪਾਣੀ ਨਾਨ ਰਾਇਪੇਰੀਅਨ ਰਾਜਾਂ ਨੂੰ ਮੁਫਤ ਵਿਚ ਦਿੱਤਾ ਜਾ ਰਿਹਾ ਹੈ। ਅੰਤਰਰਾਸ਼ਟਰੀ ਪਾਣੀਆਂ ਦੇ ਕਾਨੂੰਨ ਮੁਤਾਬਕ ਪੰਜਾਬ ਇਕ ਰਾਇਪੇਰੀਅਨ ਸਟੇਟ ਹੈ। ਭਾਰਤ ਦੀ ਆਜ਼ਾਦੀ ਤੋ ਪਹਿਲਾਂ ਪੰਜਾਬ ਦਾ ਪਾਣੀ ਅੰਗਰੇਜ਼ਾਂ ਦੇ ਵੇਲੇ ਸਿਰਫ ਬੀਕਾਨੇਰ ਨੂੰ ਦਿੱਤਾ ਜਾਂਦਾ ਸੀ ਜਿਸ ਦਾ ਮਾਲੀਆ ਬੀਕਾਨੇਰ ਦੇ ਰਾਜਾ ਦੁਆਰਾ ਪੰਜਾਬ ਨੂੰ ਦਿੱਤਾ ਜਾਂਦਾ ਸੀ। ਪਰ ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਸਭ ਤੋਂ ਪਹਿਲਾਂ ਕੰਮ ਹੀ ਇਹ ਕੀਤਾ ਕਿ ਰਾਜਸਥਾਨ ਨੂੰ ਦਿੱਤਾ ਜਾ ਰਿਹਾ ਪੰਜਾਬ ਦਾ ਪਾਣੀ ਮੁਫਤ ਕਰ ਦਿੱਤਾ। ਉਸ ਤੋਂ ਬਾਅਦ ਤਾਂ ਦੂਜੇ ਸੂਬਿਆਂ ਨੂੰ ਪੰਜਾਬ ਦਾ ਪਾਣੀ ਮੁਫਤ ਦਿੱਤੇ ਜਾਣ ਦੀ ਝੜੀ ਹੀ ਲੱਗ ਗਈ। ਅੱਜ ਪੰਜਾਬ ਦਾ ਕਰੀਬ 75 ਫੀਸਦੀ ਪਾਣੀ ਦੂਜੀਆਂ ਸਟੇਟਾਂ ਨੂੰ ਮੁਫਤ ਵਿਚ ਲੁਟਾਇਆ ਜਾ ਰਿਹਾ ਹੈ।




# ਮੋਦੀ ਸਰਕਾਰ ਲਈ ਵੰਗਾਰ ਬਣਿਆ ਨੋਟਬੰਦੀ ਵਾਲਾ ਫੈਸਲਾ

**ਚੰਡੀਗੜ੍ਹ:** ਦੇਸ਼ ਵਿਚ 500 ਤੇ 1000 ਰੁਪਏ ਦੇ ਨੋਟਾਂ 'ਤੇ ਪਾਬੰਦੀ ਨਰੇਂਦਰ ਮੋਦੀ ਸਰਕਾਰ ਲਈ ਵੰਗਾਰ ਬਣ ਗਈ ਹੈ। ਸੰਸਦ ਦੇ ਅੰਦਰ-ਬਾਹਰ ਇਥੋਂ ਤੱਕ ਕਿ ਸੁਪਰੀਮ ਕੋਰਟ ਵਿਚ ਵੀ ਮੋਦੀ ਸਰਕਾਰ ਦੇ ਇਸ ਫੈਸਲੇ ਨੂੰ ਚੁਣੌਤੀਆਂ ਮਿਲ ਰਹੀਆਂ ਹਨ। ਮੋਦੀ ਸਰਕਾਰ ਨੇ ਭਾਵੇਂ ਇਸ ਕਦਮ ਨੂੰ ਕਾਲਾ ਧਨ ਬਾਹਰ ਕਢਵਾਉਣ ਦੇ ਇਰਾਦੇ ਨਾਲ ਚੁੱਕਿਆ ਕਿਹਾ ਹੈ, ਪਰ ਹਾਲ ਦੀ ਘੜੀ ਇਸ ਤੋਂ ਆਮ ਲੋਕ ਹੀ ਪੀੜਤ ਦਿਖਾਈ ਦੇ ਰਹੇ ਹਨ।

ਲਗਭਗ 20 ਕਰੋੜ ਆਮ ਭਾਰਤੀ ਆਪਣੇ ਜ਼ਰੂਰੀ ਕੰਮ-ਧੰਦੇ ਛੱਡ ਕੇ ਆਪਣੀ ਹੀ ਕਮਾਈ ਦੇ 2000 ਰੁਪਏ ਪ੍ਰਾਪਤ ਕਰਨ ਲਈ ਰੋਜ਼ਾਨਾ ਘੰਟਿਆਂ-ਬੱਧੀ ਲਾਈਨਾਂ ਵਿਚ ਖੜ੍ਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਦੀਆਂ ਲੋੜਾਂ ਅਤੇ ਪ੍ਰੇਸ਼ਾਨੀਆਂ ਖਤਮ ਹੋਣ ਦਾ ਨਾਂ ਨਹੀਂ ਲੈ ਰਹੀਆਂ। ਦਵਾਈਆਂ ਤੇ ਇਲਾਜ ਲਈ ਪੈਸੇ ਦੀ ਤੋਟ ਦੇ ਨਾਲ-ਨਾਲ ਸਰੀਰਕ ਅਤੇ ਮਾਨਸਿਕ ਪ੍ਰੇਸ਼ਾਨੀ ਕਾਰਨ ਮੁਲਕ ਵਿਚ ਚਾਰ ਦਰਜਨ ਤੋਂ ਵੱਧ ਵਿਅਕਤੀ ਦਮ ਤੋੜ ਗਏ ਹਨ। ਆਮ ਲੋਕ ਨਿੱਤ ਵਰਤੋਂ ਦੀਆਂ ਜ਼ਰੂਰੀ ਵਸਤਾਂ ਖਰੀਦਣ ਤੋਂ ਵੀ ਅਵਾਜ਼ਾਰ ਹਨ।

ਨਵੀਂ ਕਰੰਸੀ ਵੰਡਣ ਅਤੇ ਪੁਰਾਣੀ ਲੈਣ-ਦੇਣ ਦੇ ਮਾਮਲੇ ਵਿਚ ਸਹਿਕਾਰੀ ਬੈਂਕਾਂ ਨਾਲ ਕੀਤਾ ਜਾ ਰਿਹਾ ਦੂਜੈਲਾ ਵਿਹਾਰ ਕਿਸਾਨਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਕਿਉਂਕਿ ਉਨ੍ਹਾਂ ਦਾ ਅਰਥਚਾਰਾ ਬਹੁਤਾ ਇਨ੍ਹਾਂ 'ਤੇ ਹੀ ਨਿਰਭਰ ਹੈ। ਵਿਆਹ-ਸ਼ਾਦੀਆਂ, ਸੈਰ-ਸਪਾਟਾ ਅਤੇ ਹੋਰ ਕਾਰੋਬਾਰ ਠੱਪ ਹੋ ਕੇ ਰਹਿ ਗਏ ਹਨ। ਨੋਟਬੰਦੀ ਦੇ ਐਲਾਨ ਸਮੇਂ ਪ੍ਰਧਾਨ ਮੰਤਰੀ ਵੱਲੋਂ ਕੁਝ ਦਿਨਾਂ ਵਿਚ ਹੀ ਸਥਿਤੀ ਆਮ ਵਰਗੀ ਹੋਣ ਦੇ ਕੀਤੇ ਦਾਅਵੇ ਹਵਾ ਹੋ ਗਏ ਹਨ। ਸਿਆਸੀ ਆਗੂਆਂ ਤੋਂ ਇਲਾਵਾ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਮਾਰਕੰਡੇ ਕਾਟਜੂ ਨੇ ਮੁਲਕ ਦੇ ਕਰੋੜਾਂ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਸਰਕਾਰ ਦੇ ਇਸ ਕਦਮ ਨੂੰ ਗਲਤ ਕਰਾਰ ਦਿੱਤਾ ਹੈ।

ਸਰਕਾਰ ਵੱਲੋਂ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਕੀਤੇ ਅਤੇ ਸੁਝਾਏ ਜਾ ਰਹੇ ਹੱਲ ਕਰੰਸੀ ਦੀ ਘਾਟ ਕਾਰਨ ਬੇਅਸਰ ਸਿੱਧ ਹੋ ਰਹੇ ਹਨ। ਨਵੀਂ ਕਰੰਸੀ ਏ.ਟੀ.ਐਮ. ਦੇ ਅਨੁਕੂਲ ਨਾ ਹੋਣ ਕਾਰਨ ਲੋਕ ਇਸ ਸਹੂਲਤ ਤੋਂ ਵੀ ਵਿਰਵੇ ਹੋ ਗਏ ਹਨ। ਸਰਵਰਾਂ 'ਤੇ ਭਾਰ ਵਧਣ ਨਾਲ ਇਲੈਕਟ੍ਰੋਨਿਕ ਲੈਣ-ਦੇਣ ਵਿਚ ਵੀ ਰੁਕਾਵਟਾਂ ਆ ਰਹੀਆਂ ਹਨ। 2000 ਰੁਪਏ ਦਾ ਨਵਾਂ ਨੋਟ ਵੀ ਖੋਟਾ ਹੀ ਸਾਬਤ ਹੋ ਰਿਹਾ ਹੈ ਕਿਉਂਕਿ ਇਸ ਨਾਲ ਆਮ ਆਦਮੀ ਕੋਈ ਵੀ ਜ਼ਰੂਰੀ ਲੋੜੀਂਦੀ ਵਸਤੂ ਖਰੀਦ ਨਹੀਂ ਸਕਦਾ। ਮੌਜੂਦਾ ਪ੍ਰਸਥਿਤੀਆਂ ਤੋਂ ਜਾਪਦਾ ਹੈ ਕਿ ਆਮ ਲੋਕਾਂ ਨੂੰ ਇਸ ਸੰਕਟ ਤੋਂ ਕਈ ਮਹੀਨਿਆਂ ਤੱਕ ਰਾਹਤ ਮਿਲਣੀ ਸੰਭਵ ਨਹੀਂ। ਦੂਜੇ ਪਾਸੇ ਕਿਸੇ ਵੀ ਧਨ ਕੁਬੇਰ ਦੇ ਸਰਕਾਰ ਦੇ ਇਸ ਕਦਮ ਤੋਂ ਪ੍ਰੇਸ਼ਾਨ ਹੋਣ ਦੀ ਜਾਣਕਾਰੀ ਨਹੀਂ ਮਿਲੀ। ਭਾਜਪਾ ਆਗੂ ਜਨਾਰਦਨ ਰੈਡੀ ਨੇ ਹਾਲ ਹੀ ਵਿਚ ਬੇਟੀ ਦੀ ਸ਼ਾਦੀ 'ਤੇ 600 ਕਰੋੜ ਤੋਂ ਵੱਧ ਧਨ ਖਰਚਿਆ ਹੈ, ਪਰ ਕਿਸੇ ਆਮਦਨ ਕਰ ਅਧਿਕਾਰੀ ਨੇ ਉਸ ਨੂੰ ਪੁੱਛਿਆ ਤੱਕ ਨਹੀਂ। ਉਧਰ ਸਰਕਾਰ ਨੇ ਮੁਲਕ ਦੇ 63 ਵੱਡੇ ਕਾਰੋਬਾਰੀ ਕਰਜ਼ਦਾਰਾਂ ਦੇ 10,673 ਕਰੋੜ ਰੁਪਏ ਦੇ ਕਰਜ਼ੇ ਵੱਟੇ-ਖਾਤੇ ਪਾ ਕੇ ਉਨ੍ਹਾਂ ਨੂੰ ਭਾਰੀ ਰਾਹਤ ਪ੍ਰਦਾਨ ਕਰ ਦਿੱਤੀ ਹੈ। ਜਾਪਦਾ ਹੈ ਕਿ ਸਰਕਾਰ ਦਾ ਨੋਟਬੰਦੀ ਵਾਲਾ ਕਦਮ ਭ੍ਰਿਸ਼ਟਾਚਾਰ ਰੋਕਣ ਅਤੇ ਕਾਲਾ ਧਨ ਖਤਮ ਕਰਨ ਲਈ ਨਹੀਂ ਸਗੋਂ ਧਨ ਕੁਬੇਰਾਂ ਦੇ ਕਰਜ਼ਿਆ ਦੀ ਮੁਆਫੀ ਨਾਲ ਪੈਦਾ ਹੋਏ ਪੂੰਜੀ ਦੇ ਖੱਪੇ ਨੂੰ ਪੂਰਾ ਕਰਨ ਲਈ ਚੁੱਕਿਆ ਹੈ।



## ਪਹਿਲਾਂ ਨਹੀਂ ਕੀਤੇ ਢੁਕਵੇਂ ਪ੍ਰਬੰਧ: ਕੈਪਟਨ

**ਡੇਰਾਬਸੀ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨੋਟਬੰਦੀ ਦੇ ਫੈਸਲੇ ਨੂੰ ਤਾਨਾਸ਼ਾਹੀ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਦੇਸ਼ ਦੀ 86 ਪ੍ਰਤੀਸ਼ਤ ਕਰੰਸੀ ਵਾਪਸ ਤਾਂ ਲੈ ਰਹੀ, ਪਰ ਇਸ ਲਈ ਬਦਲਵੇਂ ਪ੍ਰਬੰਧ ਨਹੀਂ ਕੀਤੇ ਗਏ ਹਨ। ਨਤੀਜੇ ਵਜੋਂ ਆਮ ਲੋਕ ਪ੍ਰੇਸ਼ਾਨ ਹੋ ਰਹੇ ਹਨ, ਜਿਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੇਂਦਰ ਸਰਕਾਰ ਨੇ ਕੋਈ ਪ੍ਰਬੰਧ ਨਹੀਂ ਕੀਤੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਾਲੇ ਧੰਨ ਖਿਲਾਫ ਆਉਣ ਵਾਲੇ ਹਰੇਕ ਫੈਸਲੇ ਦਾ ਸਵਾਗਤ ਕਰਦੀ ਹੈ, ਪਰ ਇਸ ਤੋਂ ਪਹਿਲਾਂ ਲੋਕਾਂ ਦੀ ਸਹੂਲਤ ਲਈ ਪ੍ਰਬੰਧ ਕੀਤੇ ਜਾਣੇ ਜ਼ਰੂਰੀ ਹਨ, ਜਿਸ ਵਿਚ ਮੋਦੀ ਸਰਕਾਰ ਪੂਰੀ ਤਰਾਂ ਫੇਲ੍ਹ ਹੋਈ ਹੈ।

## ਬਾਦਲ ਦੀ ਵਿੱਤ ਮੰਤਰੀ ਜੇਤਲੀ ਨੂੰ ਚਿੱਠੀ

**ਚੰਡੀਗੜ੍ਹ:** ਨੋਟਬੰਦੀ ਕਾਰਨ ਆਮ ਜਨਤਾ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੀ ਹੈ, ਪਰ ਵੱਡੀ ਮੁਸ਼ਕਲ ਕਿਸਾਨਾਂ ਲਈ ਬਣੀ ਹੋਈ ਹੈ। ਕਿਉਂਕਿ ਸਰਕਾਰ ਨੇ ਸਹਿਕਾਰੀ ਬੈਂਕਾਂ 'ਚ ਪੁਰਾਣੇ 500 ਤੇ 1000 ਦੇ ਨੋਟ ਲੈਣ ਉਤੇ ਰੋਕ ਲਗਾ ਦਿੱਤੀ ਹੈ। ਇਨ੍ਹਾਂ ਬੈਂਕਾਂ 'ਚ ਜ਼ਿਆਦਾਤਰ ਖਾਤੇ ਕਿਸਾਨਾਂ ਦੇ ਹੀ ਹਨ। ਅਜਿਹੇ 'ਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਨਿੱਜੀ ਦਖਲ ਦੇ ਕੇ ਸਹਿਕਾਰੀ ਬੈਂਕਾਂ 'ਚ ਵੀ ਪੁਰਾਣੇ ਨੋਟ ਲਏ ਜਾਣ ਦੀ ਖੁੱਲ੍ਹ ਦੇਣ ਲਈ ਕਿਹਾ ਹੈ।ਬਾਦਲ ਨੇ ਇਕ ਪੱਤਰ ਲਿਖ ਕੇਂਦਰੀ ਵਿੱਤ ਮੰਤਰੀ ਅਰੁਣ ਜੇਟਲੀ ਨੂੰ ਬੈਂਕਿੰਗ ਰੈਗੂਲੇਸ਼ਨ ਐਕਟ 1949 ਤਹਿਤ ਪਰਿਭਾਸ਼ਤ ਬੈਂਕਾਂ ਦੀ ਤਰਜ਼ ਉਤੇ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਵੀ ਸਰਕਾਰੀ ਨੋਟਬੰਦੀ ਦੇ ਫੈਸਲੇ ਨਾਲ ਸਬੰਧਤ ਸਕੀਮ ਨੂੰ ਲਾਗੂ ਕਰਨ ਲਈ ਆਗਿਆ ਦੇਣ ਵਾਸਤੇ ਭਾਰਤੀ ਰਿਜ਼ਰਵ ਬੈਂਕ ਨੂੰ ਤੁਰਤ ਲੋੜੀਂਦੀਆਂ ਹਦਾਇਤਾਂ ਦੇਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਕਰਜ਼ਿਆਂ ਨੂੰ ਮੋੜਨ ਤੇ ਮੁੜ ਚੁੱਕਣ ਦੀ ਪ੍ਰਵਾਨਗੀ ਪਹਿਲਾਂ ਜਾਰੀ ਕੀਤੀਆਂ ਗਈਆਂ ਹਦਾਇਤਾਂ 'ਤੇ ਹੀ ਆਧਾਰਤ ਹੋਵੇਗੀ। ਕੇਂਦਰੀ ਸਹਿਕਾਰੀ ਬੈਂਕਾਂ ਦੀਆਂ ਬਹੁਤੀਆਂ ਸ਼ਾਖਾਵਾਂ ਉਨ੍ਹਾਂ ਖੇਤਰਾਂ ਵਿਚ ਕੰਮ ਕਰ ਰਹੀਆਂ ਹਨ ਜਿਨ੍ਹਾਂ ਵਿਚ ਕੋਈ ਹੋਰ ਨਿੱਜੀ ਜਾਂ ਜਨਤਕ ਖੇਤਰ ਦੇ ਬੈਂਕ ਦੀ ਸ਼ਾਖਾ ਮੌਜੂਦਾ ਨਹੀਂ ਹੈ।

# ਨੋਟਬੰਦੀ ਦੀ ਮਾਰ: ਸ਼੍ਰੋਮਣੀ ਕਮੇਟੀ ਦੀ ਆਮਦਨ 80%ਘਟੀ

**ਅੰਮ੍ਰਿਤਸਰ:** ਦੇਸ਼ ਵਿਚ ਨੋਟਬੰਦੀ ਦੇ ਚਲਦਿਆਂ ਹੋਰਨਾਂ ਧਰਮਾਂ ਦੇ ਧਾਰਮਿਕ ਸਥਾਨਾਂ ਵਿਚ ਦਾਨ ਦੀ ਰਕਮ ਆਮ ਨਾਲੋਂ ਵੱਧ ਹੋਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ, ਪਰ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ 500 ਤੇ 1000 ਦੇ ਪੁਰਾਣੇ ਨੋਟ ਨਾ ਲੈਣ ਕਰ ਕੇ ਗੁਰਦੁਆਰਿਆਂ ਦੀਆਂ ਗੋਲਕਾਂ, ਸ੍ਰੀ ਅਖੰਡ ਪਾਠ ਸਾਹਿਬ ਦੀ ਬੁਕਿੰਗ ਕਰਵਾਉਣ, ਲੰਗਰ, ਬਿਲਡਿੰਗ, ਸਰਾਵਾਂ ਅਤੇ ਕੜਾਹ ਪ੍ਰਸ਼ਾਦ ਦੀ ਭੇਟਾ 'ਚ ਵੱਡੀ ਕਮੀ ਆਈ ਹੈ।



ਪੁਰਾਣੇ ਨੋਟਾਂ ਉਤੇ ਰੋਕ ਲਗਾਏ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਤੇ ਸੀ.ਏ. ਵੱਲੋਂ ਅਖੰਡ ਪਾਠ ਦੀ ਬੁਕਿੰਗ, ਲੰਗਰ ਲਈ ਨਗਦ ਰਾਸ਼ੀ ਪ੍ਰਾਪਤ ਕਰਨ ਤੇ ਸਰਾਵਾਂ ਦੇ ਕਮਰਿਆਂ ਦੇ ਕਿਰਾਏ ਤੋਂ ਇਲਾਵਾ ਭੇਟਾ ਦੇ ਰੂਪ 'ਚ ਪ੍ਰਾਪਤ ਹੋਣ ਰਾਸ਼ੀ ਪੁਰਾਣੇ 500 ਅਤੇ 1000 ਦੇ ਨੋਟਾਂ ਦੇ ਰੂਪ ਵਿਚ ਲੈਣ ਉਤੇ ਰੋਕ ਲਗਾ ਦਿੱਤੀ ਹੈ। ਜਿਸ ਦੇ ਚਲਦਿਆਂ ਸ਼੍ਰੋਮਣੀ ਕਮੇਟੀ ਦੀ ਆਮਦਨ 80 ਫੀਸਦੀ ਘੱਟ ਕੇ ਸਿਰਫ 20 ਫੀਸਦੀ ਹੀ ਰਹਿ ਗਈ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਉਂਦੇ ਵੱਖ-ਵੱਖ ਗੁਰਧਾਮਾਂ 'ਚ ਅਖੰਡ ਪਾਠ ਕਰਵਾਉਣ ਲਈ ਬੁਕਿੰਗ ਸਿਰਫ 10 ਫੀਸਦੀ ਹੀ ਰਹਿ ਗਈ ਹੈ।

ਇਸ ਤੋਂ ਇਲਾਵਾ ਲੰਗਰ 'ਚ ਸੁੱਕੀ ਰਸਦ ਤਾਂ ਆਮ ਵਾਂਗ ਹੀ ਆ ਰਹੀ ਹੈ, ਪਰ ਨਗਦ ਰਾਸ਼ੀ ਦੇ ਰੂਪ 'ਚ ਸ਼ਰਧਾਲੂਆਂ ਵੱਲੋਂ ਦਿੱਤੀ ਜਾ ਰਹੀ ਰਾਸ਼ੀ 100 ਦੇ ਜਾਂ ਇਸ ਤੋਂ ਛੋਟੇ ਨੋਟਾਂ ਅਤੇ 2000 ਦੇ ਨਵੇਂ ਨੋਟਾਂ ਦੇ ਰੂਪ 'ਚ ਤਾਂ ਸਵੀਕਾਰ ਕੀਤੀ ਜਾਂਦੀ ਹੈ, ਪਰ ਪੁਰਾਣੇ 500 ਅਤੇ 1000 ਦੇ ਨੋਟ ਸਵੀਕਾਰ ਨਹੀਂ ਕੀਤੇ ਜਾ ਰਹੇ।

ਸ਼੍ਰੋਮਣੀ ਕਮੇਟੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਸ ਤਰ੍ਹਾਂ ਹਰ ਰੋਜ਼ ਉਨ੍ਹਾਂ ਨੂੰ ਲੱਖਾਂ ਰੁਪਏ ਦੀ ਦਾਨ ਰਾਸ਼ੀ ਮੋੜਨੀ ਪੈ ਰਹੀ ਹੈ। ਮੈਨੇਜਰ ਸ੍ਰੀ ਦਰਬਾਰ ਸਾਹਿਬ ਸੁੱਲਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਅਧੀਨ ਆਉਂਦੇ ਸਾਰੇ ਗੁਰਦੁਆਰਿਆਂ 'ਚ ਗੋਲਕਾਂ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਦਾਨ ਰਾਸ਼ੀ ਪੁਰਾਣੇ 500 ਅਤੇ 1000 ਦੇ ਰੂਪ 'ਚ ਸਵੀਕਾਰ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਇਹ ਰਾਸ਼ੀ 2000 ਦੇ ਨਵੇ ਨੋਟਾਂ ਜਾਂ ਪੁਰਾਣੇ 100 ਜਾਂ ਇਸ ਤੋਂ ਹੇਠਲੇ ਨੋਟਾਂ ਦੇ ਰੂਪ 'ਚ ਹੀ ਸਵੀਕਾਰ ਕੀਤੀ ਜਾਂਦੀ ਹੈ।

# ਸਰਬੱਤ ਖਾਲਸਾ: ਪੰਥਕ ਧਿਰਾਂ ਹਾਕਮਾਂ ਨਾਲ ਆਢਾ ਲਾਉਣ ਦੇ ਰੌਂਅ 'ਚ

**ਬਠਿੰਡਾ:** ਪੰਥਕ ਧਿਰਾਂ ਹੁਣ ਸਰਬੱਤ ਖਾਲਸਾ ਦੇ ਮਾਮਲੇ ਉਤੇ ਹਾਕਮ ਧਿਰ ਨਾਲ ਟੱਕਰ ਲੈਣ ਦੇ ਰੌਂਅ ਵਿਚ ਹਨ। ਪੰਥਕ ਆਗੂਆਂ ਨੇ ਅੱਠ ਦਸੰਬਰ ਦੇ ਸਰਬੱਤ ਖਾਲਸਾ ਲਈ ਪ੍ਰਸ਼ਾਸਨ ਤੋਂ ਕੋਈ ਪ੍ਰਵਾਨਗੀ ਨਾ ਲੈਣ ਦਾ ਫੈਸਲਾ ਕੀਤਾ ਹੈ। ਉਧਰ, ਗਠਜੋੜ ਸਰਕਾਰ ਵੀ ਮੋਗਾ ਰੈਲੀ ਦੀ ਸਫਲਤਾ ਲਈ ਸਰਬੱਤ ਖਾਲਸਾ ਦੇ ਫੈਸਲੇ ਨੂੰ ਸੌਖੇ ਹਜ਼ਮ ਕਰਨ ਦੇ ਰੌਂਅ ਵਿਚ ਨਹੀਂ ਹੈ।

ਪੰਥਕ ਧਿਰਾਂ ਅਤੇ ਮੁਤਵਾਜ਼ੀ ਜਥੇਦਾਰਾਂ ਨੇ ਅੱਠ ਦਸੰਬਰ ਦੇ ਸਰਬੱਤ ਖਾਲਸਾ ਦੀ ਤਿਆਰੀ ਲਈ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਹੈ। ਤਕਰੀਬਨ 42 ਏਕੜ ਜਗ੍ਹਾ ਵਿਚ ਸਰਬੱਤ ਖਾਲਸਾ ਹੋਵੇਗਾ ਅਤੇ ਉਸ ਦਿਨ ਹੀ ਸ਼੍ਰੋਮਣੀ ਅਕਾਲੀ ਦਲ ਮੋਗਾ ਵਿਚ 'ਪਾਣੀ ਬਚਾਓ, ਪੰਜਾਬ ਬਚਾਓ' ਰੈਲੀ ਕਰੇਗਾ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਸਰਬੱਤ ਖਾਲਸਾ ਦੇ ਪ੍ਰਬੰਧਕਾਂ ਨੂੰ ਅਗਾਊਂ ਹੀ ਗ੍ਰਿਫ਼ਤਾਰ ਕਰ ਸਕਦੀ ਹੈ ਤੇ ਪ੍ਰਬੰਧਕਾਂ ਨੂੰ ਵੀ ਇਸ ਦਾ ਖਦਸ਼ਾ ਹੈ। ਪ੍ਰਬੰਧਕਾਂ ਨੇ ਪ੍ਰਣ ਕੀਤਾ ਹੈ ਕਿ ਉਹ ਦਮਦਮਾ ਸਾਹਿਬ ਵਿਚ ਹਰ ਹੀਲੇ ਸਰਬੱਤ ਖਾਲਸਾ ਕਰਨਗੇ। ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਸੀ ਕਿ ਐਤਕੀਂ ਸਰਕਾਰ ਸਰਬੱਤ ਖਾਲਸਾ ਰੋਕਣ ਲਈ ਕੁਝ ਵੀ ਕਰੇ, ਪਰ ਸਰਬੱਤ ਖਾਲਸਾ ਮੁਲਤਵੀ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਆਖਿਆ ਕਿ ਸਰਕਾਰ ਨਾਜਾਇਜ਼ ਹੀ ਧਾਰਮਿਕ ਸਮਾਗਮ ਵਿਚ ਰੁਕਾਵਟ ਪਾ ਰਹੀ ਹੈ। ਸਰਬੱਤ ਖਾਲਸਾ ਦੇ ਪ੍ਰਬੰਧਾਂ ਦੀਆਂ ਤਿਆਰੀਆਂ ਚੱਲ ਪਈਆਂ ਹਨ ਅਤੇ ਬਾਦਲ ਪਰਿਵਾਰ ਦੇ ਸਿਆਸੀ ਬਾਈਕਾਟ ਦੇ ਅਮਲ ਲਈ ਜ਼ਮੀਨੀ ਪੱਧਰ 'ਤੇ ਮੁਹਿੰਮ ਚੱਲੇਗੀ ਤੇ ਉਹ ਕਾਨੂੰਨੀ ਲੜਾਈ ਵੀ ਲੜਨਗੇ। ਇਸ ਦੌਰਾਨ ਬਠਿੰਡਾ ਜ਼ੋਨ ਦੇ ਆਈ.ਜੀ. ਐਸ.ਕੇ.ਅਸਥਾਨਾ ਦਾ ਕਹਿਣਾ ਸੀ ਕਿ ਅਮਨ-ਸ਼ਾਂਤੀ ਕਿਸੇ ਵੀ ਕੀਮਤ 'ਤੇ ਭੰਗ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਸਰਬੱਤ ਖ਼ਾਲਸਾ ਲਈ ਪ੍ਰਵਾਨਗੀ ਦਾ ਫੈਸਲਾ ਡਿਪਟੀ ਕਮਿਸ਼ਨਰ ਵੱਲੋਂ ਲਿਆ ਜਾਣਾ ਹੈ।



ਉਧਰ, ਪੰਜ ਪਿਆਰੇ ਤੇ ਉਨ੍ਹਾਂ ਨਾਲ ਸਬੰਧਤ ਧਿਰਾਂ ਦੇ ਇਸ ਸਮਾਗਮ ਤੋਂ ਦੂਰ ਰਹਿਣ ਦੀ ਸੰਭਾਵਨਾ ਹੈ। ਪੰਜ ਪਿਆਰਿਆਂ ਤੇ ਉਨ੍ਹਾਂ ਨਾਲ ਸਬੰਧਤ ਧਿਰਾਂ ਨੇ ਆਖਿਆ ਕਿ ਸਰਬੱਤ ਖਾਲਸਾ ਸੱਦਣ ਬਾਰੇ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ ਅਤੇ ਨਾ ਇਸ ਬਾਰੇ ਕੋਈ ਜਾਣਕਾਰੀ ਹੈ। ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਸਤਨਾਮ ਸਿੰਘ ਖੰਡਾ ਨੇ ਆਖਿਆ ਕਿ ਉਨ੍ਹਾਂ ਨੂੰ ਸਰਬੱਤ ਖਾਲਸਾ 8 ਦਸੰਬਰ ਨੂੰ ਕੀਤੇ ਜਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਪ੍ਰਬੰਧਕਾਂ ਵੱਲੋਂ ਇਸ ਸਬੰਧੀ ਕੋਈ ਜਾਣਕਾਰੀ ਦਿੱਤੀ ਗਈ ਹੈ।

ਪ੍ਰਬੰਧਕਾਂ ਨੂੰ ਇਸ ਐਲਾਨ ਤੋਂ ਪਹਿਲਾਂ ਸਾਰੀਆਂ ਧਿਰਾਂ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਜਦੋਂ ਇਸ ਸਬੰਧੀ ਭਰੋਸੇ ਵਿਚ ਹੀ ਨਹੀਂ ਲਿਆ ਤਾਂ ਫਿਰ ਉਹ ਕਿਵੇਂ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਇਸ ਸਬੰਧੀ ਕੋਈ ਠੋਸ ਫੈਸਲਾ ਨਹੀਂ ਕੀਤਾ ਹੈ ਤੇ ਛੇਤੀ ਹੀ ਵਿਧੀ ਵਿਧਾਨ ਤਿਆਰ ਕਰਨ ਵਾਲੀ ਕਮੇਟੀ ਨਾਲ ਮੀਟਿੰਗ ਕਰਨਗੇ ਤੇ ਵਿਧੀ ਵਿਧਾਨ ਤਿਆਰ ਹੋਣ ਦਾ ਜਾਇਜ਼ਾ ਲੈਣਗੇ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਜਰਨੈਲ ਸਿੰਘ ਸਖੀਰਾ ਨੇ ਆਖਿਆ ਕਿ 8 ਦਸੰਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸਰਬੱਤ ਖਾਲਸਾ ਸਮਾਗਮ ਹੋਵੇਗਾ। ਉਨ੍ਹਾਂ ਆਖਿਆ ਕਿ ਪਹਿਲਾਂ ਸਰਕਾਰ ਨੇ ਜਬਰੀ ਇਸ ਸਮਾਗਮ ਨੂੰ ਮੁਲਤਵੀ ਕਰਾ ਦਿੱਤਾ ਸੀ। ਇਕ ਮਹੀਨੇ ਬਾਅਦ ਹੀ ਮੁੜ ਸਰਬੱਤ ਖਾਲਸਾ ਸੱਦ ਕੇ ਪ੍ਰਬੰਧਕਾਂ ਨੇ ਸਰਕਾਰੀ ਜਬਰ ਨੂੰ ਵੰਗਾਰਿਆ ਹੈ।

## ਸਰਬੱਤ ਖਾਲਸਾ ਮੌਕੇ ਗ੍ਰਿਫਤਾਰੀਆਂ ਬਾਰੇ ਪਟੀਸ਼ਨ ਦਾ ਨਿਬੇੜਾ

**ਚੰਡੀਗੜ੍ਹ:** 10 ਨਵੰਬਰ, 2016 ਨੂੰ ਸਰਬੱਤ ਖਾਲਸਾ ਕਰਵਾਉਣ ਦੇ ਮਾਮਲੇ ਵਿਚ ਪੁਲਿਸ ਵੱਲੋਂ ਨਾਜਾਇਜ਼ ਤਰੀਕੇ ਨਾਲ ਲੀਡਰਾਂ ਨੂੰ ਹਿਰਾਸਤ 'ਚ ਰੱਖਣ ਤੇ ਉਨ੍ਹਾਂ ਦੇ ਜ਼ਮਾਨਤੀ ਬਾਂਡ ਨਾ ਮੰਨਣ ਖਿਲਾਫ ਦਾਇਰ ਪਟੀਸ਼ਨ ਉਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਜਵਾਬ ਤਲਬ ਕੀਤਾ ਸੀ। ਇਸ 'ਤੇ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਮਾਮਲੇ 'ਚ ਸਾਵਧਾਨੀ ਵਜੋਂ ਸੂਬੇ ਦੇ ਵੱਖ-ਵੱਖ ਥਾਣਿਆਂ ਵਿਚ 134 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਨੂੰ ਪੁੱਛਗਿੱਛ ਕਰ ਕੇ ਛੱਡ ਦਿੱਤਾ ਗਿਆ ਹੈ। ਜਵਾਬ 'ਤੇ ਸੰਤੁਸ਼ਟੀ ਜਤਾਉਂਦੇ ਹੋਏ ਜੱਜ ਜਤਿੰਦਰ ਚੌਹਾਨ ਨੇ ਇਸ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ ਹੈ। ਐਡਵੋਕੇਟ ਸਿਮਰਨਜੀਤ ਸਿੰਘ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕਰ ਕੇ ਦੱਸਿਆ ਸੀ ਕਿ ਉਨ੍ਹਾਂ ਨੇ ਇਹ ਪਟੀਸ਼ਨ ਭਾਈ ਬਲਜੀਤ ਸਿੰਘ ਦਾਦੂਵਾਲ ਦੇ ਆਦੇਸ਼ 'ਤੇ ਦਾਖਲ ਕੀਤੀ ਸੀ। ਦਾਖਲ ਪਟੀਸ਼ਨ 'ਚ ਉਨ੍ਹਾਂ ਨੇ ਇਸ ਤਰ੍ਹਾਂ ਦੇ 46 ਲੋਕਾਂ ਦੀ ਸੂਚੀ ਹਾਈ ਕੋਰਟ ਨੂੰ ਸੌਂਪੀ ਸੀ ਜਿਨ੍ਹਾਂ ਨੂੰ ਪੁਲਿਸ ਨੇ ਵੱਖ-ਵੱਖ ਜੇਲ੍ਹਾਂ 'ਚ ਹਿਰਾਸਤ ਵਿਚ ਰੱਖਿਆ ਸੀ।

## ਅਕਾਲੀ ਦਲ ਦੀ ਰੈਲੀ ਦੇ ਬਾਈਕਾਟ ਕਰਨ ਦਾ ਸੱਦਾ

**ਚੰਡੀਗੜ੍ਹ:** ਮੁਤਵਾਜ਼ੀ ਜਥੇਦਾਰਾਂ ਨੇ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਉਹ 8 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਰੈਲੀ ਦਾ ਬਾਈਕਾਟ ਕਰ ਕੇ ਸਰਬੱਤ ਖ਼ਾਲਸਾ ਵਿਚ ਪੁੱਜਣ। ਪੰਥਕ ਆਗੂਆਂ ਨੇ ਆਖਿਆ ਕਿ ਬਾਦਲ ਪਰਿਵਾਰ ਦੇ ਸਿਆਸੀ ਬਾਈਕਾਟ ਦਾ ਉਨ੍ਹਾਂ ਪਹਿਲਾਂ ਹੀ ਸੱਦਾ ਦਿੱਤਾ ਹੋਇਆ ਹੈ। ਮੁਤਵਾਜ਼ੀ ਜਥੇਦਾਰਾਂ ਨੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਵਰਜਦਿਆਂ ਕਿਹਾ ਹੈ ਕਿ ਉਹ ਸਰਬੱਤ ਖ਼ਾਲਸਾ ਵਿਚ ਵਿਘਨ ਪਾਉਣ ਲਈ ਉਪ ਮੁੱਖ ਮੰਤਰੀ ਦੇ ਕਿਸੇ ਵੀ ਗ਼ੈਰਕਾਨੂੰਨੀ ਹੁਕਮ ਨੂੰ ਨਾ ਮੰਨਣ।

# ਟਿਕਟਾਂ ਦੀ ਵੰਡ ਨੇ ਅਕਾਲੀ ਦਲ ਵਿਚ ਲਿਆਂਦਾ ਸਿਆਸੀ ਭੂਚਾਲ

**ਚੰਡੀਗੜ੍ਹ:** ਟਿਕਟਾਂ ਦੀ ਵੰਡ ਸਬੰਧੀ ਸ਼੍ਰੋਮਣੀ ਅਕਾਲੀ ਦਲ 'ਚ ਸਿਆਸੀ ਭੂਚਾਲ ਆਇਆ ਹੋਇਆ ਹੈ। ਜਲੰਧਰ ਦੇ 3 ਅਕਾਲੀ ਵਿਧਾਇਕਾਂ ਦੇ ਅਸਤੀਫਿਆਂ ਨਾਲ ਪਾਰਟੀ ਹਿੱਲ ਗਈ ਹੈ। ਅਕਾਲੀ ਦਲ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਵਿਧਾਨ ਸਭਾ ਦੀਆਂ ਸੀਟਾਂ ਐਲਾਨਣ ਉਪਰੰਤ ਅਜਿਹਾ ਤਿੱਖਾ ਵਿਰੋਧ ਵੇਖਣ ਨੂੰ ਮਿਲਿਆ ਹੋਵੇ।

ਭਾਵੇਂ ਜਲੰਧਰ ਛਾਉਣੀ ਹਲਕੇ ਦੇ ਵਿਧਾਇਕ ਪ੍ਰਗਟ ਸਿੰਘ ਵੱਲੋਂ ਅਸਤੀਫਾ ਦੇਣ ਦਾ ਕਾਰਨ ਟਿਕਟਾਂ ਦੀ ਵੰਡ ਨਹੀਂ ਹੈ, ਪਰ ਉਨ੍ਹਾਂ ਵੱਲੋਂ ਵੀ ਇਹ ਕਦਮ ਪਾਰਟੀ ਅੰਦਰ ਉਨ੍ਹਾਂ ਦੀ ਪੁੱਛ ਪ੍ਰਤੀਤ ਨਾ ਹੋਣ ਕਾਰਨ ਹੀ ਚੁੱਕਿਆ ਗਿਆ ਸੀ, ਜਦਕਿ ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ ਤੇ ਵਿਧਾਇਕ ਅਵਿਨਾਸ਼ ਚੰਦਰ ਨੇ ਆਪਣੇ ਅਸਤੀਫੇ ਟਿਕਟਾਂ ਨਾ ਮਿਲਣ ਦੇ ਰੋਸ ਵਜੋਂ ਦਿੱਤੇ ਹਨ। ਉਧਰ, ਇਨ੍ਹਾਂ ਤਿੰਨਾਂ ਵਿਧਾਇਕਾਂ ਦੇ ਕਦਮ ਅਸਤੀਫੇ ਦੇਣ ਤੱਕ ਹੀ ਨਹੀਂ ਰੁਕੇ, ਸਗੋਂ ਇਨ੍ਹਾਂ ਦੇ ਕਦਮ ਅਕਾਲੀ ਦਲ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਵੱਲ ਵੀ ਵਧ ਰਹੇ ਹਨ।

ਦੱਸਣਯੋਗ ਹੈ ਕਿ ਕਿਸੇ ਸਮੇਂ ਕਾਂਗਰਸ ਦਾ ਗੜ੍ਹ ਮੰਨੇ ਜਾਣ ਵਾਲੇ ਜਲੰਧਰ ਜ਼ਿਲ੍ਹੇ ਵਿਚੋਂ ਕਾਂਗਰਸ ਦਾ ਸਫਾਇਆ ਇਸ ਕਦਰ ਹੋਇਆ ਸੀ ਕਿ ਇਹ ਜ਼ਿਲ੍ਹਾ ਲੰਘੀਆਂ ਦੋ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਸਰਕਾਰ ਬਣਾਉਣ 'ਚ ਮੋਹਰੀ ਰੋਲ ਨਿਭਾਉਂਦਾ ਰਿਹਾ ਹੈ, ਪਰ ਇਸ ਵਾਰ ਅਕਾਲੀ ਦਲ ਦੇ ਹਿੱਸੇ ਦੀਆਂ 6 ਸੀਟਾਂ 'ਚੋਂ ਅੱਧੀਆਂ ਉਤੇ ਪਾਰਟੀ ਉਮੀਦਵਾਰਾਂ ਦਾ ਸਿੱਧਾ ਵਿਰੋਧ ਤੇ ਬਾਕੀਆਂ 'ਤੇ ਆਉਣ ਵਾਲੇ ਦਿਨਾਂ ਵਿਚ ਉਠਣ ਵਾਲੀਆਂ ਬਾਗੀ ਸੁਰਾਂ ਅਕਾਲੀ ਦਲ ਲਈ ਚਿੰਤਾ ਹੀ ਪੈਦਾ ਨਹੀਂ ਕਰ ਸਕਦੀਆਂ ਸਗੋਂ ਚੁਣੌਤੀ ਵੀ ਬਣ ਸਕਦੀਆਂ ਹਨ।

ਜਲੰਧਰ ਛਾਉਣੀ ਹਲਕੇ ਤੋਂ ਐਲਾਨੇ ਉਮੀਦਵਾਰ ਸਰਬਜੀਤ ਸਿੰਘ ਮੱਕੜ ਦਾ ਵਿਰੋਧ ਜ਼ਿਲ੍ਹਾ ਅਕਾਲੀ ਜਥੇ ਦੇ ਪ੍ਰਧਾਨ ਤੇ ਜ਼ਿਲ੍ਹਾ ਕਮੇਟੀ ਦੇ ਚੇਅਰਮੈਨ ਗੁਰਚਰਨ ਸਿੰਘ ਚੰਨੀ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਰਾਏਪੁਰ ਤੇ ਹੋਰਾਂ ਆਗੂਆਂ ਵਲੋਂ ਕੀਤਾ ਜਾ ਰਿਹਾ ਹੈ। ਇਨ੍ਹਾਂ ਆਗੂਆਂ ਵੱਲੋਂ ਅਗਲੀ ਰਣਨੀਤੀ ਲਈ ਇਕ 9-ਮੈਂਬਰੀ ਕਮੇਟੀ ਦਾ ਗਠਨ ਵੀ ਕਰ ਲਿਆ ਹੈ। ਇਨ੍ਹਾਂ ਤਿੰਨਾਂ ਹਲਕਿਆਂ ਤੋਂ ਬਾਅਦ ਆਦਮਪੁਰ ਤੇ ਨਕੋਦਰ ਵਿਚ ਵੀ ਇਸ ਅੱਗ ਦਾ ਸੇਕ ਪੁੱਜਣ ਦੀ ਸੰਭਾਵਨਾ ਹੈ ਕਿਉਂਕਿ ਆਦਮਪੁਰ ਹਲਕੇ ਦੇ ਅਕਾਲੀ ਜਥੇਦਾਰ ਪਹਿਲਾਂ ਹੀ ਪਾਰਟੀ ਪ੍ਰਧਾਨ ਨਾਲ ਤਿੰਨ ਵਾਰ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਤੋਂ ਜਾਣੂ ਕਰਵਾ ਚੁੱਕੇ ਹਨ। ਉਧਰ ਅਕਾਲੀ ਦਲ 'ਚ ਉਠੀਆਂ ਇਨ੍ਹਾਂ ਬਗਾਵਤੀ ਸੁਰਾਂ ਲਈ ਸਿਆਸੀ ਮਾਹਰ ਅਕਾਲੀ ਦਲ ਦੀ ਡੰਗ ਟਪਾਊ ਨੀਤੀ ਨੂੰ ਮੰਨ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਨੇ ਉਮੀਦਵਾਰਾਂ ਦੀ ਚੋਣ ਲਈ ਹਮੇਸ਼ਾ ਡੰਗ ਟਪਾਊ ਨੀਤੀ ਤਹਿਤ ਬਾਹਰੋਂ ਲਿਆ ਕੇ ਆਗੂਆਂ ਨੂੰ ਟਿਕਟਾਂ ਨਾਲ ਨਿਵਾਜਿਆ ਹੈ, ਜਿਸ ਨਾਲ ਪੁਰਾਣੇ ਟਕਸਾਲੀ ਅਕਾਲੀ ਆਗੂਆਂ 'ਚ ਰੋਸ ਪੈਦਾ ਹੋਣਾ ਸੁਭਾਵਕ ਹੈ। ਇਸ ਵਾਰ ਵੀ ਅਕਾਲੀ ਦਲ ਵੱਲੋਂ ਸੇਠ ਸਤਪਾਲ ਮੱਲ ਨੂੰ ਕਾਂਗਰਸ ਤੋਂ ਲਿਆ ਕੇ ਕਰਤਾਰਪੁਰ ਹਲਕੇ ਤੋਂ ਅਤੇ ਬਲਦੇਵ ਸਿੰਘ ਖਹਿਰਾ ਨੂੰ ਬਸਪਾ ਤੋਂ ਲਿਆ ਕੇ ਫਿਲੌਰ ਹਲਕੇ ਤੋਂ ਟਿਕਟਾਂ ਦਿੱਤੀਆਂ ਹਨ ਤੇ ਇਨ੍ਹਾਂ ਦੋਵਾਂ ਹਲਕਿਆਂ ਤੋਂ ਮੌਜੂਦਾ ਵਿਧਾਇਕਾਂ ਨੇ ਰੋਸ ਵਜੋਂ ਅਸਤੀਫੇ ਦਿੱਤੇ ਹਨ।

## ਪਹਿਲੀ ਸੂਚੀ ਜਾਰੀ ਹੋਣ ਪਿੱਛੋਂ ਅਸਤੀਫਿਆਂ ਦੀ ਝੜੀ



## ਜਲਾਲਾਬਾਦ ਹਲਕਾ ਬਣੇਗਾ ਬਾਦਲਾਂ ਲਈ ਵੰਗਾਰ

**ਫ਼ਾਜ਼ਿਲਕਾ:** ਪੰਜਾਬ ਵਿਧਾਨ ਸਭਾ 2017 ਦਾ ਚੋਣ ਅਖਾੜਾ ਪੂਰੀ ਤਰ੍ਹਾਂ ਭਖਣ ਲੱਗਾ ਹੈ। ਇਨ੍ਹਾਂ ਚੋਣਾਂ 'ਚ ਤੀਜੀ ਧਿਰ ਵਜੋਂ ਉਭਰੀ ਆਮ ਆਦਮੀ ਪਾਰਟੀ ਨੇ ਸਭ ਤੋਂ ਪਹਿਲਾਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਹੁਣ ਸ਼੍ਰੋਮਣੀ ਅਕਾਲੀ ਦਲ ਨੇ 69 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸੂਬੇ ਵਿਚ ਮੁੱਖ ਸਿਆਸੀ ਪਾਰਟੀ ਕਾਂਗਰਸ ਵੱਲੋਂ ਵੀ ਉਮੀਦਵਾਰਾਂ ਦਾ ਐਲਾਨ ਛੇਤੀ ਕਰਨ ਦੀ ਗੱਲ ਕਹੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੀ ਸੂਚੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਧਾਨ ਸਭਾ ਹਲਕਾ ਲੰਬੀ ਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਧਾਨ ਸਭਾ ਹਲਕਾ ਜਲਾਲਾਬਾਦ ਦਾ ਨਾਂ ਇਸ ਸੂਚੀ 'ਚ ਸ਼ਾਮਲ ਨਹੀਂ ਹੈ।

ਆਮ ਆਦਮੀ ਪਾਰਟੀ ਤੇ ਕਾਂਗਰਸ ਇਨ੍ਹਾਂ ਚੋਣਾਂ 'ਚ ਸੱਤਾਧਾਰੀ ਪਾਰਟੀ ਦੇ ਮੁੱਖ ਆਗੂਆਂ ਨੂੰ ਉਨ੍ਹਾਂ ਦੇ ਹਲਕਿਆਂ ਵਿਚ ਘੇਰਨ ਦੀ ਤਿਆਰੀ 'ਚ ਲੱਗੀਆਂ ਹੋਈਆਂ ਹਨ। ਆਪ ਨੇ ਭਗਵੰਤ ਮਾਨ ਨੂੰ ਇਸ ਹਲਕੇ ਤੋਂ ਉਮੀਦਵਾਰ ਐਲਾਨ ਦਿੱਤਾ ਹੈ। ਭਾਵੇਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਲਾਲਾਬਾਦ ਹਲਕੇ ਤੋਂ ਬੀਤੀਆਂ ਚੋਣਾਂ ਦੌਰਾਨ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਜਲਾਲਾਬਾਦ ਹਲਕੇ ਤੋਂ ਉਪ ਮੁੱਖ ਮੰਤਰੀ ਦਾ ਨਾਂ ਨਾ ਘੋਸ਼ਿਤ ਕਰਨ 'ਤੇ ਕਈ ਚਰਚਾਵਾਂ ਜਨਮ ਲੈ ਰਹੀਆਂ ਹਨ। ਜਲਾਲਾਬਾਦ ਹਲਕੇ ਨਾਲ ਸਬੰਧਤ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਚੱਲ ਰਹੇ ਮਤਭੇਦ ਜੱਗ ਜ਼ਾਹਿਰ ਹਨ।

# 'ਆਪ' ਵੱਲੋਂ 12 ਹੋਰ ਉਮੀਦਵਾਰਾਂ ਦਾ ਐਲਾਨ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਵੀਂ ਸੂਚੀ ਰਾਹੀਂ 12 ਹੋਰ ਉਮੀਦਵਾਰ ਐਲਾਨ ਦਿੱਤੇ ਹਨ। ਐਲਾਨੇ ਉਮੀਦਵਾਰਾਂ ਵਿਚ ਮਰਹੂਮ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਧੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕੁਲਦੀਪ ਕੌਰ ਟੌਹੜਾ ਨੂੰ ਹਲਕਾ ਸਨੌਰ ਤੋਂ ਟਿਕਟ ਦਿੱਤੀ ਗਈ ਹੈ।

ਹੋਰ ਉਮੀਦਵਾਰਾਂ ਵਿਚ ਡਾਕਟਰ ਸੰਜੀਵ ਸ਼ਰਮਾ ਨੂੰ ਜਲੰਧਰ ਕੇਂਦਰੀ, ਕੈਪਟਨ ਬਿਕਰਮਜੀਤ ਸਿੰਘ ਪਹੂਵਿੰਡੀਆ ਨੂੰ ਖੇਮਕਰਨ, ਰਾਜ ਕੁਮਾਰ ਮਹਾਜਨ ਨੂੰ ਪਠਾਨਕੋਟ, ਬਲਵਿੰਦਰ ਸਿੰਘ ਸਹੋਤਾ ਨੂੰ ਅੰਮ੍ਰਿਤਸਰ ਪੱਛਮੀ, ਨਰਿੰਦਰ ਸਿੰਘ ਸੰਧਾ ਨੂੰ ਫਿਰੋਜ਼ਪੁਰ ਸਿਟੀ, ਮਲਕੀਅਤ ਸਿੰਘ ਥਿੰਦ ਨੂੰ ਗੁਰੂਹਰਸਹਾਏ, ਕੰਵਲਪ੍ਰੀਤ ਸਿੰਘ ਕਾਕੀ ਨੂੰ ਕਾਦੀਆਂ, ਭੁਪਿੰਦਰ ਸਿੰਘ ਬਿੱਟੂ ਨੂੰ ਖਡੂਰ ਸਾਹਿਬ, ਗਿਰੀਰਾਜ ਰਜੌਰਾ ਨੂੰ ਬੱਲੂਆਣਾ, ਕੈਪਟਨ ਗੁਰਬਿੰਦਰ ਸਿੰਘ ਕੰਗ ਨੂੰ ਬਾਘਾ ਪੁਰਾਣਾ ਤੇ ਹਰਭਜਨ ਸਿੰਘ ਨੂੰ ਜੰਡਿਆਲਾ ਹਲਕਿਆਂ ਤੋਂ ਟਿਕਟ ਦਿੱਤੀ ਹੈ। ਇਨ੍ਹਾਂ ਵਿਚੋਂ ਸ੍ਰੀ ਪਹੂਵਿੰਡੀਆ ਪਾਰਟੀ ਦੇ ਸਾਬਕਾ ਫ਼ੌਜੀਆਂ ਦੇ ਵਿੰਗ ਦੇ ਸਾਬਕਾ ਕਨਵੀਨਰ ਸਨ ਅਤੇ ਸ੍ਰੀ ਕੰਗ ਕਿਸਾਨ ਤੇ ਮਜ਼ਦੂਰ ਸੈੱਲ ਦੇ ਪ੍ਰਧਾਨ ਹਨ। ਪਾਰਟੀ ਵੱਲੋਂ ਆਪ ਨੇ 12 ਹੋਰ ਉਮੀਦਵਾਰ ਐਲਾਨੇ ਨੌਜਵਾਨਾਂ ਨੂੰ ਟਿਕਟਾਂ ਦੇਣ ਦੇ ਦਾਅਵਿਆਂ ਦੇ ਉਲਟ ਇਸ ਸੂਚੀ ਵਿਚ ਦੋ ਨੂੰ ਛੱਡ ਕੇ ਬਾਕੀ ਸਾਰੇ 40 ਸਾਲ ਦੀ ਉਮਰ ਤੋਂ ਵੱਧ ਦੇ ਉਮੀਦਵਾਰ ਹਨ। ਇਨ੍ਹਾਂ ਵਿਚੋਂ 3 ਉਮੀਦਵਾਰ 50 ਸਾਲਾਂ ਅਤੇ 3 ਉਮੀਦਵਾਰ 60 ਸਾਲ ਤੋਂ ਵੱਧ ਉਮਰ ਦੇ ਹਨ। ਇਸ ਸੂਚੀ ਵਿਚ ਸਿਰਫ ਇਕ ਮਹਿਲਾ ਉਮੀਦਵਾਰ ਹੈ। ਹੁਣ ਆਪ ਵੱਲੋਂ ਸਿਰਫ 26 ਉਮੀਦਵਾਰਾਂ ਦਾ ਐਲਾਨ ਕਰਨਾ ਬਾਕੀ ਰਹਿ ਗਿਆ ਹੈ।

## ਫਾਕਸਵੈਗਨ ਕਰੇਗੀ 30,000 ਮੁਲਾਜ਼ਮਾਂ ਦੀ ਛਾਂਟੀ

**ਬਰਲਿਨ:** ਜਰਮਨੀ ਦੀ ਨਾਮਵਰ ਕਾਰ ਨਿਰਮਾਤਾ ਕੰਪਨੀ ਫਾਕਸਵੈਗਨ 2021 ਤੱਕ 30,000 ਮੁਲਾਜ਼ਮਾਂ ਦੀ ਛਾਂਟੀ ਕਰੇਗੀ। ਸੂਤਰਾਂ ਅਨੁਸਾਰ ਕੰਪਨੀ ਪ੍ਰਬੰਧਨ ਅਤੇ ਲੇਬਰ ਯੂਨੀਅਨ ਵਿਚਕਾਰ ਇਸ ਗੱਲ ਨੂੰ ਲੈ ਕੇ ਸਹਿਮਤੀ ਬਣ ਗਈ ਹੈ। ਕੰਪਨੀ ਆਪਣੇ ਵੀ.ਡਬਲਿਊ. ਬਰਾਂਡ 'ਚ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਇਸ ਲਈ ਹਟਾਏਗੀ ਤਾਂ ਕਿ ਉਹ ਬਚੇ ਹੋਏ ਫੰਡ ਨੂੰ ਸੈਲਫ ਡਰਾਈਵਿੰਗ ਅਤੇ ਇਲੈਕ੍ਰਿਟਕ ਕਾਰਾਂ 'ਤੇ ਖਰਚ ਕਰ ਸਕੇ।

# ਮਾਣਹਾਨੀ ਮਾਮਲੇ 'ਚ ਕੇਜਰੀਵਾਲ ਵਿਰੁਧ ਦੋਸ਼ ਆਇਦ

**ਅੰਮ੍ਰਿਤਸਰ:** ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਮਾਣਹਾਨੀ ਮਾਮਲੇ ਵਿਚ ਅਦਾਲਤ ਨੇ ਆਪ ਮੁਖੀ ਅਰਵਿੰਦ ਕੇਜਰੀਵਾਲ ਤੇ ਉਸ ਦੇ ਦੋ ਸਾਥੀਆਂ ਖਿਲਾਫ਼ ਦੋਸ਼ ਆਇਦ ਕੀਤੇ। ਇਸ ਮਾਮਲੇ ਦੀ ਅਗਲੀ ਸੁਣਵਾਈ ਚਾਰ ਜਨਵਰੀ ਨੂੰ ਤੈਅ ਕੀਤੀ ਗਈ ਹੈ। ਇਸ ਮਾਮਲੇ ਵਿਚ ਸ੍ਰੀ ਕੇਜਰੀਵਾਲ ਸਮੇਤ ਸੰਜੈ ਸਿੰਘ ਅਤੇ ਅਸ਼ੀਸ਼ ਖੇਤਾਨ ਦੇ ਨਾਂ ਵੀ ਸ਼ਾਮਲ ਹਨ। ਦੋਵਾਂ ਧਿਰਾਂ ਦਾ ਪੱਖ ਸੁਣਨ ਮਗਰੋਂ ਅਦਾਲਤ ਨੇ ਸ੍ਰੀ ਕੇਜਰੀਵਾਲ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਦੋਸ਼ ਤੈਅ ਕੀਤੇ ਹਨ। ਭਾਵੇਂ ਸ੍ਰੀ ਕੇਜਰੀਵਾਲ ਤੇ ਉਨ੍ਹਾਂ ਦੇ ਸਾਥੀ ਅਦਾਲਤ ਵਿਚ ਹਾਜ਼ਰ ਨਹੀਂ ਸਨ, ਪਰ ਇਸ ਸਬੰਧੀ ਇਕ ਪੱਤਰ ਉਨ੍ਹਾਂ ਦੇ ਵਕੀਲ ਨੂੰ ਸੌਂਪਿਆ ਗਿਆ। ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਉਹ ਸਿਆਸੀ ਰੁਝੇਵਿਆਂ ਕਾਰਨ ਨਹੀਂ ਪੁੱਜ ਸਕੇ ਅਤੇ ਅਗਲੀ ਪੇਸ਼ੀ ਸਮੇਂ ਹਾਜ਼ਰ ਹੋਣਗੇ। ਅਦਾਲਤ ਨੇ ਪੇਸ਼ੀ ਤੋਂ ਇਕ ਦਿਨ ਦੀ ਛੋਟ ਦੇ ਦਿੱਤੀ।

ਅਦਾਲਤੀ ਕਾਰਵਾਈ ਮਗਰੋਂ ਸ੍ਰੀ ਮਜੀਠੀਆ ਨੇ ਦੱਸਿਆ ਕਿ ਦੋਸ਼ ਆਇਦ ਹੋਣ ਮਗਰੋਂ ਸ੍ਰੀ ਕੇਜਰੀਵਾਲ ਨੂੰ ਨੈਤਿਕ ਆਧਾਰ 'ਤੇ ਦਿੱਲੀ ਦਾ ਮੁੱਖ ਮੰਤਰੀ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ ਅਤੇ ਉਨ੍ਹਾਂ ਨੂੰ ਅਸਤੀਫਾ ਦੇ ਕੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਆਪ ਆਗੂ ਅਦਾਲਤੀ ਕਾਰਵਾਈ ਲਟਕਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਦੀ ਗੈਰ ਹਾਜ਼ਰੀ ਇਸੇ ਦਿਸ਼ਾ ਵਿਚ ਇਕ ਕਦਮ ਹੈ। ਜੇ ਸ੍ਰੀ ਕੇਜਰੀਵਾਲ ਨੂੰ ਕਾਨੂੰਨ ਵਿਚ ਵਿਸ਼ਵਾਸ ਹੈ ਤਾਂ ਉਹ ਕੇਸ ਦੀ ਕਾਰਵਾਈ ਨਿੱਤ ਦਿਨ ਚਲਾਉਣ ਦੀ ਅਰਜ਼ੀ ਦੇਵੇ ਤਾਂ ਜੋ ਇਹ ਮਾਮਲਾ ਕੁਝ ਦਿਨਾਂ ਵਿਚ ਹੀ ਖਤਮ ਹੋ ਜਾਵੇ ਅਤੇ ਲੋਕਾਂ ਸਾਹਮਣੇ ਸੱਚਾਈ ਆ ਸਕੇ। ਸ੍ਰੀ ਮਜੀਠੀਆ ਨੇ ਆਖਿਆ ਕਿ ਆਪ ਦੇ ਸਿਧਾਂਤਾਂ ਮੁਤਾਬਕ ਅਪਰਾਧੀ ਪਿਛੋਕੜ ਅਤੇ ਭ੍ਰਿਸ਼ਟਾਚਾਰ ਦਾ ਦੋਸ਼ੀ ਕੋਈ ਵੀ ਵਿਅਕਤੀ ਪਾਰਟੀ ਦਾ ਮੈਂਬਰ ਨਹੀਂ ਬਣ ਸਕਦਾ, ਪਰ ਇਸ ਵੇਲੇ ਸ੍ਰੀ ਕੇਜਰੀਵਾਲ ਤੇ ਉਸ ਦੇ ਸਾਥੀਆਂ ਖਿਲਾਫ ਕਈ ਅਜਿਹੇ ਮਾਮਲੇ ਦਰਜ ਹਨ, ਪਰ ਇਸ ਦੇ ਬਾਵਜੂਦ ਉਹ ਪਾਰਟੀ ਵਿਚ ਬਣੇ ਹੋਏ ਹਨ।

# ਰਾਖਵੀਆਂ ਸੀਟਾਂ ਲਈ ਅਕਾਲੀ ਦਲ ਹੋਇਆ ਪੱਬਾਂ ਭਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰਾਂ ਦੀ ਐਲਾਨੀ ਗਈ ਪਹਿਲੀ ਸੂਚੀ ਨੇ ਤੈਅ ਕਰ ਦਿੱਤਾ ਹੈ ਕਿ ਹਾਕਮ ਪਾਰਟੀ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਦਾ ਮੈਦਾਨ ਸਰ ਕਰਨ ਲਈ ਰਾਖਵੀਆਂ ਸੀਟਾਂ ਉਤੇ ਜ਼ਿਆਦਾ ਟੇਕ ਰੱਖੀ ਹੋਈ ਹੈ। ਅਕਾਲੀ ਦਲ ਦੀ ਪਹਿਲੀ ਹੀ ਸੂਚੀ ਵਿਚ ਛੇ ਦਲਿਤ ਉਮੀਦਵਾਰ, ਜਿਨ੍ਹਾਂ ਵਿਚੋਂ ਚਾਰ ਵਿਧਾਇਕ ਹਨ, ਦਾ ਨਾਮ ਐਲਾਨਿਆ ਹੀ ਨਹੀਂ ਗਿਆ। ਪਾਰਟੀ ਵੱਲੋਂ ਭਾਵੇਂ ਕੁਝ ਜਨਰਲ ਸੀਟਾਂ 'ਤੇ ਵੀ ਉਮੀਦਵਾਰਾਂ ਦੀ ਅਦਲਾ-ਬਦਲੀ ਕੀਤੀ ਗਈ ਹੈ, ਪਰ ਵਧੇਰੇ ਜ਼ੋਰ ਰਾਖਵੀਆਂ ਸੀਟਾਂ ਉਤੇ ਹੀ ਦਿੱਤਾ ਗਿਆ ਹੈ।

ਪਾਰਟੀ ਦੀ ਪਹਿਲੀ ਸੂਚੀ ਵਿਚ ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ, ਅਵਿਨਾਸ਼ ਚੰਦਰ, ਦਰਬਾਰਾ ਸਿੰਘ ਗੁਰੂ, ਸਤਵੰਤ ਕੌਰ ਸੰਧੂ, ਗੁਰਤੇਜ ਸਿੰਘ ਘੁੜਿਆਣਾ, ਗੋਬਿੰਦ ਸਿੰਘ ਕਾਂਝਲਾ ਅਤੇ ਰਾਜਵਿੰਦਰ ਕੌਰ ਭਾਗੀਕੇ ਦੀ ਥਾਂ ਨਵੇਂ ਉਮੀਦਵਾਰਾਂ ਦੇ ਨਾਮ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਸ੍ਰੀ ਫਿਲੌਰ, ਅਵਿਨਾਸ਼ ਚੰਦਰ, ਘੁੜਿਆਣਾ ਅਤੇ ਭਾਗੀਕੇ ਤਾਂ ਮੌਜੂਦਾ ਸਮੇਂ ਵਿਧਾਇਕ ਵੀ ਹਨ। ਸ੍ਰੀ ਫਿਲੌਰ ਤੇ ਅਵਿਨਾਸ਼ ਚੰਦਰ ਦੇ ਵਿਵਾਦਾਂ ਵਿਚ ਘਿਰੇ ਹੋਣ ਕਾਰਨ ਟਿਕਟ ਕੱਟੀ ਗਈ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਜੈਤੋਂ ਤੋਂ ਗੁਰਦੇਵ ਸਿੰਘ ਬਾਦਲ, ਬੁਢਲਾਡਾ ਤੋਂ ਚਤਿੰਨ ਸਿੰਘ ਸਮਾਉਂ ਅਤੇ ਬਠਿੰਡਾ (ਦਿਹਾਤੀ) ਤੋਂ ਦਰਸ਼ਨ ਸਿੰਘ ਕੋਟ ਫੱਤਾ ਦੇ ਹਲਕੇ ਬਦਲਣ ਅਤੇ ਕਈਆਂ ਦੀ ਛੁੱਟੀ ਹੋਣ ਦੇ ਆਸਾਰ ਹਨ। ਬਸੀ ਪਠਾਣਾਂ ਤੋਂ ਵਿਧਾਇਕ ਜਸਟਿਸ (ਸੇਵਾ ਮੁਕਤ) ਨਿਰਮਲ ਸਿੰਘ ਨੂੰ ਚਮਕੌਰ ਸਾਹਿਬ ਤੋਂ ਅਤੇ ਬਲਬੀਰ ਸਿੰਘ ਘੁੰਨਸ ਨੂੰ ਭਦੌੜ ਤੋਂ ਟਿਕਟ ਦੇਣ ਨਾਲ ਇਹ ਵੀ ਤੈਅ ਹੋ ਗਿਆ ਹੈ ਕਿ ਦਿੜ੍ਹਬਾ ਅਤੇ ਬਸੀ ਪਠਾਣਾਂ ਹਲਕਿਆਂ ਤੋਂ ਪਾਰਟੀ ਨਵੇਂ ਚਿਹਰੇ ਸਾਹਮਣੇ ਲਿਆਵੇਗੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਏ ਗਏ ਸਰਵੇਖਣ ਮੁਤਾਬਕ ਰਾਖਵੇਂ ਹਲਕਿਆਂ ਵਾਲੇ ਵਿਧਾਇਕਾਂ ਦੀ ਹਾਲਤ ਜ਼ਿਆਦਾ ਪਤਲੀ ਹੈ। ਇਸੇ ਕਰ ਕੇ ਜ਼ਿਆਦਾ ਉਮੀਦਵਾਰ ਇਸੇ ਵਰਗ ਦੇ ਬਦਲੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀਆਂ ਮੀਟਿੰਗਾਂ ਦੌਰਾਨ ਇਹ ਫੈਸਲਾ ਕੀਤਾ ਗਿਆ ਸੀ ਕਿ ਰਾਖਵੀਆਂ ਸੀਟਾਂ 'ਤੇ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਨਿਗਰਾਨੀ ਕੀਤੀ ਜਾਵੇ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਅਕਾਲੀ ਦਲ ਨੂੰ ਪੰਜ ਸਾਲ ਪਹਿਲਾਂ ਵੀ ਰਾਖਵੀਆਂ ਸੀਟਾਂ 'ਤੇ ਹੋਈ ਵੱਡੀ ਜਿੱਤ ਕਰ ਕੇ ਸੱਤਾ ਮਿਲੀ ਸੀ।

ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸੂਚੀ ਵਿਚ ਕਈ ਤਰ੍ਹਾਂ ਦੇ ਹੋਰ ਦਿਲਚਸਪ ਤੱਥ ਦੇਖਣ ਨੂੰ ਵੀ ਮਿਲੇ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਰੀਬੀ ਰਹੇ ਬਸੰਤ ਸਿੰਘ ਖਾਲਸਾ ਦੇ ਪੁੱਤਰ ਬਿਕਰਜੀਤ ਸਿੰਘ ਖਾਲਸਾ ਦਾ ਪੱਤਾ ਕੱਟ ਦਿੱਤਾ ਗਿਆ ਤੇ ਪ੍ਰੇਮ ਸਿੰਘ ਚੰਦੂਮਾਜਰਾ ਦੀ ਦੂਜੀ ਪੀੜ੍ਹੀ ਨੂੰ ਸੱਤਾ 'ਚ ਦਾਖਲ ਕਰਨ ਦਾ ਮੌਕਾ ਦਿੰਦਿਆਂ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੂੰ ਟਿਕਟ ਦੇ ਦਿੱਤੀ ਗਈ ਹੈ। ਪਿਛਲੇ ਕਈ ਮਹੀਨਿਆਂ ਤੋਂ ਵਿਵਾਦਾਂ 'ਚ ਚੱਲੇ ਆ ਰਹੇ ਤੇ ਸੀ.ਬੀ.ਆਈ. ਦੀ ਗ੍ਰਿਫਤ 'ਚ ਆ ਚੁੱਕੇ ਪਰਲਜ਼ ਗਰੁੱਪ ਦੇ ਮਾਲਕ ਨਿਰਮਲ ਸਿੰਘ ਭੰਗੂ ਦੇ ਰਿਸ਼ਤੇਦਾਰ ਮੰਨੇ ਜਾਂਦੇ ਸਤਬੀਰ ਸਿੰਘ ਖੱਟੜਾ ਨੂੰ ਵੀ ਅਕਾਲੀ ਦਲ ਨੇ ਪਹਿਲੀ ਸੂਚੀ ਵਿਚ ਹੀ ਥਾਂ ਦੇ ਦਿੱਤੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਦੀ ਥਾਂ ਉਨ੍ਹਾਂ ਦੇ ਪੁੱਤਰ ਇੰਦਰਇਕਬਾਲ ਸਿੰਘ ਅਟਵਾਲ ਨੂੰ ਟਿਕਟ ਦਿੱਤੀ ਗਈ ਹੈ। ਇਸ ਤਰ੍ਹਾਂ ਨਾਲ ਸ੍ਰੀ ਅਟਵਾਲ ਵੱਲੋਂ ਚੋਣ ਲੜਨ ਦੀਆਂ ਸੰਭਾਵਨਾਵਾਂ ਨਹੀਂ ਰਹੀਆਂ।



## ਇਹ ਹੋਵੇਗੀ ਹਾਕਮ ਧਿਰ ਦੀ ਰਣਨੀਤੀ

**ਚੰਡੀਗੜ੍ਹ:** ਸਾਲ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ 21 ਵਿਧਾਨ ਸਭਾ ਹਲਕਿਆਂ 'ਤੇ ਜਿੱਤ ਹਾਸਲ ਕੀਤੀ ਸੀ। ਕਾਂਗਰਸ ਨੂੰ 34 ਰਾਖਵੀਆਂ ਸੀਟਾਂ ਵਿਚੋਂ ਸਿਰਫ 10 ਸੀਟਾਂ ਮਿਲੀਆਂ ਸਨ ਤੇ 3 ਹਲਕਿਆਂ 'ਤੇ ਭਾਜਪਾ ਦੇ ਉਮੀਦਵਾਰ ਜਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਨੇ ਰਣਨੀਤੀ ਬਣਾਈ ਹੈ ਕਿ ਆਗਾਮੀ ਚੋਣਾਂ ਦੌਰਾਨ 34 ਵਿਧਾਨ ਸਭਾ ਹਲਕਿਆਂ ਵਿਚੋਂ ਸਭ ਤੋਂ ਵੱਧ ਸੀਟਾਂ ਹਥਿਆਈਆਂ ਜਾਣ। ਅਕਾਲੀ-ਭਾਜਪਾ ਸਰਕਾਰ ਵੱਲੋਂ ਲੋਕ ਭਲਾਈ ਸਕੀਮਾਂ ਰਾਹੀਂ ਵੀ ਦਲਿਤਾਂ ਨੂੰ ਪਤਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਅਕਾਲੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਹਾਕਮ ਪਾਰਟੀ ਦੇ ਉਮੀਦਵਾਰ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਪੈਸਾ ਵੀ ਜ਼ਿਆਦਾ ਖਰਚ ਕਰ ਕੇ ਜਿੱਤ ਦੇ ਨੇੜੇ ਪਹੁੰਚ ਸਕਦੇ ਹਨ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਹੀਦ ਭਗਤ ਸਿੰਘ ਦਾ ਪਿਸਤੌਲ ਲੱਭਿਆ





**ਇੰਦੌਰ:** ਮੱਧ ਪ੍ਰਦੇਸ਼ ਦੇ ਇਦੌਰ ਸ਼ਹਿਰ ਵਿਚ ਬਾਰਡਰ ਸਕਿਓਰਿਟੀ ਫੋਰਸ ਦੇ 'ਸੈਂਟਰਲ ਸਕੂਲ ਆਫ ਵੈਪਨਜ਼ ਐਂਡ ਟੈਕਟਿਕਸ' ਵਿਚ 294 ਹੋਰ ਨਿਸ਼ਾਨੀਆਂ ਨਾਲ ਤਕਰੀਬਨ ਅੱਧੀ ਸਦੀ ਤੱਕ ਗੁੰਮਨਾਮੀ ਦੀ ਹਾਲਤ ਵਿਚ ਪਏ ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਆਖਰਕਾਰ ਆਪਣਾ ਬਣਦਾ ਸਤਿਕਾਰ ਮਿਲ ਗਿਆ ਹੈ।

ਸਿਖਿਆਰਥੀਆਂ ਨੂੰ ਹਥਿਆਰਾਂ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਵਾਲੇ ਸਹਾਇਕ ਕਮਾਂਡੈਂਟ ਵਿਜੇਂਦਰ ਸਿੰਘ ਹੁਣ ਤੱਕ ਅਮਰੀਕਾ ਦੀ ਬਣੀ .32 ਕੋਲਟ ਰਿਮ ਅਤੇ ਧੂੰਆਂ ਰਹਿਤ ਪਿਸਤੌਲ ਬਾਰੇ ਗੱਲ ਕਰਦਿਆਂ ਇਸ ਨੂੰ 1531 ਤੋਂ ਸ਼ੁਰੂ ਹੋਏ ਹਥਿਆਰਾਂ ਦੇ ਵਿਕਾਸ ਦਾ ਛੋਟਾ ਜਿਹਾ ਅਧਿਆਇ ਦੱਸਦੇ ਸਨ ਪਰ ਹੁਣ ਸਾਫ ਹੋ ਗਿਆ ਹੈ ਕਿ ਇਸ ਪਿਸਤੌਲ ਦਾ ਸਬੰਧ ਸ਼ਹੀਦ ਭਗਤ ਸਿੰਘ ਨਾਲ ਹੈ। ਇਹ ਪਿਸਤੌਲ ਲਾਹੌਰ ਵਿਚ 17 ਦਸੰਬਰ 1928 ਨੂੰ ਬਰਤਾਨਵੀ ਪੁਲਿਸ ਅਧਿਕਾਰੀ ਜੇ.ਪੀ. ਸਾਂਡਰਸ ਨੂੰ ਮਾਰਨ ਲਈ ਵਰਤੀ ਗਈ। ਲਾਹੌਰ ਸਾਜ਼ਿਸ਼ ਕੇਸ ਵਿਚ ਇਹ ਪਿਸਤੌਲ ਅਹਿਮ ਸਬੂਤ ਸੀ। ਸਹਾਇਕ ਕਮਾਂਡੈਂਟ ਵਿਜੇਂਦਰ ਹੁਣ ਇਸ ਪਿਸਤੌਲ ਬਾਰੇ ਗੱਲ ਕਰਨ ਲਈ ਕਾਫ਼ੀ ਸਮਾਂ ਲਾਉਂਦਾ ਹੈ, ਕਿਉਂਕਿ ਇਹ ਇਤਿਹਾਸ ਦੇ ਅਨਮੋਲ ਅਧਿਆਇ ਨਾਲ ਸਬੰਧਤ ਹੈ। ਬੀ.ਐਸ.ਐਫ. ਦੇ ਇਸ ਅਦਾਰੇ ਦੇ ਡਾਇਰੈਕਟਰ ਆਈ.ਜੀ. ਪੰਕਜ ਨੇ ਕਿਹਾ ਕਿ ਜਦੋਂ ਵੀ ਉਹ ਮਹਾਨ ਸ਼ਹੀਦ ਦੀ ਪਿਸਤੌਲ ਨੂੰ ਆਪਣੇ ਹੱਥ ਵਿਚ ਲੈਂਦੇ ਹਨ ਤਾਂ ਉਹ ਭਾਵੁਕ ਹੋ ਜਾਂਦੇ ਹਨ। ਉਨ੍ਹਾਂ ਕਿਹਾ, "ਮੈਂ ਆਪਣੇ ਲੰਮੇ ਕਰੀਅਰ ਦੌਰਾਨ ਕਈ ਹਥਿਆਰ ਚੁੱਕੇ ਹਨ, ਪਰ ਕੋਈ ਵੀ ਇਸ ਵਰਗਾ ਨਹੀਂ।" ਉਨ੍ਹਾਂ ਮੰਨਿਆ ਕਿ ਹੁਣ ਤੱਕ ਕਿਸੇ ਨੂੰ ਵੀ ਇਹ ਪਤਾ ਨਹੀਂ ਸੀ ਕਿ ਇਹ ਪਿਸਤੌਲ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਹੈ।

ਉਨ੍ਹਾਂ ਕਿਹਾ ਕਿ ਪਿਸਤੌਲਾਂ ਤੋਂ ਪੇਂਟ ਉਤਰਨ ਤੋਂ ਬਾਅਦ ਉਦੋਂ ਸਾਰੇ ਖੁਸ਼ੀ ਨਾਲ ਝੂਮ ਉਠੇ ਜਦੋਂ ਪਿਸਤੌਲ ਦੀ ਬੈਰਲ ਉਤੇ ਨੰਬਰ 168896 ਸਪਸ਼ਟ ਹੋ ਗਿਆ ਜੋ ਰਿਕਾਰਡ ਨਾਲ ਮੇਲ ਖਾ ਗਿਆ। ਹੁਣ ਇਸ ਪਿਸਤੌਲ ਨੂੰ ਵੱਖਰਾ ਥੜ੍ਹੇ ਉਤੇ ਸ਼ੀਸ਼ੇ ਵਿਚ ਰੱਖਿਆ ਗਿਆ ਹੈ। ਉਹ ਇਸ ਪਿਸਤੌਲ ਨੂੰ ਸ਼ਹੀਦ ਭਗਤ ਸਿੰਘ ਦੀ ਤਸਵੀਰ ਨਾਲ ਦਰਸਾਉਣ ਲਈ ਵਿਸ਼ੇਸ਼ ਥਾਂ ਤਿਆਰ ਕਰ ਰਹੇ ਹਨ। ਇਤਿਹਾਸਕਾਰ ਮਲਵਿੰਦਰਜੀਤ ਸਿੰਘ ਵੜੈਚ ਨੇ ਕਿਹਾ ਕਿ ਇਸ ਪਿਸਤੌਲ ਨੂੰ ਦੇਖਣਾ ਸੁਪਨਾ ਸੱਚ ਹੋਣ ਬਰਾਬਰ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸ਼ਹੀਦ ਦੀਆਂ ਹੋਰ ਨਿਸ਼ਾਨੀਆਂ ਹਾਲੇ ਲੱਭੀਆਂ ਜਾਣੀਆਂ ਬਾਕੀ ਹਨ।

# ਜੋੜ-ਤੋੜ ਨੇ ਉਲਝਾਈ ਸਿਆਸੀ ਤਾਣੀ

*(ਸਫਾ ਇਕ ਦੀ ਬਾਕੀ)*

ਚੋਣ ਲੜਨ ਦੀ ਚਿਤਾਵਨੀ ਦੇ ਦਿੱਤੀ ਹੈ। ਬਾਘਾਪੁਰਾਣਾ ਤੋਂ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਵੀ ਪਾਰਟੀ ਚੋਂ ਅਸਤੀਫਾ ਦੇ ਦਿੱਤਾ ਹੈ। ਅਕਾਲੀ ਦਲ ਵੱਲੋਂ ਐਲਾਨੇ ਉਮੀਦਵਾਰਾਂ ਵਿਚੋਂ ਸੁੱਚਾ ਸਿੰਘ ਲੰਗਾਹ ਅਤੇ ਜਥੇਦਾਰ ਤੋਤਾ ਸਿੰਘ ਨੂੰ ਅਦਾਲਤ ਵੱਲੋਂ ਸਜ਼ਾ ਹੋਣ ਕਾਰਨ ਇਨ੍ਹਾਂ ਦੇ ਚੋਣ ਲੜ ਸਕਣ ਦੀਆਂ ਸੰਭਾਵਨਾਵਾਂ ਉਤੇ ਸੁਆਲ ਉਠਾਏ ਜਾ ਰਹੇ ਹਨ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੇਟੀ ਕੁਲਦੀਪ ਕੌਰ ਨੂੰ ਆਮ ਆਦਮੀ ਪਾਰਟੀ ਨੇ ਟੌਹੜਾ ਸਮਰਥਕ ਮੰਨੇ ਜਾਣ ਵਾਲੇ, ਪਰ ਬਾਦਲ ਦੇ ਪਾਲੇ ਵਿਚ ਚਲੇ ਗਏ ਪ੍ਰੇਮ ਸਿੰਘ ਚੰਦੂਮਾਜਰਾ ਦੇ ਫਰਜ਼ੰਦ ਦੇ ਮੁਕਾਬਲੇ ਸਨੌਰ ਤੋਂ ਚੋਣ ਮੈਦਾਨ ਵਿਚ ਉਤਾਰ ਦਿੱਤਾ ਹੈ। ਇਸੇ ਤਰ੍ਹਾਂ ਅਕਾਲੀ ਦਲ ਦੇ ਖ਼ਜ਼ਾਨਚੀ ਅਤੇ ਸੁਖਬੀਰ ਬਾਦਲ ਨੇ ਨੇੜੇ ਮੰਨੇ ਜਾਂਦੇ ਐਨ.ਕੇ. ਸ਼ਰਮਾ ਨੂੰ ਕੈਪਟਨ ਕੰਵਲਜੀਤ ਸਿੰਘ ਦੀ ਵਿਧਵਾ ਸਰਬਜੀਤ ਕੌਰ ਆਮ ਆਦਮੀ ਪਾਰਟੀ ਵੱਲੋਂ ਡੇਰਾਬਸੀ ਤੋਂ ਚੁਣੌਤੀ ਦੇ ਰਹੇ ਹਨ।

ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਨੇ ਇਨ੍ਹੀਂ ਦਿਨੀਂ ਪੰਜਾਬ ਡੇਰੇ ਲਾਏ ਹੋਏ ਹਨ। ਉਨ੍ਹਾਂ ਦੀ ਹਾਜ਼ਰੀ ਵਿਚ ਲੁਧਿਆਣਾ ਤੋਂ ਆਜ਼ਾਦ ਵਿਧਾਇਕਾਂ ਬੈਂਸ ਭਰਾਵਾਂ ਵੱਲੋਂ ਆਪਣੀ 'ਇਨਸਾਫ਼ ਪਾਰਟੀ' ਦੇ ਆਪ ਨਾਲ ਗੱਠਜੋੜ ਦਾ ਐਲਾਨ ਕਰ ਦਿੱਤਾ। ਇਸ ਐਲਾਨ ਨਾਲ ਜਿਥੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਲਈ ਚੁਣੌਤੀ ਹੋਰ ਵਧ ਗਈ ਹੈ, ਉਥੇ ਨਵਜੋਤ ਸਿੰਘ ਸਿੱਧੂ ਦੀ 'ਆਵਾਜ਼-ਏ-ਪੰਜਾਬ' ਦਾ ਭਵਿੱਖ ਵੀ ਧੁੰਦਲਾ ਹੋ ਗਿਆ ਹੈ। ਕਾਂਗਰਸ ਵਿਚ ਵਿਚ ਸਭ ਅੱਛਾ ਨਹੀਂ ਹੈ, ਮੰਨਿਆ ਜਾ ਰਿਹਾ ਹੈ ਟਿਕਟਾਂ ਦੇ ਐਲਾਨ ਪਿੱਛੋਂ ਪਾਰਟੀ ਵਿਚ ਵੱਡੀ ਬਗਾਵਤ ਦੇ ਅਸਾਰ ਹਨ। ਕਈ ਆਸਵੰਦ ਕਾਰਕੁਨਾਂ ਨੂੰ ਟਿਕਟਾਂ ਨਾ ਮਿਲਣ ਕਰ ਕੇ ਆਪ ਵਿਚ ਵੀ ਕਾਫੀ ਬਗਾਵਤੀ ਸੁਰਾਂ ਉਠੀਆਂ, ਪਰ ਹੁਣ ਇਹ ਮੱਧਮ ਪੈ ਚੁੱਕੀਆਂ ਹਨ। ਆਮ ਆਦਮੀ ਪਾਰਟੀ ਤੋਂ ਵੱਖ ਹੋਏ ਧੜੇ ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ ਪਾਰਟੀ' ਨੇ ਭਾਵੇਂ ਵੱਖਰੇ ਤੌਰ ਉਤੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ, ਪਰ ਹਾਲੇ ਤੱਕ ਇਸ ਵਿਚ ਆਪ ਨੂੰ ਚੁਣੌਤੀ ਦੇਣ ਦੀ ਸਮਰੱਥਾ ਨਜ਼ਰ ਨਹੀਂ ਆ ਰਹੀ। ਖੱਬੇ ਪੱਖੀ ਧਿਰਾਂ ਨੇ ਵੀ ਕੁਝ ਸੀਟਾਂ 'ਤੇ ਆਪਣੀ ਡਫਲੀ ਵਜਾਉਣ ਦਾ ਐਲਾਨ ਕੀਤਾ ਹੈ ਜਦੋਂਕਿ ਬਹੁਜਨ ਸਮਾਜ ਪਾਰਟੀ ਨੇ ਵੀ ਸਾਰੀਆਂ ਸੀਟਾਂ ਉਤੇ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ। ਭਾਜਪਾ ਨੇ ਹਾਲੇ ਉਮੀਦਵਾਰਾਂ ਦੇ ਨਾਂਵਾਂ ਵਾਲਾ ਪੱਤਾ ਨਹੀਂ ਖੋਲ੍ਹਿਆ, ਪਰ ਸਰਕਾਰ ਵਿਰੁੱਧ ਗੁੱਸੇ ਦੀ ਲਹਿਰ ਦਾ ਇਸ ਉਤੇ ਵੀ ਪ੍ਰਭਾਵ ਪੈਣਾ ਸੁਭਾਵਿਕ ਹੈ।

## ਕਾਂਗਰਸ ਵੱਲੋਂ 33 ਫ਼ੀਸਦੀ ਰਾਖਵੇਂਕਰਨ ਦਾ ਵਾਅਦਾ

**ਚੰਡੀਗੜ੍ਹ:** ਕਾਂਗਰਸ ਨੇ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਔਰਤਾਂ ਨੂੰ ਨੌਕਰੀਆਂ ਵਿਚ 33 ਫ਼ੀਸਦੀ ਰਾਖਵਾਂਕਰਨ ਦੇਣ, ਲੜਕੀਆਂ ਨੂੰ ਡਾਕਟਰੇਟ ਤਕ ਪੜ੍ਹਾਈ ਮੁਫ਼ਤ ਕਰਾਉਣ ਤੇ ਬਿਜਲੀ ਦਰਾਂ ਵਿਚ ਕਟੌਤੀ ਕਰਨ ਅਤੇ ਵੈਟ ਦਾ ਫੌਰੀ ਰਿਫੰਡ ਦੇਣ ਦਾ ਵਾਅਦਾ ਕੀਤਾ ਹੈ। ਪਾਰਟੀ ਨੇ ਵਾਅਦਾ ਕੀਤਾ ਹੈ ਕਿ ਕਾਂਗਰਸ ਸਰਕਾਰ ਬਣਨ 'ਤੇ ਸੂਬੇ ਨੂੰ ਨਸ਼ਿਆਂ ਤੋਂ ਮੁਕਤ ਕਰ ਦਿੱਤਾ ਜਾਵੇਗਾ। ਇਹ ਵਾਅਦੇ ਸਾਬਕਾ ਮੁੱਖ ਮੰਤਰੀ ਤੇ ਮੈਨੀਫੈਸਟੋ ਕਮੇਟੀ ਦੀ ਚੇਅਰਮੈਨ ਰਾਜਿੰਦਰ ਕੌਰ ਭੱਠਲ ਦੀ ਅਗਵਾਈ ਹੇਠ ਤਿਆਰ ਕੀਤੇ ਮੈਨੀਫੈਸਟੋ ਦੇ ਖਰੜੇ ਵਿਚ ਕੀਤੇ ਗਏ ਹਨ, ਜਿਸ ਨੂੰ ਮੁਕੰਮਲ ਕਰ ਲਿਆ ਹੈ। ਮੈਨੀਫੈਸਟੋ ਦਾ ਖਰੜਾ ਅਗਲੇ ਹਫ਼ਤੇ ਪਾਰਟੀ ਹਾਈਕਮਾਂਡ ਨੂੰ ਸੌਂਪ ਦਿੱਤਾ ਜਾਵੇਗਾ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨੋਮਹਨ ਸਿੰਘ ਖਰੜੇ ਦੀ ਸਮੀਖਿਆ ਕਰਨਗੇ।

# ਭ੍ਰਿਸ਼ਟਾਚਾਰ ਤੇ ਕਾਲੇ ਧਨ ਖਿਲਾਫ ਜੰਗ ਹੈ ਨੋਟਬੰਦੀ: ਮੋਦੀ

**ਨਵੀਂ ਦਿੱਲੀ:** ਵਿਰੋਧੀ ਧਿਰ ਦੀ ਆਲੋਚਨਾ ਦੇ ਬਾਵਜੂਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਨੋਟਬੰਦੀ ਅਜੇ ਅੰਤਮ ਫ਼ੈਸਲਾ ਨਹੀਂ ਹੈ ਸਗੋਂ ਇਹ ਤਾਂ ਸ਼ੁਰੂਆਤ ਹੋਈ ਹੈ। ਕਾਲੇ ਧਨ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਲੰਮੀ ਅਤੇ ਲਗਾਤਾਰ ਜੰਗ ਜਾਰੀ ਰਹੇਗੀ ਜਿਸ ਦਾ ਲਾਭ ਗਰੀਬਾਂ ਅਤੇ ਆਮ ਵਿਅਕਤੀਆਂ ਨੂੰ ਹੋਏਗਾ। ਉਨ੍ਹਾਂ ਭਾਜਪਾ ਸੰਸਦੀ ਦਲ ਦੀ ਬੈਠਕ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਬੁਰਾਈਆਂ ਮੁਕਾਉਣ ਅਤੇ ਅਰਥਚਾਰੇ ਨੂੰ ਮਜ਼ਬੂਤ ਬਣਾਉਣ ਦੇ ਯਤਨਾਂ ਵਿਚ ਦਿਨ-ਰਾਤ ਜੁਟੀ ਹੋਈ ਹੈ। ਇਸ ਦੌਰਾਨ ਭਾਜਪਾ ਸੰਸਦੀ ਦਲ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਸ੍ਰੀ ਮੋਦੀ ਦੀ ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਉਸ ਨੂੰ ਹਮਾਇਤ ਜਾਰੀ ਰੱਖਣ ਦਾ ਵਾਅਦਾ ਕੀਤਾ।



ਗ਼ਰੀਬਾਂ ਦੀ ਭਲਾਈ ਲਈ ਵਚਨਬੱਧਤਾ ਪ੍ਰਗਟਾਉਂਦਿਆਂ ਆਪਣੇ ਭਾਸ਼ਨ ਦੌਰਾਨ ਪ੍ਰਧਾਨ ਮੰਤਰੀ ਭਾਵੁਕ ਹੋ ਗਏ। ਉਨ੍ਹਾਂ ਕਿਹਾ ਕਾਲੇ ਧਨ ਬਾਰੇ 'ਸਿੱਟ' ਬਣਾਉਣ ਅਤੇ ਆਮਦਨ ਖੁਲਾਸਾ ਯੋਜਨਾ ਜਿਹੇ ਚੁੱਕੇ ਗਏ ਕਦਮਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਇਹ ਸੰਘਰਸ਼ ਦੀ ਸ਼ੁਰੂਆਤ ਹੈ। ਪ੍ਰਧਾਨ ਮੰਤਰੀ ਨਾਲ ਇਕਜੁੱਟਤਾ ਜ਼ਾਹਰ ਕਰਦਿਆਂ ਭਾਜਪਾ ਸੰਸਦੀ ਦਲ ਨੇ ਉਨ੍ਹਾਂ ਦਾ ਖੜ੍ਹੇ ਹੋ ਕੇ ਤਾੜੀਆਂ ਨਾਲ ਸਵਾਗਤ ਕੀਤਾ। ਵਿਰੋਧੀ ਪਾਰਟੀਆਂ 'ਤੇ ਵਰ੍ਹਦਿਆਂ ਮਤੇ ਵਿਚ ਕਿਹਾ ਗਿਆ ਹੈ ਕਿ ਉਹ ਆਪਣਾ ਸਟੈਂਡ ਸਪਸ਼ਟ ਕਰਨ ਕਿ ਉਹ ਦੇਸ਼ ਦੇ ਲੋਕਾਂ ਅਤੇ ਸਰਕਾਰ ਨਾਲ ਖੜ੍ਹੇ ਹਨ ਜਾਂ ਕਾਲੇ ਧਨ ਦੇ ਜਮ੍ਹਾਂਖੋਰਾਂ ਨਾਲ ਹਨ।

# ਸਰਬੱਤ ਖਾਲਸਾ 'ਚ ਸਭ ਧਿਰਾਂ ਦੀ ਸ਼ਮੂਲੀਅਤ ਕਰਵਾਉਣ ਦਾ ਵਾਅਦਾ

**ਅੰਮ੍ਰਿਤਸਰ:** ਤਲਵੰਡੀ ਸਾਬੋ ਵਿਚ 8 ਦਸੰਬਰ ਨੂੰ ਸੱਦੇ ਗਏ ਸਰਬੱਤ ਖ਼ਾਲਸਾ ਤੋਂ ਕੁਝ ਪੰਥਕ ਧਿਰਾਂ ਵੱਲੋਂ ਕਿਨਾਰਾ ਕੀਤੇ ਜਾਣ ਦੇ ਫ਼ੈਸਲੇ ਮਗਰੋਂ ਸਮਾਗਮ ਦੇ ਪ੍ਰਬੰਧਕਾਂ ਨੇ ਆਖਿਆ ਕਿ ਉਹ ਸਮੂਹ ਸਿੱਖ ਧਿਰਾਂ ਨੂੰ ਨਾਲ ਲੈ ਕੇ ਚੱਲਣ ਲਈ ਯਤਨਸ਼ੀਲ ਹਨ ਅਤੇ ਇਹ ਯਤਨ ਅਖ਼ੀਰ ਤੱਕ ਜਾਰੀ ਰੱਖੇ ਜਾਣਗੇ। ਸਮਾਗਮ ਵਿਚ ਵਿਧੀ ਵਿਧਾਨ ਨੂੰ ਪ੍ਰਵਾਨਗੀ ਮਿਲਣ ਮਗਰੋਂ ਭਵਿੱਖ ਵਿਚ ਸਰਬੱਤ ਖ਼ਾਲਸਾ ਪ੍ਰਵਾਨਿਤ ਵਿਧੀ ਵਿਧਾਨ ਅਨੁਸਾਰ ਹੀ ਹੋਇਆ ਕਰੇਗਾ।

ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਅਤੇ ਸਮਾਗਮ ਦੇ ਮੁੱਖ ਪ੍ਰਬੰਧਕਾਂ ਵਿਚ ਸ਼ਾਮਲ ਭਾਈ ਮੋਹਕਮ ਸਿੰਘ ਨੇ ਆਖਿਆ ਕਿ ਸਰਬੱਤ ਖ਼ਾਲਸਾ ਦੀ ਮਿਤੀ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਅਤੇ ਮਗਰੋਂ ਵੀ ਕਈ ਸਿੱਖ ਧਿਰਾਂ ਨਾਲ ਇਸ ਸਬੰਧੀ ਗੱਲਬਾਤ ਹੋਈ ਹੈ ਅਤੇ ਸਭਨਾਂ ਵੱਲੋਂ ਹਾਂ-ਪੱਖੀ ਹੁੰਗਾਰਾ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਉਹ ਸਮੂਹ ਸਿੱਖ ਧਿਰਾਂ ਦੀ ਸ਼ਮੂਲੀਅਤ ਲਈ ਯਤਨਸ਼ੀਲ ਹੈ ਅਤੇ ਇਹ ਯਤਨ ਸਮਾਗਮ ਵਾਲੇ ਦਿਨ ਤੱਕ ਜਾਰੀ ਰਹਿਣਗੇ। ਉਨ੍ਹਾਂ ਆਖਿਆ ਕਿ ਸਰਬੱਤ ਖ਼ਾਲਸਾ ਸਮਾਗਮ ਦੌਰਾਨ ਹੀ ਵਿਧੀ ਵਿਧਾਨ ਦੀ ਪ੍ਰਵਾਨਗੀ ਲਈ ਜਾਵੇਗੀ। ਇਸ ਸਬੰਧੀ ਵਿਧੀ ਵਿਧਾਨ ਤਿਆਰ ਕਰਨ ਦਾ ਕੰਮ ਜਾਰੀ ਹੈ। ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਇਹ ਵਿਧੀ ਵਿਧਾਨ ਭਵਿੱਖ ਲਈ ਲਾਗੂ ਹੋ ਜਾਵੇਗਾ। ਸਰਬੱਤ ਖ਼ਾਲਸਾ ਸਮਾਗਮ ਦੇ ਏਜੰਡੇ ਬਾਰੇ ਉਨ੍ਹਾਂ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਦੀਆਂ ਨਿਰੰਤਰ ਵਾਪਰ ਰਹੀਆਂ ਘਟਨਾਵਾਂ ਅਤੇ ਹੁਣ ਤਕ ਸਰਕਾਰ ਵੱਲੋਂ ਦੋਸ਼ੀਆਂ ਖਿਲਾਫ ਕੋਈ ਠੋਸ ਕਾਰਵਾਈ ਨਾ ਹੋਣਾ, ਧਾਰਮਿਕ ਮੰਚ 'ਤੇ ਸ਼੍ਰੋਮਣੀ ਕਮੇਟੀ ਨੂੰ ਪਰਿਵਾਰਵਾਦ ਦੇ ਕਲਾਵੇ ਵਿਚੋਂ ਕੱਢਣਾ, ਉਸ ਨੂੰ ਹੋਰ ਮਜ਼ਬੂਤ ਸਿੱਖ ਜਥੇਬੰਦੀ ਬਣਾਉਣਾ ਅਤੇ ਸਿੰਘ ਸਾਹਿਬਾਨ ਦੀ ਨਿਯੁਕਤੀ, ਸੇਵਾ ਮੁਕਤੀ, ਕਾਰਜ ਖੇਤਰ ਆਦਿ ਬਾਰੇ ਵਿਧੀ ਵਿਧਾਨ ਤਿਆਰ ਕਰਨਾ, ਸਿਆਸੀ ਮੰਚ 'ਤੇ ਸਿੱਖ ਧਿਰਾਂ ਨੂੰ ਇਕਜੁਟ ਕਰਨਾ ਅਤੇ ਪੰਜਾਬ ਦੇ ਪਾਣੀਆਂ ਦਾ ਮਾਮਲਾ ਆਦਿ ਮੁੱਖ ਮੁੱਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ 8 ਦਸੰਬਰ ਨੂੰ ਤਲਵੰਡੀ ਸਾਬੋ ਵਿਖੇ ਹੋਣ ਵਾਲੇ ਸਰਬੱਤ ਖ਼ਾਲਸਾ ਵਿਚ ਪਿਛਲੇ ਸਰਬੱਤ ਖ਼ਾਲਸਾ ਨਾਲੋਂ ਵੀ ਵਧੇਰੇ ਲੋਕ ਸ਼ਾਮਲ ਹੋਣਗੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਬਾਗੀਆਂ ਵੱਲੋਂ ਸੀਰੀਆ ਸਕੂਲ 'ਤੇ ਹਮਲਾ, ਅੱਠ ਬੱਚੇ ਹਲਾਕ

**ਦਮਸ਼ਕ:** ਸੀਰੀਆ ਦੇ ਸ਼ਹਿਰ ਅਲੈਪੋ ਵਿਚ ਬਾਗ਼ੀਆਂ ਵੱਲੋਂ ਸਕੂਲ 'ਤੇ ਰਾਕੇਟ ਦਾਗਣ ਕਾਰਨ ਅੱਠ ਬੱਚੇ ਮਾਰੇ ਗਏ। ਸਥਾਨਕ ਮੀਡੀਆ ਵੱਲੋਂ ਪਹਿਲਾਂ ਮਰਨ ਵਾਲਿਆਂ ਦੀ ਗਿਣਤੀ 10 ਦੱਸੀ ਗਈ ਸੀ, ਪਰ ਬਾਅਦ ਵਿਚ ਸਨਾ ਖਬਰ ਏਜੰਸੀ ਨੇ ਜਾਣਕਾਰੀ ਦਿੱਤੀ ਕਿ ਇਸ ਹਮਲੇ ਵਿਚ ਕੁਲ 8 ਜਣੇ ਮਾਰੇ ਗਏ ਹਨ, ਜਿਨ੍ਹਾਂ ਵਿਚ ਸੱਤ ਬੱਚੇ ਤੇ ਇਕ ਮਹਿਲਾ ਸ਼ਾਮਲ ਹੈ।

ਇਹ ਸਕੂਲ ਸ਼ਹਿਰ ਦੇ ਪੱਛਮੀ ਹਿੱਸੇ ਵਿਚ ਸਥਿਤ ਹੈ ਤੇ ਸ਼ਹਿਰ ਦਾ ਇਹ ਹਿੱਸਾ ਸਰਕਾਰ ਦੇ ਕਬਜ਼ੇ ਵਿਚ ਹੈ। ਇਸ ਹਮਲੇ ਵਿਚ ਘੱਟੋ-ਘੱਟ 32 ਜਣੇ ਜ਼ਖ਼ਮੀ ਹੋਏ ਹਨ। ਬਾਗ਼ੀਆਂ ਵੱਲੋਂ ਪੱਛਮੀ ਅਲੈਪੋ ਦੇ ਹੋਰ ਹਿੱਸਿਆਂ 'ਤੇ ਵੀ ਹਮਲੇ ਕੀਤੇ ਗਏ। ਇਸ ਹਿੱਸੇ ਨੂੰ ਬਾਗ਼ੀ ਜਿਹੜੇ ਸ਼ਹਿਰ ਦੇ ਪੂਰਬੀ ਹਿੱਸੇ ਉੱਤੇ ਕਾਬਜ਼ ਹਨ, ਵੱਲੋਂ ਆਮ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ। ਬਰਤਾਨੀਆ ਆਧਾਰਤ ਸੰਸਥਾ 'ਦਿ ਸੀਰੀਅਨ ਆਬਜ਼ਰਵੇਟਰੀ ਫ਼ਾਰ ਹਿਊਮਨ ਰਾਈਟਸ' ਮੁਤਾਬਕ ਇਸ ਸ਼ਹਿਰ ਵਿਚ ਪਿਛਲੇ ਦੋ ਦਿਨਾਂ ਦੌਰਾਨ ਹੋਏ ਹਮਲਿਆਂ ਵਿਚ 9 ਬੱਚਿਆਂ ਸਮੇਤ 13 ਵਿਅਕਤੀ ਮਾਰੇ ਗਏ ਹਨ।

# ਵਿਆਹ ਸਮਾਗਮ ਵਿਚ ਸਾਧਵੀ ਦੇਵਾ ਦਾ ਤਾਂਡਵ

**ਕਰਨਾਲ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਵਿਧਾਨ ਸਭਾ ਖੇਤਰ ਵਿਚ ਕਾਨੂੰਨ ਨੂੰ ਛਿੱਕੇ ਟੰਗਿਆ ਗਿਆ। ਸ਼ਹਿਰ ਦੇ ਇਕ ਮੈਰਿਜ ਪੈਲੇਸ ਵਿਚ ਸਾਧਵੀ ਦਾ ਤਾਂਡਵ ਦੇਖ ਦਹਿਸ਼ਤ ਦਾ ਮਾਹੌਲ ਸੀ। ਇਥੇ ਸਾਧਵੀ ਦੇਵਾ ਠਾਕੁਰ ਨੇ ਹੱਥ ਵਿਚ ਰਿਵਾਲਵਰ ਚੱਕ ਸਾਥੀਆਂ ਸਮੇਤ ਖ਼ੂਬ ਗੋਲੀਬਾਰੀ ਕੀਤੀ। ਦੇਵਾ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਦੇਵਾ ਠਾਕੁਰ, ਉਸ ਦੇ ਆਲੇ ਦੁਆਲੇ ਅਤੇ ਸਟੇਜ 'ਤੇ ਚੜ੍ਹੇ ਨਿੱਜੀ ਸੁਰੱਖਿਆ ਮੁਲਾਜ਼ਮਾਂ ਦੀ ਫਾਇਰਿੰਗ ਵਿਚ ਇਕ ਮਹਿਲਾ ਦੀ ਮੌਤ ਹੋ ਗਈ, ਜਦਕਿ ਕਈ ਜਖਮੀ ਹਨ। ਵਾਰਦਾਤ ਪਿੱਛੋਂ ਸਾਧਵੀ ਫਰਾਰ ਹੋ ਗਈ, ਪਰ ਬਾਅਦ ਵਿਚ ਆਤਮ ਸਮਰਪਣ ਕਰ ਦਿੱਤਾ। ਦਹਿਸ਼ਤ ਫੈਲਾਉਣ ਵਾਲੀਆਂ ਤਸਵੀਰਾਂ ਸ਼ਹਿਰ ਦੇ ਸਾਵਿਤਰੀ ਪੈਲੇਸ ਤੋਂ ਆਈਆਂ ਹਨ। ਇਥੇ ਇਕ ਵਿਆਹ ਸਮਾਗਮ 'ਚ ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ। ਡੀ.ਜੇ. ਵੱਲੋਂ ਵਜਾਏ ਜਾਂਦੇ ਗਾਣਿਆਂ 'ਤੇ ਰਿਸ਼ਤੇਦਾਰ ਤੇ ਦੋਸਤ ਥਿਰਕ ਰਹੇ ਸਨ।



ਅਚਾਨਕ ਇਥੇ ਸਾਧਵੀ ਦੇਵਾ ਠਾਕੁਰ ਆਈ। ਉਸ ਦੇ ਨਾਲ ਅੱਧਾ ਦਰਜਨ ਤੋਂ ਵੱਧ ਸੁਰੱਖਿਆ ਗਾਰਡ ਵੀ ਸਨ। ਬਾਕੀਆਂ ਦੇ ਹੱਥ 'ਚ ਦੁਨਾਲੀਆਂ ਤੇ ਦੇਵਾ ਠਾਕੁਰ ਦੇ ਹੱਥ 'ਚ ਰਿਵਾਲਵਰ ਸੀ। ਪੰਜਾਬੀ ਗਾਣਾ ਜਿਵੇਂ ਹੀ ਵੱਜਿਆ, ਬੀਟ ਦੇ ਨਾਲ-ਨਾਲ ਗੋਲੀਆਂ ਚੱਲਣ ਦੀ ਰਫਤਾਰ ਵੀ ਤੇਜ਼ ਹੋ ਗਈ। ਸਾਧਵੀ ਨੇ ਆਪਣੇ ਰਿਵਾਲਵਰ ਨੂੰ ਹਵਾ ਵਿਚ ਤਾਣ ਕੇ ਕਈ ਫਾਇਰ ਕੀਤੇ। ਬਾਅਦ ਵਿਚ ਸਾਧਵੀ ਦੇ ਗਾਰਡ ਨੇ ਉਸ ਦੇ ਹੱਥ 'ਚ ਦੁਨਾਲੀ ਫੜਾ ਦਿੱਤੀ। ਫਿਰ ਕੀ ਸੀ, ਸਾਧਵੀ ਦਾ ਸਾਦਾਪਨ ਚੰਬਲ ਦੇ ਕਿਸੇ ਡਾਕੂ 'ਚ ਤਬਦੀਲ ਹੋਣ ਲੱਗਾ। ਗਾਣਾ ਚੱਲਦਾ ਰਿਹਾ ਤੇ ਫਾਇਰ ਹੁੰਦੇ ਰਹੇ। ਇਸ ਦੌਰਾਨ ਤਕਰੀਬਨ 100 ਫਾਇਰ ਕੀਤੇ ਗਏ। ਸਟੇਜ 'ਚ ਚੜ੍ਹੇ ਸਾਧਵੀ ਦੇ ਚੇਲਿਆਂ ਦਾ ਹੌਂਸਲਾ ਵਧਦਾ ਹੀ ਜਾ ਰਿਹਾ ਸੀ, ਪਰ ਅਚਾਨਕ ਇਕ ਫਾਇਰ ਨੇ ਸਾਰੀ ਮਸਤੀ ਉਤਾਰ ਦਿੱਤੀ। ਸਟੇਜ 'ਤੇ ਫਾਇਰਿੰਗ ਕਰ ਰਹੇ ਚਿੱਟੇ ਰੰਗ ਦੀ ਕਮੀਜ਼ ਪਾਏ ਸ਼ਖਸ ਨੇ ਇਕ ਫਾਇਰ ਲੋਕਾਂ ਵੱਲ ਕਰ ਦਿੱਤਾ। ਫਾਇਰ ਕਰਨ ਤੋਂ ਬਾਅਦ ਇਹ ਕਿੱਧਰ ਤੇ ਕਿਸ ਵੱਲ ਗਿਆ, ਇਸ ਗੱਲ ਤੋਂ ਅਨਜਾਣ ਇਹ ਸ਼ਖਸ ਦੂਜਾ ਫਾਇਰ ਕਰਨ 'ਚ ਲੱਗਾ ਸੀ, ਪਰ ਅਚਾਨਕ ਭਾਜੜ ਮੱਚੀ। ਪਤਾ ਲੱਗਿਆ ਕਿ ਗੋਲੀਆਂ ਚਾਰ ਲੋਕਾਂ ਨੂੰ ਲੱਗੀਆਂ ਹਨ। ਇਸ ਫਾਇਰਿੰਗ 'ਚ ਇੱਕ ਔਰਤ ਦੀ ਮੌਤ ਹੋ ਗਈ, ਜਦਕਿ ਤਿੰਨ ਔਰਤਾਂ ਜ਼ਖਮੀ ਹੋ ਗਈਆਂ। ਜਸ਼ਨ ਦੇ ਰੰਗ 'ਚ ਭੰਗ ਪਿਆ ਤਾਂ ਪੈਲੇਸ 'ਚ ਸਨਸਨੀ ਫੈਲ ਗਈ। ਸਾਧਵੀ ਤੇ ਉਸ ਦੇ ਸੁਰੱਖਿਆ ਗਾਰਡ ਨੌਂ ਦੋ ਗਿਆਰਾਂ ਹੋ ਗਏ। ਪੁਲਿਸ ਮੌਕੇ 'ਤੇ ਪਹੁੰਚੀ, ਗੋਲੀਆਂ ਦੇ ਖੋਲ ਇੱਕਠੇ ਕੀਤੇ ਗਏ। ਸਾਧਵੀ ਤੇ ਉਸ ਦੇ ਸਾਥੀਆਂ ਖਿਲਾਫ ਕਤਲ ਤੇ ਆਰਮਜ਼ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ।

## ਅਵਤਾਰ ਸਿੰਘ ਤਾਰੀ ਦਾ ਦਿਹਾਂਤ

**ਯੂਬਾ ਸਿਟੀ (ਬਿਊਰੋ):** ਸਥਾਨਕ ਸਿੱਖ ਭਾਈਚਾਰੇ ਦੀ ਸਰਗਰਮ ਸ਼ਖਸੀਅਤ ਅਵਤਾਰ (ਤਾਰੀ) ਸਿੰਘ ਝੁਟੀ ਦਾ ਲੰਘੀ 20 ਨਵੰਬਰ ਨੂੰ ਇਥੇ ਅਚਾਨਕ ਦਿਹਾਂਤ ਹੋ ਗਿਆ।



*ਅਵਤਾਰ ਸਿੰਘ ਤਾਰੀ*

ਉਹ 60 ਵਰ੍ਹਿਆਂ ਦੇ ਸਨ ਤੇ ਪਿਛੋਂ ਜਿਲਾ ਹੁਸ਼ਿਆਰਪੁਰ ਦੇ ਪਿੰਡ ਚੱਬੇਵਾਲ ਤੋਂ ਸਨ। ਮਰਹੂਮ ਤਾਰੀ ਆਪਣੇ ਪਿਛੇ ਮਾਂ ਸਵਰਨ ਕੌਰ ਤੇ ਪਤਨੀ ਕਮਲਜੀਤ ਕੌਰ ਤੋਂ ਇਲਾਵਾ ਦੋ ਪੁਤਰ ਮਾਈਕ ਸਿੰਘ ਅਤੇ ਹਰਮਨ ਸਿੰਘ ਛਡ ਗਏ ਹਨ।

ਅਵਤਾਰ ਸਿੰਘ ਦਾ ਸਸਕਾਰ 25 ਨਵੰਬਰ ਨੂੰ ਇਥੇ ਚੈਪਲ ਆਫ ਦੀ ਟਵਿਨ ਸਿਟੀਜ਼ (715 ਸ਼ਾਸਤਾ ਸਟਰੀਟ ) ਵਿਖੇ ਸਵੇਰੇ 11 ਵਜੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਬੋਗ ਰੋਡ ਵਿਖੇ ਹੋਵੇਗੀ।

## ਪੰਜਾਬੀ ਸਮੇਤ 11 ਭਾਸ਼ਾਵਾਂ 'ਚ ਸੇਵਾਵਾਂ ਸ਼ੁਰੂ ਕਰੇਗਾ ਬੀ.ਬੀ.ਸੀ.

**ਮੁੰਬਈ:** ਬੀ.ਬੀ.ਸੀ. ਵਰਲਡਵਾਈਡ ਸਰਵਿਸ ਨੇ ਕਿਹਾ ਹੈ ਕਿ ਉਹ ਆਪਣੀਆਂ ਸੇਵਾਵਾਂ ਦਾ ਪੰਜਾਬੀ ਸਮੇਤ ਗਿਆਰਾਂ ਨਵੀਆਂ ਭਾਸ਼ਾਵਾਂ ਵਿਚ ਵਿਸਥਾਰ ਕਰੇਗਾ।

ਇਹ ਉਨ੍ਹਾਂ ਦਾ 1940 ਤੋਂ ਹੁਣ ਤੱਕ ਦਾ ਸਭ ਤੋਂ ਵੱਡਾ ਵਿਸਥਾਰ ਹੋਵੇਗਾ। ਬੀ.ਬੀ.ਸੀ. ਵੱਲੋਂ ਭਾਰਤ ਵਿਚ ਪੰਜਾਬੀ, ਤੇਲਗੂ, ਗੁਜਰਾਤੀ ਤੇ ਮਰਾਠੀ ਨਾਲ ਰੇਡੀਓ ਸੇਵਾਵਾਂ, ਮੋਬਾਈਲ ਤੇ ਵੀਡੀਓ ਸਮੱਗਰੀ ਉਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਬੀ.ਬੀ.ਸੀ. ਵੱਲੋਂ ਹੁਣ ਹਿੰਦੀ, ਬੰਗਾਲੀ ਤੇ ਤਾਮਿਲ ਵਿਚ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਬਿਆਨ ਮੁਤਾਬਕ ਪਿਛਲੇ ਸਾਲ ਯੂ.ਕੇ. ਸਰਕਾਰ ਵੱਲੋਂ ਬੀ.ਬੀ.ਸੀ. ਵਰਲਡ ਸਰਵਿਸ ਲਈ ਐਲਾਨੀ ਵਿੱਤੀ ਮਦਦ ਕਾਰਨ ਇਹ ਵਿਸਥਾਰ ਹੋ ਰਿਹਾ ਹੈ। ਇਹ ਸੇਵਾਵਾਂ 2017 ਵਿਚ ਸ਼ੁਰੂ ਹੋਣ ਦੀ ਉਮੀਦ ਹੈ। ਬੀ.ਬੀ.ਸੀ. ਵੱਲੋਂ ਖੇਤਰ ਵਿਚ 157 ਨਵੀਆਂ ਨੌਕਰੀਆਂ ਦਿੱਤੀਆਂ ਜਾਣਗੀਆਂ।

## ਇਸਰਾਇਲੀ ਰਾਸ਼ਟਰਪਤੀ ਵੱਲੋਂ ਤਾਜ ਮਹਿਲ ਦੇ ਦੀਦਾਰ

**ਆਗਰਾ:** ਇਸਰਾਈਲ ਦੇ ਰਾਸ਼ਟਰਪਤੀ ਰਿਊਵੈੱਨ ਰਿਵਲਿਨ ਆਪਣੀ ਪਤਨੀ ਨਿਚਾਮਾ ਰਿਵਲਿਨ ਨਾਲ ਤਾਜ ਮਹਿਲ ਦੇਖਣ ਪੁੱਜੇ ਤੇ ਉਨ੍ਹਾਂ ਨੇ ਪਿਆਰ ਦੀ ਪ੍ਰਤੀਕ ਇਸ ਥਾਂ 'ਤੇ ਤਕਰੀਬਨ ਡੇਢ ਘੰਟਾ ਬਤੀਤ ਕੀਤਾ।

ਏ.ਐਸ.ਆਈ. ਦੇ ਅਧਿਕਾਰੀ ਨੇ ਦੱਸਿਆ ਕਿ ਰਿਵਲਿਨ ਨੇ ਇਸ ਇਮਾਰਤ ਦੀ ਬਣਤਰ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿਕੰਦਰਾ ਸਥਿਤ ਆਗਰਾ ਵਾਟਰ ਵਰਕਸ ਟਰੀਟਮੈਂਟ ਪਲਾਂਟ ਦਾ ਵੀ ਦੌਰਾ ਕੀਤਾ। ਸ੍ਰੀ ਰਿਵਲਿਨ ਨੇ ਦੋਵੇਂ ਦੇਸ਼ਾਂ ਦੀ ਦੋਸਤੀ ਦੇ ਪ੍ਰਤੀਕ ਵਜੋਂ ਇਕ ਬੂਟਾ ਵੀ ਲਾਇਆ। ਉਹ ਅੱਠ ਰੋਜ਼ਾ ਦੌਰੇ 'ਤੇ 14 ਨਵੰਬਰ ਨੂੰ ਭਾਰਤ ਪੁੱਜੇ ਸਨ ਤੇ ਤਕਰੀਬਨ ਦੋ ਦਹਾਕਿਆਂ ਵਿਚ ਭਾਰਤ ਆਉਣ ਵਾਲੇ ਪਹਿਲੇ ਇਸਰਾਇਲੀ ਰਾਸ਼ਟਰਪਤੀ ਹਨ।

# ਅਖਰੋਟ ਖਾਣ ਨਾਲ ਖਿੜਿਆ ਰਹਿੰਦਾ ਹੈ ਚਿੱਤ

**ਵਾਸ਼ਿੰਗਟਨ:** ਅਖਰੋਟ ਖਾਣਾ ਤੁਹਾਡੇ ਮਨ ਨੂੰ ਖੁਸ਼ ਰੱਖ ਸਕਦਾ ਹੈ। ਇਹ ਦਾਅਵਾ ਵਿਗਿਆਨੀਆਂ ਦੇ ਇਕ ਗਰੁੱਪ ਨੇ ਕੀਤਾ, ਜਿਨ੍ਹਾਂ ਪਾਇਆ ਕਿ ਅਖਰੋਟਾਂ ਨਾਲ ਰੌਂਅ ਠੀਕ ਹੁੰਦਾ ਹੈ, ਖਾਸ ਤੌਰ ਉਤੇ ਨੌਜਵਾਨਾਂ ਵਿਚ। ਮਨੁੱਖਾਂ ਉਤੇ ਕੀਤੀ ਇਹ ਆਪਣੀ ਤਰ੍ਹਾਂ ਦੀ ਪਹਿਲੀ ਖੋਜ ਹੈ, ਜਿਸ ਵਿਚ ਖੋਜਾਰਥੀਆਂ ਨੇ ਅਖਰੋਟ ਖਾਣ ਦੇ ਰੌਂਅ (ਮੂਡ) ਉਤੇ ਅਸਰ ਦਾ ਪਤਾ ਲਾਇਆ। ਨਿਊ ਮੈਕਸਿਕੋ ਯੂਨੀਵਰਸਿਟੀ ਦੇ ਪ੍ਰੋਫੈਸਰ ਪੀਟਰ ਪ੍ਰੀਬਿਸ ਨੇ ਕਿਹਾ ਕਿ ਅਖਰੋਟਾਂ ਬਾਰੇ ਪਿਛਲੇ ਸਮੇਂ ਵਿਚ ਹੋਈਆਂ ਖੋਜਾਂ ਵਿਚ ਇਸ ਦੇ ਦਿਲ ਦੀਆਂ ਬਿਮਾਰੀਆਂ, ਸ਼ੂਗਰ ਤੇ ਮੋਟਾਪੇ ਵਰਗੇ ਸਿਹਤ ਕਾਰਕਾਂ ਉਤੇ ਲਾਭਦਾਇਕ ਅਸਰ ਦਿਖਾਏ ਗਏ, ਜਦੋਂ ਕਿ ਸਾਡੀ ਖੋਜ ਵੱਖਰੀ ਸੀ ਕਿਉਂਕਿ ਸਾਡਾ ਧਿਆਨ ਸਹਿਜ ਬੋਧ ਉਤੇ ਕੇਂਦਰਤ ਸੀ। ਖੋਜ ਦੌਰਾਨ ਅਖਰੋਟ ਖਾਣ ਦੇ ਪੁਰਸ਼ਾਂ ਤੇ ਔਰਤਾਂ ਦੇ ਰੌਂਅ ਉਤੇ ਅਸਰ ਦਾ ਪਤਾ ਲਾਇਆ ਗਿਆ।

ਖੋਜ ਵਿਚ ਸ਼ਾਮਲ ਸਾਰੇ 64 ਵਿਦਿਆਰਥੀ 18 ਤੋਂ 25 ਸਾਲ ਵਿਚਕਾਰ ਉਮਰ ਗਰੁੱਪ ਦੇ ਸਨ। ਇਨ੍ਹਾਂ ਵਿਚ ਗੋਰੇ, ਅਫਰੀਕੀ ਅਮਰੀਕੀ, ਸਪੇਨੀ ਅਤੇ ਏਸ਼ਿਆਈ ਵਿਦਿਆਰਥੀ ਸ਼ਾਮਲ ਸਨ। ਇਨ੍ਹਾਂ ਵਿਦਿਆਰਥੀਆਂ ਨੂੰ ਅੱਠ ਹਫਤਿਆਂ ਤੱਕ ਅਖਰੋਟਾਂ ਵਾਲੀ ਬਨਾਨਾ ਬ੍ਰੈੱਡ (ਕੇਲਿਆਂ ਨਾਲ ਤਿਆਰ ਬ੍ਰੈੱਡ) ਦਿੱਤੀ ਗਈ ਅਤੇ ਅੱਠ ਹਫ਼ਤਿਆਂ ਤੱਕ ਬਿਨਾਂ ਅਖਰੋਟਾਂ ਵਾਲੀ ਬਨਾਨਾ ਬ੍ਰੈੱਡ ਦਿੱਤੀ ਗਈ। ਅਖਰੋਟਾਂ ਨੂੰ ਬ੍ਰੈੱਡਾਂ ਦੇ ਆਟੇ ਵਿਚ ਚੰਗੀ ਤਰ੍ਹਾਂ ਗੁੰਨ੍ਹਿਆਂ ਗਿਆ ਸੀ ਤਾਂ ਕਿ ਦੋਵਾਂ ਤਰ੍ਹਾਂ ਦੀ ਬ੍ਰੈੱਡ ਦਾ ਸੁਆਦ ਤੇ ਦਿੱਖ ਇਕੋ ਤਰ੍ਹਾਂ ਲੱਗੇ। ਅਖਰੋਟਾਂ ਵਾਲੀ ਬ੍ਰੈੱਡ ਖਾਣ ਵਾਲੇ ਵਿਦਿਆਰਥੀਆਂ ਨੂੰ ਰੋਜ਼ਾਨਾ ਅੱਧਾ ਕੱਪ ਅਖਰੋਟ ਵੀ ਖਾਣ ਲਈ ਦਿੱਤੇ ਗਏ। ਅੱਠ ਹਫਤਿਆਂ ਮਗਰੋਂ ਵਿਦਿਆਰਥੀਆਂ ਦੇ ਰੌਂਅ ਦਾ ਅਨੁਮਾਨ ਲਾਇਆ ਗਿਆ।


## Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Call today for your FREE, no-obligation quote:** **1-408-771-2438**

satwant@satwantins.com



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com

# ਸਿਆਸੀ ਧਿਰਾਂ ਦੀਆਂ ਸਰਗਰਮੀਆਂ ਨਾਲ ਮਾਲਵੇ ਦੀ ਸਿਆਸਤ ਵਿਚ ਉਬਾਲ

**ਬਠਿੰਡਾ:** ਵਿਧਾਨ ਸਭਾ ਚੋਣਾਂ ਨੂੰ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਗੜ੍ਹ ਸਮਝੇ ਜਾਂਦੇ ਕੇਂਦਰੀ ਮਾਲਵੇ ਵਿਚ ਰਾਜਸੀ ਸਰਗਰਮੀਆਂ ਇਕਦਮ ਤੇਜ਼ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਕੇਂਦਰੀ ਮਾਲਵੇ ਦੇ ਜ਼ਿਆਦਾਤਰ ਹਲਕਿਆਂ ਵਿਚ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਦੇ ਬਾਅਦ ਰਾਜਨੀਤੀ ਵਿਚ ਉਬਾਲ ਆਉਣਾ ਸ਼ੁਰੂ ਹੋ ਗਿਆ ਹੈ।



ਟਿਕਟਾਂ ਨਾ ਮਿਲਣ ਤੋਂ ਰੁੱਸੇ ਕਈ ਸੀਨੀਅਰ ਅਕਾਲੀ ਆਗੂਆਂ ਨੇ ਅਕਾਲੀ ਵਿਰੋਧੀ ਧਿਰਾਂ ਨਾਲ ਸੁਰ ਮਿਲਾਉਣੇ ਸ਼ੁਰੂ ਕਰ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਨ ਦੇ ਬਾਅਦ ਕੇਂਦਰੀ ਮਾਲਵਾ ਵਿਚ ਹਲਕਾ ਨਿਹਾਲ ਸਿੰਘ ਵਾਲਾ ਦੇ ਮੌਜੂਦਾ ਵਿਧਾਇਕ ਬੀਬੀ ਰਾਜਵਿੰਦਰ ਕੌਰ ਦੀ ਟਿਕਟ ਕੱਟ ਦਿੱਤੀ ਗਈ ਹੈ, ਉਸ ਦੀ ਥਾਂ ਜਗਰਾਓਂ ਦੇ ਵਿਧਾਇਕ ਐਸ.ਆਰ.ਕਲੇਰ ਨੂੰ ਟਿਕਟ ਦੇ ਦਿੱਤੀ ਗਈ ਹੈ, ਜਿਸ ਕਰ ਕੇ ਬੀਬੀ ਰਾਜਵਿੰਦਰ ਕੌਰ ਬਗਾਵਤ ਲਈ ਤਿਆਰ ਬੈਠੀ ਹੈ। ਮੁਕਤਸਰ ਹਲਕੇ ਵਿਚ ਯੂਥ ਅਕਾਲੀ ਦਲ ਮਾਲਵਾ ਜ਼ੋਨ ਦੇ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੂੰ ਟਿਕਟ ਦੇਣ ਦੇ ਬਾਅਦ ਸਾਬਕਾ ਵਿਧਾਇਕ ਸੁਖਦਰਸ਼ਨ ਸਿੰਘ ਮਰਾਹੜ੍ਹ ਆਜ਼ਾਦ ਚੋਣ ਲੜਨ ਦਾ ਐਲਾਨ ਕਰ ਰਹੇ ਹਨ। ਮੋਗਾ, ਜੈਤੋ, ਬਠਿੰਡਾ ਦਿਹਾਤੀ, ਭੁੱਚੋ ਮੰਡੀ ਤੇ ਬੁਢਲਾਢਾ ਰਾਖਵੇਂ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਧੜੇਬੰਦੀ ਕਾਰਨ ਉਮੀਦਵਾਰ ਦਾ ਐਲਾਨ ਕਰਨ ਵਿਚ ਮੁਸ਼ਕਲ ਆ ਰਹੀ ਹੈ।

ਉਧਰ, ਫ਼ਿਰੋਜ਼ਪੁਰ ਤੋਂ ਮੈਂਬਰ ਲੋਕ ਸਭਾ ਸ਼ੇਰ ਸਿੰਘ ਘੁਬਾਇਆ ਵੀ ਪਾਰਟੀ ਲੀਡਰਸ਼ਿਪ ਤੋਂ ਸਖ਼ਤ ਨਰਾਜ਼ ਦੱਸੇ ਜਾ ਰਹੇ ਹਨ। ਉਨ੍ਹਾਂ ਦੀ ਨਰਾਜ਼ਗੀ ਫਿਰੋਜ਼ਪੁਰ ਜ਼ਿਲ੍ਹੇ ਵਿਚ ਸ਼੍ਰੋਮਣੀ ਅਕਾਲੀ ਦਲ ਲਈ ਨੁਕਸਾਨਦੇਹ ਹੋ ਸਕਦੀ ਹੈ। ਇਸੇ ਤਰ੍ਹਾਂ ਮਾਲਵੇ ਦੇ ਤਕਰੀਬਨ ਇਕ ਦਰਜਨ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਉਮੀਦਵਾਰ ਦੀ ਚੋਣ ਕਰਨ ਲਈ ਗੰਭੀਰ ਵਿਚਾਰਾਂ ਕਰਨੀਆਂ ਪੈ ਰਹੀਆਂ ਹਨ, ਜਿਸ 'ਚ ਮਾਨਸਾ, ਸੁਨਾਮ, ਬਰਨਾਲਾ ਆਦਿ ਵੀ ਸ਼ਾਮਲ ਹਨ। ਆਮ ਆਦਮੀ ਪਾਰਟੀ ਟਿਕਟਾਂ ਦੀ ਵੰਡ ਵਿਚ ਮੋਹਰੀ ਹੈ। ਉਸ ਨੇ ਕੇਂਦਰੀ ਮਾਲਵੇ ਦੇ 80 ਪ੍ਰਤੀਸ਼ਤ ਤੋਂ ਵੱਧ ਹਲਕਿਆਂ ਵਿਚ ਆਪਣੇ ਉਮੀਦਵਾਰ ਖੜ੍ਹੇ ਕਰ ਦਿੱਤੇ ਹਨ। ਕਾਂਗਰਸ ਪਾਰਟੀ ਕੇਂਦਰੀ ਮਾਲਵੇ ਜ਼ਿਲ੍ਹੇ ਵਿਚ ਹਾਲੇ ਤੱਕ ਇਕ ਵੀ ਉਮੀਦਵਾਰ ਦਾ ਐਲਾਨ ਨਹੀਂ ਕਰ ਸਕੀ, ਜਿਸ ਕਰ ਕੇ ਉਸ ਦੀ ਚੋਣ ਮੁਹਿੰਮ ਪ੍ਰਭਾਵਿਤ ਹੋ ਰਹੀ ਹੈ।

ਕਾਂਗਰਸ ਪਾਰਟੀ ਨੂੰ ਧੜੇਬੰਦੀ ਕਾਰਨ ਮੌੜ ਮੰਡੀ, ਮਾਨਸਾ, ਤਲਵੰਡੀ ਸਾਬੋ, ਬੁਢਲਾਡਾ, ਬਠਿੰਡਾ ਦਿਹਾਤੀ, ਬਠਿੰਡਾ ਸ਼ਹਿਰੀ, ਕੋਟਕਪੂਰਾ, ਫ਼ਰੀਦਕੋਟ, ਮੋਗਾ ਆਦਿ ਥਾਵਾਂ ਉਤੇ ਉਮੀਦਵਾਰ ਖੜ੍ਹੇ ਕਰਨ ਵਿਚ ਦਿੱਕਤਾਂ ਆ ਰਹੀਆਂ ਹਨ। ਬਠਿੰਡਾ ਸ਼ਹਿਰੀ ਸੀਟ ਤੋਂ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਵੱਲੋਂ ਸ਼ਰੇਆਮ ਪਾਰਟੀ ਵਰਕਰਾਂ ਦੀ ਮੀਟਿੰਗ ਕਰਕੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਜਾਂ ਸਾਬਕਾ ਮੰਤਰੀ ਸੁਰਿੰਦਰ ਸਿੰਗਲਾ ਨੂੰ ਟਿਕਟ ਦੇਣ ਦਾ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ, ਉਸ ਦੇ ਸਮਰਥਕ ਜਿਸ 'ਚ ਸ਼ਹਿਰੀ ਪ੍ਰਧਾਨ ਬਠਿੰਡਾ ਮੋਹਨ ਲਾਲ ਝੁੰਬਾਂ ਵੀ ਸ਼ਾਮਲ ਹਨ, ਉਕਤ ਦੋਵਾਂ ਆਗੂਆਂ ਵਿਚ ਇਕ ਨੂੰ ਵੀ ਪਾਰਟੀ ਟਿਕਟ ਦਿੱਤੇ ਜਾਣ ਦੀ ਸੂਰਤ ਵਿਚ ਉਹ ਪਾਰਟੀ ਛੱਡਣ ਦੀ ਚਿਤਾਵਨੀ ਦੇ ਰਹੇ ਹਨ।

## ਕੈਪਟਨ ਨੇ ਨੌਜਵਾਨਾਂ ਲਈ ਲਾਈ ਵਾਅਦਿਆਂ ਦੀ ਝੜੀ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਕਾਂਗਰਸ ਦੇ ਸੱਤਾ ਵਿਚ ਆਉਣ 'ਤੇ ਨੌਜਵਾਨਾਂ ਨੂੰ ਮੁਫਤ ਡਾਟਾਕਾਰਡ ਤੇ ਕਾਲਿੰਗ ਸਮੇਤ 50 ਲੱਖ ਸਮਾਰਟ ਫੋਨ ਦਿੱਤੇ ਜਾਣਗੇ। ਉਨ੍ਹਾਂ ਇਹ ਐਲਾਨ ਇਥੇ ਸੈਕਟਰ 42 ਵਿੱਚ 'ਕੈਪਟਨ ਸਮਾਰਟ ਕੁਨੈਕਟ' ਸਕੀਮ ਲਾਂਚ ਕਰਨ ਮੌਕੇ ਕੀਤਾ। ਉਨ੍ਹਾਂ ਵਾਅਦਾ ਕੀਤਾ ਕਿ ਇਸ ਸਕੀਮ ਤਹਿਤ ਖ਼ੁਦ ਨੂੰ ਰਜਿਸਟਰ ਕਰਨ ਵਾਲਿਆਂ ਨੂੰ ਕਾਂਗਰਸ ਸਰਕਾਰ ਬਣਨ ਉਤੇ 100 ਦਿਨਾਂ ਦੇ ਅੰਦਰ-ਅੰਦਰ ਸਮਾਰਟ ਫੋਨ ਦਿੱਤੇ ਜਾਣਗੇ। ਇਸ ਸਕੀਮ ਤਹਿਤ ਵੈੱਬਸਾਈਟ ਉਪਰ ਰਜਿਸਟਰੇਸ਼ਨ ਲਈ ਆਖਰੀ ਤਰੀਕ 30 ਨਵੰਬਰ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇਸ ਸਕੀਮ 'ਤੇ ਪਹਿਲੇ ਸਾਲ ਨਿਵੇਸ਼ ਤੋਂ ਬਾਅਦ ਹਰ ਸਾਲ 300-400 ਕਰੋੜ ਰੁਪਏ ਦਾ ਖਰਚਾ ਆਵੇਗਾ। ਉਨ੍ਹਾਂ ਦੀ ਸਰਕਾਰ ਬਣਨ ਪਿੱਛੋਂ ਯੂਥ ਵੈਲਫੇਅਰ ਪ੍ਰੋਗਰਾਮ ਤਹਿਤ ਸਕੀਮ ਨੂੰ ਫੰਡ ਦੇਣ ਵਾਸਤੇ ਸੂਬੇ ਦੇ ਬਜਟ ਵਿਚ ਵਿਵਸਥਾ ਕੀਤੀ ਜਾਵੇਗੀ।

# ਅਮਿਤ ਸ਼ਾਹ ਨੇ ਵਜਾਇਆ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ

### 'ਮੋਦੀ-ਬਾਦਲ ਦੀ ਵਿਕਾਸ ਜੋੜੀ' ਨੂੰ ਵੋਟ ਪਾਉਣ ਦਾ ਸੱਦਾ

**ਜਲੰਧਰ:** ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾਉਂਦਿਆਂ ਭਾਜਪਾ ਬੂਥ ਵਰਕਰ ਸਮਾਗਮ ਦੌਰਾਨ ਲੋਕਾਂ ਨੂੰ ਉਮੀਦਵਾਰ ਦੇਖਣ ਦੀ ਬਜਾਏ 'ਮੋਦੀ-ਬਾਦਲ ਦੀ ਵਿਕਾਸ ਜੋੜੀ' ਨੂੰ ਵੋਟ ਪਾਉਣ ਦੀ ਅਪੀਲ ਕੀਤੀ।



ਭਾਜਪਾ ਪ੍ਰਧਾਨ ਨੇ ਅਕਾਲੀ-ਭਾਜਪਾ ਗੱਠਜੋੜ ਨੂੰ ਏਕਤਾ ਦਾ ਪ੍ਰਤੀਕ ਦੱਸਦਿਆਂ ਪੰਚਾਇਤ ਤੋਂ ਲੈ ਕੇ ਸੰਸਦ ਤੱਕ ਐਨ.ਡੀ.ਏ. ਦੇ ਸ਼ਾਸਨ ਨੂੰ ਦੇਸ਼ ਦੀ ਲੋੜ ਦੱਸਿਆ। ਉਨ੍ਹਾਂ ਕਿਹਾ ਕਿ ਆਉਂਦੀਆਂ ਚੋਣਾਂ 'ਚ ਅਕਾਲੀ ਦਲ-ਭਾਜਪਾ ਗੱਠਜੋੜ ਦਾ ਜਿੱਤਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਭਾਜਪਾ ਪੂਰੇ ਦੇਸ਼ 'ਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਤਿਆਰੀ ਕਰ ਰਹੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਡਾ. ਅੰਬੇਦਕਰ ਦੀ ਸੋਚ ਨਾਲ ਦੇਸ਼ ਨੂੰ ਅੱਗੇ ਲੈ ਕੇ ਜਾ ਰਹੀ ਹੈ। ਨੋਟਬੰਦੀ ਦੇ ਫੈਸਲੇ ਨੂੰ ਸਹੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਵਿਚ ਕਾਲਾ ਧਨ ਖਤਮ ਕਰਨ ਦੀ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ ਹੈ। ਭਾਜਪਾ ਦੇ ਕੌਮੀ ਜਨਰਲ ਸਕੱਤਰ ਰਾਮ ਲਾਲ ਨੇ ਆਪਣੇ ਸੰਬੋਧਨ 'ਚ ਪਾਰਟੀ ਵਰਕਰਾਂ ਨੂੰ 'ਬੂਥ ਜੀਤਾ, ਚੁਨਾਵ ਜੀਤਾ' ਦਾ ਨਾਅਰਾ ਦਿੱਤਾ। ਉਨ੍ਹਾਂ ਨੇ ਵਰਕਰਾਂ ਨੂੰ ਕਿਹਾ ਕਿ ਸਾਰੇ ਵਰਕਰ ਆਪਣੇ ਬੂਥਾਂ ਦੀਆਂ ਵੋਟਰ ਲਿਸਟਾਂ ਦੀ ਘੋਖ ਕਰਨ ਅਤੇ ਆਪਣੇ ਸਮਰਥਕ ਵੋਟਰਾਂ ਦੀ ਪਛਾਣ ਕਰ ਕੇ ਚੋਣਾਂ 'ਚ ਉਨ੍ਹਾਂ ਦੀ ਵੋਟ ਆਪਣੇ ਹੱਕ ਵਿਚ ਭੁਗਤਣੀ ਯਕੀਨੀ ਬਣਾਉਣ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਅਕਾਲੀ ਦਲ ਨੂੰ ਭਾਜਪਾ ਦਾ ਸਭ ਤੋਂ ਵਧੀਆ ਸਾਥੀ ਦੱਸਿਆ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਖੁਸ਼ਕਿਸਮਤੀ ਹੈ ਕਿ ਕੇਂਦਰ ਅਤੇ ਪੰਜਾਬ 'ਚ 'ਉਨ੍ਹਾਂ ਦੀ' ਹੀ ਸਰਕਾਰ ਹੈ। ਇਸੇ ਕਾਰਨ ਕੇਂਦਰ ਵੱਲੋਂ ਪੰਜਾਬ 'ਚ ਚਾਰ ਅਤੇ ਛੇ ਲੇਨ ਸੜਕਾਂ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਮਿਲ ਸਕੀ ਹੈ। ਸ੍ਰੀ ਬਾਦਲ ਨੇ ਨਰੇਂਦਰ ਮੋਦੀ ਨੂੰ ਦਲੇਰ ਪ੍ਰਧਾਨ ਮੰਤਰੀ ਕਰਾਰ ਦਿੱਤਾ। ਕੇਂਦਰੀ ਮੰਤਰੀ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਵਰਕਰਾਂ ਨੂੰ ਚੋਣਾਂ ਜਿੱਤਣ ਲਈ ਡੱਟ ਕੇ ਮਿਹਨਤ ਕਰਨ ਦਾ ਸੱਦਾ ਦਿੱਤਾ। ਨੋਟਬੰਦੀ ਬਾਰੇ ਉਨ੍ਹਾਂ ਕਿਹਾ ਕਿ ਮੁਸ਼ਕਲਾਂ ਦੇ ਬਾਵਜੂਦ ਲੋਕ ਇਸ ਫ਼ੈਸਲੇ ਤੋਂ ਖੁਸ਼ ਹਨ।

ਭਾਜਪਾ ਦੇ ਸਮਾਗਮ ਦੌਰਾਨ ਪੰਜਾਬ ਦੇ ਉਪ-ਮੁੱਖ ਮੰਤਰੀ ਸੁਖਬੀਰ ਬਾਦਲ ਆਪਣੇ ਹੋਰ ਵਿਕਾਸ ਕਾਰਜਾਂ ਬਾਰੇ ਤਾਂ ਦੱਸਦੇ ਰਹੇ, ਪਰ ਸਤਲੁਜ ਯਮੁਨਾ ਲਿੰਕ ਨਹਿਰ ਬਾਰੇ ਇਕ ਸ਼ਬਦ ਵੀ ਨਹੀਂ ਬੋਲੇ। ਸੁਖਬੀਰ ਤੋਂ ਇਲਾਵਾ ਭਾਜਪਾ ਦੇ ਵੀ ਕਿਸੇ ਆਗੂ ਨੇ ਇਸ ਬਾਰੇ ਗੱਲ ਨਹੀਂ ਕੀਤੀ। ਸ੍ਰੀ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ 'ਚ ਸਿਰਫ਼ 6-7 ਸੀਟਾਂ ਹੀ ਜਿੱਤ ਸਕੇਗੀ। ਉਨ੍ਹਾਂ ਕਿਹਾ ਕਿ ਕੈਪਟਨ ਨੂੰ ਤਾਂ ਕਾਂਗਰਸ ਖ਼ੁਦ ਹੀ ਹਰਾ ਦੇਵੇਗੀ।

## ਸੁਖਬੀਰ ਬਾਦਲ ਵਿਰੁਧ ਚੋਣ ਲੜਨਗੇ ਭਗਵੰਤ ਮਾਨ

**ਜਲਾਲਾਬਾਦ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜਲਾਲਾਬਾਦ ਤੋਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਖਿਲਾਫ਼ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਉਮੀਦਵਾਰ ਐਲਾਨਦਿਆਂ ਕਿਹਾ ਕਿ ਜੇ ਸੁਖਬੀਰ ਕਿਸੇ ਹੋਰ ਹਲਕੇ ਤੋਂ ਚੋਣ ਲੜਨਗੇ ਤਾਂ 'ਆਪ' ਵੱਲੋਂ ਭਗਵੰਤ ਮਾਨ ਹੀ ਉਥੋਂ ਉਮੀਦਵਾਰ ਹੋਣਗੇ। ਉਨ੍ਹਾਂ ਦਿੱਲੀ ਸਰਕਾਰ ਵੱਲੋਂ ਕੀਤੇ ਕੰਮ ਵੀ ਗਿਣਾਏ। ਪੰਜਾਬ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਲਈ ਖਾਕਾ ਤਿਆਰ ਕੀਤਾ ਗਿਆ ਹੈ। ਉਨ੍ਹਾਂ ਭ੍ਰਿਸ਼ਟਾਚਾਰ ਤੇ ਨਸ਼ਿਆਂ ਨੂੰ ਵੀ ਸਖ਼ਤੀ ਨਾਲ ਖਤਮ ਕਰਨ ਦਾ ਵਾਅਦਾ ਕੀਤਾ। ਕੈਪਟਨ ਤੇ ਬਾਦਲ ਦੇ ਰਿਸ਼ਤਿਆਂ ਦੀ ਗੱਲ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਦੋਵੇਂ ਆਪਸ ਵਿਚ ਰਲੇ ਹੋਏ ਹਨ, ਜਿਸ ਦੀ ਮਿਸਾਲ ਅਕਾਲੀ ਸਰਕਾਰ ਵੱਲੋਂ ਕੈਪਟਨ ਖਿਲਾਫ਼ ਚੱਲ ਰਹੇ ਕੇਸ ਵਾਪਸ ਲੈਣ ਅਤੇ ਕੈਪਟਨ ਵੱਲੋਂ ਨਸ਼ਿਆਂ ਦੇ ਮਾਮਲੇ ਵਿਚ ਮਜੀਠੀਆ ਦਾ ਪੱਖ ਪੂਰਨਾ ਹੈ। ਇਸ ਮੌਕੇ ਜਲਾਲਾਬਾਦ ਤੋਂ ਐਲਾਨੇ ਪਾਰਟੀ ਉਮੀਦਵਾਰ ਭਗਵੰਤ ਮਾਨ ਨੇ ਲੋਕਾਂ ਕੋਲੋਂ ਸਹਿਯੋਗ ਮੰਗਦਿਆਂ ਕਿਹਾ ਕਿ ਪਾਰਟੀ ਦਾ ਜੋ ਫੈਸਲਾ ਹੈ, ਉਹ ਉਨ੍ਹਾਂ ਨੂੰ ਪ੍ਰਵਾਨ ਹੈ। ਉਨ੍ਹਾਂ ਕਿਹਾ ਕਿ 2017 ਦੀਆਂ ਚੋਣਾਂ ਅਮੀਰਾਂ ਅਤੇ ਜ਼ਮੀਰਾਂ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਖਾਤਿਆਂ ਵਿਚ ਪੈਸੇ ਨਹੀਂ, ਪਰ ਲੋਕਾਂ ਦੇ ਪਿਆਰ ਤੇ ਸਹਿਯੋਗ ਨਾਲ ਅਕਾਲੀ ਸਰਕਾਰ ਨੂੰ ਪੰਜਾਬ ਵਿਚੋਂ ਚੱਲਦਾ ਕੀਤਾ ਜਾਵੇਗਾ।

## ਸੁਖਬੀਰ ਵੱਲੋਂ ਕੇਜਰੀਵਾਲ ਨੂੰ ਜਲਾਲਾਬਾਦ ਤੋਂ ਸੱਦਾ

**ਚੰਡੀਗੜ੍ਹ:** ਆਪ ਦੇ ਆਗੂ ਭਗਵੰਤ ਮਾਨ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ਼ ਚੋਣ ਲੜਾਉਣ ਦੇ ਆਏ ਐਲਾਨ ਨੇ ਜਿਥੇ ਕਈ ਸਿਆਸੀ ਕਿਆਸਅਰਾਈਆਂ ਨੂੰ ਜਨਮ ਦਿੱਤਾ ਹੈ, ਉਥੇ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਚੈਲੰਜ ਕੀਤਾ ਹੈ ਕਿ ਉਹ ਆਗਾਮੀ ਅਸੈਂਬਲੀ ਚੋਣਾਂ 'ਚ ਜਲਾਲਾਬਾਦ ਹਲਕੇ ਤੋਂ ਉਸ ਖਿਲਾਫ਼ ਚੋਣ ਲੜਨ। ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਜਰੀਵਾਲ, ਪੰਜਾਬ ਦਾ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ, ਪਰ ਇਥੋਂ ਚੋਣ ਲੜਨ ਤੋਂ ਭੱਜ ਰਿਹਾ ਹੈ। ਕੇਜਰੀਵਾਲ ਨੂੰ ਸੰਬੋਧਨ ਹੁੰਦਿਆਂ ਉਨ੍ਹਾਂ ਕਿਹਾ ਕਿ ਜੇ ਤੁਸੀਂ ਇਹ ਦੇਖਣਾ ਹੈ ਕਿ ਪੰਜਾਬ 'ਚ ਤੁਸੀਂ ਕਿੰਨੇ ਕੁ ਹਰਮਨ-ਪਿਆਰੇ ਹੋ ਤਾਂ ਜਲਾਲਾਬਾਦ ਹਲਕੇ ਤੋਂ ਚੋਣ ਲੜੋ। ਭਗਵੰਤ ਮਾਨ ਨੂੰ ਉਮੀਦਵਾਰ ਐਲਾਨੇ ਜਾਣ ਬਾਰੇ ਉਪ ਮੁੱਖ ਮੰਤਰੀ ਨੇ ਕਿਹਾ ਕਿ ਹਰ ਵਿਅਕਤੀ ਇਹ ਜਾਣਦਾ ਹੈ ਕਿ ਭਗਵੰਤ ਮਾਨ ਨੂੰ ਸਿਆਸੀ ਤੌਰ 'ਤੇ ਖ਼ਤਮ ਕਰਨ ਲਈ ਉਸ ਨੂੰ ਜਲਾਲਾਬਾਦ ਤੋਂ ਚੋਣ ਲੜਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਆਪਣਾ ਇਹ ਮਨਸੂਬਾ ਪਹਿਲਾਂ ਵੀ ਜ਼ਾਹਰ ਕਰ ਚੁੱਕੇ ਹਨ ਕਿਉਂਕਿ ਉਨ੍ਹਾਂ ਨੇ ਮਾਨ ਦੇ ਕਿਸੇ ਵੀ ਕਰੀਬੀ ਨੂੰ ਟਿਕਟ ਨਹੀਂ ਦਿੱਤੀ, ਇਸੇ ਤਹਿਤ ਹੁਣ ਚੋਣਾਂ ਰਾਹੀਂ ਮਾਨ ਨੂੰ ਲਾਂਭੇ ਕੀਤਾ ਜਾ ਰਿਹਾ ਹੈ, ਇਸੇ ਲਈ ਉਸ ਨੂੰ ਸੰਗਰੂਰ ਤੋਂ ਫਿਰੋਜ਼ਪੁਰ ਤਬਦੀਲ ਕੀਤਾ ਗਿਆ, ਜਿਥੇ ਉਸ ਨੂੰ ਲੋਕ ਜਾਣਦੇ ਹੀ ਨਹੀਂ।

# ਸੌ ਅਹਿਮ ਸਿੱਖ ਸ਼ਖਸੀਅਤਾਂ ਦੀ ਸੂਚੀ ਜਾਰੀ

**ਲੰਡਨ:** ਸਿੱਖ ਡਾਇਰੈਕਟਰੀ ਯੂ.ਕੇ. ਵੱਲੋਂ ਕਰਵਾਏ ਗਏ ਸਿੱਖ ਐਵਾਰਡ ਸਮਾਰੋਹ ਦੌਰਾਨ ਵਿਸ਼ਵ ਦੀਆਂ 100 ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਦੀ ਸੂਚੀ ਜਾਰੀ ਕੀਤੀ ਗਈ, ਜਿਸ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨੂੰ ਪਹਿਲੇ, ਸੰਤ ਲਾਭ ਸਿੰਘ ਕਾਰ ਸੇਵਾ ਵਾਲੇ ਦੂਜੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੀਜੇ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚੌਥੇ ਅਤੇ ਸੰਤ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੂੰ ਪੰਜਵਾਂ ਸਥਾਨ ਦਿੱਤਾ ਗਿਆ ਹੈ।



ਜਥੇ: ਕੁਲਵੰਤ ਸਿੰਘ | ਸੰਤ ਲਾਭ ਸਿੰਘ | ਗਿਆਨੀ ਗੁਰਬਚਨ ਸਿੰਘ | ਸ: ਪ੍ਰਕਾਸ਼ ਸਿੰਘ ਬਾਦਲ | ਸੰਤ ਇਕਬਾਲ ਸਿੰਘ | ਹਰਜੀਤ ਸਿੰਘ ਸੱਜਣ

ਸਿੱਖ ਡਾਇਰੈਕਟਰੀ ਦੇ ਡਾਇਰੈਕਟਰ ਨਵਦੀਪ ਸਿੰਘ ਨੇ ਦੱਸਿਆ ਕਿ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀ ਸੂਚੀ ਲੰਬੀ ਸੋਚ ਵਿਚਾਰ ਕਰਨ ਤੋਂ ਬਾਅਦ ਵੱਖ-ਵੱਖ ਪਹਿਲੂਆਂ ਨੂੰ ਮੱਦੇਨਜ਼ਰ ਰੱਖ ਕੇ ਤਿਆਰ ਕੀਤਾ ਜਾਂਦਾ ਹੈ। ਇਸ ਸੂਚੀ ਵਿਚ ਨਿਸ਼ਕਾਮ ਸੇਵਕ ਜਥਾ ਯੂ.ਕੇ. ਦੇ ਚੇਅਰਮੈਨ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨੂੰ 6ਵਾਂ, ਡਾ. ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਭਾਰਤ ਨੂੰ 7ਵਾਂ, ਮਾਸਟਰ ਕਾਰਡ ਦੇ ਸੀ.ਈ.ਓ. ਅਜੇਪਾਲ ਸਿੰਘ ਬੰਗਾ ਨੂੰ 8ਵਾਂ, ਯੂ.ਕੇ. ਦੀ ਹਾਈ ਕੋਰਟ ਦੇ ਜੱਜ ਰਵਿੰਦਰ ਸਿੰਘ ਨੂੰ 9ਵਾਂ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੇ ਬਾਪੂ ਸੂਰਤ ਸਿੰਘ ਖ਼ਾਲਸਾ ਨੂੰ 10ਵਾਂ ਸਥਾਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਇੰਦਰਜੀਤ ਕੌਰ ਨੂੰ 11ਵਾਂ, ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ 12ਵਾਂ, ਸੁਖਬੀਰ ਸਿੰਘ ਬਾਦਲ 18ਵਾਂ, ਹਰਸਿਮਰਤ ਕੌਰ ਬਾਦਲ ਨੂੰ 19ਵਾਂ, ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ 20ਵਾਂ, ਕੈਪਟਨ ਅਮਰਿੰਦਰ ਸਿੰਘ ਨੂੰ 35ਵਾਂ, ਮਹਾਰਾਣੀ ਪ੍ਰਨੀਤ ਕੌਰ ਨੂੰ 38ਵਾਂ, ਮਨਜੀਤ ਸਿੰਘ ਜੀ.ਕੇ. ਨੂੰ 46ਵਾਂ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੂੰ 49ਵਾਂ, ਤਰਲੋਚਨ ਸਿੰਘ ਨੂੰ 59ਵਾਂ, ਐਸ. ਪੀ.ਸਿੰਘ ਉਬਰਾਏ ਨੂੰ 63ਵਾਂ, ਸਾਬਕਾ ਦੌੜਾਕ ਮਿਲਖਾ ਸਿੰਘ ਨੂੰ 73ਵਾਂ, ਅਨਾਰਕਲੀ ਕੌਰ ਅਫਗਾਨਿਸਤਾਨ ਨੂੰ 88ਵਾਂ, ਖ਼ਾਲਸਾ ਏਡ ਦੇ ਫਾਊਂਡਰ ਰਵਿੰਦਰ ਸਿੰਘ ਨੂੰ 99ਵਾਂ ਸਥਾਨ ਦਿੱਤਾ ਗਿਆ ਹੈ।

# ਤਿੰਨ ਸਾਲ ਬਾਅਦ ਲਾਸ਼ਾਂ ਲੱਭਣ ਦੇ ਹੁਕਮ

**ਨੈਨੀਤਾਲ:** ਉਤਰਾਖੰਡ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਉਹ 2013 'ਚ ਕੇਦਾਰ ਘਾਟੀ ਵਿਚ ਆਏ ਹੜ੍ਹਾਂ ਦੌਰਾਨ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਲੱਭਣ ਲਈ ਪੰਜ ਵਿਸ਼ੇਸ਼ ਜਾਂਚ ਟੀਮਾਂ (ਸਿੱਟ) ਬਣਾਏ। ਅਦਾਲਤ ਨੇ ਕਿਹਾ ਕਿ ਸੂਬਾ ਸਰਕਾਰ ਐਸ.ਐਸ.ਪੀ. ਰੈਂਕ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਸਿੱਟ ਬਣਾਏ। ਸਿੱਟ 'ਚ ਐਨ.ਡੀ.ਆਰ.ਐਫ., ਪੁਲਿਸ ਅਤੇ ਨੀਮ ਫ਼ੌਜੀ ਬਲਾਂ ਦੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾਵੇ। ਅਦਾਲਤ ਨੇ ਇਹ ਵੀ ਕਿਹਾ ਕਿ ਮਿਲਣ ਵਾਲੀਆਂ ਲਾਸ਼ਾਂ ਦੀਆਂ ਅੰਤਮ ਰਸਮਾਂ ਉਨ੍ਹਾਂ ਦੇ ਧਰਮ ਮੁਤਾਬਕ ਕੀਤੀਆਂ ਜਾਣ। ਹੁਕਮ ਮੁਤਾਬਕ ਸੂਬਾ ਸਰਕਾਰ ਲਾਸ਼ਾਂ ਦੀ ਭਾਲ ਕਰਨ ਤੋਂ ਬਾਅਦ ਉਨ੍ਹਾਂ ਦੇ ਡੀ.ਐਨ.ਏ. ਤਿਆਰ ਕਰ ਕੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਦੀ ਜਾਣਕਾਰੀ ਦੇਣ ਅਤੇ ਉਨ੍ਹਾਂ ਦਾ ਮਿਲਾਨ ਕਰ ਕੇ ਅੰਤਮ ਰਸਮਾਂ ਨਿਭਾਈਆਂ ਜਾਣ। ਹਾਈ ਕੋਰਟ ਦਾ ਇਹ ਹੁਕਮ ਦਿੱਲੀ ਦੇ ਵਸਨੀਕ ਆਚਾਰੀਆ ਅਜੈ ਗੌਤਮ ਵੱਲੋਂ ਦਾਖਲ ਕੀਤੀ ਗਈ ਜਨਹਿਤ ਪਟੀਸ਼ਨ 'ਤੇ ਸੁਣਾਇਆ ਗਿਆ।

# ਪੰਜਾਬ 'ਚ ਬੇਨਾਮੀ ਸੰਪਤੀ ਵਾਲਿਆਂ ਦੀ ਖੈਰ ਨਹੀਂ

**ਬਠਿੰਡਾ:** ਕੇਂਦਰ ਸਰਕਾਰ ਨੇ ਹੁਣ ਪੰਜਾਬ ਵਿਚ ਗੁਪਤ ਤੌਰ ਉਤੇ ਬੇਨਾਮੀ ਸੰਪਤੀ ਦੀ ਸ਼ਨਾਖ਼ਤ ਕਰਨੀ ਸ਼ੁਰੂ ਕਰ ਦਿੱਤੀ ਹੈ। ਆਮਦਨ ਕਰ ਮਹਿਕਮਾ ਤਾਂ ਨੋਟਬੰਦੀ ਦੌਰਾਨ ਸੰਪਤੀ ਦੀ ਅਦਲਾ-ਬਦਲੀ ਕਰਨ ਵਾਲੇ ਲੋਕਾਂ ਦੀ ਛਾਣਬੀਣ ਵੀ ਕਰੇਗਾ। ਇਵੇਂ ਹੀ ਬੈਂਕਾਂ ਵਿਚ ਢਾਈ ਲੱਖ ਤੋਂ ਵੱਧ ਦੀ ਰਕਮ ਜਮ੍ਹਾਂ ਕਰਾਉਣ ਵਾਲੇ ਲੋਕਾਂ ਦੀ ਵੀ ਜਵਾਬਦੇਹੀ ਹੋਵੇਗੀ। ਸੂਤਰਾਂ ਅਨੁਸਾਰ ਕੇਂਦਰ ਸਰਕਾਰ ਨੇ ਆਮਦਨ ਕਰ ਮਹਿਕਮੇ ਨੂੰ ਸਰਕੂਲਰ ਜਾਰੀ ਕਰ ਦਿੱਤਾ ਹੈ, ਜਿਸ ਤਹਿਤ ਮਹਿਕਮੇ ਵੱਲੋਂ ਨੋਟਬੰਦੀ ਦੌਰਾਨ ਉਸ ਸੰਪਤੀ ਦਾ ਰਿਕਾਰਡ ਛਾਣਿਆ ਜਾਵੇਗਾ ਜਿਸ ਦੀ ਕੀਮਤ 30 ਲੱਖ ਰੁਪਏ ਤੋਂ ਉਪਰ ਹੋਵੇਗੀ। ਮਾਲ ਮਹਿਕਮਾ ਪੰਜਾਬ ਤੋਂ 17 ਜਨਵਰੀ ਤੱਕ 30 ਲੱਖ ਤੋਂ ਉਪਰ ਵਾਲੇ ਵਸੀਲਿਆਂ ਦੇ ਵੇਰਵੇ ਲਏ ਜਾਣੇ ਹਨ।

ਕੇਂਦਰੀ ਵਿੱਤ ਮੰਤਰਾਲੇ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਬੇਨਾਮੀ ਲੈਣ ਦੇਣ ਰੂਲਜ਼ 1988 ਵਿਚ ਸੋਧ ਕੀਤੀ ਗਈ ਹੈ, ਜਿਸ ਨੂੰ ਨਵੇਂ ਰੂਪ ਵਿਚ ਹੁਣ ਪਹਿਲੀ ਨਵੰਬਰ 2016 ਤੋਂ ਲਾਗੂ ਕੀਤਾ ਗਿਆ ਹੈ। ਇਸ ਤਹਿਤ ਬੇਨਾਮੀ ਸੰਪਤੀ ਨੂੰ ਜ਼ਬਤ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ ਹੈ। ਸਵੈ-ਇੱਛਕ ਤੌਰ 'ਤੇ ਆਮਦਨ ਦਾ ਐਲਾਨ ਕਰਨ ਦੀ ਸਕੀਮ ਵੀ ਪਹਿਲੀ ਜੂਨ 2016 ਨੂੰ ਸ਼ੁਰੂ ਕੀਤੀ ਗਈ ਸੀ, ਜੋ ਕਿ 30 ਸਤੰਬਰ 2016 ਨੂੰ ਬੰਦ ਹੋ ਗਈ ਸੀ। ਉਸ ਮਗਰੋਂ ਨੋਟਬੰਦੀ 8 ਨਵੰਬਰ ਨੂੰ ਲਾਗੂ ਕਰ ਦਿੱਤੀ ਗਈ ਹੈ। ਅਗਲਾ ਕਦਮ ਬੇਨਾਮੀ ਸੰਪਤੀ ਦਾ ਹੈ।

ਸੂਤਰਾਂ ਅਨੁਸਾਰ ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਜੋ ਬੇਨਾਮੀ ਸੰਪਤੀ ਹੈ, ਉਸ ਦੀ ਸੂਹ ਲੈਣੀ ਆਮਦਨ ਕਰ ਮਹਿਕਮੇ ਨੇ ਸ਼ੁਰੂ ਕਰ ਦਿੱਤੀ ਹੈ। 17 ਜਨਵਰੀ ਮਗਰੋਂ ਨੋਟਬੰਦੀ ਦੌਰਾਨ ਵੱਧ ਰਾਸ਼ੀ ਜਮ੍ਹਾਂ ਕਰਾਉਣ ਵਾਲੇ ਲੋਕਾਂ ਦੀ ਸੰਪਤੀ ਦੀ ਜਾਂਚ ਕੀਤੀ ਜਾਵੇਗੀ। ਇਸੇ ਦੌਰਾਨ ਹੀ ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਾ ਕਰ ਕੇ ਸੰਪਤੀ ਨੱਪਣ ਵਾਲੇ ਲੋਕਾਂ ਦੀ ਸ਼ਨਾਖ਼ਤ ਹੋਵੇਗੀ। ਪੰਜਾਬ ਵਿਚ ਪੁਲਿਸ ਤੇ ਸਿਵਲ ਦੇ ਵੱਡੇ ਅਫਸਰਾਂ ਤੋਂ ਇਲਾਵਾ ਧਨਾਢ ਲੋਕਾਂ ਨੇ ਬੇਨਾਮੀ ਸੰਪਤੀ ਦੀ ਅਦਲਾ-ਬਦਲੀ ਸ਼ੁਰੂ ਕਰ ਦਿੱਤੀ ਹੈ। ਬਹੁਤੇ ਬੇਨਾਮੀ ਸੰਪਤੀ ਦੇ ਮਾਲਕ ਕਸੂਤੇ ਫਸ ਗਏ ਹਨ। ਮਨਿਸਟੀਰੀਅਲ ਸਟਾਫ ਦੀ 25 ਅਕਤੂਬਰ ਤੋਂ ਪੰਜਾਬ ਭਰ ਵਿਚ ਹੜਤਾਲ ਚੱਲ ਰਹੀ ਹੈ, ਜਿਸ ਕਰ ਕੇ ਰਜਿਸਟਰੀਆਂ ਦਾ ਕੰਮ ਮੁਕੰਮਲ ਰੂਪ ਵਿਚ ਬੰਦ ਪਿਆ ਹੈ।

### ਸੰਪਤੀ ਦੀ ਅਦਲਾ-ਬਦਲੀ ਵਾਲਿਆਂ ਦੀਆਂ ਵਿਉਂਤਾਂ ਫੇਲ੍ਹ

**ਬਠਿੰਡਾ:** ਕੇਂਦਰ ਦੇ ਹੱਲੇ ਤੋਂ ਪਹਿਲਾਂ ਜੋ ਧਨਾਢ ਲੋਕ ਆਪਣੀ ਬੇਨਾਮੀ ਸੰਪਤੀ ਦੀ ਅਦਲਾ-ਬਦਲੀ ਕਰਨ ਦੀ ਤਾਕ ਵਿਚ ਸਨ, ਉਨ੍ਹਾਂ ਦੀਆਂ ਵਿਉਂਤਾਂ ਉਤੇ ਹੜਤਾਲ ਨੇ ਪਾਣੀ ਫੇਰ ਦਿੱਤਾ ਹੈ। ਆਮਦਨ ਕਰ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬੇਨਾਮੀ ਸੰਪਤੀ ਦੀ ਨਜ਼ਰਸਾਨੀ ਸ਼ੁਰੂ ਹੋ ਗਈ ਹੈ ਅਤੇ ਨੋਟਬੰਦੀ ਦੌਰਾਨ ਹੋਣ ਵਾਲੀਆਂ ਵੱਡੀਆਂ ਰਜਿਸਟਰੀਆਂ ਦਾ ਹਿਸਾਬ ਕਿਤਾਬ ਮੰਗਿਆ ਜਾਵੇਗਾ। ਜ਼ਿਲ੍ਹਾ ਮਾਲ ਅਫਸਰ ਮੁਕਤਸਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਮੁਲਾਜ਼ਮਾਂ ਦੀ ਹੜਤਾਲ ਕਾਰਨ ਰਜਿਸਟਰੀਆਂ ਦਾ ਕੰਮ ਬੰਦ ਪਿਆ ਹੈ, ਜਿਸ ਕਰ ਕੇ ਸਰਕਾਰ ਨੂੰ ਹੋਣ ਵਾਲੀ ਆਮਦਨ ਨੂੰ ਵੀ ਸੱਟ ਵੱਜੀ ਹੈ। ਇਨ੍ਹਾਂ ਦਿਨਾਂ ਵਿਚ ਕੋਈ ਵੀ ਰਜਿਸਟਰੀ ਨਹੀਂ ਹੋ ਰਹੀ ਹੈ।

# ਸਿੱਖ ਕਤਲੇਆਮ: ਅੱਠ ਹੋਰ ਕੇਸਾਂ ਦੀ ਮੁੜ ਜਾਂਚ ਕਰੇਗੀ 'ਸਿੱਟ'

**ਨਵੀਂ ਦਿੱਲੀ:** ਸਾਲ 1984 ਦੌਰਾਨ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਸਬੰਧੀ ਗ੍ਰਹਿ ਮੰਤਰਾਲੇ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਅੱਠ ਹੋਰ ਕੇਸਾਂ ਦੀ ਮੁੜ ਜਾਂਚ ਕਰੇਗੀ, ਜਿਸ ਨਾਲ ਮੁੜ ਜਾਂਚ ਹੋਣ ਵਾਲੇ ਕੇਸਾਂ ਦੀ ਗਿਣਤੀ 58 ਹੋ ਜਾਵੇਗੀ। ਕੇਂਦਰ ਸਰਕਾਰ ਦਾ ਇਹ ਫੈਸਲਾ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਆਇਆ, ਜਿਥੇ ਅਕਾਲੀ-ਭਾਜਪਾ ਗੱਠਜੋੜ ਦਸ ਸਾਲ ਤੋਂ ਸੱਤਾ ਵਿਚ ਹੋਣ ਦੇ ਬਾਵਜੂਦ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

ਇਸ ਤੋਂ ਪਹਿਲਾਂ ਗ੍ਰਹਿ ਮੰਤਰਾਲੇ ਨੇ 30 ਜੁਲਾਈ ਨੂੰ ਅਜਿਹੇ 22 ਕੇਸ ਅਤੇ ਅਗਸਤ ਮਹੀਨੇ 28 ਹੋਰ ਕੇਸ ਮੁੜ ਜਾਂਚ ਲਈ ਐਸ.ਆਈ.ਟੀ. ਨੂੰ ਸੌਂਪੇ ਸਨ। ਸਿੱਖ ਕਤਲੇਆਮ ਸਬੰਧੀ ਦਿੱਲੀ ਵਿਚ 650 ਕੇਸ ਦਰਜ ਕੀਤੇ ਗਏ ਸਨ। ਇਸ ਦੌਰਾਨ 3325 ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿਚੋਂ 2733 ਮੌਤਾਂ ਦਿੱਲੀ ਵਿਚ ਹੀ ਹੋਈਆਂ ਸਨ।

ਇਸ ਤੋਂ ਇਲਾਵਾ ਉਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਹੋਰਨਾਂ ਸੂਬਿਆਂ ਵਿਚ ਵੀ ਦੰਗੇ ਭੜਕੇ ਸਨ। ਦਿੱਲੀ ਪੁਲਿਸ ਹੁਣ ਤੱਕ ਸਬੂਤਾਂ ਦੀ ਘਾਟ ਕਾਰਨ 241 ਕੇਸ ਬੰਦ ਕਰ ਚੁੱਕੀ ਹੈ। ਜਸਟਿਸ ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ 'ਤੇ ਚਾਰ ਕੇਸ ਮੁੜ ਖੋਲ੍ਹੇ ਗਏ ਸਨ, ਪਰ ਭਾਜਪਾ ਸਾਰੇ ਕੇਸਾਂ ਦੀ ਮੁੜ ਜਾਂਚ ਕਰਵਾਉਣਾ ਚਾਹੁੰਦੀ ਹੈ। ਸੀ.ਬੀ.ਆਈ. ਨੇ ਕੇਵਲ ਚਾਰ ਕੇਸਾਂ ਨੂੰ ਮੁੜ ਖੋਲ੍ਹਿਆ ਅਤੇ ਮੁੜ ਜਾਂਚ ਕੀਤੀ ਹੈ।

# ਅੰਮ੍ਰਿਤਸਰ 'ਚ ਤਾਇਨਾਤ ਹੋਵੇਗੀ 'ਵਿਸ਼ੇਸ਼ ਟੂਰਿਸਟ ਪੁਲਿਸ'

**ਚੰਡੀਗੜ੍ਹ:** ਪਵਿੱਤਰ ਨਗਰੀ ਅੰਮ੍ਰਿਤਸਰ ਆਉਣ ਵਾਲੇ ਯਾਤਰੀਆਂ ਦੀ ਸਹੂਲਤ ਲਈ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 'ਵਿਸ਼ੇਸ਼ ਟੂਰਿਸਟ ਪੁਲਿਸ' ਤਾਇਨਾਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ ਜੋ ਯਾਤਰੀਆਂ ਦੀ ਆਰਾਮਦਾਇਕ ਠਹਿਰ ਨੂੰ ਯਕੀਨੀ ਬਣਾਉਣ ਵਿਚ ਸਹਾਇਤਾ ਕਰਨਗੇ।

ਇਸ ਬਾਰੇ ਫੈਸਲਾ ਸ. ਬਾਦਲ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਸੱਭਿਆਚਾਰਕ ਅਤੇ ਸੈਰ-ਸਪਾਟਾ ਵਿਕਾਸ ਅਥਾਰਟੀ (ਏ.ਸੀ.ਟੀ.ਡੀ.ਏ) ਦੀ ਹੋਈ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਨੇ ਆਖਿਆ ਕਿ ਇਨ੍ਹਾਂ ਪੁਲਿਸ ਜਵਾਨਾਂ ਨੂੰ ਪੁਲਿਸ ਫੋਰਸ ਤੋਂ ਤਾਇਨਾਤ ਕਰ ਕੇ ਪਵਿੱਤਰ ਨਗਰੀ ਆਉਣ ਵਾਲੇ ਯਾਤਰੀਆਂ ਦੀ ਸਹਾਇਤਾ ਦਾ ਕਾਰਜ ਸੌਂਪਿਆ ਜਾਵੇ। ਮੁੱਖ ਮੰਤਰੀ ਨੇ 'ਵਿਸ਼ੇਸ਼ ਟੂਰਿਸਟ ਪੁਲਿਸ' ਲਈ ਖ਼ਾਸ ਤੌਰ 'ਤੇ ਸਿਖਲਾਈ ਤੇ ਕੋਰਸ ਕਰਵਾਉਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਆਖਿਆ ਕਿ ਇਸ ਨਾਲ ਇਹ ਆਪਣੀ ਡਿਊਟੀ ਨੂੰ ਹੋਰ ਪ੍ਰਭਾਵੀ ਢੰਗ ਨਾਲ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਇਹ ਵਿਕਾਸ ਅਥਾਰਟੀ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੀ ਪ੍ਰਸ਼ਾਸਕੀ ਨਿਗਰਾਨੀ ਹੇਠ ਗਠਿਤ ਕੀਤੀ ਗਈ ਹੈ ਤਾਂ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਿਰ, ਸ੍ਰੀ ਰਾਮ ਤੀਰਥ ਕੰਪਲੈਕਸ ਦੇ ਆਲੇ-ਦੁਆਲੇ, ਟਾਊਨ ਹਾਲ, ਗੋਬਿੰਦਗੜ੍ਹ ਕਿਲ੍ਹਾ ਅਤੇ ਅਰਬਨ ਹਾਟ ਵਿਖੇ ਯਾਤਰੀਆਂ ਲਈ ਨਵੀਆਂ ਸਿਰਜੀਆਂ ਸਹੂਲਤਾਂ ਦਾ ਰੱਖ-ਰਖਾਅ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ, ਸ੍ਰੀ ਰਾਮ ਤੀਰਥ ਕੰਪਲੈਕਸ ਅਤੇ ਗੋਬਿੰਦਗੜ੍ਹ ਕਿਲ੍ਹਾ ਦੇ ਆਲੇ-ਦੁਆਲੇ ਦਾ ਲਗਪਗ 500 ਤੋਂ 750 ਮੀਟਰ ਖੇਤਰ ਇਸ ਅਥਾਰਟੀ ਦੇ ਅਧਿਕਾਰ ਖੇਤਰ ਹੇਠ ਹੋਵੇਗਾ ਜਿਸ ਨੂੰ ਇਸ ਖੇਤਰ ਦੇ ਸਮੁੱਚੇ ਵਿਕਾਸ ਕੰਮਾਂ ਲਈ ਅਧਿਕਾਰਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਵਿਚ ਨਵੇਂ ਪ੍ਰਾਜੈਕਟਾਂ ਦਾ ਉਦਘਾਟਨ ਹੋਣ ਨਾਲ ਪਵਿੱਤਰ ਨਗਰੀ ਵਿਚ ਸੈਰ-ਸਪਾਟਾ ਨੂੰ ਬਹੁਤ ਵੱਡਾ ਹੁਲਾਰਾ ਮਿਲੇਗਾ। ਨਵੇਂ ਪ੍ਰਾਜੈਕਟਾਂ ਨੇ ਸ਼ਹਿਰ ਨੂੰ ਨਵਾਂ ਰੂਪ ਦਿੱਤਾ ਹੈ ਜਦਕਿ ਸਦੀਆਂ ਪੁਰਾਣੀ ਦਿੱਖ ਵੀ ਸੰਭਾਲੀ ਗਈ ਹੈ।


## Matrimonial

### ਵਰ ਦੀ ਲੋੜ ਹੈ

Wanted suitable well educated match for U.S. Citizen Jatt Sikh girl 26, 5'-5" Bachelor of Science. Contact: 601-842-4839 or email: mrandhawa9@gmail.com 48-51

### ਕੰਨਿਆ ਦੀ ਲੋੜ ਹੈ

Wanted suitable girl for Hindu Khatri fair, smart & handsome boy 29, 5'-7". Engineer by profession, Owns IT business in India and US. Caste no bar. Call 209-658-0514 or Email: om.munishsehgal@gmail.com 48-51

Well settled, financially independent, Jat Sikh Family of business owners and doctors living in the USA for past 50yrs seeking a suitable match for their son 27, 6'-3", completing his 2nd year of medical residency training. Charming, athletic with down to earth values and fully aware of both Punjabi and English cultures. Western born match Preferred. Cont. balkar76@gmail.com 47-50

Wanted suitable NRI girl for handsome, fair complexion Ramdasia Sikh boy 28, 5'-9", I.T.I. in Electronics, working in Dubai. Sister settled in CA, U.S.A. Contact: 0091-99152-19146 (India) or 408-915-1268 (U.S.A.) 46-49

Wanted suitable match for US born Ramgariah Sikh boy, 33 years, 5'-10", Sr. Financial Analyst. Contact: jsnov1973@aol.com 40/4

### ਜੀਵਨ ਸਾਥੀ ਦੀ ਲੋੜ

Wanted traditional, simple & sincere girl for a boy in late 40s, 5'- 6" teaching professional, having legal US status. Caste no bar. Radhasoamie, Fijian, Divorcee/Widow can be considered. Only serious inquiries. Email details & photo: commoncartoon@gmail.com or call Ph: 323-351-5737 47-50

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605
www.princebarbershop.com


ਇੰਡੀਅਨ ਰੈਸਟੋਰੈਂਟ ਵਿਕਾਊ ਹੈ
ਕੈਨਸਸ ਸਟੇਟ ਵਿਚ ਵਧੀਆ ਚੱਲਦਾ
ਇੰਡੀਅਨ ਰੈਸਟੋਰੈਂਟ ਵਿਕਾਊ ਹੈ
75 ਸੀਟਾਂ, ਚੰਗੀ ਆਮਦਨ
ਸੰਪਰਕ ਕਰੋ: 316-305-1818

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838
ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

# ਕਾਨਪੁਰ ਨੇੜੇ ਭਿਆਨਕ ਰੇਲ ਹਾਦਸੇ 'ਚ 146 ਮੁਸਾਫਰ ਹਲਾਕ




**ਪੁਖਰਾਈਆਂ (ਯੂ.ਪੀ.):** ਕਾਨਪੁਰ ਦਿਹਾਤੀ ਇਲਾਕੇ ਵਿਚ ਵਾਪਰੇ ਭਿਆਨਕ ਰੇਲ ਹਾਦਸੇ ਵਿਚ 146 ਮੁਸਾਫਰ ਮਾਰੇ ਗਏ ਜਦੋਂ ਕਿ 200 ਤੋਂ ਵੱਧ ਜਖਮੀ ਹੋ ਗਏ। ਪਟਨਾ ਜਾ ਰਹੀ ਇੰਦੌਰ-ਪਟਨਾ ਐਕਸਪ੍ਰੈਸ ਦੇ 14 ਡੱਬੇ ਲੀਹੋਂ ਲੱਥ ਗਏ ਜਿਨ੍ਹਾਂ 'ਚੋਂ ਚਾਰ ਸਲੀਪਰ ਡੱਬੇ ਬੁਰੀ ਤਰ੍ਹਾਂ ਨੁਕਸਾਨੇ ਗਏ। ਇਨ੍ਹਾਂ ਚਾਰ ਡੱਬਿਆਂ ਵਿਚੋਂ ਐਸ1 ਅਤੇ ਐਸ2 ਡੱਬੇ ਇਕ-ਦੂਜੇ 'ਤੇ ਚੜ੍ਹ ਗਏ ਅਤੇ ਜ਼ਿਆਦਾਤਰ ਮੌਤਾਂ ਇਨ੍ਹਾਂ ਡੱਬਿਆਂ 'ਚ ਹੋਈਆਂ ਹਨ। ਇਨ੍ਹਾਂ ਡੱਬਿਆਂ 'ਚ ਲੋਕ ਜ਼ੋਰਦਾਰ ਝਟਕਾ ਲੱਗਣ ਅਤੇ ਹਨੇਰਾ ਹੋਣ ਕਾਰਨ ਇਕ-ਦੂਜੇ ਉਪਰ ਡਿੱਗ ਪਏ ਅਤੇ ਡੱਬਿਆਂ ਅੰਦਰ ਹੀ ਫਸ ਗਏ।

ਹਾਦਸੇ ਮਗਰੋਂ ਰੇਲ ਰਾਜ ਮੰਤਰੀ ਮਨੋਜ ਸਿਨਹਾ ਮੌਕੇ 'ਤੇ ਪਹੁੰਚ ਗਏ ਜਿਨ੍ਹਾਂ ਖ਼ਦਸ਼ਾ ਜਤਾਇਆ ਕਿ ਪਟੜੀ ਟੁੱਟੀ ਹੋਣ ਕਾਰਨ ਡੱਬੇ ਲੀਹੋਂ ਲੱਥੇ। ਉਨ੍ਹਾਂ ਹਾਦਸੇ ਦੇ ਕਾਰਨਾਂ ਦੀ ਜਾਂਚ ਦੇ ਹੁਕਮ ਦਿੱਤੇ ਅਤੇ ਚਿਤਾਵਨੀ ਦਿੱਤੀ ਕਿ ਜਿਹੜਾ ਵੀ ਕੋਤਾਹੀ ਲਈ ਜ਼ਿੰਮੇਵਾਰ ਪਾਇਆ ਗਿਆ, ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਰੇਲਵੇ ਬੋਰਡ ਦੇ ਮੈਂਬਰ (ਇੰਜੀਨੀਅਰਿੰਗ) ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨਗੇ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਹਾਦਸੇ ਤੋਂ ਬਾਅਦ ਚਾਰ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਜਦਕਿ 14 ਦੇ ਰੂਟ ਬਦਲ ਦਿੱਤੇ ਗਏ।

ਹਾਦਸੇ ਦੀ ਭਿਆਨਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕਈ ਡੱਬੇ ਤਾਂ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਮਰਨ ਵਾਲਿਆਂ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਰੇਲ ਮੰਤਰੀ ਵੱਲੋਂ ਉਚਿਤ ਮੁਆਵਜ਼ੇ ਅਤੇ ਰਾਹਤ ਦੇਣ ਦਾ ਐਲਾਨ ਕਰਨ ਦੇ ਨਾਲ ਨਾਲ ਹਾਦਸੇ ਦੇ ਕਾਰਨਾਂ ਦੀ ਉਚ ਪੱਧਰੀ ਜਾਂਚ ਕਰਵਾਉਣ ਦੇ ਆਦੇਸ਼ ਵੀ ਦਿੱਤੇ ਹਨ। ਪ੍ਰਧਾਨ ਮੰਤਰੀ ਤੋਂ ਇਲਾਵਾ ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਸਰਕਾਰ ਨੇ ਵੀ ਹਾਦਸਾ ਪੀੜਤਾਂ ਨੂੰ ਰਾਹਤ ਪ੍ਰਦਾਨ ਕਰਨ ਦਾ ਐਲਾਨ ਕੀਤਾ ਹੈ।

ਇਸ ਹਾਦਸੇ ਦੇ ਕਾਰਨਾਂ ਦਾ ਸਹੀ ਪਤਾ ਤਾਂ ਭਾਵੇਂ ਰਿਪੋਰਟ ਆਉਣ 'ਤੇ ਹੀ ਲੱਗੇਗਾ, ਪਰ ਰੇਲ ਮੰਤਰਾਲੇ ਅਨੁਸਾਰ ਫ਼ਿਲਹਾਲ ਇਹ ਨੁਕਸਦਾਰ ਰੇਲਵੇ ਟਰੈਕ ਜਾਂ ਰੇਲ ਗੱਡੀ ਦੀ ਅੰਦਰੂਨੀ ਟੁੱਟ-ਭੱਜ ਨਾਲ ਵਾਪਰਿਆ ਮੰਨਿਆ ਜਾ ਰਿਹਾ ਹੈ ਜਦੋਂਕਿ ਹੁਣ ਤੱਕ ਹੁੰਦੇ ਰਹੇ ਹਾਦਸਿਆਂ ਮੌਕੇ ਅਕਸਰ ਹੀ ਇਲਜ਼ਾਮ ਡਰਾਈਵਰ ਜਾਂ ਰੇਲਵੇ ਟਰੈਕ ਦੇ ਨਿਗਰਾਨ ਸਟਾਫ ਸਿਰ ਲਗਦਾ ਰਿਹਾ ਹੈ। ਰੇਲ ਪਟੜੀਆਂ ਨੁਕਸਦਾਰ ਹੋਣ ਕਾਰਨ ਪਹਿਲਾਂ ਵੀ ਕਈ ਰੇਲ ਹਾਦਸੇ ਵਾਪਰੇ ਹਨ। ਕੁਝ ਸਾਲ ਪਹਿਲਾਂ ਹੋਈ ਇਕ ਦੁਰਘਟਨਾ ਦੀ ਜਾਂਚ ਰਿਪੋਰਟ ਵਿਚ ਵੀ ਰੇਲ ਟਰੈਕਾਂ ਦੀ ਮਾੜੀ ਹਾਲਤ ਸਬੰਧੀ ਸੰਕੇਤ ਕੀਤਾ ਗਿਆ ਸੀ, ਪਰ ਇਸ ਦੇ ਬਾਵਜੂਦ ਇਸ ਪਾਸੇ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ। ਇਹੀ ਕਾਰਨ ਹੈ ਕਿ ਰੇਲ ਦੁਰਘਟਨਾਵਾਂ ਨੂੰ ਠੱਲ੍ਹ ਨਹੀਂ ਪੈ ਰਹੀ।

ਪਿਛਲੇ ਕਈ ਦਹਾਕਿਆਂ ਤੋਂ ਕੇਂਦਰ ਦੀਆਂ ਗੱਠਜੋੜ ਸਰਕਾਰਾਂ ਵਿਚ ਭਾਈਵਾਲ ਪਾਰਟੀਆਂ ਦੇ ਰੇਲ ਮੰਤਰੀਆਂ ਵੱਲੋਂ ਰੇਲ ਬਜਟ ਪੇਸ਼ ਕਰਨ ਵੇਲੇ ਸਸਤੀ ਸ਼ੁਹਰਤ ਅਤੇ ਆਪੋ-ਆਪਣੇ ਸੂਬਿਆਂ ਨੂੰ ਤਰਜੀਹ ਦੇਣ ਦੀ ਲਾਲਸਾ ਨੇ ਮੁਸਾਫਰਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਅਣਗੌਲਿਆ ਕਰ ਦਿੱਤਾ ਹੈ। ਰੇਲ ਮੰਤਰੀਆਂ ਵੱਲੋਂ ਨਵੀਆਂ ਰੇਲ ਗੱਡੀਆਂ ਚਲਾਉਣ, ਉਨ੍ਹਾਂ ਦੇ ਗੇੜੇ ਵਧਾਉਣ ਅਤੇ ਰੇਲਵੇ ਦੇ ਵਿਸਥਾਰ ਦੇ ਐਲਾਨ ਤਾਂ ਕੀਤੇ ਜਾਂਦੇ ਹਨ, ਪਰ ਰੇਲਵੇ ਦੀ ਆਮਦਨ ਵਧਾਉਣ ਲਈ ਜ਼ਰੂਰੀ ਕਦਮ ਪੁੱਟਣ ਵਿਚ ਸੰਕੋਚ ਵਰਤਣ ਦੇ ਨਾਲ-ਨਾਲ ਕਿਰਾਇਆ ਵਧਾਉਣ ਤੋਂ ਵੀ ਪਾਸਾ ਵੱਟਿਆ ਜਾਂਦਾ ਰਿਹਾ ਹੈ।

ਸਿੱਟੇ ਵਜੋਂ ਰੇਲਵੇ ਟਰੈਕਾਂ ਦੀ ਮਜ਼ਬੂਤੀ, ਨਵੀਨੀਕਰਨ ਅਤੇ ਸੁਰੱਖਿਆ ਪ੍ਰਬੰਧਾਂ ਵੱਲ ਖ਼ਾਸ ਧਿਆਨ ਨਹੀਂ ਦਿੱਤਾ ਗਿਆ। ਮੁਸਾਫਰ ਸੁਵਿਧਾਵਾਂ ਅਤੇ ਸੁਰੱਖਿਆ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਜਾਂਦਾ ਰਿਹਾ ਹੈ। ਮੋਦੀ ਸਰਕਾਰ ਨੇ ਰੇਲਵੇ ਮੰਤਰਾਲੇ ਅਤੇ ਇਸ ਦੀ ਕਾਰਗੁਜ਼ਾਰੀ ਵਿਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੇ ਦਾਅਵੇ ਕੀਤੇ ਸਨ, ਪਰ ਇਹ ਵੀ ਬੁਲੇਟ ਟਰੇਨ ਸਮੇਤ ਤੇਜ਼ ਰਫਤਾਰ ਗੱਡੀਆਂ ਚਲਾਉਣ ਦੀ ਸਸਤੀ ਸ਼ੁਹਰਤ ਦੇ ਰਾਹ ਪੈ ਗਈ ਅਤੇ ਮੁਸਾਫਰਾਂ ਦੀ ਸੁਰੱਖਿਆ ਨੂੰ ਅਣਗੌਲਿਆ ਕਰ ਦਿੱਤਾ ਗਿਆ ਹੈ। ਪਿਛਲੇ ਦੋ ਰੇਲ ਬਜਟਾਂ ਵਿਚ ਰੇਲ ਮੰਤਰੀ ਪ੍ਰਭੂ ਨੇ ਮੁਸਾਫਰ ਸੁਰੱਖਿਆ ਯਕੀਨੀ ਬਣਾਉਣ ਲਈ ਜੋ ਦਾਅਵੇ ਕੀਤੇ ਸਨ, ਉਹ ਹਾਲੇ ਤੱਕ ਅਮਲੀ ਰੂਪ ਵਿਚ ਸਾਹਮਣੇ ਆਏ ਨਹੀਂ ਦਿਸਦੇ।

# ਚੀਨ ਨੇ ਲੱਭਿਆ ਗੁੰਮਸ਼ੁਦਾ ਬੱਚਿਆਂ ਦੀ ਭਾਲ ਦਾ ਇਹ ਸੌਖਾ ਤਰੀਕਾ...




**ਕਿੰਗਡਾਓ:** ਭਾਰਤ ਵਿਚ ਗੁੰਮਸ਼ੁਦਾ ਬੱਚਿਆਂ ਦੀਆਂ ਤਸਵੀਰਾਂ ਅਕਸਰ ਦੀਵਾਰਾਂ, ਅਖਬਾਰਾਂ ਅਤੇ ਟੀ.ਵੀ. ਉਤੇ ਦੇਖਣ ਨੂੰ ਮਿਲਦੀਆਂ ਹਨ, ਪਰ ਚੀਨ ਵਿਚ ਉਨ੍ਹਾਂ ਨੂੰ ਲੱਭਣ ਲਈ ਇਕ ਕੰਪਨੀ ਨੇ ਅਨੋਖਾ ਤਰੀਕਾ ਕੱਢਿਆ ਹੈ। ਕੰਪਨੀ ਪਾਣੀ ਦੀਆਂ ਬੋਤਲਾਂ 'ਤੇ ਗੁੰਮਸ਼ੁਦਾ ਬੱਚਿਆਂ ਬਾਰੇ ਜਾਣਕਾਰੀ ਛਾਪੇਗੀ। ਇਸ ਉਤੇ ਉਨ੍ਹਾਂ ਦੇ ਫੋਟੋਗ੍ਰਾਫ, ਮਾਪਿਆਂ ਦਾ ਨਾਂ ਅਤੇ ਫੋਨ ਨੰਬਰ ਲਿਖਿਆ ਹੁੰਦਾ ਹੈ।

ਕੰਪਨੀ ਨੇ 'ਬੇਬੀ ਕਮ ਹੋਮ' ਨਾਂ ਨਾਲ ਅਜਿਹੀਆਂ ਪੰਜ ਲੱਖ ਪਾਣੀ ਦੀਆਂ ਬੋਤਲਾਂ ਮਾਰਕਿਟ ਵਿਚ ਭੇਜੀਆਂ ਹਨ। ਤਕਰੀਬਨ 32 ਹਜ਼ਾਰ ਮਾਪੇ ਹੁਣ ਤੱਕ ਆਪਣੇ ਬੱਚਿਆਂ ਦੀ ਤਲਾਸ਼ ਲਈ ਕੰਪਨੀ ਦੀ ਵੈੱਬਸਾਈਟ 'ਤੇ ਰਜਿਸਟਰੇਸ਼ਨ ਕਰਾ ਚੁੱਕੇ ਹਨ। ਕੰਪਨੀ ਦੀ ਇਸ ਪਹਿਲ ਦੇ ਬਾਅਦ ਹੁਣ ਤੱਕ 1704 ਬੱਚੇ ਘਰ ਪਰਤ ਆਏ ਹਨ। ਚੀਨ ਦੇ ਸ਼ਾਨਡਾਂਗ ਸੂਬੇ ਦੇ ਕਿੰਗਡਾਓ ਦੀ ਫੂਡ ਕੰਪਨੀ ਨੇ ਬਾਓਬੇਈਹੁਇਜਾ ਵੈੱਬਸਾਈਟ ਦੇ ਨਾਲ ਮਿਲ ਕੇ ਇਸ ਮੁਹਿੰਮ ਨੂੰ ਸ਼ੁਰੂ ਕੀਤਾ ਹੈ। ਵੈਬਸਾਈਟ ਨੇ ਗੁੰਮਸ਼ੁਦਾ ਬੱਚਿਆਂ ਦਾ ਆਨਲਾਈਨ ਡਾਟਾਬੇਸ ਬਣਾਇਆ ਹੈ, ਜੋ ਗਾਇਬ ਬੱਚਿਆਂ ਨੂੰ ਟਰੈਕ ਕਰਦਾ ਹੈ। ਕੰਪਨੀ ਦੇ ਮੈਨੇਜਰ ਵਾਂਗ ਕਹਿੰਦੇ ਹਨ ਕਿ ਬੱਚਿਆਂ ਦੀ ਤਸਵੀਰ ਅਤੇ ਹੋਰ ਜਾਣਕਾਰੀ ਉਨ੍ਹਾਂ ਦੇ ਪਰਵਾਰ ਦੀ ਆਗਿਆ ਦੇ ਬਾਅਦ ਬੋਤਲ 'ਤੇ ਛਾਪੀ ਗਈ ਹੈ। ਪਰੇਸ਼ਾਨ ਪਰਿਵਾਰਾਂ ਦੀ ਮਦਦ ਲਈ ਬੋਤਲਾਂ ਨੂੰ ਸੁਪਰਮਾਰਕਿਟ, ਰੇਲਵੇ ਸਟੇਸ਼ਨ, ਏਅਰਪੋਰਟ ਅਤੇ ਜਨਤਕ ਸਥਾਨਾਂ 'ਤੇ ਵੇਚਣ ਦਾ ਫੈਸਲਾ ਕੀਤਾ ਗਿਆ ਹੈ। ਪਹਿਲੀ ਖੇਪ ਮਾਰਕਿਟ ਵਿਚ ਸਪਲਾਈ ਕਰ ਦਿੱਤੀ ਗਈ ਹੈ। ਇਸ ਮੁਹਿੰਮ ਦਾ ਮਕਸਦ ਲੋਕਾਂ ਵਿਚ ਮਨੁੱਖੀ ਤਸਕਰੀ ਨੂੰ ਲੈ ਕੇ ਜਾਗਰੂਕਤਾ ਫੈਲਾਉਣਾ ਤੇ ਗੁੰਮਸ਼ੁਦਾ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਨੂੰ ਮਿਲਾਉਣਾ ਹੈ। ਇਕ ਬੋਤਲ 'ਤੇ ਵੱਧ ਤੋਂ ਵੱਧ ਛੇ ਬੱਚਿਆਂ ਬਾਰੇ ਜਾਣਕਾਰੀ ਛਾਪੀ ਗਈ ਹੈ। ਇਸ ਤੋਂ ਵੱਡੀ ਗਿਣਤੀ ਵਿਚ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਲੱਭਣ ਵਿਚ ਮਦਦ ਵੀ ਮਿਲ ਰਹੀ ਹੈ। ਮਾਪੇ ਕੰਪਨੀ ਨੂੰ 'ਸ਼ੁਕਰੀਆ' ਬੋਲ ਰਹੇ ਹਨ। ਇਕ ਮਾਂ ਦਾ ਕਹਿਣਾ ਹੈ ਕਿ ਉਸ ਦਾ ਛੇ ਸਾਲ ਤੋਂ ਗੁੰਮ ਬੇਟਾ ਵਾਪਸ ਆ ਗਿਆ ਹੈ।

ਕੰਪਨੀ ਨੂੰ ਇਹ ਤਰੀਕਾ ਇਕ ਪਿਤਾ ਵੱਲੋਂ ਆਪਣੇ ਬੱਚੇ ਨੂੰ ਲੱਭਣ ਲਈ ਕੀਤੀ ਕੋਸ਼ਿਸ਼ ਤੋਂ ਮਿਲਿਆ। ਨਿਊ ਯਾਰਕ ਦੇ ਇਕ ਪਿਤਾ ਨੇ ਛੇ ਸਾਲਾ ਬੇਟੇ ਨੂੰ ਲੱਭਣ ਲਈ ਦੁੱਧ ਦੇ ਪੈਕੇਟਾਂ 'ਤੇ ਬੇਟੇ ਦੀ ਫੋਟੋਆਂ ਛਾਪ ਕੇ ਸ਼ਹਿਰ ਵਿਚ ਵੰਡੀਆਂ ਸਨ। ਚਾਈਨਾ ਨੈਸ਼ਨਲ ਰੇਡੀਓ ਵੈੱਬਸਾਈਟ ਮੁਤਾਬਕ ਚੀਨ ਵਿਚ ਮਨੁੱਖੀ ਅਤੇ ਅੰਗ ਤਸਕਰੀ ਰੈਕੇਟ ਲਈ ਬੱਚੇ ਪਹਿਲਾ ਨਿਸ਼ਾਨਾ ਹਨ। ਇਥੇ ਲਾਪਤਾ ਹੋਣ ਵਾਲੇ ਬੱਚਿਆਂ ਦਾ ਅੰਕੜਾ ਕਾਫੀ ਜ਼ਿਆਦਾ ਹੈ। ਹਰ ਸਾਲ ਦੇਸ਼ ਵਿਚ ਕਰੀਬ ਦੋ ਲੱਖ ਬੱਚੇ ਗਾਇਬ ਹੁੰਦੇ ਹਨ। ਇਸ ਮੁਹਿੰਮ ਨਾਲ ਬੱਚਿਆਂ ਨੂੰ ਲੱਭਣ ਵਿਚ ਮਦਦ ਮਿਲੇਗੀ।

## ਚੀਨੀ ਕਮਾਲ, ਡਾਕਟਰ ਨੇ ਬਾਂਹ ਵਿਚੋਂ ਕੰਨ ਪੈਦਾ ਕੀਤਾ

**ਬੀਜਿੰਗ:** ਚੀਨ ਵਿਚ ਡਾਕਟਰਾਂ ਵੱਲੋਂ ਕੀਤੀ ਅਨੋਖੀ ਸਰਜਰੀ ਦੀ ਕਾਫੀ ਚਰਚਾ ਹੈ। ਅਸਲ ਵਿਚ ਇਥੋਂ ਦੇ ਡਾਕਟਰ ਨੇ ਹਾਦਸੇ ਵਿਚ ਕੰਨ ਗਵਾਉਣ ਵਾਲੇ ਜ਼ੀਅ ਨਾਮਕ ਨੌਜਵਾਨ ਦਾ ਓਪਰੇਸ਼ਨ ਕਰ ਕੇ ਬਾਂਹ ਉਤੇ ਹੀ ਕੰਨ ਪੈਦਾ ਕਰ ਦਿੱਤਾ। ਚੀਨ ਦੇ ਮੀਡੀਆ ਅਨੁਸਾਰ ਜ਼ੀਅ ਨਾਮਕ ਨੌਜਵਾਨ ਸੜਕ ਹਾਦਸੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਹਾਦਸੇ ਵਿਚ ਉਸ ਦਾ ਕੰਨ ਖਤਮ ਹੋਣ ਦੇ ਨਾਲ-ਨਾਲ ਉਸ ਦੀਆਂ ਪਸਲੀਆਂ ਵੀ ਟੁੱਟ ਗਈਆਂ ਸਨ। ਡਾਕਟਰਾਂ ਨੇ ਜ਼ੀਅ ਨੂੰ ਇਲਾਜ ਤੋਂ ਬਾਅਦ ਪੂਰੀ ਤਰ੍ਹਾਂ ਠੀਕ ਤਾਂ ਕਰ ਦਿੱਤਾ, ਪਰ ਹਾਦਸੇ ਵਿਚ ਖਤਮ ਹੋਇਆ ਕੰਨ ਵਾਪਸ ਨਹੀਂ ਲੈ ਕੇ ਆ ਸਕੇ।



ਇਸ ਦਾ ਜ਼ੀਅ ਨੂੰ ਕਾਫੀ ਅਫਸੋਸ ਵੀ ਸੀ। ਇਸ ਤੋਂ ਬਾਅਦ ਜ਼ੀਅ ਦੀ ਮੁਲਾਕਾਤ ਡਾਕਟਰ ਸ਼ੁਯਾਂਗ ਨਾਲ ਹੋਈ। ਡਾਕਟਰ ਨੇ ਚਾਰ ਮਹੀਨੇ ਦੀ ਮਿਹਨਤ ਤੋਂ ਬਾਅਦ ਜ਼ੀਅ ਦੀ ਬਾਂਹ ਦਾ ਓਪਰੇਸ਼ਨ ਕੀਤਾ ਤੇ ਇਸ ਵਿਚ ਕਾਮਯਾਬੀ ਹਾਸਲ ਕੀਤੀ। ਹਾਲਾਂਕਿ ਇਹ ਕੰਨ ਅਜੇ ਪੂਰੀ ਤਰ੍ਹਾਂ ਪੈਦਾ ਨਹੀਂ ਹੋਇਆ, ਪਰ ਡਾਕਟਰਾਂ ਅਨੁਸਾਰ ਜਦੋਂ ਇਹ ਤਿਆਰ ਹੋ ਜਾਵੇਗਾ ਤਾਂ ਇਸ ਨੂੰ ਕੱਟ ਕੇ ਅਸਲੀ ਕੰਨ ਵਾਲੀ ਥਾਂ ਉਤੇ ਫਿੱਟ ਕਰ ਦਿੱਤਾ ਜਾਵੇਗਾ। ਹਾਲਾਂਕਿ ਪਹਿਲਾਂ ਵੀ ਅਜਿਹੀਆਂ ਸਰਜਰੀਆਂ ਹੋ ਚੁੱਕੀਆਂ ਹਨ, ਪਰ ਜਿੰਨੀ ਛੇਤੀ ਬਾਂਹ ਉਤੇ ਕੰਨ ਪੈਦਾ ਕੀਤਾ ਗਿਆ, ਉਹ ਆਪਣੇ ਆਪ ਵਿਚ ਕਮਾਲ ਹੈ।

# ਸੈਣੀ ਭਾਈਚਾਰੇ ਨੂੰ ਪੱਛੜੇ ਵਰਗਾਂ 'ਚ ਸ਼ਾਮਲ ਕਰਨ ਦੇ ਫੈਸਲੇ ਦਾ ਵਿਰੋਧ

**ਗਰੈਂਡ ਰੈਪਿਡਜ਼, ਮਿਸ਼ੀਗਨ (ਬਿਊਰੋ):** ਸੈਣੀ ਭਾਈਚਾਰੇ ਨੂੰ ਪੱਛੜੇ ਵਰਗਾਂ ਵਿਚ ਸ਼ਾਮਲ ਕਰਨ ਦਾ ਫੈਸਲਾ ਲੈ ਕੇ ਪੰਜਾਬ ਸਰਕਾਰ ਨੇ ਇਸ ਭਾਈਚਾਰੇ ਨਾਲ ਘੋਰ ਅਨਿਆਂ ਕੀਤਾ ਹੈ ਅਤੇ ਇਸ ਫੈਸਲੇ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

ਸੈਣੀ ਸਭਾ, ਮਿਸ਼ੀਗਨ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਦਾ ਇਹ ਫੈਸਲਾ ਨਿਰੋਲ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਇਸ ਦਾ ਮਕਸਦ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਝਾਂਸੇ ਵਿਚ ਲਿਆ ਕੇ ਸੈਣੀ ਭਾਈਚਾਰੇ ਦੀਆਂ ਵੋਟਾਂ ਇਕੱਠੀਆਂ ਕਰਨਾ ਹੈ।

ਜਥੇਬੰਦੀ ਅਨੁਸਾਰ ਪੰਜਾਬ ਸੈਣੀ ਐਸੋਸੀਏਸ਼ਨ ਜਾਂ ਇਸ ਦੇ ਮੌਜੂਦਾ ਚੇਅਰਮੈਨ ਤਰਸੇਮ ਸੈਣੀ ਨੂੰ ਵਿਸ਼ਵ ਭਰ ਵਿਚ ਫੈਲੇ ਸੈਣੀ ਭਾਈਚਾਰੇ ਨੂੰ ਇਕ ਪੱਛੜਿਆ ਵਰਗ ਐਲਾਨ ਕਰਵਾਉਣਾ ਨਿਰੋਲ ਇਕ ਪਾਸੜ ਫੈਸਲਾ ਹੈ ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

ਸੈਣੀ ਸਭਾ, ਮਿਸ਼ੀਗਨ ਨੇ ਪੰਜਾਬ ਸਰਕਾਰ ਨੂੰ ਇਹ ਫੈਸਲਾ ਤੁਰਤ ਵਾਪਸ ਲੈਣ ਦੀ ਅਪੀਲ ਕੀਤੀ ਹੈ ਅਤੇ ਸਵਾਲ ਉਠਾਇਆ ਹੈ ਕਿ ਭਲਾ ਪੰਜਾਬ ਸੈਣੀ ਐਸੋਸੀਏਸ਼ਨ ਦੇ ਮੈਂਬਰ ਹੈ ਹੀ ਕਿਤਨੇ ਕੁ? ਸਿਰਫ ਕਿਸੇ ਗੈਰ-ਸਰਕਾਰੀ ਜਥੇਬੰਦੀ ਨਾਲ ਸੈਣੀ ਜੋੜ ਦੇਣ ਨਾਲ ਮੁੱਠੀ ਭਰ ਮੈਂਬਰਾਂ ਦੀ ਜਥੇਬੰਦੀ ਸਾਰੇ ਸੈਣੀ ਭਾਈਚਾਰੇ ਦੀ ਪ੍ਰਤੀਨਿਧ ਨਹੀਂ ਅਖਵਾ ਸਕਦੀ ਅਤੇ ਇਹ ਸਿਰਫ ਆਪਣੇ ਜਾਤੀ ਮੁਫਾਦ ਲਈ ਭਾਈਚਾਰੇ ਦਾ ਅਕਸ ਖਰਾਬ ਕਰ ਰਹੀ ਹੈ।

ਸਭਾ ਦੇ ਇਕ ਸਰਗਰਮ ਮੈਂਬਰ ਸੰਨੀ ਧੂੜ ਨੇ ਕਿਹਾ ਹੈ ਕਿ ਵਰਗੀਕਰਨ ਦਾ ਸਿਸਟਮ ਭਾਰਤ ਅਤੇ ਪੰਜਾਬ ਵਿਚ ਚਿਰੋਕਣਾ ਖਤਮ ਹੋ ਚੁਕਾ ਹੈ। ਪੰਜਾਬ ਦੀ ਮੌਜੂਦਾ ਅਕਾਲੀ ਸਰਕਾਰ ਨੂੰ ਇਹ ਪ੍ਰਣਾਲੀ ਮੁੜ ਖੜ੍ਹੀ ਕਰਨ 'ਤੇ ਸ਼ਰਮ ਆਉਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਸਮਾਜ ਵਿਚ ਵੰਡੀਆਂ ਪੈਣ ਤੋਂ ਬਿਨਾ ਕੁਝ ਨਹੀਂ ਹੁੰਦਾ। ਸੈਣੀ ਭਾਈਚਾਰਾ ਆਪਣੇ ਹਿੰਮਤੀ ਸੁਭਾਅ ਕਰਕੇ ਜਾਣਿਆ ਜਾਂਦਾ ਹੈ ਅਤੇ ਇਸ ਦੇ ਸੈਂਕੜੇ ਮੈਂਬਰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਅੰਦਰ ਕਾਰੋਬਾਰੀ ਅਤੇ ਹੋਰਨਾਂ ਖੇਤਰਾਂ ਵਿਚ ਮੱਲਾਂ ਮਾਰ ਚੁਕੇ ਹਨ, ਇਸ ਲਈ ਇਸ ਨੂੰ ਪੱਛੜੇ ਕਰਾਰ ਦੇਣਾ ਇਸ ਨਾਲ ਧੱਕਾ ਹੈ।

## ਐਨ.ਆਈ.ਏ. ਵੱਲੋਂ ਜ਼ਾਕਿਰ ਨਾਇਕ ਵਿਰੁਧ ਸਖਤੀ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ. ) ਨੇ ਅਤਿਵਾਦ ਵਿਰੋਧੀ ਕਾਨੂੰਨ ਤਹਿਤ ਪਾਬੰਦੀਸ਼ੁਦਾ ਇਸਲਾਮਿਕ ਰਿਸਰਚ ਫਾਊਂਡੇਸ਼ਨ (ਆਈ.ਆਰ.ਐਫ.) ਦੇ ਸੰਸਥਾਪਕ ਜ਼ਾਕਿਰ ਨਾਇਕ ਤੇ ਹੋਰਾਂ ਖਿਲਾਫ਼ ਮਾਮਲਾ ਦਰਜ ਕਰਨ ਦੇ ਬਾਅਦ ਇਸਲਾਮਿਕ ਰਿਸਰਚ ਦੇ 12 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜਾਂਚ ਏਜੰਸੀ ਦੀ ਮੁੰਬਈ ਸ਼ਾਖਾ ਵੱਲੋਂ ਸਥਾਨਕ ਪੁਲਿਸ ਦੀ ਮਦਦ ਨਾਲ ਤਲਾਸ਼ੀ ਸ਼ੁਰੂ ਕੀਤੀ ਗਈ।



ਤਲਾਸ਼ੀ ਦੌਰਾਨ ਐਨ.ਆਈ.ਏ. ਨੇ 12 ਲੱਖ ਦੀ ਰਾਸ਼ੀ ਅਤੇ ਜ਼ਰੂਰੀ ਦਸਤਾਵੇਜ਼ ਬਰਾਮਦ ਕੀਤੇ। ਕੇਂਦਰੀ ਮੰਤਰੀ ਮੰਡਲ ਵੱਲੋਂ ਆਈ. ਆਰ.ਐਫ. ਨੂੰ ਪਾਬੰਦੀਸ਼ੁਦਾ ਸੰਗਠਨ ਐਲਾਨੇ ਤੋਂ ਕੁਝ ਦਿਨਾਂ ਬਾਅਦ ਜਾਂਚ ਏਜੰਸੀ ਦੀ ਇਹ ਕਾਰਵਾਈ ਸਾਹਮਣੇ ਆਈ ਹੈ। ਨਾਇਕ ਜੋ ਗ੍ਰਿਫਤਾਰੀ ਤੋਂ ਬਚਣ ਲਈ ਦੇਸ਼ ਤੋਂ ਬਾਹਰ ਰਹਿ ਰਿਹਾ ਹੈ, ਦੇ ਭਾਸ਼ਣਾਂ 'ਤੇ ਮਲੇਸ਼ੀਆ, ਬਰਤਾਨੀਆ ਤੇ ਕੈਨੇਡਾ 'ਚ ਰੋਕ ਲਗਾਈ ਗਈ ਹੈ। ਗ੍ਰਹਿ ਮੰਤਰਾਲੇ ਨੂੰ ਅਤਿਵਾਦ ਦਾ ਪ੍ਰਚਾਰ ਕਰਨ ਵਾਲੇ ਅੰਤਰਰਾਸ਼ਟਰੀ ਇਸਲਾਮੀ ਚੈਨਲ 'ਪੀਸ ਟੀ.ਵੀ.' ਨਾਲ ਐਨ.ਜੀ.ਓ. (ਇਸਲਾਮਿਕ ਰਿਸਰਚ ਫਾਊਂਡੇਸ਼ਨ) ਦੇ ਸਬੰਧਾਂ ਦਾ ਪਤਾ ਚੱਲਿਆ ਸੀ। ਗ੍ਰਹਿ ਮੰਤਰਾਲੇ ਅਨੁਸਾਰ ਨਾਇਕ ਨੇ ਕਈ ਭੜਕਾਊ ਭਾਸ਼ਣ ਦਿੱਤੇ ਤੇ ਉਹ ਅਤਿਵਾਦ ਦੇ ਪ੍ਰਚਾਰ 'ਚ ਵੀ ਸ਼ਾਮਲ ਰਿਹਾ।

# ਛੋਟੀ ਉਮਰੇ ਵਲੈਤ ਵੱਸਣ ਵਾਲਾ ਪਹਿਲਾ ਸਿੱਖ ਸੀ ਮਹਾਰਾਜਾ ਦਲੀਪ ਸਿੰਘ



**ਲੰਡਨ:** ਭਾਰਤ ਨੇ ਕਈ ਸਾਲਾਂ ਤੱਕ ਇੰਗਲੈਂਡ ਦੀ ਗੁਲਾਮੀ ਝੱਲੀ ਤੇ ਅੱਜ 7 ਲੱਖ ਤੋਂ ਵੱਧ ਭਾਰਤੀ ਅੰਗਰੇਜ਼ਾਂ ਦੀ ਧਰਤੀ ਉਤੇ ਵਸਦੇ ਹਨ। 2011 ਦੀ ਮਰਦਮਸ਼ੁਮਾਰੀ ਮੁਤਾਬਕ 7,32,429 ਸਿੱਖ ਯੂ.ਕੇ. ਵਿਚ ਵੱਸਦੇ ਹਨ, ਜਿਨ੍ਹਾਂ ਵਿਚੋਂ 4,20,196 ਇਕੱਲੇ ਸਿੱਖ ਇੰਗਲੈਂਡ ਵਿਚ ਹੀ ਰਹਿੰਦੇ ਸਨ।

ਅੰਗਰੇਜ਼ਾਂ ਦੀ ਧਰਤੀ 'ਤੇ ਸਥਾਪਤ ਹੋਣ ਵਾਲਾ ਪਹਿਲਾ ਸਿੱਖ ਸਿਰਫ 15 ਸਾਲ ਦਾ ਸੀ ਤੇ ਨਾਂ ਸੀ ਮਹਾਰਾਜਾ ਦਲੀਪ ਸਿੰਘ। ਸ਼ੇਰ-ਏ-ਪੰਜਾਬ ਦਾ ਰਾਜ ਹੜੱਪਣ ਦੀ ਮਨਸ਼ਾ ਨਾਲ 15 ਸਾਲਾ ਮਹਾਰਾਜੇ ਨੂੰ ਭਾਵੇਂ ਧੋਖੇ ਨਾਲ ਇੰਗਲੈਂਡ ਭੇਜਿਆ ਗਿਆ ਸੀ, ਪਰ ਅੰਗਰੇਜ਼ਾਂ ਦੇ ਦੇਸ਼ ਵਿਚ ਸਿੱਖਾਂ ਦਾ ਦਾਖਲਾ ਇਕ ਤਾਕਤਵਰ ਜ਼ਰੀਆ ਬਣਿਆ ਸੀ ਮਹਾਰਾਜਾ ਦਲੀਪ ਸਿੰਘ। ਅੰਗਰੇਜ਼ਾਂ ਨੇ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ 15 ਸਾਲ ਦੀ ਉਮਰ ਵਿਚ ਮਹਾਰਾਣੀ ਵਿਕਟੋਰੀਆ ਦੀ ਦੇਖ-ਰੇਖ ਵਿਚ ਪਲਣ ਲਈ ਇੰਗਲੈਂਡ ਭੇਜ ਦਿੱਤਾ ਸੀ। ਮਹਾਰਾਜੇ ਨੂੰ ਆਪਣੀ ਮਾਂ ਮਹਾਰਾਣੀ ਜਿੰਦ ਕੌਰ ਤੋਂ ਜੁਦਾ ਕਰਨ ਤੇ ਇਸਾਈ ਬਣਾਉਣ ਤੱਕ ਦੀ ਦਰਦਨਾਕ ਤੇ ਲੰਬੀ ਕਹਾਣੀ ਪੰਜਾਬ ਦੇ ਸੁਨਹਿਰੀ ਸਿੱਖ ਰਾਜ ਦੇ ਇਤਿਹਾਸ ਦਾ ਦੁਖਦਾਈ ਪੰਨਾ ਹੈ। ਮਹਾਰਾਜਾ ਦਲੀਪ ਸਿੰਘ ਇੰਗਲੈਂਡ ਦਾ ਪਹਿਲਾ ਪੱਕਾ ਨਿਵਾਸੀ ਬਣਿਆ।1893 ਵਿਚ ਮਹਾਰਾਜੇ ਦਾ ਦਿਹਾਂਤ ਹੋ ਗਿਆ ਤੇ ਉਸ ਤੋਂ ਬਾਅਦ 1911 ਤੋਂ ਪੰਜਾਬ ਤੋਂ ਹੋਰ ਸਿੱਖ ਵੀ ਅੰਗਰੇਜ਼ੀ ਧਰਤੀ ਉਤੇ ਪੁੱਜਣੇ ਸ਼ੁਰੂ ਹੋ ਗਏ। ਅੱਜ ਲੱਖਾਂ ਦੀ ਗਿਣਤੀ ਵਿਚ ਸਿੱਖ ਭਾਈਚਾਰਾ ਉਥੇ ਵਸਦਾ ਹੈ, ਹਰ ਸ਼ਹਿਰ ਵਿਚ ਗੁਰਦੁਆਰੇ ਵੀ ਬਣੇ ਹੋਏ ਹਨ ਤੇ ਸਿੱਖ ਵਿਦੇਸ਼ੀ ਵਪਾਰ, ਰਾਜਨੀਤੀ ਤੇ ਸਮਾਜ ਸੇਵਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ।

# ਕਿਸਾਨੀ ਨੂੰ ਪੈਰਾਂ ਸਿਰ ਕਰਨ ਲਈ ਸਰਕਾਰ ਦੀ ਨੀਅਤ ਨੇਕ ਨਹੀਂ

**ਚੰਡੀਗੜ੍ਹ:** ਕਣਕ ਦੀ ਅਗਲੀ ਫਸਲ ਲਈ ਘੱਟੋ ਘੱਟ ਸਮਰਥਨ ਮੁੱਲ 100 ਰੁਪਏ ਵਧਾ ਕੇ 1625 ਰੁਪਏ ਕਰਨ ਦੇ ਸਰਕਾਰੀ ਫੈਸਲੇ ਨੇ ਇਕ ਵਾਰ ਫਿਰ ਕਿਸਾਨਾਂ ਨੂੰ ਨਿਰਾਸ਼ ਕੀਤਾ ਹੈ। ਕਿਸਾਨ ਜਥੇਬੰਦੀਆਂ ਦੀ ਦਲੀਲ ਹੈ ਕਿ ਇਕ ਸਾਲ ਦੌਰਾਨ ਖੇਤੀ ਲਾਗਤਾਂ ਵਿਚ ਵਾਧਾ ਦੋ ਅੰਕੜਿਆਂ ਵਾਲਾ ਹੈ ਜਦੋਂ ਕਿ ਸਰਕਾਰ ਨੇ ਭਾਅ ਸਿਰਫ 6.6 ਫੀਸਦੀ ਵਧਾਇਆ ਹੈ। ਉਹ ਖੇਤੀ ਆਰਥਿਕਤਾ ਵਿਚ ਆ ਰਹੇ ਨਿਘਾਰ ਦੇ ਮੱਦੇਨਜ਼ਰ ਸਵਾਮੀਨਾਥਨ ਫਾਰਮੂਲੇ ਮੁਤਾਬਕ ਐਮ.ਐਸ.ਪੀ. ਤੈਅ ਕੀਤੇ ਜਾਣ ਉਤੇ ਜ਼ੋਰ ਦੇ ਰਹੀਆਂ ਹਨ। ਦੂਜੇ ਪਾਸੇ ਖਪਤਕਾਰੀ ਮਾਮਲਿਆਂ ਬਾਰੇ ਮੰਤਰਾਲੇ ਦਾ ਕਹਿਣਾ ਹੈ ਕਿ ਕਣਕ ਦਾ ਸਰਕਾਰ ਵੱਲੋਂ ਤੈਅਸ਼ੁਦਾ ਭਾਅ ਪਹਿਲਾਂ ਹੀ ਕੌਮਾਂਤਰੀ ਕੀਮਤਾਂ ਤੋਂ ਵੱਧ ਹੈ ਅਤੇ ਜੋ ਇਜ਼ਾਫ਼ਾ ਕੀਤਾ ਗਿਆ ਹੈ, ਉਹ ਬਿਲਕੁਲ ਜਾਇਜ਼ ਹੈ।

ਯਾਦ ਰਹੇ ਕਿ ਨਿਘਾਰ ਵੱਲ ਜਾ ਰਹੀ ਕਿਸਾਨੀ ਨੂੰ ਮੁੜ ਪੈਰਾਂ ਸਿਰ ਕਰਨ ਲਈ ਸਰਕਾਰੀ ਨੀਤੀਆਂ 'ਤੇ ਲਗਾਤਾਰ ਸਵਾਲ ਉਠਦੇ ਰਹੇ ਹਨ। ਕਿਸਾਨਾਂ ਨੂੰ ਰਾਹਤ ਦਿਵਾਉਣ ਲਈ ਪੰਜਾਬ ਸਰਕਾਰ ਵੱਲੋਂ ਇਸੇ ਸਾਲ ਮਾਰਚ ਮਹੀਨੇ ਪਾਸ ਕੀਤਾ ਗਿਆ 'ਕਰਜ਼ ਨਿਬੇੜਾ ਕਾਨੂੰਨ' ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਦਰਿਆਈ ਪਾਣੀਆਂ ਦੇ ਮਾਮਲੇ 'ਤੇ ਵਾਵੇਲਾ ਮਚਾਉਣ ਤੇ ਸੌੜੀ ਸਿਆਸਤ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਅੱਠ ਮਹੀਨੇ ਬੀਤਣ ਦੇ ਬਾਵਜੂਦ ਇਸ ਕਾਨੂੰਨ ਨੂੰ ਅਮਲੀ ਰੂਪ ਵਿਚ ਲਾਗੂ ਨਹੀਂ ਕੀਤਾ ਜਾ ਸਕਿਆ। ਸਿਤਮਜ਼ਰੀਫ਼ੀ ਇਹ ਹੈ ਕਿ ਇਹ ਕਾਨੂੰਨ ਭਾਵੇਂ ਹਾਲੇ ਤੱਕ ਕਾਰਜਸ਼ੀਲ ਹੀ ਨਹੀਂ ਹੋਇਆ, ਫਿਰ ਵੀ ਸੂਬਾ ਸਰਕਾਰ ਇਸ ਸਬੰਧੀ ਲੱਖਾਂ ਰੁਪਏ ਦੀ ਇਸ਼ਤਿਹਾਰਬਾਜ਼ੀ ਕਰ ਕੇ ਕਿਸਾਨਾਂ ਦੇ ਖੇਤੀ ਕਰਜ਼ੇ ਨਿਬੇੜਨ ਦੇ ਦਾਅਵੇ ਕਰ ਰਹੀ ਹੈ। ਇਸ ਕਾਨੂੰਨ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਕਰਜ਼ਾ ਸੈਟਲਮੈਂਟ ਬੋਰਡ ਅਤੇ ਸੂਬਾ ਪੱਧਰ ਉਤੇ ਟ੍ਰਿਬਿਊਨਲ ਬਣਾਏ ਜਾਣੇ ਸਨ, ਪਰ ਅਜੇ ਤੱਕ ਇਨ੍ਹਾਂ ਦਾ ਗਠਨ ਹੀ ਨਹੀਂ ਕੀਤਾ ਜਾ ਸਕਿਆ। ਇਸ ਸਥਿਤੀ ਵਿਚ ਕਿਸਾਨਾਂ ਦੇ ਕਰਜ਼ੇ ਦਾ ਨਿਬੇੜਾ ਹੋਣਾ ਤਾਂ ਦੂਰ ਦੀ ਗੱਲ, ਉਨ੍ਹਾਂ ਨੂੰ ਤਾਂ ਹਾਲੇ ਤੱਕ ਇਸ ਮੰਤਵ ਲਈ ਅਰਜ਼ੀ ਦੇਣ ਵਾਲਾ ਮੰਚ ਵੀ ਮੁਹੱਈਆ ਨਹੀਂ ਕਰਵਾਇਆ ਗਿਆ।

ਦਰਅਸਲ, ਸ਼ਾਹੂਕਾਰਾਂ ਅਤੇ ਆੜ੍ਹਤੀਆਂ ਦੇ ਦਬਾਅ ਕਾਰਨ ਅਕਾਲੀ-ਭਾਜਪਾ ਸਰਕਾਰ ਇਹ ਕਾਨੂੰਨ ਬਣਾਉਣ ਸਬੰਧੀ ਮੁੱਢ ਤੋਂ ਹੀ ਦੁਬਿਧਾ ਵਿਚ ਰਹੀ ਹੈ। 1997 ਵਿਚ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਕਰਜ਼ੇ ਦੇ ਬੋਝ ਕਾਰਨ ਕਿਸਾਨ ਖ਼ੁਦਕੁਸ਼ੀਆਂ ਦਾ ਰੁਝਾਨ ਸ਼ੁਰੂ ਹੋਣ ਨਾਲ ਕਿਸਾਨਾਂ ਦੇ ਖੇਤੀ ਕਰਜ਼ੇ ਮੁਆਫ ਕਰਨ ਦੀ ਗੱਲ ਤੁਰੀ ਸੀ, ਪਰ ਸਰਕਾਰ ਨੇ ਉਸ ਸਮੇਂ ਇਸ ਨੂੰ ਸੰਜੀਦਗੀ ਨਾਲ ਨਹੀਂ ਸੀ ਲਿਆ। ਉਸ ਤੋਂ ਬਾਅਦ 2004 ਵਿਚ ਸਾਬਕਾ ਵਿਧਾਇਕ ਇੰਦਰਜੀਤ ਸਿੰਘ ਜੇਜੀ ਵੱਲੋਂ ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਉਠਾਉਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਸ ਮੁੱਦੇ ਦੀ ਡੂੰਘਾਈ ਤੱਕ ਜਾਂਚ-ਪੜਤਾਲ ਲਈ ਪੰਜਾਬ ਰਾਜ ਕਿਸਾਨ ਕਮਿਸ਼ਨ ਬਣਾਇਆ। ਇਸ ਕਮਿਸ਼ਨ ਨੇ 1934 ਵਿਚ ਸਰ ਛੋਟੂ ਰਾਮ ਵੱਲੋਂ ਪਾਸ ਕੀਤੇ ਗਏ ਖੇਤੀ ਕਰਜ਼ਾ ਰਾਹਤ ਕਾਨੂੰਨ ਦੀ ਤਰਜ਼ 'ਤੇ 'ਪੰਜਾਬ ਖੇਤੀ ਕਰਜ਼ਾ ਰਾਹਤ ਬਿਲ 2006' ਦਾ ਖਰੜਾ ਤਿਆਰ ਕਰ ਲਿਆ ਸੀ, ਪਰ ਇਹ ਖਰੜਾ ਕਾਨੂੰਨ ਦਾ ਰੂਪ ਨਾ ਲੈ ਸਕਿਆ। 2007 ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਮੁੜ ਸੱਤਾ ਵਿਚ ਆਉਣ ਦੇ ਬਾਵਜੂਦ ਇਹ ਖਰੜਾ ਸਾਲਾਂ ਬੱਧੀ ਕਾਨੂੰਨ ਬਣਨ ਦੀ ਉਡੀਕ ਵਿਚ ਫਾਈਲਾਂ ਹੇਠ ਦਬਿਆ ਰਿਹਾ। 2014 ਵਿਚ ਲੋਕ ਸਭਾ ਦੀਆਂ ਚੋਣਾਂ ਮੌਕੇ ਕਿਸਾਨ ਖ਼ੁਦਕੁਸ਼ੀਆਂ ਦਾ ਮੁੱਦਾ ਮੁੜ ਉਭਾਰ ਵਿਚ ਆਉਣ ਅਤੇ ਸੱਤਾਧਾਰੀ ਧਿਰ ਨੂੰ ਹੋਈ ਨਮੋਸ਼ੀਜਨਕ ਹਾਰ ਦੇ ਸਿੱਟੇ ਵਜੋਂ ਇਸ ਖਰੜੇ ਤੋਂ ਧੂੜ ਝਾੜੀ ਗਈ, ਪਰ ਸ਼ਾਹੂਕਾਰਾਂ ਅਤੇ ਆੜ੍ਹਤੀਆਂ ਦੇ ਦਬਾਅ ਹੇਠ ਇਸ ਖਰੜੇ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਗਿਆ ਕਿ 22 ਮਾਰਚ 2016 ਨੂੰ ਪਾਸ ਕੀਤਾ ਗਿਆ ਕਰਜ਼ ਨਿਬੇੜਾ ਕਾਨੂੰਨ ਕਿਸਾਨਾਂ ਲਈ ਰਾਹਤਕਾਰੀ ਤਾਂ ਕੀ ਸਿੱਧ ਹੋਣਾ ਸੀ, ਲਾਗੂ ਵੀ ਨਹੀਂ ਹੋ ਸਕਿਆ।

### ਜਿਣਸਾਂ ਦੇ ਭਾਅ ਵਿਚ ਮਾਮੂਲੀ ਵਾਧੇ ਤੋਂ ਕਿਸਾਨ ਨਿਰਾਸ਼



### ਕਿਸਾਨ ਜਥੇਬੰਦੀਆਂ ਵੱਲੋਂ ਨੀਤੀਆਂ 'ਤੇ ਸਵਾਲ

**ਸੰਗਰੂਰ:** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ), ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਸਮੇਤ ਕਈ ਕਿਸਾਨ ਯੂਨੀਅਨਾਂ ਨੇ ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ 'ਚ ਕੀਤੇ 100 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨੂੰ ਨਾਕਾਫੀ ਦੱਸਦਿਆਂ ਹੋਇਆਂ ਕਣਕ ਦਾ ਖਰੀਦ ਮੁੱਲ ਘੱਟੋ-ਘੱਟ 3000 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤੇ ਜਾਣ ਦੀ ਮੰਗ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਨੇ ਇਸ ਵਾਧੇ ਨੂੰ ਰੱਦ ਕਰਦਿਆਂ ਕਿਹਾ ਕਿ ਦੇਖਣ ਨੂੰ 100 ਰੁਪਏ ਬਹੁਤ ਜ਼ਿਆਦਾ ਲਗਦੇ ਹਨ, ਪਰ ਇਹ ਸਿਰਫ 6 ਫੀਸਦੀ ਹੈ ਜਦਕਿ ਖੇਤੀ ਲਾਗਤ ਖਰਚਿਆਂ 'ਚ ਹਰ ਸਾਲ 20 ਫੀਸਦੀ ਤੱਕ ਦਾ ਵਾਧਾ ਹੋ ਰਿਹਾ ਹੈ।

ਲਾਗਤ ਖਰਚਿਆਂ ਮੁਤਾਬਕ ਸਮਰਥਨ ਮੁੱਲ ਤੈਅ ਕਰਨ ਦੀ ਮੰਗ ਕਰਦਿਆਂ ਸ. ਲੱਖੋਵਾਲ ਨੇ ਕਿਹਾ ਕਿ 2006 ਵਿਚ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਤੇ ਪੇ-ਕਮਿਸ਼ਨ ਦੀ ਰਿਪੋਰਟ ਜਾਰੀ ਕੀਤੀ ਗਈ ਸੀ। ਪੇ-ਕਮਿਸ਼ਨ ਦੀ ਰਿਪੋਰਟ ਤਾਂ ਲਾਗੂ ਕਰ ਦਿੱਤੀ ਗਈ, ਪਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਤੋਂ ਸਰਕਾਰ ਨੇ ਇਹ ਕਹਿ ਕੇ ਟਾਲਾ ਵੱਟ ਲਿਆ ਕਿ ਇਸ ਨਾਲ ਆਮ ਲੋਕਾਂ ਨੂੰ ਜ਼ਿੰਦਗੀ ਨਿਰਵਾਹ ਕਰਨੀ ਮੁਸ਼ਕਲ ਹੋ ਜਾਵੇਗੀ ਜਦਕਿ ਇਹ ਕੋਰਾ ਝੂਠ ਹੈ।

## ਬਡੂੰਗਰ ਵੱਲੋਂ ਗੁਰੂਆਂ ਦੀਆਂ ਤਸਵੀਰਾਂ ਨਾਲ ਛੇੜਛਾੜ ਕਰਨ ਵਾਲਿਆਂ ਨੂੰ ਤਾੜਨਾ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਪਵਿੱਤਰ ਧਾਰਮਿਕ ਅਸਥਾਨਾਂ ਨਾਲ ਛੇੜਛਾੜ ਕਰ ਕੇ ਸੋਸ਼ਲ ਮੀਡੀਆ ਉਪਰ ਨਸ਼ਰ ਕਰਨ ਵਾਲੇ ਸ਼ਰਾਰਤੀ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਸਮਾਜ ਵਿਰੋਧੀ ਲੋਕਾਂ ਖਿਲਾਫ਼ ਸਾਈਬਰ ਕਰਾਈਮ ਸੈੱਲ ਦੀ ਮਦਦ ਨਾਲ ਭਾਲ ਕਰ ਕੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



ਪ੍ਰੋ. ਬਡੂੰਗਰ ਨੇ ਕਿਹਾ ਕਿ ਅਜਿਹੇ ਸ਼ਰਾਰਤੀ ਲੋਕਾਂ ਦਾ ਕੋਈ ਦੀਨ ਇਮਾਨ ਨਹੀਂ ਹੁੰਦਾ ਅਤੇ ਉਹ ਅਜਿਹੀਆਂ ਕਾਰਵਾਈਆਂ ਕੇਵਲ ਫਿਰਕੂ ਨਫਰਤ ਫੈਲਾ ਕੇ ਅਸ਼ਾਂਤੀ ਪੈਦਾ ਕਰਨਾ ਚਾਹੁੰਦੇ ਹਨ। ਗੁਰੂ ਸਾਹਿਬਾਨ, ਦੇਵੀ ਦੇਵਤਿਆਂ ਪੈਗੰਬਰਾਂ ਪ੍ਰਤੀ ਜੇ ਕੋਈ ਮਾੜੀ ਸੋਚ ਰੱਖਦਾ ਹੈ ਤਾਂ ਅਜਿਹੇ ਵਿਅਕਤੀ ਦੀ ਤੁਰਤ ਸ਼ਨਾਖਤ ਕਰ ਕੇ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਅਜਿਹੇ ਲੋਕਾਂ ਦਾ ਬਾਈਕਾਟ ਕੀਤਾ ਜਾਵੇ ਅਤੇ ਉਨ੍ਹਾਂ ਵੱਲੋਂ ਪਾਈਆਂ ਪੋਸਟਾਂ ਨੂੰ ਬਿਲਕੁਲ ਲਾਈਕ ਜਾਂ ਸ਼ੇਅਰ ਨਾ ਕੀਤਾ ਜਾਵੇ। ਉਨ੍ਹਾਂ ਸਿੱਖ ਸੰਗਤ ਨੂੰ ਅਜਿਹੀਆਂ ਕਾਰਵਾਈਆਂ ਤੋਂ ਸੰਜਮ ਵਰਤਣ ਦੀ ਅਪੀਲ ਕੀਤੀ।

## ਨੋਟਬੰਦੀ 'ਤੇ ਮੋਦੀ ਨਾਲ ਡਟੇ ਰਾਮਦੇਵ

**ਨਵੀਂ ਦਿੱਲੀ:** ਨੋਟਬੰਦੀ 'ਤੇ ਵਿਰੋਧੀ ਧਿਰ ਮੋਦੀ ਸਰਕਾਰ ਖਿਲਾਫ ਮੋਰਚਾ ਲਗਾ ਰਹੀ ਹੈ, ਪਰ ਇਸ ਹਾਲਾਤ 'ਚ ਬਾਬਾ ਰਾਮਦੇਵ ਖੁੱਲ੍ਹ ਕੇ ਮੋਦੀ ਸਰਕਾਰ ਦੇ ਹੱਕ 'ਚ ਨਿੱਤਰੇ ਹਨ। ਰਾਮਦੇਵ ਨੇ ਕਿਹਾ ਕਿ ਨੋਟਬੰਦੀ ਦਾ ਵਿਰੋਧ ਕਰਨ ਵਾਲੇ ਰਾਸ਼ਟਰ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਨੋਟਬੰਦੀ ਦੇ ਚੱਲਦੇ ਲੋਨ ਹੁਣ ਘੱਟ ਵਿਆਜ ਦਰ 'ਤੇ ਮਿਲੇਗਾ।

ਮੋਦੀ ਦੇ ਬਚਾਅ 'ਚ ਬੋਲਦਿਆਂ ਰਾਮਦੇਵ ਨੇ ਕਿਹਾ ਕਿ ਮੋਦੀ ਨੇ ਰਾਸ਼ਟਰ ਹਿੱਤ 'ਚ ਜਿਹੜਾ ਕੰਮ ਕੀਤਾ ਹੈ, ਉਸ 'ਚ ਸੰਤ ਸਮਾਜ ਮੋਦੀ ਦੇ ਨਾਲ ਹੈ। ਜਿਹੜਾ ਨੋਟਬੰਦੀ ਦਾ ਵਿਰੋਧ ਕਰ ਰਿਹਾ ਹੈ, ਉਹ ਸਾਡੇ ਲਈ ਦੇਸ਼ ਧਰੋਹ ਵਰਗਾ ਹੈ।

## ਮੌਤ ਨਾਲ ਲੜ ਰਹੇ ਮਾਸੂਮ ਨੂੰ ਮਿਲੇਗਾ ਐਵਾਰਡ



**ਨਵੀਂ ਦਿੱਲੀ:** ਓਲੀਵਰ ਸ਼ੈਂਕਸ ਨਾ ਬੈਠ ਸਕਦਾ ਹੈ, ਨਾ ਪਲਟ ਸਕਦਾ ਹੈ, ਨਾ ਹੀ ਬੋਲ ਸਕਦਾ ਹੈ ਅਤੇ ਨਾ ਹੀ ਦੇਖ ਸਕਦਾ ਹੈ। ਸ਼ਾਇਦ ਉਹ ਇਹ ਸਭ ਕਦੇ ਕਰ ਵੀ ਨਹੀਂ ਪਾਏਗਾ, ਪਰ ਹੁਣ ਉਸ ਨੂੰ ਕ੍ਰਾਨੀਕਲ ਚੈਂਪੀਅਨਸ ਐਵਾਰਡ ਲਈ ਨੋਮੀਨੇਟ ਕੀਤਾ ਗਿਆ ਹੈ।

ਦੱਸਿਆ ਜਾਂਦਾ ਹੈ ਕਿ ਅਲੈਕਜੇਂਡਰਾ ਨਾਂ ਦੀ ਗਰਭਵਤੀ ਔਰਤ ਨੂੰ ਮਹਿਲਾ ਡਾਕਟਰ ਨੇ 22 ਸਤੰਬਰ 2014 ਤਰੀਕ ਦਿੱਤੀ ਸੀ, ਪਰ ਓਲੀਵਰ ਸਾਢੇ 3 ਮਹੀਨੇ ਪਹਿਲਾਂ ਹੀ ਇਸ ਦੁਨੀਆਂ ਵਿਚ ਆ ਗਿਆ ਅਤੇ ਉਦੋਂ ਅਲੈਕਜੇਂਡਰਾ ਨੂੰ ਸਿਰਫ 25 ਹਫਤੇ ਦਾ ਹੀ ਗਰਭ ਸੀ ਜਿਸ ਦੇ ਚੱਲਦੇ ਉਸ ਦਾ ਭਾਰ 0.85 ਕਿਲੋਗ੍ਰਾਮ ਸੀ ਅਤੇ ਬਚਣ ਦੀ ਉਮੀਦ ਵੀ ਬਹੁਤ ਘੱਟ ਸੀ। ਮਾਂ ਦਾ ਕਹਿਣਾ ਹੈ ਕਿ ਜਨਮ ਤੋਂ ਲੈ ਕੇ ਉਸ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਣਾ ਕਰਨਾ ਪਿਆ। ਉਸ ਦੇ ਜਨਮ ਦੇ ਅਗਲੇ ਮਹੀਨੇ ਤੋਂ ਉਸ ਦੇ 6 ਓਪਰੇਸ਼ਨ ਕੀਤੇ ਗਏ। ਹੁਣ ਉਹ 2 ਸਾਲ ਦਾ ਹੋ ਗਿਆ ਹੈ ਅਤੇ ਉਸ ਦਾ ਭਾਰ 9 ਕਿੱਲੋ ਹੋ ਚੁੱਕਾ ਹੈ। ਸਾਡਾ ਬੇਟਾ ਜਿੰਨਾ ਵੀ ਸਮਾਂ ਸਾਡੇ ਨਾਲ ਹੈ, ਉਹ ਬਹੁਤ ਖ਼ੂਬਸੂਰਤ ਹੈ।

# ਛੇਵੇਂ ਵਿਸ਼ਵ ਕਬੱਡੀ ਕੱਪ ਵਿਚ ਵੀ ਭਾਰਤ ਦੀ ਬਾਦਸ਼ਾਹਤ ਬਰਕਰਾਰ

**ਜਲਾਲਾਬਾਦ:** ਸਰਕਲ ਸਟਾਈਲ ਕਬੱਡੀ ਵਿਚ ਭਾਰਤ ਨੇ ਆਪਣੀ ਬਾਦਸ਼ਾਹਤ ਕਾਇਮ ਰੱਖਦਿਆਂ ਪੁਰਸ਼ ਤੇ ਮਹਿਲਾ ਦੋਵਾਂ ਵਰਗ ਦਾ ਵਿਸ਼ਵ ਖਿਤਾਬ ਆਪਣੀ ਝੋਲੀ ਪਾਇਆ। ਜਲਾਲਾਬਾਦ ਦੇ ਮਲਟੀਪਰਪਜ਼ ਸਪੋਰਟਸ ਸਟੇਡੀਅਮ ਵਿਖੇ ਦਰਸ਼ਕਾਂ ਦੇ ਭਾਰੀ ਇਕੱਠ ਵਿਚ ਡਾ.ਬੀ.ਆਰ.ਅੰਬੇਦਕਰ ਛੇਵੇਂ ਵਿਸ਼ਵ ਕੱਪ ਕਬੱਡੀ-2016 ਦੇ ਸਮਾਪਤੀ ਸਮਾਰੋਹ ਤੋਂ ਪਹਿਲਾਂ ਪੁਰਸ਼ ਤੇ ਮਹਿਲਾ ਵਰਗ ਦੇ ਫਾਈਨਲ ਅਤੇ ਤੀਜੀ ਪੁਜੀਸ਼ਨ ਵਾਲੇ ਮੈਚ ਖੇਡੇ ਗਏ।



ਰੰਗਾਰੰਗ ਸਮਾਪਤੀ ਸਮਾਰੋਹ ਤੋਂ ਪਹਿਲਾਂ ਹੋਏ ਪੁਰਸ਼ਾਂ ਦੇ ਫਾਈਨਲ ਵਿਚ ਭਾਰਤ ਨੇ ਇੰਗਲੈਂਡ ਨੂੰ 62-20 ਨਾਲ ਹਰਾ ਕੇ ਲਗਾਤਾਰ ਛੇਵੀਂ ਵਾਰ ਵਿਸ਼ਵ ਕੱਪ ਉਤੇ ਕਬਜ਼ਾ ਜਮਾਉਂਦਿਆਂ ਦੋ ਕਰੋੜ ਰੁਪਏ ਦਾ ਪਹਿਲਾ ਇਨਾਮ ਵੀ ਜਿੱਤਿਆ। ਦੂਜੇ ਪਾਸੇ ਮਹਿਲਾ ਵਰਗ ਦੇ ਫਾਈਨਲ ਵਿਚ ਭਾਰਤ ਦੀ ਟੀਮ ਨੇ ਅਮਰੀਕਾ ਨੂੰ 45-10 ਨਾਲ ਹਰਾ ਕੇ ਲਗਾਤਾਰ ਪੰਜਵੀਂ ਵਾਰ ਵਿਸ਼ਵ ਖਿਤਾਬ ਜਿੱਤਦਿਆਂ ਇਕ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਜਿੱਤੀ।

ਇਸ ਤੋਂ ਪਹਿਲਾਂ ਪੁਰਸ਼ ਵਰਗ ਦੇ ਤੀਜੀ ਪੁਜੀਸ਼ਨ ਦੇ ਖੇਡੇ ਗਏ ਮੈਚ ਵਿਚ ਅਮਰੀਕਾ ਨੇ ਇਰਾਨ ਫਸਵੇਂ ਮੁਕਾਬਲੇ ਵਿਚ 43-38 ਨਾਲ ਹਰਾ ਕੇ ਤੀਜਾ ਸਥਾਨ ਅਤੇ ਮਹਿਲਾ ਵਰਗ ਵਿਚ ਨਿਊਜ਼ੀਲੈਂਡ ਨੇ ਕੀਨੀਆ ਨੂੰ 42-21 ਨਾਲ ਹਰਾ ਕੇ ਤੀਜਾ ਸਥਾਨ ਮੱਲਿਆ। ਭਾਰਤ ਨੇ ਫਾਈਨਲ ਮੈਚ 62-20 ਨਾਲ ਜਿੱਤਿਆ। ਭਾਰਤ ਵੱਲੋਂ ਰੇਡਰ ਸੰਦੀਪ ਸੁਰਖਪੁਰ ਤੇ ਸੁਲਤਾਨ ਨੇ 10-10 ਅੰਕ ਲਏ ਜਦੋਂ ਕਿ ਭਾਰਤ ਦੇ ਕਪਤਾਨ ਖੁਸ਼ੀ ਨੇ ਰਿਕਾਰਡ ਨੂੰ 16 ਜੱਫੇ ਲਾ ਕੇ ਕਪਤਾਨੀ ਖੇਡ ਦਿਖਾਈ। ਭਾਰਤ ਦੇ ਇਕ ਹੋਰ ਸਟਾਰ ਜਾਫੀ ਗੁਰਪ੍ਰੀਤ ਸਿੰਘ ਗੋਪੀ ਮਾਣਕੀ ਨੇ ਵੀ 5 ਜੱਫੇ ਲਾਏ। ਇੰਗਲੈਂਡ ਵੱਲੋਂ ਰੇਡਰ ਨਰਵਿੰਦਰ ਬਦੇਸ਼ਾ ਨੇ 5 ਤੇ ਗੁਰਦਿੱਤ ਬਦੇਸ਼ਾ ਨੇ 4 ਅੰਕ ਬਟੋਰੇ ਜਦੋਂ ਕਿ ਜਾਫੀ ਸੰਦੀਪ ਸੰਧੂ ਨੰਗਲ ਅੰਬੀਆ ਨੇ 4 ਜੱਫੇ ਲਾਏ।

ਮਹਿਲਾ ਵਰਗ ਦੇ ਫਾਈਨਲ ਵਿਚ ਆਸ ਅਨੁਸਾਰ ਅਤੇ ਭਾਰਤੀ ਟੀਮ ਨੇ ਆਪਣੀ ਜੇਤੂ ਲੈਅ ਨੂੰ ਕਾਇਮ ਰੱਖਦਿਆਂ ਅਮਰੀਕਾ ਨੂੰ 45-10 ਨਾਲ ਹਰਾ ਕੇ ਲਗਾਤਾਰ ਪੰਜਵਾਂ ਵਿਸ਼ਵ ਖਿਤਾਬ ਜਿੱਤਿਆ। ਭਾਰਤ ਵੱਲੋਂ ਰੇਡਰ ਸੁਮਨ ਗਿੱਲ ਨੇ 6, ਸੁਖਜਿੰਦਰ ਕੌਰ ਨੇ 5 ਤੇ ਹਰਵਿੰਦਰ ਕੌਰ ਨੇ 4 ਅੰਕ ਲਏ ਜਦੋਂ ਕਿ ਜਾਫੀ ਰਣਦੀਪ ਕੌਰ ਨੇ 6 ਤੇ ਮਨਦੀਪ ਕੌਰ ਛੀਨਾ ਨੇ 5 ਜੱਫੇ ਲਾਏ। ਅਮਰੀਕਾ ਦੀ ਟੀਮ ਵੱਲੋਂ ਗੁਰਅੰਮ੍ਰਿਤ ਖਾਲਸਾ ਨੇ 3 ਅੰਕ ਲਏ ਅਤੇ ਜਾਫ ਲਾਈਨ ਵਿਚੋਂ ਕੈਂਡਿਸ ਨੇ 2 ਤੇ ਮਾਇਆ ਨੇ 1 ਜੱਫਾ ਲਾਇਆ।

### ਪਾਕਿਸਤਾਨ ਵਿਚ ਹੋਵੇਗਾ ਕਬੱਡੀ ਕੱਪ

**ਨਿਊ ਯਾਰਕ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਪਾਕਿਸਤਾਨ ਸਰਕਾਰ ਸਾਂਝੇ ਤੌਰ ਉਤੇ 2017 ਦੀ ਵਿਸਾਖੀ ਨੂੰ 'ਬਾਬਾ ਨਾਨਕ ਵਿਸ਼ਵ ਕਬੱਡੀ ਕੱਪ 2017' ਕਰਵਾਉਣਗੇ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ ਤੇ ਮੁੱਖ ਬੁਲਾਰਾ ਸਰਬਜੀਤ ਸਿੰਘ ਨਿਊ ਯਾਰਕ ਵੱਲੋਂ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ ਦੇ ਗ੍ਰਹਿ ਮਾਡਲ ਟਾਊਨ ਵਿਚ ਮੁਲਾਕਾਤ ਕੀਤੀ। ਪਾਕਿਸਤਾਨ ਸਰਕਾਰ ਵੱਲੋਂ ਗੁਰਧਾਮਾਂ ਦੀ ਵਧੀਆ ਢੰਗ ਨਾਲ ਕੀਤੀ ਜਾ ਰਹੀ ਸੇਵਾ ਸੰਭਾਲ ਤੇ ਨਾਲ ਹੀ ਅਨੰਦ ਮੈਰਿਜ ਐਕਟ, ਨਨਕਾਣਾ ਸਾਹਿਬ ਨੂੰ ਪਵਿੱਤਰ ਦਰਜਾ ਦੇਣ, ਸਿੱਖਾਂ ਨੂੰ ਪੁਲਿਸ ਫੌਜ ਤੇ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਦੇ ਨਾਲ ਦਾੜ੍ਹਾ ਪ੍ਰਕਾਸ਼ ਕਰ ਕੇ ਕੰਮ ਕਰਨ ਦੇ ਕੀਤੇ ਅਹਿਮ ਐਲਾਨਾਂ ਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਆਗੂਆਂ ਵੱਲੋਂ ਸ਼ਲਾਘਾ ਕੀਤੀ ਗਈ।ਇਸ ਮਿਲਣੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਅਮਰੀਕਾ ਵਫਦ ਨੇ ਪਾਕਿਸਤਾਨ ਪੰਜਾਬ ਦੇ ਮੁੱਖ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ ਅੱਗੇ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਯਾਦ ਵਿਚ ਵਿਸ਼ਵ ਕਬੱਡੀ ਕੱਪ ਕਰਵਾਉਣ ਦੀ ਮੰਗ ਕੀਤੀ, ਜਿਸ ਨੂੰ ਫੌਰੀ ਪ੍ਰਵਾਨਗੀ ਦਿੰਦੇ ਹੋਏ ਮੁੱਖ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ ਵੱਲੋਂ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਪਾਕਿਸਤਾਨ ਹਕੂਮਤ ਵੱਲੋਂ ਬਾਬਾ ਨਾਨਕ ਵਿਸ਼ਵ ਕਬੱਡੀ ਕੱਪ ਕਰਵਾਉਣ ਦਾ ਐਲਾਨ ਕਰ ਦਿੱਤਾ ਤੇ ਮੌਕੇ ਉਤੇ ਹੀ ਇਸ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ ਖੇਡ ਵਿਭਾਗ ਦੇ ਡਾਇਰੈਕਟਰ ਨੂੰ ਇਸ ਕਬੱਡੀ ਕੱਪ ਦਾ ਪ੍ਰਬੰਧ ਕਰਨ ਦੇ ਆਦੇਸ਼ ਦੇ ਦਿੱਤੇ ਗਏ। ਬਾਬਾ ਨਾਨਕ ਵਿਸ਼ਵ ਕਬੱਡੀ ਕੱਪ ਨੂੰ ਕਰਵਾਉਣ ਲਈ ਅੰਤਰਰਾਸ਼ਟਰੀ ਪ੍ਰਬੰਧਕੀ ਕਮੇਟੀ ਬਣਾਈ ਜਾਵੇਗੀ ਜਿਸ ਵਿਚ ਅੱਧੇ ਮੈਂਬਰ ਸਿੱਖ ਕੌਮ ਦੇ ਲਏ ਜਾਣਗੇ ਤੇ ਅੱਧੇ ਮੈਂਬਰ ਪਾਕਿਸਤਾਨ ਸਰਕਾਰ ਦੇ ਹੋਣਗੇ।

ਪੰਜਾਬ ਟਾਈਮਜ਼

*ਸਨਿਚਰਵਾਰ, 26 ਨਵੰਬਰ 2016*

## ਪੰਜਾਬ, ਪਾਣੀ ਅਤੇ ਚੋਣਾਂ ਦੀ ਸਿਆਸਤ

ਸੁਪਰੀਮ ਕੋਰਟ ਦੇ ਇਕ ਹੀ ਫੈਸਲੇ ਨੇ ਪੰਜਾਬ ਦੇ ਸਿਆਸੀ ਮਾਹੌਲ ਦਾ ਮੁਹਾਣ ਬਦਲ ਕੇ ਰੱਖ ਦਿੱਤਾ ਹੈ। ਵਿਧਾਨ ਸਭਾ ਚੋਣਾਂ ਸਿਰ ਉਤੇ ਹਨ ਅਤੇ ਲੋਕਾਂ ਦੀ ਕਚਹਿਰੀ ਵਿਚ ਲਗਾਤਾਰ ਪਛੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਜਾਪਣ ਲੱਗ ਪਿਆ ਹੈ ਕਿ ਪਾਣੀਆਂ ਵਾਲਾ ਇਮਤਿਹਾਨ ਜ਼ਰਾ ਢੰਗ ਨਾਲ ਦੇ ਕੇ ਬੇੜਾ ਬੰਨ੍ਹੇ ਲਾਇਆ ਜਾ ਸਕਦਾ ਹੈ। ਨਿੱਤ ਦਿਨ ਅਖਬਾਰਾਂ-ਟੀ.ਵੀ. ਚੈਨਲਾਂ ਉਤੇ ਇਸ਼ਤਿਹਾਰ ਆ ਰਹੇ ਹਨ ਜਿਨ੍ਹਾਂ ਵਿਚ ਮੁੱਖ ਮੰਤਰੀ ਵੱਲੋਂ ਪਾਣੀਆਂ ਲਈ ਹਰ ਕੁਰਬਾਨੀ ਦੇਣ ਦੀ ਗੱਲ ਆਖੀ ਗਈ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਲਈ ਦਹਾਕੇ ਪਹਿਲਾਂ ਐਕਵਾਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਮੋੜਨ ਲਈ ਸਰਕਾਰੀ ਅਮਲਾ ਅੱਧੀ-ਅੱਧੀ ਰਾਤ ਤੱਕ ਰਿਕਾਰਡ ਫਰੋਲਦਾ ਰਿਹਾ ਅਤੇ ਜ਼ਮੀਨ ਸਬੰਧਤ ਕਿਸਾਨਾਂ ਨੂੰ ਵਾਪਸ ਕਰ ਦਿੱਤੀ ਗਈ। ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਹੁਣ ਜਦੋਂ ਨਹਿਰ ਲਈ ਜ਼ਮੀਨ ਹੀ ਨਹੀਂ, ਤਾਂ ਹਰਿਆਣਾ ਨੂੰ ਪਾਣੀ ਜਾਵੇਗਾ ਕਿਸ ਤਰ੍ਹਾਂ? ਇਸ ਮਾਮਲੇ ਵਿਚ ਕਾਂਗਰਸ ਦੇ ਆਗੂ ਵੀ ਪਿਛੇ ਨਹੀਂ ਹਨ। ਅਦਾਲਤ ਦਾ ਫੈਸਲਾ ਆਉਂਦਿਆਂ ਸਾਰ ਪਾਰਟੀ ਦੇ ਸਾਰੇ ਦੇ ਸਾਰੇ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫੇ ਦੇ ਦਿੱਤੇ। ਇਹੀ ਨਹੀਂ, ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਤੋਂ ਅਸਤੀਫੇ ਦਾ ਐਲਾਨ ਕਰ ਦਿੱਤਾ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਇਹ ਅਸਤੀਫਾ ਲੋਕ ਸਭਾ ਸਪੀਕਰ ਨੂੰ ਅਜੇ ਤੱਕ ਨਹੀਂ ਭੇਜਿਆ ਹੈ। ਆਮ ਆਦਮੀ ਪਾਰਟੀ ਵੀ ਇਸ ਮਾਮਲੇ ਵਿਚ ਅੱਜ ਦੀ ਸਿਆਸਤ ਮੁਤਾਬਕ ਕਦਮ ਮਿਲਾ ਕੇ ਚੱਲਣ ਦੇ ਯਤਨਾਂ ਵਿਚ ਹੈ। ਇਸ ਨੇ ਤੁਰੰਤ ਪਿੰਡ ਕਪੂਰੀ ਵਿਚ ਜਾ ਮੋਰਚਾ ਲਾਇਆ। ਜ਼ਾਹਰ ਹੈ ਕਿ ਕੋਈ ਵੀ ਧਿਰ ਇਸ ਮਾਮਲੇ ਵਿਚ ਪਿਛਾਂਹ ਨਹੀਂ ਰਹਿਣਾ ਚਾਹੁੰਦੀ। ਪਿਛਾਂਹ ਰਹਿਣਾ ਵੀ ਨਹੀਂ ਚਾਹੀਦਾ, ਕਿਉਂਕਿ ਪਾਣੀਆਂ ਦੇ ਮਸਲੇ ਉਤੇ ਸੱਚਮੁੱਚ ਹੀ ਪੰਜਾਬ ਨਾਲ ਵਿਤਕਰਾ ਹੋਇਆ ਹੈ, ਪਰ ਸੱਚ ਇਹ ਵੀ ਹੈ ਕਿ ਜਿਸ ਤਰ੍ਹਾਂ ਦੀ ਲੜਾਈ ਪਾਣੀਆਂ ਦੇ ਮਸਲੇ ਉਤੇ ਲੜੀ ਜਾਣੀ ਚਾਹੀਦੀ ਸੀ, ਲੜੀ ਨਹੀਂ ਜਾ ਸਕੀ। ਇਸ ਮਸਲੇ ਉਤੇ ਸਿਆਸਤ ਜ਼ਰੂਰ ਕੀਤੀ ਜਾਂਦੀ ਰਹੀ ਹੈ ਜੋ ਹੁਣ ਤੱਕ ਜਾਰੀ ਹੈ। ਹੁਣ ਸਵਾਲ ਇਹ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਪੰਜਾਬ ਅਤੇ ਇਸ ਦੇ ਆਗੂ ਕਰ ਕੀ ਸਕਦੇ ਹਨ। ਉਂਜ, ਇਸ ਬਾਰੇ ਕੋਈ ਵੀ ਧਿਰ ਸਪਸ਼ਟ ਨਹੀਂ ਹੈ।

ਇਤਿਹਾਸ ਗਵਾਹ ਹੈ ਕਿ ਪਾਣੀਆਂ ਦੇ ਮੁੱਦੇ ਉਤੇ ਕਾਂਗਰਸ ਨੇ ਪੰਜਾਬ ਨਾਲ ਵਧੀਕੀ ਕੀਤੀ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਅਕਾਲੀ ਆਗੂ ਮੌਕੇ ਦੀ ਸਿਆਸਤ ਮੁਤਾਬਕ ਇਸ ਵਧੀਕੀ ਵਿਚ ਭਾਈਵਾਲ ਬਣੇ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਪਾਣੀ ਇਉਂ ਸੂਬੇ ਤੋਂ ਬਾਹਰ ਲਿਜਾਣ ਲਈ ਇੱਦਾਂ ਦੇ ਹਾਲਾਤ ਬਣਦੇ। ਇਹ ਮੁੱਦਾ ਸਦਾ ਹੀ ਚੋਣ ਸਿਆਸਤ ਦੀ ਭੇਟ ਚੜ੍ਹਿਆ ਰਿਹਾ ਅਤੇ ਵੱਖ ਵੱਖ ਸਿਆਸੀ ਧਿਰਾਂ ਮੌਕੇ ਦੀ ਸਿਆਸਤ ਤਹਿਤ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਹਿਤਾਂ ਦੇ ਖਿਲਾਫ ਹੀ ਭੁਗਤਦੀਆਂ ਰਹੀਆਂ। ਮੁੱਦਾ ਇਕੱਲਾ ਪਾਣੀ ਦਾ ਹੀ ਨਹੀਂ, ਹੋਰ ਮੁੱਦਿਆਂ ਬਾਰੇ ਵੀ ਸਿਆਸੀ ਆਗੂਆਂ ਦੀ ਇਹੀ ਪਹੁੰਚ ਰਹੀ ਹੈ। ਸਿਆਸੀ ਆਗੂਆਂ ਲਈ ਕੱਲ੍ਹ ਤੱਕ ਨਸ਼ਿਆਂ ਦਾ ਮੁੱਦਾ ਮੁੱਖ ਮਸਲਾ ਸੀ। ਇਸ ਪ੍ਰਸੰਗ ਵਿਚ ਹਰ ਹੀਲਾ-ਵਸੀਲਾ ਵਰਤ ਕੇ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨ ਬਾਰੇ ਬਿਆਨ-ਦਰ-ਬਿਆਨ ਦਾਗੇ ਜਾ ਰਹੇ ਸਨ। ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਬਾਰੇ ਬਿਆਨ ਵੀ ਮੀਡੀਆ ਦਾ ਸ਼ਿੰਗਾਰ ਬਣ ਰਹੇ ਸਨ। ਬੇਰੁਜ਼ਗਾਰੀ, ਸਿਹਤ ਅਤੇ ਵਿਦਿਅਕ ਸਹੂਲਤਾਂ ਤੋਂ ਇਲਾਵਾ ਹੋਰ ਬੁਨਿਆਦੀ ਸਹੂਲਤਾਂ ਬਾਰੇ ਵੀ ਬਥੇਰੇ ਦਾਈਏ ਬੰਨ੍ਹੇ ਜਾਂਦੇ ਰਹੇ, ਪਰ ਇੰਨੇ ਸਾਲਾਂ ਦੌਰਾਨ ਇਨ੍ਹਾਂ ਵਿਚੋਂ ਕੋਈ ਵੀ ਮਸਲਾ ਹੱਲ ਨਹੀਂ ਕੀਤਾ ਜਾ ਸਕਿਆ। ਕੋਈ ਮਸਲਾ ਹੱਲ ਕਰਨਾ ਤਾਂ ਦੂਰ ਦੀ ਗੱਲ ਹੈ, ਇਸ ਬਾਰੇ ਕੋਈ ਨੀਤੀ-ਰਣਨੀਤੀ ਤੱਕ ਨਹੀਂ ਬਣਾਈ ਗਈ। ਇਸੇ ਕਰ ਕੇ ਹਰ ਮਸਲੇ ਦੀ ਜੜ੍ਹ ਇਥੇ ਹੀ ਪਈ ਹੈ। ਸਿਆਸਤ ਦਾ ਪਿੜ ਲੋਕਾਂ ਦੇ ਮਸਲੇ ਹੱਲ ਕਰਨ ਜਾਂ ਇਸ ਦਾ ਹੱਲ ਲੱਭਣ ਲਈ ਨਹੀਂ, ਸਗੋਂ ਵੋਟਾਂ ਬਟੋਰਨ ਦੇ ਹਿਸਾਬ ਨਾਲ ਬੰਨ੍ਹਿਆ ਜਾਂਦਾ ਹੈ।

ਇਸ ਚੋਣ ਸਿਆਸਤ ਦਾ ਅਸਲ ਰੰਗ ਦੇਖਣਾ ਹੋਵੇ ਤਾਂ ਦੋ-ਢਾਈ ਸਾਲ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਦਾ ਜਾਇਜ਼ਾ ਲਿਆ ਜਾ ਸਕਦਾ ਹੈ। ਸੱਤਾਧਾਰੀ ਅਕਾਲੀ ਦਲ ਵੱਲੋਂ ਪੰਜਾਬ ਨੂੰ ਆਰਥਿਕ ਪੱਖੋਂ ਕੈਲੀਫੋਰਨੀਆ ਬਣਾਉਣ ਦੇ ਦਾਅਵੇ ਕੀਤੇ ਗਏ। ਸੂਬੇ ਵਿਚ ਸਨਅਤ ਦਾ ਮਸਲਾ ਤਾਂ ਚੋਣਾਂ ਦਾ ਸਦਾਬਹਾਰ ਮੁੱਦਾ ਰਿਹਾ ਹੈ, ਪਰ ਢਾਈ ਸਾਲ ਬਾਅਦ ਹਾਲਾਤ ਵਿਚ ਕੋਈ ਫਰਕ ਨਹੀਂ ਪਿਆ, ਸਗੋਂ ਇਹ ਖਬਰਾਂ ਜ਼ਰੂਰ ਆ ਗਈਆਂ ਹਨ ਕਿ ਸੂਬੇ ਦੀ ਪਹਿਲੀ ਸਨਅਤ ਕਈ ਕਾਰਨਾਂ ਕਰ ਕੇ ਗੁਆਂਢੀ ਸੂਬਿਆਂ ਵਿਚ ਤਬਦੀਲ ਹੋ ਰਹੀ ਹੈ। ਉਪ ਮੁੱਖ ਮੰਤਰੀ ਨੇ ਸਨਅਤ ਸਮਾਗਮ ਵੀ ਗੱਜ-ਵੱਜ ਕੇ ਕੀਤੇ ਅਤੇ ਇਸ ਵਿਚ ਕੁਝ ਉਘੇ ਸਨਅਤਕਾਰ ਵੀ ਪੁੱਜੇ, ਪਰ ਪਰਨਾਲਾ ਅਜੇ ਵੀ ਉਥੇ ਦਾ ਉਥੇ ਹੀ ਹੈ। ਵਿਦਿਅਕ ਢਾਂਚਾ ਇੰਨਾ ਨਦਾਰਦ ਹੋ ਗਿਆ ਹੈ ਕਿ ਪ੍ਰਾਈਵੇਟ ਸੰਸਥਾਵਾਂ ਵਿਦਿਆਰਥੀਆਂ ਤੋਂ ਵੱਡੀਆਂ ਰਕਮਾਂ ਬਟੋਰ ਰਹੀਆਂ ਹਨ, ਆਏ ਸਾਲ ਇਨ੍ਹਾਂ ਸੰਸਥਾਵਾਂ ਵਿਚੋਂ ਵਿਦਿਆਰਥੀਆਂ ਦੇ ਵੱਗ ਨਿਕਲ ਰਹੇ ਹਨ, ਪਰ ਉਨ੍ਹਾਂ ਲਈ ਨੌਕਰੀਆਂ ਦਾ ਲੋੜੀਂਦਾ ਪ੍ਰਬੰਧ ਨਹੀਂ ਹੈ। ਸਿਰਫ ਉਸਾਰੀ ਨੂੰ ਵਿਕਾਸ ਦਾ ਬਦਲ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਸੱਤਾਧਾਰੀ ਧਿਰ ਹੁਣ ਵੱਖ ਵੱਖ ਪ੍ਰਾਜੈਕਟ ਜਿਸ ਢੰਗ ਨਾਲ ਮੁਕੰਮਲ ਕਰਵਾ ਕੇ ਸਾਰਾ ਸਿਹਰਾ ਆਪਣੇ ਸਿਰ ਸਜਾ ਰਹੀ ਹੈ, ਉਸ ਤੋਂ ਇਸ ਚੋਣ ਸਿਆਸਤ ਦੇ ਹੀ ਦੀਦਾਰ ਹੁੰਦੇ ਹਨ। ਦਰਅਸਲ, ਸਮੁੱਚਾ ਚੋਣ ਢਾਂਚਾ ਸਿਆਸਤਦਾਨਾਂ ਦੇ ਹੱਥਾਂ ਦਾ ਖਿਡੌਣਾ ਬਣ ਗਿਆ ਹੈ। ਇਸੇ ਕਰ ਕੇ ਆਜ਼ਾਦੀ ਦੇ ਸੱਤ ਦਹਾਕਿਆਂ ਤੋਂ ਬਾਅਦ ਵੀ ਜਮਹੂਰੀਅਤ ਦਾ ਕੋਈ ਠੁੱਕ ਨਹੀਂ ਬੱਝ ਸਕਿਆ, ਸਗੋਂ ਜਮਹੂਰੀਅਤ ਵੀ ਚੋਣ ਢਾਂਚੇ ਦੀ ਗੁਲਾਮ ਬਣਾ ਦਿੱਤੀ ਗਈ ਹੈ। ਜਿੰਨੀ ਦੇਰ ਤੱਕ ਚੋਣ ਸਿਆਸਤ ਅਤੇ ਜਮਹੂਰੀਅਤ ਦਾ ਨਿਖੇੜਾ ਨਹੀਂ ਕੀਤਾ ਜਾਂਦਾ, ਕੋਈ ਵੀ ਮਸਲਾ ਹੱਲ ਹੋਣ ਵਾਲਾ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿਆਸਤ ਵਿਚ ਡੀਲ!*

ਸਿਆਸਤ ਵਿਚ ਨਾ ਆਏ ਜ਼ਮੀਰ ਵਾਲਾ, ਉਹੀ ਪੁੱਗਦਾ ਹੋਵੇ ਜੋ 'ਸੀਲ' ਭਾਈ।
ਸਾਊ ਆ ਵੜੇ ਜਿਹੜਾ ਇਸ ਭੇੜ ਅੰਦਰ, ਆਖਰ ਨਿਕਲਦਾ ਹੋ ਜਲੀਲ ਭਾਈ।
ਉਸ ਨੂੰ ਕੜੇ-ਕਿਰਦਾਰ ਦੀ ਲੋੜ ਕੋਈ ਨਾ, ਭਾਸ਼ਣ ਕਰਦਿਆਂ ਲਵੇ ਜੋ ਕੀਲ ਭਾਈ।
ਚੋਣਾਂ ਵੇਲੇ ਇਉਂ ਭਾਜੜਾਂ ਪੈਂਦੀਆਂ ਨੇ, ਛਿੜਿਆ ਹੁੰਦਾ ਏ ਜਿਵੇਂ ਮਖੀਲ ਭਾਈ।
'ਚੜ੍ਹੇ ਚੰਦ' ਦਾ ਪਤਾ ਉਦੋਂ ਲੱਗਦਾ, ਆਉਂਦੀ ਮੀਡੀਏ 'ਚ ਜਦ ਤਫਸੀਲ ਭਾਈ।
ਢਕੀ ਰਿੱਝਦੀ ਬੁੱਝਣੀ ਬੜੀ ਔਖੀ, ਕਿਸ ਦੀ ਕਿਹਦੇ ਨਾਲ ਹੋਏ ਏ 'ਡੀਲ' ਭਾਈ?

# ਪੰਜਾਬੀ ਭਾਸ਼ਾ ਦੀ ਸਮੱਸਿਆ ਅਤੇ ਇਸ ਦਾ ਪਿਛੋਕੜ

*1947 ਵਿਚ ਭਾਰਤ ਦੀ ਵੰਡ ਹੁੰਦੀ ਹੈ ਤਾਂ ਹਿੰਦੁਸਤਾਨ ਤੇ ਪਾਕਿਸਤਾਨ ਹੋਂਦ ਵਿਚ ਆਉਂਦੇ ਹਨ। ਇਸ ਨਾਲ ਇਕੱਲੀ ਜ਼ਮੀਨ ਦੀ ਹੀ ਵੰਡ ਨਹੀਂ ਹੋਈ; ਬਲਕਿ ਭਾਸ਼ਾਵਾਂ, ਸਭਿਆਚਾਰਾਂ, ਲੋਕ-ਸਮੂਹਾਂ ਤੇ ਪਛਾਣਾਂ ਦੀ ਵੀ ਵੰਡ ਹੋਈ। ਇਸ ਸਮੇਂ ਪਹਿਲੀ ਵਾਰ ਪੰਜਾਬੀ ਭਾਸ਼ਾ ਤੇ ਸਮੁੱਚੀ ਪੰਜਾਬੀਅਤ ਨੂੰ ਵੰਡ ਦਿੱਤਾ ਜਾਂਦਾ ਹੈ ਤੇ ਇਸ ਨਾਲ ਸਾਹਿਤ ਵੀ ਵੰਡਿਆ ਜਾਂਦਾ ਹੈ। ਪੰਜਾਬੀ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਭਾਸ਼ਾ ਦੀ ਬਜਾਏ ਕੇਵਲ ਸਿੱਖਾਂ ਦੀ ਭਾਸ਼ਾ ਬਣ ਕੇ ਰਹਿ ਜਾਂਦੀ ਹੈ। ਇਸੇ ਹੀ ਸਮੱਸਿਆ ਵਿਚੋਂ ਪੰਜਾਬੀ ਸੂਬੇ ਦੀ ਰਾਜਨੀਤੀ ਹੋਂਦ ਵਿਚ ਆਉਂਦੀ ਹੈ ਤੇ ਮਾਸਟਰ ਤਾਰਾ ਸਿੰਘ ਹੁਰਾਂ ਦੀ ਅਗਵਾਈ ਵਿਚ ਰਾਜਨੀਤਕ ਪਦ ਤੇ ਗੱਦੀਆਂ ਦੀ ਪ੍ਰਾਪਤੀ ਲਈ ਕਈ ਘੋਲ ਲੜੇ ਜਾਂਦੇ ਹਨ ਜੋ ਅਗਾਂਹ ਜਾ ਕੇ ਖਾਲਿਸਤਾਨ ਦੀ ਮੰਗ ਰਾਹੀਂ ਹੋਰ ਪ੍ਰਚੰਡ ਹੁੰਦੇ ਹਨ। ਭਾਸ਼ਾ ਦੀ ਰਾਜਨੀਤੀ ਵਿਚ ਧਰਮ ਅਤੇ ਖੇਤਰਵਾਦ ਨੇ ਖੂਬ ਭੂਮਿਕਾ ਨਿਭਾਈ ਹੈ।*

ਪੰਜਾਬੀ ਵਿਚ ਸਦੀਆਂ ਤੋਂ ਸਾਹਿਤ ਰਚਿਆ ਜਾ ਰਿਹਾ ਹੈ, ਪਰ ਨਾ 1947 ਤੋਂ ਪਹਿਲਾਂ ਤੇ ਨਾ ਹੁਣ ਪੰਜਾਬੀ ਭਾਸ਼ਾ ਨੂੰ ਸਿਆਸੀ, ਸਮਾਜਿਕ ਅਤੇ ਆਰਥਿਕਤਾ ਦੀ ਭਾਸ਼ਾ ਬਣਾਇਆ ਗਿਆ ਹੈ। 1835 ਵਿਚ ਲਾਰਡ ਵਿਲੀਅਮ ਬੈਂਟਿਕ ਨੇ ਆਪਣੇ ਅੰਗਰੇਜ਼ ਅਫਸਰ ਟੀ.ਬੀ. ਮੈਕਾਲੇ ਨੂੰ ਭਾਰਤ ਵਿਚ ਵਿਦਿਅਕ ਢਾਂਚਾ ਤਿਆਰ ਕਰਨ ਲਈ ਕਿਹਾ ਸੀ ਤਾਂ ਮੈਕਾਲੇ ਨੇ ਇਹ ਕਿਹਾ ਕਿ 'ਵਧੀਆ ਯੂਰਪੀ ਸਾਹਿਤ ਨਾਲ ਭਰਿਆ ਇਕ ਖਾਨਾ ਹੀ ਭਾਰਤ ਦੇ ਸਾਰੇ ਦੇ ਸਾਰੇ ਦੇਸੀ ਸਾਹਿਤ ਦੇ ਬਰਾਬਰ ਹੈ। ਅਸੀਂ ਅਜਿਹੇ ਬੰਦਿਆਂ ਦੀ ਜਮਾਤ

### ਇਕਬਾਲ ਸੋਮੀਆ

ਪੈਦਾ ਕਰਨੀ ਚਾਹੁੰਦੇ ਹਾਂ ਜੋ ਖੂਨ ਤੇ ਰੰਗ ਦੇ ਪੱਖੋਂ ਤਾਂ ਭਾਰਤੀ ਹੋਣ, ਪਰ ਰੁਚੀਆਂ, ਵਿਚਾਰਾਂ, ਇਖਲਾਕੀ ਅਤੇ ਬੁੱਧੀ ਦੇ ਪੱਖੋਂ ਅੰਗਰੇਜ਼'। ਮੈਕਾਲੇ ਦੇ ਇਨ੍ਹਾਂ ਸਾਰੇ ਵਿਚਾਰਾਂ ਤੇ ਉਦੇਸ਼ਾਂ ਨਾਲ ਸਹਿਮਤ ਹੁੰਦਿਆਂ ਲਾਰਡ ਵਿਲੀਅਮ ਬੈਂਟਿਕ ਨੇ ਵੀ ਕਿਹਾ ਸੀ ਕਿ 'ਅੰਗਰੇਜ਼ ਸਰਕਾਰ ਦਾ ਮੁੱਖ ਨਿਸ਼ਾਨਾ ਅੰਗਰੇਜ਼ੀ ਦੇ ਮਾਧਿਅਮ ਰਾਹੀਂ ਯੂਰਪੀ ਸਾਹਿਤ ਤੇ ਵਿਗਿਆਨ ਫੈਲਾਉਣਾ ਹੈ। ਸਿੱਖਿਆ ਲਈ ਰਾਖਵੇਂ ਕੀਤੇ ਗਏ ਸਾਰੇ ਧਨ ਦਾ ਸਭ ਤੋਂ ਚੰਗਾ ਲਾਭ ਤਾਂ ਹੀ ਹੋਵੇਗਾ ਜੇ ਉਹ ਸਿਰਫ ਅੰਗਰੇਜ਼ੀ ਸਿੱਖਿਆ ਉਤੇ ਹੀ ਖਰਚ ਕੀਤਾ ਜਾਵੇ।'

1854 ਵਿਚ ਵੁੱਡ ਡਿਸਪੈਚ, 1882 ਵਿਚ ਹੰਟਰ ਕਮਿਸ਼ਨ ਅਤੇ 1902 ਵਿਚ ਇੰਡੀਅਨ ਯੂਨੀਵਰਸਿਟੀਜ਼ ਕਮਿਸ਼ਨ ਬਣੇ ਜਿਨ੍ਹਾਂ ਦੇ ਅਧੀਨ ਕਈ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਖੋਲ੍ਹੀਆਂ ਗਈਆਂ। ਫਿਰ 1947 ਤੋਂ ਬਾਅਦ ਵੀ ਜਿੰਨੇ ਕਮਿਸ਼ਨ ਬਣੇ, ਬਹੁਤੇ ਤਾਂ ਅੰਗਰੇਜ਼ੀ ਰਾਜ ਦੇ ਸਿੱਖਿਆ ਕਮਿਸ਼ਨਾਂ ਦੇ ਉਦੇਸ਼ਾਂ ਦੀ ਪੂਰਤੀ ਹੀ ਕਰਦੇ ਰਹੇ। 15 ਅਗਸਤ 1947 ਤੋਂ ਬਾਅਦ ਸਕੂਲ, ਕਾਲਜ ਤੇ ਸਿੱਖਿਆ ਸੰਸਥਾਵਾਂ ਵਿਚ ਮਾਤ-ਭਾਸ਼ਾਵਾਂ ਨੂੰ ਢੀਕ ਢੰਗ ਨਾਲ ਲਾਗੂ ਨਾ ਕੀਤਾ ਗਿਆ ਤੇ ਅੱਜ ਰਾਜ ਭਾਸ਼ਾ ਐਕਟ ਲਾਗੂ ਹੋਣ ਦੇ ਬਾਵਜੂਦ ਪੰਜਾਬੀ ਭਾਸ਼ਾ ਪੰਜਾਬ ਵਿਚ ਹਰ ਜਗ੍ਹਾ ਵਿਹਾਰ ਵਿਚ ਲਾਗੂ ਨਹੀਂ ਹੋਈ। 1850 ਵਿਚ ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਦੌਰਾਨ ਅੰਗਰੇਜ਼ੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਉਪਰ ਜ਼ੋਰ ਦਿੱਤਾ ਜਾਣ ਲੱਗਾ।

ਪੰਜਾਬ ਪਹਿਲੀ ਵਾਰ ਕਿਸੇ ਕੰਪਨੀ ਦੇ ਅਧੀਨ ਆਉਂਦਾ ਹੈ ਤੇ ਇਸ ਤਰ੍ਹਾਂ ਇਹ ਵਿਸ਼ਵ ਮੰਡੀ ਨਾਲ ਜੁੜਦਾ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਵੀ ਵਪਾਰਕ ਨਜ਼ਰਾਂ ਤੋਂ ਵੇਖੇ ਜਾਣ ਲੱਗੇ ਅਤੇ ਅੰਗਰੇਜ਼ਾਂ ਨੇ ਹਰ ਪੱਖ ਵਿਚ ਆਪਣੇ ਮੁਨਾਫੇ ਲਈ ਪੰਜਾਬੀਅਤ ਦੀ ਵਰਤੋਂ ਕੀਤੀ। ਪੱਛਮ ਨਾਲ ਸੁਮੇਲ ਦੌਰਾਨ ਨਵਾਂ ਸਾਹਿਤ ਤੇ ਨਵੀਂ ਭਾਸ਼ਾ ਅੰਗਰੇਜ਼ੀ ਦਾ ਬੋਲਬਾਲਾ ਹੋਣ ਲੱਗਾ। ਭਾਸ਼ਾ ਨੀਤੀ ਅਜਿਹੀ ਬਣਾਈ ਗਈ ਕਿ ਬ੍ਰਿਟਿਸ਼ ਰਾਜ ਦੇ ਅਧੀਨ ਅਜਿਹੇ ਲੋਕ ਆਉਣ ਜੋ ਵੇਖਣ ਨੂੰ ਭਾਰਤੀ, ਪਰ ਅਕਲੋਂ ਅੰਗਰੇਜ਼ ਹੋਣ। ਇਸ ਲਈ ਅੰਗਰੇਜ਼ਾਂ ਨੇ ਪੰਜਾਬੀਆਂ ਨੂੰ ਨੌਕਰੀਆਂ ਦਿੱਤੀਆਂ, ਪਰ ਉਹ ਕਦੇ ਨਹੀਂ ਚਾਹੁੰਦੇ ਸਨ ਕਿ ਇਥੋਂ ਦੇ ਵੱਖ ਵੱਖ ਧਰਮਾਂ, ਭਾਈਚਾਰਿਆਂ ਦੇ ਲੋਕ ਇਕੱਠੇ ਹੋਣ। ਇਸ ਲਈ ਬਰਤਾਨਵੀ ਬਸਤੀਵਾਦ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਭਾਸ਼ਾ ਨੂੰ ਧਰਮ ਨਾਲ ਜੋੜਨ ਦੇ ਕੋਝੇ ਯਤਨ ਕੀਤੇ ਤਾਂ ਜੋ ਲੋਕ ਵੰਡੇ ਰਹਿਣ ਅਤੇ ਆਪਸ ਵਿਚ ਹੀ ਲੜਦੇ ਰਹਿਣ।

ਪੰਜਾਬੀ ਪਹਿਲਾਂ ਗੁਰਦੁਆਰਿਆਂ, ਡੇਰਿਆਂ ਆਦਿ ਵਿਚ ਪੜ੍ਹਾਈ ਜਾਂਦੀ ਰਹੀ ਤੇ ਫਿਰ ਅੰਗਰੇਜ਼ਾਂ ਨੇ ਜਗੀਰਦਾਰਾਂ ਨੂੰ ਪ੍ਰਾਈਵੇਟ ਸੰਸਥਾਵਾਂ ਖੋਲ੍ਹਣ ਦੀ ਇਜਾਜ਼ਤ ਦਿੱਤੀ ਤਾਂ ਅੰਗਰੇਜ਼ਾਂ ਦੇ ਪੱਖ ਵਿਚ ਇਕ ਮੱਧ ਵਰਗ ਜਮਾਤ ਹੋਂਦ ਵਿਚ ਆਉਂਦੀ ਹੈ ਤੇ ਇਸ ਜਮਾਤ ਵਿਚ ਵੱਖਰੀ ਰਾਜਨੀਤੀ ਤੇ ਧਰਮ ਫਸਿਆ ਹੋਇਆ ਸੀ ਤੇ ਅੰਗਰੇਜ਼ ਇਹ ਨਹੀਂ ਚਾਹੁੰਦੇ ਸਨ ਕਿ ਸਿੱਖ, ਹਿੰਦੂ ਤੇ ਮੁਸਲਿਮ ਇਕ ਹੋਣ। ਇਸੇ ਤਰ੍ਹਾਂ ਹੀ ਨਵੀਂ ਰਾਜਨੀਤੀ/ਭਾਸ਼ਾ ਦੀ ਰਾਜਨੀਤੀ ਹੋਂਦ ਵਿਚ ਆਉਂਦੀ ਹੈ। ਹਿੰਦੂਆਂ ਦੀ ਹਿੰਦੀ, ਮੁਸਲਮਾਨਾਂ ਦੀ ਫਾਰਸੀ ਤੇ ਸਿੱਖਾਂ ਨੂੰ ਪੰਜਾਬੀ ਭਾਸ਼ਾ ਦੇ ਸੌੜੀ ਵੰਡ ਵਿਚ ਵੰਡ ਦਿੱਤਾ ਗਿਆ। ਸਿੰਘ ਸਭਾ ਵਾਲਿਆਂ ਨੇ ਸਿੱਖ ਸੰਸਥਾਵਾਂ, ਆਰੀਆ ਸਮਾਜੀਆਂ ਨੇ ਡੀ.ਏ.ਵੀ. ਸੰਸਥਾਵਾਂ ਅਤੇ ਮੁਸਲਮਾਨਾਂ ਨੇ ਇਸਲਾਮਿਕ ਸੰਸਥਾਵਾਂ ਖੋਲ੍ਹੀਆਂ। ਸਿੱਟਾ ਇਹ ਨਿਕਲਿਆ ਕਿ ਪਹਿਲਾਂ ਜਿਹੜੇ ਇਕ ਸਨ, ਹੁਣ ਵੰਡੇ ਗਏ।

1947 ਵਿਚ ਭਾਰਤ ਦੀ ਵੰਡ ਹੁੰਦੀ ਹੈ ਤਾਂ ਹਿੰਦੁਸਤਾਨ ਤੇ ਪਾਕਿਸਤਾਨ ਹੋਂਦ ਵਿਚ ਆਉਂਦੇ ਹਨ। ਇਸ ਨਾਲ ਇਕੱਲੀ ਜ਼ਮੀਨ ਦੀ ਹੀ ਵੰਡ ਨਹੀਂ ਹੋਈ, ਬਲਕਿ ਭਾਸ਼ਾਵਾਂ, ਸਭਿਆਚਾਰਾਂ, ਲੋਕ-ਸਮੂਹਾਂ ਤੇ ਪਛਾਣਾਂ ਦੀ ਵੀ ਵੰਡ ਹੋਈ। ਇਸ ਸਮੇਂ ਪਹਿਲੀ ਵਾਰ ਪੰਜਾਬੀ ਭਾਸ਼ਾ ਤੇ ਸਮੁੱਚੀ ਪੰਜਾਬੀਅਤ ਨੂੰ ਵੰਡ ਦਿੱਤਾ ਜਾਂਦਾ ਹੈ ਤੇ ਇਸ




ਨਾਲ ਸਾਹਿਤ ਵੀ ਵੰਡਿਆ ਜਾਂਦਾ ਹੈ। ਪੰਜਾਬੀ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਭਾਸ਼ਾ ਦੀ ਬਜਾਏ ਕੇਵਲ ਸਿੱਖਾਂ ਦੀ ਭਾਸ਼ਾ ਬਣ ਕੇ ਰਹਿ ਜਾਂਦੀ ਹੈ। ਇਸੇ ਹੀ ਸਮੱਸਿਆ ਵਿਚੋਂ ਪੰਜਾਬੀ ਸੂਬੇ ਦੀ ਰਾਜਨੀਤੀ ਹੋਂਦ ਵਿਚ ਆਉਂਦੀ ਹੈ ਤੇ ਮਾਸਟਰ ਤਾਰਾ ਸਿੰਘ ਹੁਰਾਂ ਦੀ ਅਗਵਾਈ ਵਿਚ ਰਾਜਨੀਤਕ ਪਦ ਤੇ ਗੱਦੀਆਂ ਦੀ ਪ੍ਰਾਪਤੀ ਲਈ ਕਈ ਘੋਲ ਲੜੇ ਜਾਂਦੇ ਹਨ ਜੋ ਅਗਾਂਹ ਜਾ ਕੇ ਖਾਲਿਸਤਾਨ ਦੀ ਮੰਗ ਰਾਹੀਂ ਹੋਰ ਪ੍ਰਚੰਡ ਹੁੰਦੇ ਹਨ। ਭਾਸ਼ਾ ਦੀ ਰਾਜਨੀਤੀ ਵਿਚ ਧਰਮ ਅਤੇ ਖੇਤਰਵਾਦ ਨੇ ਖੂਬ ਭੂਮਿਕਾ ਨਿਭਾਈ ਹੈ। 'ਭਾਰਤ ਦੇ ਵੱਖਰੇ ਵੱਖਰੇ ਹਿੱਸਿਆਂ ਵਿਚ ਉਠੀਆਂ ਰਾਜਸੀ ਲਹਿਰਾਂ ਨੇ ਜੇ ਭਾਸ਼ਾ ਨਾਲ ਜੁੜੇ ਮਸਲਿਆਂ ਜਾਂ ਫਿਰਕਿਆਂ ਲਈ ਵੱਖਰੀ ਧਰਤੀ ਜਾਂ ਦੇਸ਼ ਦੀ ਗੱਲ ਕੀਤੀ ਹੈ ਤਾਂ ਉਹ ਲਹਿਰਾਂ ਦੇ ਕਰਤਾ-ਧਰਤਾ ਅਤੇ ਉਨ੍ਹਾਂ ਲਹਿਰਾਂ ਦੇ ਸੰਚਾਲਕ ਸੱਤਾ ਪ੍ਰਾਪਤੀ ਦੀ ਹੋੜ ਦੇ ਵਧੇਰੇ ਚਾਹਵਾਨ ਸਨ। ਭਾਸ਼ਾ ਦੇ ਨਾਂ ਉਪਰ ਹੋਣ ਵਾਲੀ ਸਿਆਸਤ ਸਾਧਾਰਨ ਮਨੁੱਖ ਦੀ ਬਿਹਤਰੀ ਦੇ ਸੰਕਲਪ ਦੀ ਧਾਰਨੀ ਨਹੀਂ ਸੀ। ਇਸ ਦੇ ਉਲਟ ਆਰਥਿਕ ਪੱਖੋਂ ਕਾਇਮ ਲੋਕਾਂ ਦੀ ਸੱਤਾ ਪ੍ਰਾਪਤੀ ਦੀ ਲੜਾਈ ਸੀ। ਪੰਜਾਬ ਵਿਚ ਚੱਲੀ ਲਹਿਰ ਨੇ ਪੰਜਾਬੀ ਭਾਸ਼ਾ ਦਾ ਆਪ ਹੀ ਨੁਕਸਾਨ ਕੀਤਾ ਹੈ। ਇਸੇ ਦਾ ਲਾਹਾ ਲੈ ਕੇ ਕੇਂਦਰ ਸਰਕਾਰ ਨੇ ਹਿਮਾਚਲ, ਹਰਿਆਣਾ, ਰਾਜਸਥਾਨ ਤੇ ਜੰਮੂ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਵੱਖ ਕਰ ਦਿੱਤਾ ਅਤੇ ਹੁਣ ਵਿਸ਼ਾਲ ਪੰਜਾਬ ਦੀ ਜਗ੍ਹਾ ਨਿੱਕੀ ਜਿਹੀ 'ਪੰਜਾਬੀ' ਦਾ ਛੁਣਛੁਣਾ ਹੱਥ ਰਹਿ ਗਿਆ ਹੈ ਜੋ ਛਣਕਣ ਜੋਗਾ ਵੀ ਨਹੀਂ ਹੈ।

ਭੋਲ-ਭਾਲੇ ਪੰਜਾਬੀਆਂ ਦਾ ਵੋਟ ਬੈਂਕ ਹਥਿਆਉਣ ਲਈ ਕੇਂਦਰ ਤੇ ਰਾਜ ਸੱਤਾ ਨੇ ਚਾਲਾਂ ਖੇਡੀਆਂ ਹਨ ਤੇ ਪੰਜਾਬੀ ਭਾਸ਼ਾ ਦੀ ਬਿਹਤਰੀ ਭਾਲਦੇ ਪੰਜਾਬੀਆਂ ਨੂੰ ਬੁਰਕੀ ਪਾਈ ਹੈ। ਕਾਂਗਰਸ ਸਰਕਾਰ ਨੇ 1962 ਵਿਚ ਪੰਜਾਬੀਆਂ ਨੂੰ ਪੰਜਾਬੀ ਯੂਨੀਵਰਸਿਟੀ ਦਿੱਤੀ ਤਾਂ ਜੋ ਪੰਜਾਬੀਆਂ ਦੀਆਂ ਵੋਟ ਹਾਸਲ ਕੀਤਆਂ ਜਾ ਸਕਣ। ਇਸ ਤਰ੍ਹਾਂ ਹੀ ਮਹਿਕਮਾ ਪੰਜਾਬੀ (ਭਾਸ਼ਾ ਵਿਭਾਗ ਪੰਜਾਬ, ਪਟਿਆਲਾ) ਤੇ ਹੋਰ ਸੰਸਥਾਵਾਂ ਸੌੜੀ ਰਾਜਨੀਤੀ ਵਿਚੋਂ ਬਣੀਆਂ ਜਿਨ੍ਹਾਂ ਦਾ ਹਸ਼ਰ ਸਰਕਾਰੀ ਬੇਧਿਆਨੀ ਕਾਰਨ ਅੱਜ ਬੜਾ ਖਸਤਾ ਹੋਇਆ ਪਿਆ ਹੈ ਤੇ ਇਹ ਸਭ ਅਦਾਰੇ ਜੋ ਚੋਗੇ ਵਜੋਂ ਦਿੱਤੇ ਗਏ ਸਨ, ਬੰਦ ਹੋਣ ਕਿਨਾਰੇ ਹਨ ਤਾਂ ਪੰਜਾਬੀ ਦੇ ਵਿਕਾਸ ਦੀ ਗੱਲ ਕਰਨਾ ਤਾਂ ਇਨ੍ਹਾਂ ਦੇ ਵਸ ਨਹੀਂ ਰਿਹਾ।

ਇਸ ਦੇ ਨਾਲ ਹੀ ਹਰੀ ਕ੍ਰਾਂਤੀ ਦਾ ਰੌਲਾ ਪੈ ਜਾਂਦਾ ਹੈ ਤੇ ਜ਼ਮੀਨੀ ਸੁਧਾਰਾਂ ਦਾ ਅਖੌਤੀ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਕਿਸਾਨਾਂ ਨੂੰ ਖੇਤੀਬਾੜੀ ਮਸ਼ੀਨਰੀ ਤੇ ਜ਼ਹਿਰੀਲੀਆਂ ਦਵਾਈਆਂ ਕਰਜ਼ੇ ਉਪਰ ਦਿੱਤੀਆਂ ਜਾਂਦੀਆਂ ਹਨ ਤੇ ਇਸ ਤਰ੍ਹਾਂ ਛੋਟਾ ਕਿਸਾਨ ਹੋਰ ਗਰੀਬ ਹੁੰਦਾ ਗਿਆ ਤੇ ਧਨਾਢ ਹੋਰ ਧਨਾਢ। ਇਸ ਮੁਹਾਜ਼ ਵਿਚ ਜੋ ਧਨਾਢ ਤੇ ਜਗੀਰਦਾਰ ਵਰਗ ਉਠਿਆ, ਉਸ ਨੇ ਸ਼ਹਿਰ ਦੇ ਵਪਾਰ ਵਿਚ ਰੁਚੀ ਲੈਣੀ ਸ਼ੁਰੂ ਕੀਤੀ ਤੇ ਪੂੰਜੀਪਤੀਆਂ ਨਾਲ ਸੌਦੇ ਕੀਤੇ। ਅੱਜ ਦੇ ਸੱਤਾਧਾਰੀ ਉਸੇ ਵਰਗ ਵਿਚ ਆਉਂਦੇ ਹਨ। ਦੂਜੇ ਪਾਸੇ ਵੱਡਾ ਕਿਰਤੀ ਤੇ ਬੇਜ਼ਮੀਨਾ ਵਰਗ ਵੀ ਬਣਦਾ ਗਿਆ ਤੇ ਅੱਜ ਪੰਜਾਬ ਵਿਚ ਕਰੀਬ 30 ਫੀਸਦੀ ਲੋਕਾਂ ਕੋਲ ਚੱਪਾ ਵੀ ਜ਼ਮੀਨ ਨਹੀਂ ਹੈ। ਹਰੀ ਕ੍ਰਾਂਤੀ ਦੀ ਦੌੜ ਵਿਚ ਛੋਟੇ ਕਿਸਾਨ ਕਰਜ਼ਿਆਂ ਕਾਰਨ ਖੇਤ ਮਜ਼ਦੂਰਾਂ ਵਿਚ ਤਬਦੀਲ ਹੋ ਗਏ ਤੇ ਦਿਹਾੜੀਆਂ ਕਰਨ ਲੱਗੇ; ਜੋ ਪਹਿਲਾਂ ਹੀ ਦਿਹਾੜੀਦਾਰ ਸਨ, ਉਨ੍ਹਾਂ ਦੀ ਜ਼ਿੰਦਗੀ ਵਿਚ ਬੜੇ ਵੱਡੇ ਸੰਕਟ ਆਏ। ਕਰਜ਼ੇ ਦਾ ਬੋਝ ਇੰਨਾ ਵਧ ਗਿਆ ਕਿ ਕੇਵਲ ਪਿਛਲੇ ਦੋ ਕੁ ਦਹਾਕਿਆਂ ਵਿਚ ਹੀ ਢਾਈ ਲੱਖ ਕਿਸਾਨ-ਮਜ਼ਦੂਰ ਆਰਥਿਕ ਤੰਗੀ ਕਾਰਨ ਖੁਦਕੁਸ਼ੀ ਕਰ ਗਏ ਹਨ।

ਇਸ ਸਭ ਕੁਝ ਨੇ ਭਾਸ਼ਾ ਦੇ ਮਸਲੇ ਉਪਰ ਵੀ ਬੁਰਾ ਅਸਰ ਪਾਇਆ ਹੈ। ਧਨਾਢ ਜ਼ਿਮੀਂਦਾਰਾਂ ਨੇ ਸੱਤਾਧਾਰੀਆਂ ਤੇ ਪੂੰਜੀਪਤੀਆਂ ਨਾਲ ਮਿਲ ਕੇ ਮੋਟੀਆਂ ਕਮਾਈਆਂ ਕੀਤੀਆਂ ਤੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਖਰੀਦ ਕੇ ਖੋਹ ਲਈਆਂ ਤੇ ਵੱਡੇ ਸ਼ਹਿਰਾਂ ਤੇ ਵਿਦੇਸ਼ਾਂ ਵਿਚ ਪੂੰਜੀ ਨਿਵੇਸ਼ ਕੀਤਾ। ਛੋਟੇ ਪਿੰਡਾਂ ਵਿਚ ਜੋ ਬਚੇ-ਖੁਚੇ ਰਹਿ ਰਹੇ ਹਨ ਉਨ੍ਹਾਂ ਵਿਚ ਬਹੁਤੇ ਤਾਂ ਗਰੀਬ ਤੇ ਛੋਟੇ ਕਿਸਾਨ ਹੀ ਹਨ। 1991 ਤੋਂ ਬਾਅਦ ਕਾਂਗਰਸ ਸਰਕਾਰ ਨੇ ਵਿਸ਼ਵੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਲੋਕ-ਮਾਰੂ ਨੀਤੀਆਂ ਬੜੀ ਤੇਜ਼ੀ ਨਾਲ ਲਾਗੂ ਕੀਤੀਆਂ, ਜਿਸ ਨਾਲ ਹਰ ਅਦਾਰੇ ਦਾ ਨਿਜੀਕਰਨ ਹੋਣਾ ਤੈਅ ਹੋਇਆ ਤੇ ਅੱਜ ਸਿੱਖਿਆ ਦੇ ਖੇਤਰ (ਜਿਸ ਦਾ ਸਿੱਧਾ ਸਬੰਧ ਭਾਸ਼ਾ ਨਾਲ ਜੁੜਦਾ ਹੈ) ਵਿਚ ਵੱਡੀ ਤਬਦੀਲੀ ਲਿਆਂਦੀ।

ਸਾਲ 2014 ਦੇ ਅੰਕੜਿਆਂ ਅਨੁਸਾਰ ਦੋ-ਤਿਹਾਈ ਹਿੱਸਾ ਸਿੱਖਿਆ ਸੰਸਥਾਵਾਂ ਨਿੱਜੀ ਅਤੇ ਕੇਵਲ ਇਕ ਤਿਹਾਈ ਹਿੱਸਾ ਹੀ ਸਰਕਾਰੀ ਰਹਿ ਗਈਆਂ ਹਨ ਤੇ 20ਵਿਆਂ ਦੇ ਦਹਾਕੇ ਵਿਚ ਤਾਂ ਸਰਕਾਰੀ ਸਿੱਖਿਆ ਦਾ ਮਾੜਾ ਹਾਲ ਹੋ ਜਾਵੇਗਾ। ਇਸ ਦੇ ਨਾਲ ਹੀ ਜਿਹੜੇ ਵਿਦਿਆਰਥੀ ਸਰਕਾਰੀ ਸੰਸਥਾਵਾਂ ਵਿਚ ਪੜ੍ਹਦੇ ਵੀ ਹਨ; ਉਨ੍ਹਾਂ ਵਿਚ ਦਲਿਤਾਂ, ਮਜ਼ਦੂਰਾਂ, ਕਿਰਤੀਆਂ, ਛੋਟੇ ਕਿਸਾਨਾਂ ਦੇ ਬੱਚੇ ਹਨ। ਅਮੀਰਾਂ ਤੇ ਮੱਧ ਸ਼੍ਰੇਣੀ ਦੇ ਬੱਚੇ ਤਾਂ ਪ੍ਰਾਈਵੇਟ ਸੰਸਥਾਵਾਂ ਵਿਚ ਪੜ੍ਹਦੇ ਹਨ ਜਿਥੇ ਪੰਜਾਬੀ ਮਾਧਿਅਮ ਵਿਚ ਪੜ੍ਹਾਈ ਨਹੀਂ ਹੁੰਦੀ ਤੇ ਵਿਸ਼ੇ ਵੀ ਹੋਰ ਹੁੰਦੇ ਹਨ, ਪਰ ਸਰਕਾਰੀ

*(ਬਾਕੀ ਅਗਲੇ ਸਫੇ 'ਤੇ)*

# ਜਮਹੂਰੀਅਤ ਅਤੇ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ

ਛੱਤੀਸਗੜ੍ਹ ਪੁਲਿਸ ਵਲੋਂ ਦੋ ਪ੍ਰੋਫੈਸਰਾਂ ਅਤੇ ਦੋ ਸਿਆਸੀ ਕਾਰਕੁਨਾਂ ਨੂੰ ਬਸਤਰ ਵਿਚ ਹੋਏ ਇਕ ਕਤਲ ਕੇਸ ਵਿਚ ਫਸਾਉਣਾ ਡੂੰਘੀ ਫ਼ਿਕਰਮੰਦੀ ਦੀ ਮੰਗ ਕਰਦਾ ਹੈ। ਇਸ ਕਰ ਕੇ ਨਹੀਂ ਕਿ ਉਨ੍ਹਾਂ ਉਪਰ ਇਹ ਮਾਮਲਾ ਨਾਜਾਇਜ਼ ਦਰਜ ਕੀਤਾ ਗਿਆ ਹੈ, ਸਗੋਂ ਇਸ ਕਰ ਕੇ, ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਇਹ ਸਿਲਸਿਲਾ

**ਬੂਟਾ ਸਿੰਘ**
ਫੋਨ: +91-94634-74342

ਵਾਰ-ਵਾਰ ਅਤੇ ਹੋਰ ਵੀ ਤਿੱਖੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਹਾਲਾਤ ਐਨੇ ਗੰਭੀਰ ਬਣ ਚੁੱਕੇ ਹਨ ਕਿ ਸਮਾਜ ਦੇ ਜਾਗਰੂਕ ਅਤੇ ਚਿੰਤਨਸ਼ੀਲ ਹਿੱਸਿਆਂ ਵਲੋਂ ਸਮਾਜੀ ਸਰੋਕਾਰਾਂ ਪ੍ਰਤੀ ਫ਼ਿਕਰਮੰਦੀ ਦਿਖਾਉਣ ਦੇ ਮਨੋਰਥ ਨਾਲ ਜਮਹੂਰੀ ਦਖ਼ਲਅੰਦਾਜ਼ੀ ਨੂੰ ਹੀ ਖ਼ਤਰਨਾਕ ਜੁਰਮ ਬਣਾ ਦਿੱਤਾ ਗਿਆ ਹੈ।

ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਨੰਦਿਨੀ ਸੁੰਦਰ, ਜੇ.ਐਨ.ਯੂ. ਦੀ ਪ੍ਰੋਫੈਸਰ ਅਰਚਨਾ ਪ੍ਰਸਾਦ, ਜੋਸ਼ੀ-ਅਧਿਕਾਰੀ ਸਮਾਜ ਵਿਗਿਆਨ ਸੰਸਥਾ ਦੇ ਫੈਕਲਟੀ ਮੈਂਬਰ ਵਿਨੀਤ ਤਿਵਾੜੀ ਅਤੇ ਸੀ.ਪੀ.ਆਈ. ਦੇ ਛੱਤੀਸਗੜ੍ਹ ਦੇ ਸੂਬਾ ਸਕੱਤਰ ਸੰਜੇ ਪਰਾਤੇ ਉਪਰ ਬਸਤਰ ਪੁਲਿਸ ਨੇ ਕੇਸ ਦਰਜ ਕੀਤਾ ਹੈ ਕਿ ਸ਼ਾਮਨਾਥ ਬਘੇਲ ਨਾਂ ਦੇ ਆਦਿਵਾਸੀ ਦੀ ਹੱਤਿਆ ਮਾਓਵਾਦੀਆਂ ਵਲੋਂ ਉਨ੍ਹਾਂ ਦੇ ਉਕਸਾਉਣ 'ਤੇ ਕੀਤੀ ਗਈ; ਜਦਕਿ ਇਹ ਤੱਥ ਜੱਗ ਜ਼ਾਹਿਰ ਹੈ ਕਿ ਉਪਰੋਕਤ ਦੋਵੇਂ ਪ੍ਰੋਫੈਸਰ ਅਤੇ 'ਮੁੱਖਧਾਰਾ' ਕਮਿਊਨਿਸਟ ਪਾਰਟੀਆਂ ਦੇ ਉਪਰੋਕਤ ਦੋਵੇਂ ਆਗੂ ਮਾਓਵਾਦੀ ਲਹਿਰ ਦੇ ਤਿੱਖੇ ਆਲੋਚਕ ਹਨ। ਆਪਣੀ ਸਿਆਸਤ ਪ੍ਰਤੀ ਵਚਨਬੱਧ ਮਾਓਵਾਦੀ ਛਾਪਾਮਾਰ, ਉਨ੍ਹਾਂ ਦੇ ਬਹਿਕਾਵੇ ਵਿਚ ਆ ਕੇ ਕਿਸੇ ਸਰਕਾਰ ਪੱਖੀ ਬੰਦੇ ਦੀ ਹੱਤਿਆ ਕਰਨਗੇ, ਇਸ ਤੋਂ ਵੱਧ ਵਾਹਯਾਤ ਦਲੀਲ ਹੋਰ ਕੀ ਹੋ ਸਕਦੀ ਹੈ।

ਹਾਲ ਦੀ ਘੜੀ ਭਾਵੇਂ ਅਦਾਲਤ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਉਪਰ ਪੰਦਰਾਂ ਦਿਨ ਲਈ ਰੋਕ ਲਗਾਈ ਹੋਈ ਹੈ, ਪਰ ਆਉਣ ਵਾਲੇ ਦਿਨਾਂ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰੀ ਹੋ ਸਕਦੀ ਹੈ। ਐਸਾ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਡਾ. ਬਿਨਾਇਕ ਸੇਨ, ਪ੍ਰੋਫੈਸਰ ਜੀ.ਐਨ. ਸਾਈਬਾਬਾ ਅਤੇ ਹੋਰ ਕਾਰਕੁਨਾਂ ਵਾਂਗ ਸਾਲਾਂਬੱਧੀ ਜੇਲ੍ਹਾਂ ਵਿਚ ਸੜਨਾ ਪਵੇਗਾ। ਇਲਜ਼ਾਮ ਕਿਉਂਕਿ ਮਾਓਵਾਦੀ ਹਿੰਸਾ ਵਿਚ ਹਿੱਸੇਦਾਰ ਹੋਣ ਦਾ ਹੈ, ਇਨ੍ਹਾਂ ਮਾਮਲਿਆਂ ਵਿਚ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੀਆਂ ਧਾਰਾਵਾਂ ਦਾ ਲਗਾਇਆ ਜਾਣਾ ਆਮ ਗੱਲ ਹੈ ਅਤੇ ਇਉਂ ਅਦਾਲਤ ਕਈ ਮਹੀਨੇ ਉਨ੍ਹਾਂ ਦੀ ਜ਼ਮਾਨਤ ਬਾਰੇ ਵੀ ਵਿਚਾਰ ਨਹੀਂ ਕਰੇਗੀ। ਇਸ ਦੌਰਾਨ ਵਿਚਾਰ ਅਧੀਨ ਕੈਦੀ ਵਜੋਂ ਅਦਾਲਤ ਵਿਚ ਪੇਸ਼ੀਆਂ ਭੁਗਤ ਕੇ ਉਨ੍ਹਾਂ ਨੂੰ ਆਪਣੀ ਬੇਗੁਨਾਹੀ ਸਾਬਤ ਕਰਨੀ ਹੋਵੇਗੀ। ਉਨ੍ਹਾਂ ਨੂੰ ਇਸ ਮਾਮਲੇ ਵਿਚ ਫਸਾਏ ਜਾਣ ਦੀ ਅਸਲ ਵਜ੍ਹਾ ਕੀ ਹੈ, ਇਹ ਹੁਕਮਰਾਨ ਜਮਾਤ, ਰਾਜਤੰਤਰ, ਜਾਗਰੂਕ ਹਿੱਸਿਆਂ, ਮੀਡੀਆ ਸਮੇਤ ਹਰ ਕਿਸੇ ਨੂੰ ਸਪਸ਼ਟ ਹੈ। ਉਨ੍ਹਾਂ ਨੂੰ ਬਸਤਰ ਵਿਚ ਕੀਤੀ ਜਾ ਰਹੀ ਕਤਲੋਗ਼ਾਰਤ ਅਤੇ ਆਦਿਵਾਸੀ ਤਰਜ਼ੇ-ਜ਼ਿੰਦਗੀ ਦੀ ਤਬਾਹੀ ਦੇ ਮਾਮਲਿਆਂ ਨੂੰ ਉਠਾਉਣ ਦੀ ਸਜ਼ਾ ਦਿੱਤੀ ਜਾ ਰਹੀ ਹੈ।

ਖੁੱਲ੍ਹੀ ਮੰਡੀ ਦੇ ਮੌਜੂਦਾ ਆਰਥਿਕ ਮਾਡਲ ਦੇ ਮੂਲ ਤਰਕ ਅਨੁਸਾਰ ਮੁਲਕ ਦੀ ਆਰਥਿਕਤਾ ਦੇ ਤੇਜ਼ ਰਫ਼ਤਾਰ ਵਾਧੇ ਲਈ ਜੰਗਲਾਂ, ਪਹਾੜਾਂ ਦਾ ਸਫ਼ਾਇਆ ਅਤੇ ਉਥੇ ਸਦੀਆਂ ਤੋਂ ਵਸਦੇ ਆਦਿਵਾਸੀਆਂ ਦਾ ਉਜਾੜਾ ਜ਼ਰੂਰੀ ਹੈ। ਨਵਉਦਾਰਵਾਦੀ ਆਰਥਿਕ ਮਾਡਲ ਅਨੁਸਾਰ ਐਸੇ ਮਾਡਲ ਦੀ ਪੈਰੋਕਾਰ ਹੁਕਮਰਾਨ ਜਮਾਤ ਦੀ ਸੋਚ ਹੀ ਮੁਲਕ ਦੇ ਹਿਤ ਹਨ ਅਤੇ ਇਸ ਨਾਲ ਅਸਹਿਮਤੀ ਜ਼ਾਹਿਰ ਕਰਨਾ ਮੁਲਕ ਦੇ ਹਿੱਤਾਂ ਦੇ ਖ਼ਿਲਾਫ਼ ਕੰਮ ਕਰਨਾ ਹੈ। ਲਿਹਾਜ਼ਾ, ਜਿਹੜਾ ਵੀ ਕੋਈ ਹੁਕਮਰਾਨਾਂ ਦੇ ਇਸ ਆਰਥਿਕ ਜਹਾਦ ਦਾ ਵਿਰੋਧ ਕਰਦਾ ਹੈ, ਉਹ ਦੇਸ਼ਧ੍ਰੋਹੀ ਹੈ। ਸਿਰਫ਼ ਕਾਰਪੋਰੇਟ ਪ੍ਰੋਜੈਕਟਾਂ ਦੇ ਹਮਾਇਤੀ ਹੀ ਦੇਸ਼ਭਗਤ ਹਨ। ਇਸ ਤਰਕ ਅਨੁਸਾਰ ਆਪਣੇ ਜੰਗਲਾਂ, ਪਹਾੜਾਂ, ਜ਼ਮੀਨ ਅਤੇ ਹੋਰ ਕੁਦਰਤੀ ਵਸੀਲਿਆਂ ਨੂੰ ਐਕਵਾਇਰ ਕੀਤੇ ਜਾਣ ਦੇ ਖ਼ਿਲਾਫ਼ ਅਤੇ ਆਪਣੇ ਹਿਤਾਂ ਦੀ ਰਾਖੀ ਲਈ ਜੂਝ ਰਹੇ ਆਦਿਵਾਸੀ ਅਤੇ ਇਸ ਅਖੌਤੀ ਵਿਕਾਸ ਮਾਡਲ ਉਪਰ ਸਵਾਲ ਉਠਾਉਣ ਵਾਲੇ ਬੁੱਧੀਜੀਵੀ, ਸਮਾਜਿਕ ਕਾਰਕੁਨ ਆਦਿ ਸਾਰੇ ਦੇਸ਼ਧ੍ਰੋਹੀ ਹਨ।



ਪ੍ਰੋਫੈਸਰ ਅਰਚਨਾ ਪ੍ਰਸਾਦ

***ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਨੰਦਿਨੀ ਸੁੰਦਰ, ਜੇ.ਐਨ.ਯੂ. ਦੀ ਪ੍ਰੋਫੈਸਰ ਅਰਚਨਾ ਪ੍ਰਸਾਦ, ਜੋਸ਼ੀ-ਅਧਿਕਾਰੀ ਸਮਾਜ ਵਿਗਿਆਨ ਸੰਸਥਾ ਦੇ ਫੈਕਲਟੀ ਮੈਂਬਰ ਵਿਨੀਤ ਤਿਵਾੜੀ ਅਤੇ ਸੀ.ਪੀ.ਆਈ. ਦੇ ਛੱਤੀਸਗੜ੍ਹ ਦੇ ਸੂਬਾ ਸਕੱਤਰ ਸੰਜੇ ਪਰਾਤੇ ਉਪਰ ਬਸਤਰ ਪੁਲਿਸ ਨੇ ਕੇਸ ਦਰਜ ਕੀਤਾ ਹੈ ਕਿ ਸ਼ਾਮਨਾਥ ਬਘੇਲ ਨਾਂ ਦੇ ਆਦਿਵਾਸੀ ਦੀ ਹੱਤਿਆ ਮਾਓਵਾਦੀਆਂ ਵਲੋਂ ਉਨ੍ਹਾਂ ਦੇ ਉਕਸਾਉਣ 'ਤੇ ਕੀਤੀ ਗਈ; ਜਦਕਿ ਇਹ ਤੱਥ ਜੱਗ ਜ਼ਾਹਿਰ ਹੈ ਕਿ ਉਪਰੋਕਤ ਦੋਵੇਂ ਪ੍ਰੋਫੈਸਰ ਅਤੇ 'ਮੁੱਖਧਾਰਾ' ਕਮਿਊਨਿਸਟ ਪਾਰਟੀਆਂ ਦੇ ਉਪਰੋਕਤ ਦੋਵੇਂ ਆਗੂ ਮਾਓਵਾਦੀ ਲਹਿਰ ਦੇ ਤਿੱਖੇ ਆਲੋਚਕ ਹਨ।***



ਪ੍ਰੋਫੈਸਰ ਨੰਦਿਨੀ ਸੁੰਦਰ

ਸਚਾਈ ਇਹ ਹੈ ਕਿ ਉਪਰੋਕਤ ਚਾਰ ਮੈਂਬਰੀ ਟੀਮ ਨੇ ਮਈ 2016 ਦੇ ਅੱਧ ਵਿਚ ਬਸਤਰ ਡਿਵੀਜ਼ਨ ਦੇ ਚਾਰ ਜ਼ਿਲ੍ਹਿਆਂ ਦਾ ਦੌਰਾ ਕਰ ਕੇ ਤੱਥ ਖੋਜ ਰਿਪੋਰਟ ਜਾਰੀ ਕੀਤੀ ਸੀ ਜਿਥੋਂ ਦੇ ਆਦਿਵਾਸੀ ਛੱਤੀਸਗੜ੍ਹ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੇ ਨਕਸਲ ਵਿਰੋਧੀ ਓਪਰੇਸ਼ਨਾਂ ਦਾ ਸਭ ਤੋਂ ਵੱਧ ਸੰਤਾਪ ਝੱਲ ਰਹੇ ਹਨ। ਰਿਪੋਰਟ ਵਿਚ ਇਕ ਪਾਸੇ ਪੁਲਿਸ ਮੁਕਾਬਲਿਆਂ, ਗ੍ਰਿਫ਼ਤਾਰੀਆਂ, ਮਾਓਵਾਦੀਆਂ ਦੇ ਆਤਮ-ਸਮਰਪਣ ਦੇ ਸਰਕਾਰੀ ਦਾਅਵਿਆਂ ਅਤੇ ਦੂਜੇ ਪਾਸੇ ਸਿਖਿਆ, ਸਿਹਤ ਸਹੂਲਤਾਂ ਅਤੇ ਮਨਰੇਗਾ ਸਮੇਤ ਸਰਕਾਰੀ ਸਕੀਮਾਂ ਦੇ ਸਰਕਾਰੀ ਦਾਅਵਿਆਂ ਉਪਰ ਸਵਾਲੀਆ ਚਿੰਨ੍ਹ ਲਗਾਉਂਦਿਆਂ ਉਕਾ ਹੀ ਵੱਖਰੀ ਤਰ੍ਹਾਂ ਦੀ ਜ਼ਮੀਨੀ ਹਕੀਕਤ ਪੇਸ਼ ਕੀਤੀ ਗਈ ਸੀ। ਐਸੀ ਆਲੋਚਨਾਤਮਕ ਰਿਪੋਰਟ ਸਥਾਪਤੀ ਨੂੰ ਮਨਜ਼ੂਰ ਨਹੀਂ। ਬਸਤਰ ਪੁਲਿਸ ਅਤੇ ਛੱਤੀਸਗੜ੍ਹ ਸਰਕਾਰ ਨੂੰ ਖ਼ਾਸ ਕਰ ਕੇ ਗਵਾਰਾ ਨਹੀਂ ਜਿਨ੍ਹਾਂ ਦੀ 'ਮਾਓਵਾਦੀ ਗੜ੍ਹ' ਵਿਰੁੱਧ ਮੁਹਿੰਮ ਦੀ ਪੂਰੀ ਟੇਕ ਹੀ ਬੇਤਹਾਸ਼ਾ ਦਮਨ ਅਤੇ ਸਰਕਾਰੀ ਲਸ਼ਕਰਾਂ ਦੀ ਆਵਾਜਾਈ ਲਈ ਸੜਕਾਂ ਦਾ ਜਾਲ ਵਿਛਾਉਣ ਲਈ ਆਦਿਵਾਸੀਆਂ ਦੇ ਉਜਾੜੇ ਉਪਰ ਹੈ। ਪ੍ਰੋਫੈਸਰ ਨੰਦਿਨੀ ਸੁੰਦਰ ਇਸ ਕਰ ਕੇ ਖ਼ਾਸ ਨਿਸ਼ਾਨੇ 'ਤੇ ਹੈ, ਕਿਉਂਕਿ ਉਸ ਵਲੋਂ ਸੁਪਰੀਮ ਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕਰ ਕੇ ਲੜੀ ਗਈ ਲੰਮੀ ਕਾਨੂੰਨੀ ਲੜਾਈ ਨੇ ਅਹਿਮ ਫ਼ੈਸਲਾ ਕਰਵਾਉਣ ਵਿਚ ਕਾਮਯਾਬੀ ਹਾਸਲ ਕੀਤੀ ਸੀ।

ਸੁਪਰੀਮ ਕੋਰਟ ਵਲੋਂ ਜੁਲਾਈ 2011 'ਚ ਐਸ.ਪੀ.ਓਜ਼ (ਸਪੈਸ਼ਲ ਪੁਲਿਸ ਅਫ਼ਸਰਾਂ) ਨੂੰ ਗ਼ੈਰਸੰਵਿਧਾਨਕ ਕਰਾਰ ਦੇ ਕੇ ਉਨ੍ਹਾਂ ਨੂੰ ਮਾਓਵਾਦੀਆਂ ਖ਼ਿਲਾਫ਼ ਲੜਾਈ ਵਿਚ ਝੋਕਣਾ ਬੰਦ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਚੇਤੇ ਰਹੇ ਕਿ 'ਸਲਵਾ ਜੁਡਮ' ਦੀ ਅਸਲੀਅਤ ਜੱਗ ਜ਼ਾਹਰ ਹੋ ਜਾਣ 'ਤੇ ਹੁਕਮਰਾਨਾਂ ਨੇ ਇਨ੍ਹਾਂ ਗਰੋਹਾਂ ਨੂੰ ਕਾਨੂੰਨੀ ਰੂਪ ਦੇਣ ਦਾ ਨਵਾਂ ਤਰੀਕਾ ਈਜਾਦ ਕਰ ਲਿਆ ਸੀ। ਪਹਿਲਾਂ ਉਹ 'ਸਲਵਾ ਜੁਡਮ' ਸਨ ਹੁਣ ਉਹ 'ਸਪੈਸ਼ਲ ਪੁਲਿਸ ਅਫ਼ਸਰ' ਬਣਾ ਦਿੱਤੇ ਗਏ। ਕੇਂਦਰ ਸਰਕਾਰ ਵਲੋਂ ਮਾਓਵਾਦੀ ਲਹਿਰ ਤੋਂ ਪ੍ਰਭਾਵਿਤ ਸੱਤ ਸੂਬਿਆਂ ਅੰਦਰ ਜੋ ਐਸੇ 28566 ਐਸ.ਪੀ.ਓਜ਼ ਭਰਤੀ ਕੀਤੇ ਗਏ ਸਨ, ਉਪਰੋਕਤ ਫ਼ੈਸਲੇ ਨਾਲ ਉਨ੍ਹਾਂ ਉਪਰ ਸਵਾਲੀਆ ਚਿੰਨ੍ਹ ਲੱਗਣਾ ਸੁਭਾਵਿਕ ਸੀ।

ਇਹ ਫ਼ੈਸਲਾ ਛੱਤੀਸਗੜ੍ਹ ਦੀ ਭਾਜਪਾ ਸਰਕਾਰ ਅਤੇ ਕੇਂਦਰ ਵਿਚ ਮਨਮੋਹਨ ਸਿੰਘ ਦੀ ਸਰਕਾਰ, ਦੋਹਾਂ ਲਈ ਵੱਡੀ ਪ੍ਰੇਸ਼ਾਨੀ ਦਾ ਕਾਰਨ ਸੀ, ਕਿਉਂਕਿ ਦੋਵੇਂ ਸਰਕਾਰਾਂ ਸਾਰੇ ਮੱਤਭੇਦ ਦਰਕਿਨਾਰ ਕਰ ਕੇ ਮਾਓਵਾਦੀ ਲਹਿਰ ਨੂੰ ਕੁਚਲਣ ਲਈ ਹਰ ਗ਼ੈਰਕਾਨੂੰਨੀ ਤਰੀਕੇ ਦੀ ਰਾਜਕੀ ਪੁਸ਼ਤਪਨਾਹੀ ਕਰ ਰਹੀਆਂ ਸਨ। ਛੱਤੀਸਗੜ੍ਹ, ਕਸ਼ਮੀਰ, ਉਤਰ-ਪੂਰਬੀ ਰਾਜ, ਗੱਲ ਕੀ, ਹਰ ਥਾਂ ਹੀ ਹੁਕਮਰਾਨਾਂ ਨੇ ਬਾਗ਼ੀ ਲਹਿਰਾਂ ਵਿਰੁੱਧ ਲੜਨ ਦੀ ਯੁੱਧਨੀਤੀ ਦੇ ਹਿੱਸੇ ਵਜੋਂ ਵੰਨ-ਸੁਵੰਨੇ ਹਥਿਆਰਬੰਦ ਧੜੇ ਖੜ੍ਹੇ ਕੀਤੇ ਹੋਏ ਸਨ ਜਿਨ੍ਹਾਂ ਬਾਰੇ ਦਾਅਵਾ ਇਹ ਕੀਤਾ ਜਾਂਦਾ ਸੀ/ਹੈ ਕਿ ਇਹ ਹਥਿਆਰਬੰਦ ਤਹਿਰੀਕਾਂ ਵਿਰੁੱਧ 'ਸਿਵਲੀਅਨ' ਬਗ਼ਾਵਤ ਹੈ। ਉਪਰੋਕਤ ਫ਼ੈਸਲੇ ਦੇ ਪ੍ਰਭਾਵ ਨੂੰ ਰੋਕਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਸੁਪਰੀਮ ਕੋਰਟ ਵਿਚ ਰੀਵਿਊ ਪਟੀਸ਼ਨ ਦਾਇਰ ਕੀਤੀ ਗਈ ਜਿਸ ਦੇ ਸਿੱਟੇ ਵਜੋਂ ਕੇਂਦਰ ਸਰਕਾਰ ਇਸ ਫ਼ੈਸਲੇ ਨੂੰ ਛੱਤੀਸਗੜ੍ਹ ਤਕ ਮਹਿਦੂਦ ਕਰਵਾਉਣ ਵਿਚ ਕਾਮਯਾਬ ਹੋ ਗਈ। ਐਸ.ਪੀ.ਓਜ਼. ਨੂੰ ਹਥਿਆਰ ਦਿੱਤੇ ਜਾਣ ਨੂੰ ਜਾਇਜ਼ ਠਹਿਰਾਉਣ ਲਈ ਕੇਂਦਰ ਸਰਕਾਰ ਨੇ ਅਜੀਬ ਦਲੀਲ ਦਿੱਤੀ ਸੀ ਕਿ ਉਨ੍ਹਾਂ ਨੂੰ ਆਪਣੀ 'ਸਵੈ ਰੱਖਿਆ' ਲਈ ਹਥਿਆਰਬੰਦ ਹੋਣ ਦਾ ਹੱਕ ਹੈ; ਜਦਕਿ ਇਹੀ ਹੁਕਮਰਾਨ ਆਦਿਵਾਸੀਆਂ ਨੂੰ ਸਿਰਫ਼ ਇਸੇ ਕਾਰਨ ਮਾਓਵਾਦੀ ਕਹਿ ਕੇ ਮਰਵਾ ਰਹੇ ਹਨ ਕਿ ਉਹ ਆਪਣੇ ਹਿਤ ਦੀ ਰੱਖਿਆ ਲਈ ਰਵਾਇਤੀ ਹਥਿਆਰ ਕਿਉਂ ਰੱਖਦੇ ਹਨ।

ਜਿਥੋਂ ਤਕ ਛੱਤੀਸਗੜ੍ਹ ਦਾ ਸਵਾਲ ਸੀ, ਇਸ ਫ਼ੈਸਲੇ ਨਾਲ ਆਦਿਵਾਸੀ ਵਸੋਂ ਉਪਰ ਹਮਲੇ ਬੰਦ ਨਹੀਂ ਹੋਏ, ਕਿਉਂਕਿ ਐਸ.ਪੀ.ਓਜ਼ ਨੂੰ ਸਿਖਲਾਈ ਦੇ ਸਰਟੀਫਿਕੇਟ ਜਾਰੀ ਕਰ ਕੇ ਉਨ੍ਹਾਂ ਨੂੰ 'ਸਿਖਲਾਈਯਾਫ਼ਤਾ ਕੋਇਆ ਕਮਾਂਡੋਜ਼' ਬਣਾ ਲਿਆ ਗਿਆ ਸੀ। ਲਿਹਾਜ਼ਾ ਬਸਤਰ ਦੀ ਆਦਿਵਾਸੀ ਵਸੋਂ ਨੂੰ ਰਾਜਕੀ ਦਮਨ ਤੋਂ ਕੋਈ ਖ਼ਾਸ ਰਾਹਤ ਨਹੀਂ ਮਿਲੀ। ਆਦਿਵਾਸੀ ਪਿੰਡਾਂ ਉਪਰ ਹਮਲਿਆਂ ਅਤੇ ਆਦਿਵਾਸੀ ਮੁੰਡੇ-ਕੁੜੀਆਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰਨ ਦਾ ਸਿਲਸਿਲਾ ਹੁਣ ਵੀ ਜਾਰੀ ਹੈ।

ਬਸਤਰ ਪੁਲਿਸ ਦੇ ਆਹਲਾ ਅਧਿਕਾਰੀ ਸੀ.ਬੀ.ਆਈ. ਦੀ ਹਾਲੀਆ ਰਿਪੋਰਟ ਤੋਂ ਬਹੁਤ ਖ਼ਫ਼ਾ ਹਨ। ਇਸ ਨੂੰ ਲੈ ਕੇ ਉਹ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਦੇ ਖ਼ਿਲਾਫ਼ ਸ਼ਰੇਆਮ ਬਦਲਾਊ ਕਾਰਵਾਈਆਂ 'ਤੇ ਉਤਰੇ ਹੋਏ ਹਨ। ਆਈ.ਜੀ. ਕਲੂਰੀ ਦੀ ਅਗਵਾਈ ਹੇਠ ਸੋਸ਼ਲ ਮੀਡੀਆ ਅਤੇ ਰਵਾਇਤੀ ਮੀਡੀਆ ਵਿਚ ਬਾਕਾਇਦਾ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿਚ ਉਨ੍ਹਾਂ ਨੂੰ ਮਾਓਵਾਦੀਆਂ ਦੇ ਦਲਾਲ ਦੱਸਿਆ ਜਾ ਰਿਹਾ ਹੈ। ਸੀ.ਬੀ.ਆਈ. ਦੀ ਰਿਪੋਰਟ ਆਉਣ 'ਤੇ ਬਸਤਰ ਡਿਵੀਜ਼ਨ ਦੇ ਸਾਰੇ ਕਸਬਿਆਂ ਅੰਦਰ ਪੁਲਿਸ ਵਲੋਂ ਵਰਦੀਆਂ ਪਾ ਕੇ ਨਾ ਸਿਰਫ਼ ਨੰਦਿਨੀ ਸੁੰਦਰ, ਬੇਲਾ ਭਾਟੀਆ, ਪੱਤਰਕਾਰ ਮਾਲਿਨੀ ਸੁਬਰਾਮਨੀਅਮ, ਸੋਨੀ ਸੋਰੀ, ਸੀ.ਪੀ.ਆਈ. ਦੇ ਆਗੂ ਮਨੀਸ਼ ਕੁੰਜਮ ਅਤੇ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਦੇ ਪੁਤਲੇ ਸਾੜੇ ਗਏ, ਸਗੋਂ ਪੱਤਰਕਾਰਾਂ ਨੂੰ ਇਸ 'ਅੰਦੋਲਨ' ਦੀ ਕਵਰੇਜ ਲਈ ਸੋਸ਼ਲ ਮੀਡੀਆ ਉਪਰ ਬਾਕਾਇਦਾ ਸੱਦਾ ਪੱਤਰ ਵੀ ਭੇਜੇ ਗਏ। ਸਿਵਲੀਅਨਾਂ ਖ਼ਿਲਾਫ਼ ਪੁਲਿਸ ਦਾ ਇਹ 'ਅੰਦੋਲਨ' ਆਪਮੁਹਾਰਾ ਨਹੀਂ, ਇਸ ਦੇ ਪਿੱਛੇ ਹੁਕਮਰਾਨ ਜਮਾਤ ਦਾ ਬਾਕਾਇਦਾ ਹੱਥ ਹੈ। ਇਸ ਦਾ ਮੁੱਢ ਮਨਮੋਹਨ ਸਿੰਘ ਸਰਕਾਰ ਨੇ ਬੰਨ੍ਹਿਆ ਸੀ। ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਪੀ. ਚਿਦੰਬਰਮ ਦੀ ਰਾਹਨੁਮਾਈ ਹੇਠ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦੇ ਕੇ ਐਸੇ ਬੁੱਧੀਜੀਵੀਆਂ ਨੂੰ 'ਸ਼ਹਿਰੀ ਮਾਓਵਾਦੀ' ਕਰਾਰ ਦਿੰਦਿਆਂ ਜੰਗਲੀ ਛਾਪਾਮਾਰਾਂ ਤੋਂ ਵੀ ਵਧੇਰੇ ਖ਼ਤਰਨਾਕ ਦੱਸਿਆ ਗਿਆ ਸੀ। ਉਨ੍ਹਾਂ ਹੀ ਨਕਸ਼ੇ-ਕਦਮਾਂ 'ਤੇ ਚਲਦਿਆਂ ਆਈ.ਜੀ. ਕਲੂਰੀ ਵਲੋਂ ਪੁਲਿਸ ਨੂੰ ਪੁਤਲੇ ਸਾੜਨ ਲਈ ਸੜਕਾਂ 'ਤੇ ਉਤਾਰਿਆ ਗਿਆ ਹੈ।

ਸੀ.ਬੀ.ਆਈ. ਦੀ ਰਿਪੋਰਟ ਦੋ ਖ਼ਾਸ ਘਟਨਾਵਾਂ ਨੂੰ ਲੈ ਕੇ ਹੈ। 2011 ਵਿਚ ਤਾੜਮੇਟਲਾ ਸਮੇਤ ਬਸਤਰ ਦੇ ਤਿੰਨ ਪਿੰਡਾਂ ਵਿਚ ਜੋ ਵਿਆਪਕ ਸਾੜਫੂਕ, ਕਤਲ ਅਤੇ ਔਰਤਾਂ ਨਾਲ ਜਬਰ ਜਨਾਹ ਹੋਏ ਸਨ, ਉਸ ਬਾਰੇ ਤੱਤਕਾਲੀ ਜ਼ਿਲ੍ਹਾ ਪੁਲਿਸ ਮੁਖੀ ਕਲੂਰੀ ਦਾ ਕਹਿਣਾ ਸੀ ਕਿ ਇਹ ਵਾਰਦਾਤਾਂ ਮਾਓਵਾਦੀਆਂ ਵਲੋਂ ਕੀਤੀਆਂ ਗਈਆਂ ਹਨ। ਜਮਹੂਰੀ ਕਾਰਕੁਨਾਂ ਦੇ ਅਣਥੱਕ ਯਤਨਾਂ ਨਾਲ ਸੁਪਰੀਮ ਕੋਰਟ ਨੇ ਸੀ.ਬੀ.ਆਈ. ਨੂੰ ਇਨ੍ਹਾਂ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ। ਸੀ.ਬੀ.ਆਈ. ਵਲੋਂ ਬਸਤਰ ਪੁਲਿਸ ਦੇ ਖ਼ਿਲਾਫ਼ ਜੋ ਸਹੀ ਰਿਪੋਰਟ ਦਿੱਤੀ ਗਈ ਹੈ, ਉਸ ਦੀ ਖ਼ਾਸ ਵਜ੍ਹਾ ਹੈ। ਜਦੋਂ ਸੀ.ਬੀ.ਆਈ. ਦੀ ਟੀਮ ਉਪਰੋਕਤ ਹਿੰਸਾ ਦੀ ਜਾਂਚ ਕਰਨ ਲਈ ਬਸਤਰ ਵਿਚ ਗਈ ਸੀ ਤਾਂ ਉਨ੍ਹਾਂ ਉਪਰ ਐਸ.ਪੀ.ਓਜ਼ ਵਲੋਂ ਜਾਨਲੇਵਾ ਹਮਲਾ ਕੀਤਾ ਗਿਆ ਸੀ। ਸੀ.ਆਰ.ਪੀ.ਐਫ. ਨੇ ਬਹੁਤ ਮੁਸ਼ਕਲ ਨਾਲ ਉਨ੍ਹਾਂ ਦੀ ਜਾਨ ਬਚਾਈ ਸੀ, ਇਥੋਂ ਤਕ ਕਿ ਹਮਲਾਵਰਾਂ ਨੂੰ ਪਿਛਾਂਹ ਹਟਾਉਣ ਲਈ ਕੇਂਦਰੀ ਸੁਰੱਖਿਆ ਬਲਾਂ ਨੂੰ ਗੋਲੀਆਂ ਅਤੇ ਬੰਬਾਂ ਦਾ ਸਹਾਰਾ ਲੈਣਾ ਪਿਆ ਸੀ। ਇਸੇ ਤਰ੍ਹਾਂ ਸਵਾਮੀ ਅਗਨੀਵੇਸ਼ ਉਪਰ ਜਾਨਲੇਵਾ ਹਮਲਾ ਹੋਇਆ ਸੀ ਜੋ ਉਥੇ ਇਕ ਅਗਵਾ ਮਾਮਲੇ ਵਿਚ ਸਰਕਾਰ ਦੀ ਸਹਾਇਤਾ ਕਰਨ ਗਏ ਸਨ। ਮੌਕੇ 'ਤੇ ਹਾਜ਼ਰ ਪੱਤਰਕਾਰਾਂ ਦੀ ਕੁੱਟਮਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਕੈਮਰੇ ਅਤੇ ਤਿੰਨ ਵਹੀਕਲ ਵੀ ਭੰਨ ਦਿੱਤੇ ਗਏ ਸਨ। ਸੀ.ਬੀ.ਆਈ. ਨੇ ਆਪਣੀ ਜਾਂਚ ਰਿਪੋਰਟ ਵਿਚ ਤਾੜਮੇਟਲਾ ਕਤਲੇਆਮ ਲਈ ਸੱਤ ਐਸ.ਪੀ.ਓ. (ਸਪੈਸ਼ਲ ਪੁਲਿਸ ਅਫ਼ਸਰਾਂ) ਨੂੰ ਅਤੇ ਸਵਾਮੀ ਅਗਨੀਵੇਸ਼ ਤੇ ਉਸ ਦੀ ਟੀਮ ਉਪਰ ਹਮਲੇ ਲਈ 26 ਸਲਵਾ ਜੁਡਮ ਮੈਂਬਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਨ੍ਹਾਂ ਸਾਰੇ ਹਮਲਿਆਂ ਦਾ ਸੂਤਰਧਾਰ ਤੱਤਕਾਲੀ ਐਸ.ਐਸ.ਪੀ. ਸ਼ਿਵਰਾਮ ਪ੍ਰਸਾਦ ਕਲੂਰੀ ਸੀ ਜੋ ਹੁਣ ਤਰੱਕੀ ਪਾ ਕੇ ਬਸਤਰ ਰੇਂਜ ਦਾ ਆਈ.ਜੀ ਪੁਲਿਸ ਹੈ।

ਸਮਾਜੀ ਬੇਚੈਨੀ ਅਤੇ ਵਿਰੋਧ ਲਹਿਰਾਂ ਦੀ ਮੂਲ ਵਜ੍ਹਾ ਸਮਾਜੀ-ਆਰਥਿਕ ਨਾਬਰਾਬਰੀ ਅਤੇ ਅਨਿਆਂ ਹੈ। ਹੁਕਮਰਾਨ, ਪੁਲਿਸ ਤੇ ਸਰਕਾਰੀ ਲਸ਼ਕਰਾਂ ਦੇ ਅਧਿਕਾਰੀ ਭੁਲੇਖੇ ਵਿਚ ਹਨ ਕਿ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰ ਕੇ ਉਹ ਅਵਾਮੀ ਬੇਚੈਨੀ ਨੂੰ ਖ਼ਤਮ ਕਰ ਦੇਣਗੇ।

## ਪੰਜਾਬੀ ਭਾਸ਼ਾ ਦੀ ਸਮੱਸਿਆ ਅਤੇ ਇਸ ਦਾ ਪਿਛੋਕੜ

*(ਪਿਛਲੇ ਸਫੇ ਦੀ ਬਾਕੀ)*

ਸੰਸਥਾਵਾਂ ਵਿਚ ਪੰਜਾਬੀ ਮਾਧਿਅਮ ਵਿਚ ਪੜ੍ਹਾਈ ਹੁੰਦੀ ਹੈ ਤੇ ਹਾਕਮ ਧਿਰ ਮਾਤ-ਭਾਸ਼ਾ ਪ੍ਰਤੀ ਆਪਣੀ ਝੂਠੀ ਹਮਦਰਦੀ ਵਿਖਾਉਣ ਲਈ ਹਰ ਸਟੇਜ ਉਪਰ ਆਪਣੇ ਦਾਅਵੇ ਕਰਦੀ ਹੈ ਕਿ ਉਹ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਕੁਝ ਕਰ ਰਹੀ ਹੈ। ਤੱਥ ਇਹ ਦੱਸਦੇ ਹਨ ਕਿ ਪੰਜਾਬੀ ਕੇਵਲ ਗਰੀਬਾਂ ਦੀ ਭਾਸ਼ਾ ਬਣ ਕੇ ਰਹਿ ਗਈ ਹੈ ਤੇ ਕੇਵਲ ਸਰਕਾਰੀ ਸਕੂਲਾਂ ਤੇ ਸੰਸਥਾਵਾਂ ਤੱਕ ਹੀ ਮਹਿਦੂਦ ਹੈ। ਸਰਕਾਰਾਂ ਦੀਆਂ ਵਿਸ਼ਵੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਪੂੰਜੀਪਤੀਆਂ ਤੇ ਜਗੀਰਦਾਰਾਂ ਨੂੰ ਨਿੱਜੀ ਸੰਸਥਾਵਾਂ ਖੋਲ੍ਹਣ ਦੀ ਖੁੱਲ੍ਹ ਦਿੱਤੀ ਜਿਸ ਵਿਚ ਰਾਜਸੀ ਆਗੂਆਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਵੱਡੀ ਭਾਈਵਾਲੀ ਹੁੰਦੀ ਹੈ।

ਇਨ੍ਹਾਂ ਸੰਸਥਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਸਰਕਾਰੀ ਵਿਦਿਅਕ ਅਦਾਰੇ ਬੰਦ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰਾਈਵੇਟ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਅਤੇ ਇਨ੍ਹਾਂ ਵਿਚ ਕੇਵਲ ਅਮੀਰਜ਼ਾਦਿਆਂ ਦੇ ਕਾਕੇ-ਕਾਕੀਆਂ ਹੀ ਪੜ੍ਹਦੇ ਹਨ। ਵਿਗਿਆਨ, ਤਕਨੀਕ, ਮਕੈਨੀਕੀ, ਡਾਕਟਰੀ, ਕਾਨੂੰਨ ਆਦਿ ਵਰਗੇ ਵਿਸ਼ਿਆਂ ਦੇ ਉਚ ਕੋਰਸ ਕੇਵਲ ਅਮੀਰਜ਼ਾਦਿਆਂ ਤੱਕ ਹੀ ਸੀਮਤ ਕਰ ਦਿੱਤੇ ਗਏ ਹਨ। ਕਲਾਵਾਂ ਦੇ ਵਿਸ਼ੇ ਸਰਕਾਰੀ ਸੰਸਥਾਵਾਂ ਦੇ ਗਰੀਬ ਵਿਦਿਆਰਥੀਆਂ ਦੀ ਝੋਲੀ ਪਾਏ ਜਾ ਰਹੇ ਹਨ ਜਿਥੇ ਵਿਦਿਆ ਦਾ ਮਾਧਿਅਮ ਪੰਜਾਬੀ ਹੈ ਤੇ ਇਨ੍ਹਾਂ ਵਿਦਿਆਰਥੀਆਂ ਨੂੰ ਹੋਰ ਭਾਸ਼ਾਵਾਂ ਦਾ ਗਿਆਨ ਹਾਸਲ ਕਰਨ ਦਾ ਮੌਕਾ ਨਹੀਂ ਮਿਲਦਾ ਜਦਕਿ ਉਨ੍ਹਾਂ ਨੂੰ ਵੀ ਮਾਤ-ਭਾਸ਼ਾ ਦੇ ਨਾਲ-ਨਾਲ ਹੋਰ ਭਾਸ਼ਾਵਾਂ ਵਿਚ ਗਿਆਨ ਹਾਸਲ ਕਰਨ ਦਾ ਹੱਕ ਹੋਣਾ ਚਾਹੀਦਾ ਹੈ।

ਇਸ ਨੀਤੀ ਕਾਰਨ ਪੰਜਾਬੀ ਕੇਵਲ ਗਰੀਬਾਂ ਦੀ ਭਾਸ਼ਾ ਬਣਦੀ ਜਾ ਰਹੀ ਹੈ ਤੇ ਆਉਂਦੇ ਸਮਿਆਂ ਵਿਚ ਇਸ ਦੇ ਬੋਲਣ ਵਾਲੇ ਕੇਵਲ ਹੇਠਲੇ ਪੱਧਰ ਦੇ ਗਰੀਬ ਹੀ ਰਹਿ ਜਾਣਗੇ ਤੇ ਇਹ ਵਰਤਾਰਾ ਭਾਸ਼ਾ ਦੇ ਨਾਲ-ਨਾਲ ਬਾਕੀ ਸਭ ਵਰਤਾਰਿਆਂ ਨੂੰ ਵੀ ਖਾਤਮੇ ਵੱਲ ਲੈ ਜਾਵੇਗਾ ਜਿਸ ਵਿਚ ਸਭਿਆਚਾਰ ਤੇ ਸਾਹਿਤ ਵੀ ਸ਼ਾਮਲ ਹੈ।

ਜੇ ਹਾਲਾਤ ਇਹ ਹਨ ਕਿ ਭਾਰਤ ਦੇ 84 ਕਰੋੜ ਲੋਕ ਗਰੀਬੀ ਰੇਖਾ ਤੋਂ ਵੀ ਹੇਠਾਂ ਰਹਿ ਰਹੇ ਹੋਣ ਤਾਂ ਭਾਸ਼ਾ ਤੇ ਸਭਿਆਚਾਰ ਦੀ ਫ਼ਿਕਰ ਕਰਨ ਦੀ ਬਜਾਏ ਉਹ ਰਾਤ ਦੀ ਰੋਟੀ ਦਾ ਫ਼ਿਕਰ ਹੀ ਕਰਨਗੇ। ਉਨ੍ਹਾਂ ਲਈ ਕਿਸੇ ਭਾਸ਼ਾ ਦਾ, ਕਿਸ ਸਭਿਆਚਾਰ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਪਰ ਭਾਸ਼ਾ ਨਾਲ ਮਨੁੱਖ ਦੀ ਪਛਾਣ ਤੇ ਹੋਂਦ ਜੁੜੀ ਹੁੰਦੀ ਹੈ ਤੇ ਇਸ ਨੇ ਉਸ ਵਿਚ ਅਣਖ, ਚੇਤਨਾ, ਜਜ਼ਬਾ ਤੇ ਜੋਸ਼ ਭਰਨਾ ਹੁੰਦਾ ਹੈ।

ਸਮਾਜ ਵਿਚ ਜੋ ਭਾਸ਼ਾ ਸਮਾਜ, ਵਪਾਰ ਤੇ ਰਾਜਨੀਤੀ ਦੀ ਹੋਵੇਗੀ, ਉਹੀ ਵਧੇ-ਫੁੱਲੇਗੀ ਤੇ ਜੇ ਸੱਤਾਧਾਰੀਆਂ ਦੇ ਜ਼ਿਹਨ ਹੀ ਫਿਰਕਾਪ੍ਰਸਤ ਤੇ ਨਫ਼ਰਤ ਦੇ ਰੰਗ ਨਾਲ ਰੰਗੇ ਹੋਣ ਤਾਂ ਫਿਰ ਉਸ ਸਮਾਜ ਜਾਂ ਦੇਸ਼ ਦੀਆਂ ਵਿਲੱਖਣਤਾਵਾਂ ਤੇ ਭਿੰਨਤਾਵਾਂ ਨੂੰ ਖਤਰਾ ਤਾਂ ਹੋਣਾ ਹੀ ਹੈ। ਮੌਜੂਦਾ ਸਰਕਾਰ ਨੇ ਭਾਸ਼ਾਵਾਂ, ਸਾਹਿਤ ਤੇ ਸਭਿਆਚਾਰਾਂ ਦੇ ਮੰਡੀਕਰਨ ਕਰਨ ਲਈ ਨਵੇਂ ਕਮਿਸ਼ਨ ਤੇ ਕਮੇਟੀਆਂ ਬਿਠਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਇਨ੍ਹਾਂ ਦੀਆਂ ਨੀਤੀਆਂ ਬਸਤੀਵਾਦੀ ਅੰਗਰੇਜ਼ਾਂ ਦੀਆਂ ਨੀਤੀਆਂ ਤੋਂ ਕਦੇ ਵੀ ਵੱਖਰੀਆਂ ਨਹੀਂ ਹੋਣਗੀਆਂ।

ਅੱਜ ਦੀਆਂ ਸਿੱਖਿਆ ਨੀਤੀਆਂ ਵੀ ਅੰਗਰੇਜ਼ੀ ਰਾਜ ਦੀਆਂ ਨੀਤੀਆਂ ਦਾ ਹੀ ਸ਼ਿਕਾਰ ਹਨ। ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ ਅਤੇ ਸਿੱਖਿਆ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਠੇਕੇ ਉਪਰ ਦੇ ਰਹੀ ਹੈ। ਇਸ ਹਾਲਤ ਵਿਚ ਧੜਾਧੜ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਸਕੂਲ ਖੁੱਲ੍ਹ ਰਹੇ ਹਨ ਜਿਨ੍ਹਾਂ ਦਾ ਮਨਸ਼ਾ ਕੋਈ ਸਮਾਜਿਕ-ਵਿਗਿਆਨ ਪੜ੍ਹਾਉਣਾ, ਮਾਤ-ਭਾਸ਼ਾ ਦੀ ਸੇਵਾ ਕਰਨੀ ਜਾਂ ਲੋਕਾਂ ਨੂੰ ਸਿੱਖਿਆ ਮੁਹੱਈਆ ਕਰਾਉਣਾ ਨਹੀਂ, ਬਲਕਿ ਵੱਧ ਤੋਂ ਵੱਧ ਮੁਨਾਫਾ ਖੱਟਣਾ ਹੈ। ਸਰਕਾਰੀ ਸਿੱਖਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।

ਪਹਿਲਾਂ ਅੰਗਰੇਜ਼ ਆਪਣੀਆਂ ਸੰਸਥਾਵਾਂ ਖੋਲ੍ਹ ਕੇ ਅੰਗਰੇਜ਼ੀ ਸਿੱਖਿਆ ਦਾ ਪ੍ਰਚਾਰ ਤੇ ਪ੍ਰਸਾਰ ਕਰ ਕੇ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਕਰ ਰਹੇ ਸਨ ਅਤੇ ਹੁਣ ਵੀ ਮੰਡੀ ਦੀ ਲੋੜ ਅਨੁਸਾਰ ਹਰ ਸਰਮਾਏਦਾਰ ਸਿੱਖਿਆ ਨੂੰ ਤਜਾਰਤ ਦੀ ਵਸਤ ਬਣਾ ਰਿਹਾ ਹੈ।

ਆਮ ਤੌਰ 'ਤੇ ਭਾਸ਼ਾ ਵਿਗਿਆਨੀਆਂ ਨੂੰ ਇਹ ਡਰ ਸਤਾਉਂਦਾ ਹੈ ਕਿ ਹਾਕਮ ਸਰਕਾਰਾਂ ਜਾਂ ਸਾਮਰਾਜਵਾਦੀ ਦੇਸੀ ਭਾਸ਼ਾਵਾਂ ਨੂੰ ਵਹਿ-ਢੇਰੀ ਕਰ ਦੇਵੇਗਾ। ਇਹ ਡਰ ਜਾਇਜ਼ ਵੀ ਹੈ, ਪਰ ਸਰਮਾਏਦਾਰੀ ਜਗਤ ਨੇ ਮਾਤ-ਭਾਸ਼ਾਵਾਂ ਤੇ ਸਮਾਜ ਵਿਗਿਆਨਾਂ ਦੀ ਸਿੱਖਿਆ ਨੂੰ ਵੀ ਮੰਡੀ ਦੀ ਲੋੜ ਨਾਲ ਜੋੜ ਕੇ ਨਵੇਂ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਗੂਗਲ ਦੁਆਰਾ ਆਪਣੇ ਖੋਜ ਇੰਜਣ ਵਿਚ ਪੰਜਾਬੀ (ਯੂਨੀਕੋਡ) ਦੀ ਸੁਵਿਧਾ, ਇਸ ਯੂਨੀਕੋਡ ਪ੍ਰਣਾਲੀ ਰਾਹੀਂ ਮੋਬਾਈਲ ਤੇ ਇੰਟਰਨੈੱਟ ਉਪਰ ਵਰਤੋਂ ਦਾ ਸਾਫਟਵੇਅਰ ਤਿਆਰ ਕਰਨਾ ਤੇ ਪੰਜਾਬੀ ਭਾਸ਼ਾ ਦੀ ਮੰਡੀ ਵਿਚ ਵਧਦੀ ਲੋੜ ਤੇ ਸਮੱਸਿਆ ਨੂੰ ਵਿਚਾਰਦਿਆਂ ਉਦਯੋਗਿਕ ਵਸਤਾਂ ਉਪਰ ਵੀ ਪੰਜਾਬੀ ਵਿਚ ਸ਼ਬਦਾਂ ਨੂੰ ਤਰਜੀਹ ਦੇਣੀ ਸ਼ੁਰੂ ਹੋ ਗਈ ਹੈ ਪਰ ਇਸ ਕਾਰਜ ਪਿੱਛੇ ਵੀ ਮੰਡੀ ਦੀ ਲੋੜ ਹੀ ਹੈ। -0-

# ਸਿਰ-ਸਿਹਰਾ

ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਨ੍ਹਾਂ ਸਰੀਰ ਦੇ ਵੱਖ ਵੱਖ ਅੰਗਾਂ ਦਾ ਨਾਦ ਪੇਸ਼ ਕੀਤਾ ਹੈ। ਉਹ ਨੈਣਾਂ, ਮੂੰਹ, ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰ ਚੁਕੇ ਹਨ; ਹੱਥਾਂ ਦੀ ਦਾਸਤਾਨ ਦੱਸ ਚੁਕੇ ਹਨ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥" ਦਾ ਹਵਾਲਾ ਦਿੱਤਾ ਸੀ। ਡਾ. ਭੰਡਾਲ ਬੰਦੇ ਦੇ ਪੈਰਾਂ, ਮੁੱਖੜੇ, ਹਿੱਕ ਤੇ ਮਨ ਦੀ ਬਾਤ ਪਾ ਚੁਕੇ ਹਨ। ਗਰਦਨ ਅਤੇ ਬੁੱਲ੍ਹੀਆਂ ਦਾ ਵਿਖਿਆਨ ਵੀ ਕਰ ਚੁਕੇ ਹਨ। ਵਾਤਾਵਰਨ ਸੰਭਾਲ ਦੀ ਗੱਲ ਕਰਦਿਆਂ ਡਾ. ਭੰਡਾਲ ਨੇ ਨਸੀਹਤ ਕੀਤੀ ਸੀ ਕਿ ਸਾਹ ਆਉਂਦੇ ਜਾਂਦੇ ਰਹਿਣ, ਇਸ ਲਈ ਜਰੂਰੀ ਹੈ ਕਿ ਅਸੀਂ ਵਾਤਾਵਰਣੀ, ਕੁਦਰਤੀ, ਸਮਾਜਿਕ ਅਤੇ ਪਰਿਵਾਰਕ ਸਰੋਕਾਰਾਂ ਵਿਚੋਂ ਹੀ ਖੁਦ ਨੂੰ ਵਿਸਥਾਰਈਏ। ਉਨ੍ਹਾਂ ਨੱਕ ਦੀ ਵਾਰਤਾ ਸੁਣਾਉਂਦਿਆਂ ਦੱਸਿਆ ਕਿ ਕਈ ਵਾਰ ਮਨੁੱਖ ਨੱਕ ਨੂੰ ਉਚਾ ਕਰਨ ਖਾਤਰ ਕਰਜ਼ੇ ਵਿਚ ਡੁੱਬ, ਖੁਦਕੁਸ਼ੀਆਂ ਦੇ ਰਾਹ ਵੀ ਤੁਰ ਪੈਂਦਾ। ਬਾਹਾਂ ਦੀ ਤਸ਼ਬੀਹ ਵਿਚ ਉਨ੍ਹਾਂ ਕਿਹਾ ਸੀ ਕਿ ਬਾਂਹਾਂ ਦੀ ਬਾਂਹਾਂ ਸੰਗ ਯਾਰੀ, ਮਨ-ਵਿਹੜੇ ਮੌਲੇ ਸਰਦਾਰੀ। ਉਂਗਲਾਂ ਦੀ ਵਾਰਤਾ ਕਹਿੰਦਿਆਂ ਡਾ. ਭੰਡਾਲ ਨੇ ਕਿਹਾ ਸੀ, "ਕਦੇ ਵੀ ਕਿਸੇ ਵੱਲ ਬੇਲੋੜੀ ਉਂਗਲ ਨਾ ਕਰੋ। ਉਸ ਦੀਆਂ ਕਮੀਆਂ, ਊਣਤਾਈਆਂ ਤੇ ਕਮਜ਼ੋਰੀਆਂ 'ਤੇ ਉਂਗਲ ਨਾ ਧਰੋ ਕਿਉਂਕਿ ਜਦ ਅਸੀਂ ਇਕ ਉਂਗਲ ਕਿਸੇ ਵੱਲ ਕਰਦੇ ਹਾਂ ਤਾਂ ਤਿੰਨ ਉਂਗਲਾਂ ਸਾਡੇ ਵੰਨੀ ਆਪਣੇ ਆਪ ਹੀ ਹੋ ਜਾਂਦੀਆਂ ਨੇ।" ਪਿਛਲੇ ਲੇਖ ਵਿਚ ਉਨ੍ਹਾਂ ਹਿਰਦੇ ਦੀ ਗੱਲ ਕੀਤੀ ਸੀ ਕਿ ਹਿਰਦੇ ਵਿਚ ਉਠੀ ਵੇਦਨਾ ਹੀ ਹੁੰਦੀ ਜੋ ਕੂਕਦੀ ਏ, 'ਸੱਜਣਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ।' ਜਾਂ ਸੁਕਰਾਤ ਵਰਗਾ ਮਹਾਂ-ਪੁਰਖ ਬਿਗਾਨਿਆਂ ਦੇ ਪੱਥਰਾਂ ਦੀ ਪੀੜ ਨੂੰ ਤਾਂ ਹੱਸ ਕੇ ਜਰਦਾ ਏ ਪਰ ਮਿੱਤਰ ਦੇ ਮਾਰੇ ਫੁੱਲ ਦੀ ਪੀੜਾ ਉਸ ਦੀ ਰੂਹ ਨੂੰ ਜ਼ਖਮੀ ਕਰ ਜਾਂਦੀ ਏ। ਹਥਲੇ ਲੇਖ ਵਿਚ ਉਨ੍ਹਾਂ ਸਿਰ ਦੀਆਂ ਪਰਤਾਂ ਫੋਲਦਿਆਂ ਦੱਸਿਆ ਹੈ ਕਿ ਜਦ ਤਲੀ 'ਤੇ ਸਿਰ ਰੱਖ ਕੇ ਕੋਈ ਯੋਧਾ ਪ੍ਰਣ-ਪੂਰਤੀ ਲਈ, ਖੁਦ ਨੂੰ ਗੁਰੂ ਦੀ ਸ਼ਰਨ ਵਿਚ ਅਰਪਿਤ ਕਰਦਾ ਤਾਂ ਬਾਬਾ ਦੀਪ ਸਿੰਘ ਦੀ ਸ਼ਹਾਦਤ ਦੇ ਨਵੇਂ ਅਰਥ ਇਤਿਹਾਸ ਦੇ ਵਰਕੇ 'ਤੇ ਧਰੇ ਜਾਂਦੇ। -ਸੰਪਾਦਕ*

ਸਿਰ, ਸਿਰਦਾਰੀ ਦਾ ਚਿੰਨ੍ਹ, ਸਿਰਤਾਜ-ਬਸੇਰਾ, ਮੁਕਟ-ਮੰਥਨ, ਤਾਜ ਦਾ ਮਾਣ ਅਤੇ ਤਾਜਪੋਸ਼ੀ ਦਾ ਸਬੱਬ। ਮਨੁੱਖ ਬਾਅਦ ਵਿਚ ਜਨਮ ਲੈਂਦਾ ਪਰ ਸਿਰ ਸਭ ਤੋਂ ਪਹਿਲਾਂ ਆਪਣੇ ਆਗਮਨ ਦਾ ਐਲਾਨ ਕਰਦਾ। ਸੱਚ ਹੈ, ਸਿਰ ਨਾਲ ਹੀ ਮਨੁੱਖ ਦੀ ਹੋਂਦ ਜੁੜੀ ਹੋਈ ਏ।

ਸਿਰ, ਸਰੀਰ-ਸਿਖਰ, ਪਛਾਣ-ਪੈਮਾਨਾ, ਸੋਚ-ਸਮਝ ਦਾ ਸਰੋਤ, ਮਨੁੱਖੀ ਪਿੰਜਰ ਦਾ ਕੰਟਰੋਲ-ਰੂਮ ਅਤੇ ਸਰੀਰਕ ਗਤੀਵਿਧੀਆਂ ਦਾ ਧੁਰਾ। ਸਿਰ, ਸੋਧ, ਸੁਪਨਾ ਅਤੇ ਸਾਧਨਾ ਬਣ ਜਦ ਜੀਵਨ-ਸੱਚ ਤੇ ਸੁਚੇਤਨਾ ਦਾ ਸੰਗਮ ਹੁੰਦਾ ਤਾਂ ਜ਼ਿੰਦਗੀ ਨੂੰ ਨਰੋਏ ਅਰਥ ਮਿਲਦੇ।

ਸਾਵੀਂ-ਸੋਚ ਵਾਲੇ ਸਿਰਾਂ ਦੀ ਫਸਲ, ਕੌਮ, ਸਮਾਜ ਜਾਂ ਦੇਸ਼ ਲਈ ਸੰਜੀਵਨੀ। ਇਸ ਦੀਆਂ ਮੁਹਾਰਾਂ ਸੂਰਜੀ-ਪੰਧ ਵੱਲ ਮੋੜ, ਕਦਰਾਂ-ਕੀਮਤਾਂ ਦੀ ਪਿਉਂਦ, ਹਰ ਮਸਤਕ ਵਿਚ ਲਾਉਂਦੀ।



ਜਦ ਤਲੀ 'ਤੇ ਸਿਰ ਰੱਖ ਕੇ ਕੋਈ ਯੋਧਾ ਪ੍ਰਣ-ਪੂਰਤੀ ਲਈ, ਖੁਦ ਨੂੰ ਗੁਰੂ ਦੀ ਸ਼ਰਨ ਵਿਚ ਅਰਪਿਤ ਕਰਦਾ ਤਾਂ ਬਾਬਾ ਦੀਪ ਸਿੰਘ ਦੀ ਸ਼ਹਾਦਤ ਦੇ ਨਵੇਂ ਅਰਥ ਇਤਿਹਾਸ ਦੇ ਵਰਕੇ 'ਤੇ ਧਰੇ ਜਾਂਦੇ।

**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 1-216-556-2080**

ਸ਼ੇਰ-ਸਿਰ, ਲੱਖਾਂ ਗਿੱਦੜਾਂ 'ਤੇ ਹਾਵੀ। ਗਿੱਦੜ-ਸਿਰ ਸਿਰਫ ਭੀੜ ਹੁੰਦੇ ਜਦਕਿ ਸ਼ੇਰ-ਸਿਰ ਇਕ ਹੀ ਦਹਾੜ ਨਾਲ ਜੰਗਲ ਨੂੰ ਕੰਬਣ ਲਾ ਦਿੰਦਾ।

'ਕੱਲੇ 'ਕੱਲੇ ਸਿਰਾਂ ਨੂੰ ਕੌਣ ਪੁੱਛਦਾ? ਪਰ ਜਦ ਸਿਰ, ਸਿਰਾਂ ਨਾਲ ਜੁੜ ਕੇ ਸੋਚ, ਸਲਾਹ, ਸਦਭਾਵਨਾ ਤੇ ਸਮਰਪਿਤਾ ਲਈ ਪ੍ਰਤੀਬੱਧ ਹੋ ਅਕੀਦੇ ਦੀ ਪੂਰਨਤਾ ਲਈ ਕਸਮ ਬਣਦੇ ਤਾਂ ਲੋਕ-ਲਹਿਰ ਰਾਹੀਂ ਨਵੇਂ ਸਮਾਜ, ਕੌਮ ਜਾਂ ਸਭਿਅਤਾ ਦੀ ਪਹਿਲੀ ਪਉੜੀ ਬਣਦੇ। ਨਸਲਾਂ ਤੇ ਨੀਹਾਂ ਸੰਦਲੀ ਰੰਗ ਵਿਚ ਰੰਗੀਆਂ ਜਾਂਦੀਆਂ।

ਸਿਰ 'ਤੇ ਸਜਣ ਵਾਲੀ ਵਸਤ, ਮਨੁੱਖੀ ਪਛਾਣ। ਦਸਤਾਰ, ਸਰਦਾਰੀ ਦਾ ਮੁਜੱਸਮਾ। ਟੋਪੀ, ਪਟਕਾ ਜਾਂ ਹਿਜ਼ਾਬ ਦਾ ਆਪੋ-ਆਪਣਾ ਰਹਿਤਲੀ ਰੂਪ। ਜਦ ਪਛਾਣ ਰਲ-ਗੱਡ ਹੁੰਦੀ ਤਾਂ ਕਈ ਬੇਕਸੂਰ ਵਿਅਕਤੀ ਨਫਰਤ ਤੇ ਧਰਮੀ ਜਾਹਲਪੁਣੇ ਦਾ ਸ਼ਿਕਾਰ ਹੋ ਆਪਣੀ ਜਾਨ ਗਵਾ ਬਹਿੰਦੇ।

ਸਿਰ ਜਦ ਹਦਵਾਣਿਆਂ ਵਾਂਗ ਪੈਰਾਂ 'ਚ ਰੋਲੇ ਜਾਂਦੇ, ਜ਼ੁਲਮ ਦੀ ਅਤਿ ਹੁੰਦੀ ਤਾਂ ਸਿਤਮ ਨੂੰ ਖਤਮ ਕਰਨ ਲਈ ਧਰਮੀ ਤਲਵਾਰ ਉਠਦੀ ਜੋ ਕਤਲ ਕੀਤੇ ਗਏ ਸਿਰਾਂ ਦੀਆਂ ਕੁਰਬਾਨੀਆਂ ਦੀ ਤਵਾਰੀਖ ਲਿਖਦੀ ਅਤੇ ਨਵੀਂ ਸਵੇਰ ਨੂੰ ਸ਼ੁਭ-ਆਗਮਨ ਕਹਿੰਦੀ।

ਜਿੰਨਾ ਚਿਰ ਸਿਰ 'ਤੇ ਮਾਪਿਆਂ ਦਾ ਅਸ਼ੀਰਵਾਦ-ਰੂਪੀ ਹੱਥ ਰਹਿੰਦਾ, ਬਜ਼ੁਰਗਾਂ ਦੀਆਂ ਅਸੀਸਾਂ ਤੇ ਦੁਆਵਾਂ ਮਿਲਦੀਆਂ ਜਾਂ ਅਧਿਆਪਕਾਂ ਦੀਆਂ ਸ਼ੁਭ-ਇਛਾਵਾਂ ਸਿਰ ਪਲੋਸਦੀਆਂ ਤਦ ਤੀਕ ਜੀਵਨ-ਸਫਰ 'ਚ ਤਾਰੇ ਉਗਦੇ, ਰਾਹਾਂ 'ਚ ਮੁਹੱਬਤ ਤੇ ਨਿੱਘ ਦਾ ਤਰੌਂਕਾ ਹੁੰਦਾ ਅਤੇ ਜਿਉਣ ਨੂੰ ਜੀਅ ਕਰਦਾ।

ਮਾਂ ਜਦ ਆਪਣੇ ਲਾਡਲੇ ਦੇ ਸਿਰ 'ਚ ਤੇਲ ਝੱਸਦੀ, ਪੋਲਾ-ਪੋਲਾ ਝੱਸਦੀ, ਵਾਲ ਸੰਵਾਰਦੀ ਅਤੇ ਉਸ ਦੇ ਸਿਰ 'ਤੇ ਮੰਡਰਾਉਂਦੀਆਂ ਬਲਾਵਾਂ ਨੂੰ ਆਪਣੇ ਸਿਰ 'ਤੇ ਲੈਂਦੀ ਤਾਂ ਖੁਦਾ ਵੀ ਮਾਂ-ਰੂਪੀ ਆਕ੍ਰਿਤੀ ਦੇ ਵਾਰੇ-ਵਾਰੇ ਜਾਂਦਾ।

ਸਿਰਾਂ 'ਤੇ ਸਜੇ ਜੂੜੇ, ਪਾਏ ਡਾਕ-ਬੰਗਲੇ ਜਾਂ ਗੁੰਦੀਆਂ ਮੀਢੀਆਂ, ਵਿਰਸੇ ਰਾਹੀਂ ਆਪਣੀ ਦਿੱਖ ਨੂੰ ਸੁਚੱਜਾ ਤੇ ਸੁਚਾਰੂ ਰੂਪ ਦੇਣ ਦੀ ਧਾਰਨਾ। ਅਜਿਹੀ ਸੋਚ ਜਦ ਆਖਰੀ ਸਾਹਾਂ 'ਤੇ ਹੋਵੇ ਤਾਂ ਕੌਮ ਆਪਣੇ ਵਿਰਸੇ ਤੋਂ ਦੂਰ ਹੁੰਦੀ, ਆਪਣੀਆਂ ਰਵਾਇਤਾਂ ਨੂੰ ਤਿਲਾਂਜਲੀ ਦੇ ਦਿੰਦੀ।

ਦੋ ਜਿਸਮ ਇਕ ਜਾਨ ਦਾ ਸੰਕਲਪ ਜਦ ਮਨ-ਬੀਹੀ ਵਿਚ ਆਪਣਾ ਰੈਣ-ਬਸੇਰਾ ਬਣਾਉਂਦਾ ਤਾਂ ਸਿਰਾਂ ਦੀ ਸਾਂਝ ਜਨਮਦੀ। ਇਕ ਸੁਰ ਹੋਈ ਸੋਚ, ਸਮਿਆਂ ਨੂੰ ਸੁਚੱਜੀਆਂ ਸੇਧਾਂ ਤੇ ਸਫਲਤਾਵਾਂ ਦਾ ਸਿਰਨਾਵਾਂ ਬਣਦੀ।

ਮਾਂ ਵਲੋਂ ਆਪਣੇ ਬੱਚੇ ਦਾ ਸਿਰ ਗੋਦ ਵਿਚ ਰੱਖਣਾ, ਬੱਚੇ ਦੇ ਵਾਲਾਂ ਨੂੰ ਸਹਿਲਾਉਣਾ, ਨਿੱਕੀਆਂ ਨਿੱਕੀਆਂ ਪਟੋਕੀਆਂ ਨਾਲ ਵਿਸਮਾਦੀ ਹੁਲਾਰ ਪੈਦਾ ਕਰਨਾ ਅਤੇ ਬੱਚੇ ਦਾ ਨੀਂਦ ਦੇ ਆਗੋਸ਼ ਵਿਚ ਜਾ ਸੁਪਨਈ ਦੁਨੀਆਂ ਵਿਚ ਵਿਚਰਨਾ, ਇਕ ਬਹਿਸ਼ਤੀ ਅਹਿਸਾਸ। ਅਜਿਹੇ ਅਹਿਸਾਸ ਨੂੰ ਆਪਣੇ ਚੇਤਿਆਂ ਵਿਚ ਸਜੀਵ ਰੱਖਣ ਵਾਲੇ, ਮਾਂ ਦੀ ਹਾਕ ਦਾ ਹੁੰਗਾਰਾ ਹੁੰਦੇ। ਅਜਿਹੇ ਲੋਕ ਮਮਤਾਈ-



ਨਿਆਮਤਾਂ ਦੇ ਸਦਾ ਕਰਜ਼ਦਾਰ। ਮਾਂ ਦੀ ਗੋਦ ਤੋਂ ਮਹਿਰੂਮ ਬੱਚੇ ਦਾ ਮਨ ਫਰੋਲਣਾ, ਤੁਹਾਡੇ ਨੈਣਾਂ ਵਿਚ ਖਾਰਾ ਪਾਣੀ ਆ ਜਾਵੇਗਾ।

ਮਿੱਤਰ ਦੀ ਗੋਦ ਵਿਚ ਸਿਰ ਰੱਖ ਕੇ ਕੁਝ ਪਲ ਸੁਸਤਾਉਣਾ, ਮੋਹ ਭਿੱਜੇ ਪਲਾਂ ਨੂੰ ਜਿਉਣਾ, ਉਮਰ ਜੇਡਾ ਪਲ ਹੁੰਦਾ। ਮਨ ਕਦੇ ਵੀ ਅਜਿਹਾ ਪਲ ਬੀਤਣ ਬਾਰੇ ਕਿਆਸ ਨਾ ਕਰਦਾ। ਕਦੇ ਕਦਾਈਂ ਜਦ ਇਹ ਪਲ ਹੰਕਾਰ ਬਣ ਜਾਂਦਾ ਤਾਂ ਟੋਟੇ-ਟੋਟੇ ਹੋਇਆ ਮਿਰਜ਼ਾ, ਸਾਹਿਬਾਂ ਦੀ ਝੋਲੀ ਵਿਚ ਰੁਲਦਾ, ਆਪਣੀ ਤੇ ਸਾਹਿਬਾਂ ਦੀ ਹੋਣੀ ਦਾ ਕਸੂਰਵਾਰ ਬਣ ਜਾਂਦਾ।

ਸਿਰ, ਸੋਚ, ਸਾਧਨਾ, ਸਮਰਪਣ, ਸੁਪਨਾ, ਸੰਭਾਵਨਾ, ਸੂਖਮਤਾ, ਸੂਰਜ, ਸਹਿਜ ਅਤੇ ਸਕੂਨ ਦਾ ਸਰੋਤ। ਸਿਰ ਤੇ ਸੰਵੇਦਨਾ ਦਾ ਗੂੜ੍ਹਾ ਸਬੰਧ ਅਤੇ ਇਸ ਵਿਚੋਂ ਹੁੰਦਾ ਸ਼ਖਸੀਅਤ ਦਾ ਵਿਕਾਸ।

ਜਦ ਪਰਦੇਸ ਨੂੰ ਤੁਰਦੇ ਪੁੱਤਰ ਜਾਂ ਸਹੁਰੇ ਜਾਂਦੀ ਧੀ ਦਾ ਸਿਰ ਮਾਪਿਆਂ ਦੀ ਹਿੱਕ ਨਾਲ ਲੱਗਦਾ ਤਾਂ ਇਕ ਚਸਕ ਮਨ ਵਿਚ ਪੈਦਾ ਹੁੰਦੀ ਜੋ ਦੂਰ ਜਾਂਦੀਆਂ ਪੈੜਾਂ ਨਿਹਾਰਨ ਦਾ ਸੁੱਚਾ ਕਰਮ ਕਿਆਸ ਕੇ ਹੀ ਸਿੱਲੀਆਂ ਅੱਖਾਂ ਬਣ ਜਾਂਦੀ। ਇਹ ਮਾਪਿਆਂ ਦੀਆਂ ਅਸੀਸਾਂ ਹੀ ਹੁੰਦੀਆਂ ਜੋ ਘਰ ਤੋਂ ਬਾਹਰ ਜਾਂਦੇ ਪੈਰਾਂ ਦਾ ਸਦੀਵੀ ਸਾਥ ਨਿਭਾਉਂਦੀਆਂ, ਨਵੀਆਂ ਰਾਹਾਂ ਤੇ ਮੰਜ਼ਿਲਾਂ ਦਾ ਨਾਮਕਰਨ ਹੁੰਦੀਆਂ।

ਨਾਕਾਮੀ, ਉਦਾਸੀ ਜਾਂ ਸੁਪਨ-ਅਪੂਰਤੀ ਤੋਂ ਨਿਰਾਸ਼, ਸਿਰ ਸੁੱਟ ਕੇ ਬੈਠਿਆਂ ਦੇ ਮਨ-ਮਸਤਕ ਵਿਚ ਜਦ ਹੌਸਲਾਸ਼ੇਰੀ ਤੇ ਪ੍ਰੇਰਨਾ ਦਾ ਸੋਚ-ਚੋਗਾ ਧਰਿਆ ਜਾਂਦਾ ਤਾਂ ਉਹ ਨਵੇਂ ਉਤਸ਼ਾਹ ਤੇ ਉਮਾਹ ਨਾਲ ਰੁੱਸੇ ਹੋਏ ਸੁਪਨਿਆਂ ਨੂੰ ਮਨਾਉਣ ਵਿਚ ਕਾਮਯਾਬ ਹੁੰਦੇ। ਹਰ ਕਾਮਯਾਬੀ ਤੇ ਸਫਲ ਵਿਅਕਤੀਆਂ ਦਾ ਰਾਜ਼ ਹੀ ਇਹ ਹੈ ਕਿ ਉਨ੍ਹਾਂ ਨੇ ਉਦਾਸੀ, ਹੇਰਵੇ ਅਤੇ ਨਿਰਾਸ਼ਾ ਨੂੰ ਨਵੇਂ ਅਰਥਾਂ ਨਾਲ ਪਰਿਭਾਸ਼ਤ ਕਰਕੇ ਜੀਵਨ-ਜਾਚ ਨੂੰ ਨਵਾਂ ਪਰਿਪੇਖ ਦਿਤਾ।

ਸਿਰ ਨੂੰ ਉਚਾ ਕਰਕੇ ਜਿਉਣ ਲਈ ਮਿਹਨਤ ਦਾ ਕ੍ਰਿਸ਼ਮਾ, ਸੱਚਾਈ ਦਾ ਸਾਥ, ਹੱਕ-ਸੱਚ ਦੀ ਬੁਲੰਦਗੀ, ਮਾਨਵੀ-ਕਦਰਾਂ ਦੀ ਕਦਰ ਜਾਂ ਖੁਦ ਵਿਚੋਂ ਖੁਦ ਦਾ ਮਨਫੀ ਹੋਣਾ ਜਰੂਰੀ। ਸਿੱਧੇ ਸਿਰਾਂ ਨੂੰ ਸਲਾਮਾਂ ਹੁੰਦੀਆਂ, ਉਨ੍ਹਾਂ ਦੇ ਪੈਰਾਂ ਵਿਚ ਸਲਤਨਤਾਂ ਵਾਰੀਆਂ ਜਾਂਦੀਆਂ ਅਤੇ ਬਾਦਸ਼ਾਹ, ਪਾਤਸ਼ਾਹਾਂ ਨੂੰ ਸਿੱਜਦਾ ਕਰਦੇ।

ਧਾਰਮਿਕ ਸਥਾਨ ਦੇ ਦਰਾਂ 'ਤੇ ਝੁਕਾਇਆ ਸਿਰ, ਸੱਚੀ-ਸੁੱਚੀ ਅਕੀਦਤ ਦਾ ਹਲਫਨਾਮਾ। ਸਿਰਫ ਸੁੱਚੀਆਂ ਰੂਹਾਂ ਹੀ ਕੁਝ ਪ੍ਰਾਪਤ ਕਰਨ ਦੇ ਯੋਗ। ਦਿਖਾਵੇ ਲਈ ਧਾਰਮਿਕ ਅਸਥਾਨਾਂ 'ਤੇ ਭਰੀਆਂ ਜਾ ਰਹੀਆਂ ਹਾਜਰੀਆਂ, ਪੈਰਾਂ 'ਚ ਲਿਫਣ ਦਾ ਡਰਾਮਾ ਜਾਂ ਦਰ-ਧੂੜ ਨੂੰ ਮੱਥੇ ਨਾਲ ਛੁਹਾਉਣਾ, ਸਿਰਫ ਨਾਟਕ। ਅਜੋਕਾ ਮਨੁੱਖ ਇਹ ਰੋਲ ਬਾਖੂਬੀ ਨਿਭਾ ਰਿਹਾ ਏ।

ਸਿਰ ਹੈ ਤਾਂ ਮਨੁੱਖ ਹੈ, ਸੂਖਮ ਵਿਚਾਰ ਹਨ, ਸਹਿਜ ਸੋਚ ਹੈ, ਸਦਾਚਾਰਕ ਵਿਹਾਰ ਤੇ ਕਿਰਦਾਰ ਹੈ ਅਤੇ ਮਨੁੱਖ ਵਿਚ ਜਿਉਂਦਾ ਮਨੁੱਖੀ-ਦਾਰੋਮਦਾਰ ਹੈ। ਸਿਰ ਨਾ ਹੋਵੇ ਤਾਂ ਮਨੁੱਖ ਇਕ ਲੋਥ, ਅਹਿਸਾਸ-ਵਿਹੂਣਾ, ਸੋਚ-ਵਿਗੁੱਤਾ ਅਤੇ ਕਰਮਹੀਣ। ਕਈ ਵਾਰ ਸਿਰ ਦੀ ਗੰਭੀਰ ਸੱਟ ਕਾਰਨ, ਸਾਹਸੱਤਹੀਣ ਅਤੇ ਗਤੀਹੀਣ ਹੋਇਆ ਮਨੁੱਖ, ਹਸਪਤਾਲ ਦੇ ਬਿਸਤਰੇ 'ਤੇ ਸਿਰਫ ਇਕ ਮਾਸ ਦਾ ਲੋਥੜਾ ਹੁੰਦਾ। ਕਈ ਵਾਰ ਡਾਕਟਰ ਮਨੁੱਖੀ ਕਸ਼ਟ ਤੋਂ ਨਿਜ਼ਾਤ ਪਵਾਉਣ ਲਈ, ਵਾਰਸਾਂ ਨੂੰ ਅਜਿਹੇ ਵਿਅਕਤੀ ਲਈ ਮੌਤ ਦਾ ਹੱਲ ਸੁਝਾਉਂਦੇ। ਪਰ ਬਹੁਤ ਔਖਾ ਹੁੰਦਾ ਏ ਜਿਉਂਦੇ ਜਾਗਦੇ ਵਿਅਕਤੀ ਨੂੰ ਪੀੜ-ਪਰੁੱਚੀ ਲਾਸ਼ ਦੇ ਰੂਪ ਵਿਚ ਕਿਆਸਣਾ!

ਸਿਰ, ਮਨੁੱਖ ਨੂੰ ਬਾਦਸ਼ਾਹ ਵੀ ਬਣਾਉਂਦਾ ਅਤੇ ਪਾਤਸ਼ਾਹ ਵੀ। ਇਹ ਮਨੁੱਖੀ ਸੋਚ-ਸੰਵੇਦਨਾ ਅਤੇ ਕਰਮ-ਭਾਵਨਾ ਨੇ ਨਿਰਧਾਰਤ ਕਰਨਾ ਹੁੰਦਾ ਕਿ ਪਾਤਸ਼ਾਹ ਬਣ ਕੇ ਕਰਮ-ਸ਼ੈਲੀ ਦੀ ਮਕਬੂਲੀਅਤ ਵਿਚੋਂ ਆਤਮਿਕ ਸਕੂਨ ਦਾ ਅੰਬਰੀ ਹੁਲਾਰਾ ਲੈਣਾ ਏ ਜਾਂ ਬਾਦਸ਼ਾਹ ਬਣ ਕੇ ਦੁਨਿਆਵੀ ਸੁੱਖ-ਸਾਧਨਾਂ ਵਿਚ ਹੀ ਉਲਝ ਕੇ ਜੀਵਨ-ਪੈਂਡਾ ਖੋਟਾ ਕਰਨਾ ਏ।

ਸਿਰ 'ਚ ਸਮੋਈ ਸਾਧਨਾ ਹੀ ਹੁੰਦੀ ਜੋ ਪੱਥਰ ਵਿਚੋਂ ਵੀ ਰੱਬ ਨੂੰ ਭਾਲ ਲੈਂਦੀ। ਪਰ ਕੁਝ ਲੋਕ ਰੱਬ ਦੇ ਕੋਲ ਰਹਿ ਕੇ ਵੀ ਰੱਬ ਤੋਂ ਸਦਾ ਲਈ ਦੂਰ ਰਹਿੰਦੇ। ਕਾਜ਼ੀ, ਪਾਠੀ ਜਾਂ ਪੰਡਿਤ ਬਣ ਕੇ ਨਹੀਂ, ਸਗੋਂ ਇਨਸਾਨ ਬਣ ਕੇ ਹੀ ਜੀਵਨ-ਜੁਗਤ ਨੂੰ ਮਾਣਿਆ ਜਾ ਸਕਦਾ।

ਸਿਰ ਜਦ ਸਿਦਕਵਾਨ ਹੋਵੇ, ਸਿਰੜੀ ਬਣ ਕੇ ਖੁਦ ਨੂੰ ਪਰਖੇ ਜਾਂ ਸਮੂਹਕਤਾ ਵਿਚੋਂ ਹੀ ਖੁਦ ਨੂੰ ਤਲਾਸ਼ਣ ਦੇ ਸੂਖਮ-ਭਾਵੀ ਕਰਮ ਵਿਚ ਡੁਬੋਵੇ ਤਾਂ ਉਹ ਆਪਣੀਆਂ ਝੋਲੀਆਂ ਭਰੇ ਅਤੇ ਬਰਕਤਾਂ ਦਾ ਸਾਗਰ ਤਰੇ।

ਸਿਰ-ਸੰਜੀਦਗੀ, ਸਫਲ ਜ਼ਿੰਦਗੀ ਲਈ ਸਭ ਤੋਂ ਜਰੂਰੀ। ਗੈਰ-ਸੰਜੀਦਾ ਲੋਕ ਆਪਣੇ ਹੀ ਰਾਹਾਂ ਲਈ ਕੰਡੇ, ਤਨ ਲਈ ਲੰਗਾਰ ਅਤੇ ਸੱਚ-ਦੁਆਰ ਲਈ ਫਟਕਾਰ। ਕਦੇ-ਕਦਾਈਂ ਖੁਦ ਨਾਲ ਸੰਜੀਦਾ ਜਰੂਰ ਹੋਵੋ ਤਾਂ ਕਿ ਜੀਵਨ-ਪੈੜਾਂ ਤੁਹਾਨੂੰ ਮੁਖਾਤਬ ਹੋਣ ਤੇ ਤੁਸੀਂ ਇਸ 'ਚੋਂ ਖੁਦ ਨੂੰ ਸਿਰਜੋ।

ਕਦੇ ਵੀ ਕੁਕਰਮਾਂ ਦੀ ਖੇਤੀ ਨਾ ਕਰੋ ਤਾਂ ਕਿ ਸਿਰ 'ਚ ਸੁਆਹ ਜਾਂ ਸਿਰ ਜੁੱਤੀਆਂ ਦੀ ਧਰਾਤਲ ਬਣੇ। ਫਿਰ ਤਾਂ ਮਨੁੱਖ, ਨਮੋਸ਼ੀ ਨੂੰ ਪੱਲੇ ਬੰਨ ਸਾਰੀ ਉਮਰ ਸਾਹਾਂ ਨੂੰ ਕੋਸਣ ਜੋਗਾ ਹੀ ਰਹਿ ਜਾਂਦਾ।

ਚੜ੍ਹਦੀ ਉਮਰੇ ਜੁਆਕ ਦੀ ਦਸਤਾਰਬੰਦੀ, ਵਿਰਸੇ ਨਾਲ ਜੁੜਨ, ਰਹੁ-ਰੀਤਾਂ ਨੂੰ ਅੱਗੇ ਤੋਰਨ ਤੇ ਚਿਰੰਜੀਵ ਰੱਖਣ ਦੀ ਧਾਰਨਾ। ਸਿਰ 'ਤੇ ਰੱਖਿਆ ਬਸਤਾ, ਗਿਆਨ-ਸਾਗਰ ਨੂੰ ਜਾਂਦਾ ਮਾਰਗ। ਸਿਰ 'ਤੇ ਸਜਿਆ ਸਿਹਰਾ, ਨਵੀਂ ਜ਼ਿੰਦਗੀ ਦੀ ਸ਼ੁਰੂਆਤ ਦਾ ਸ਼ੁਭ-ਸ਼ਗਨ। ਮਾਂਗ ਵਿਚ ਪੈਂਦਾ ਸੰਧੂਰ, ਸੰਦਲੀ ਰਾਹਾਂ ਦੀ ਤਾਜਪੋਸ਼ੀ। ਸਿਰ 'ਤੇ ਚੁੱਕਿਆ ਭੱਤਾ, ਮਾਹੀ ਨੂੰ ਮਿਲਣ ਦਾ ਸੁੱਚਾ ਸਬੱਬ। ਸਿਰ 'ਤੇ ਸਜਿਆ ਤਾਜ, ਬਾਦਸ਼ਾਹੀ ਜਾਂ ਪਾਤਸ਼ਾਹੀ ਵੰਨੀਂ ਸਫਰ ਦਾ ਆਗਾਜ਼; ਅਤੇ ਬਜ਼ੁਰਗਾਂ ਦੇ ਤੁਰ ਜਾਣ ਪਿਛੋਂ ਸਿਰ 'ਤੇ ਧਰੀ ਪਗੜੀ ਜਿੰਮੇਵਾਰੀ ਦਾ ਅਹਿਸਾਸ।

ਸਿਰ 'ਤੇ ਝੁਲਦੇ ਚੌਰ, ਸਾਨੋ-ਸ਼ੌਕਤ ਦਾ ਦਿਖਾਵਾ। ਪਰ ਜਦ ਇਹ ਚੌਰ ਮਨੁੱਖੀ ਮਨ ਵਿਚ ਪ੍ਰਸ਼ਨ ਬਣ ਜਾਣ ਤਾਂ ਬਾਦਸ਼ਾਹੀਆਂ ਖਤਮ ਹੋਣ ਵਿਚ ਦੇਰ ਵੀ ਨਹੀਂ ਲੱਗਦੀ।

ਜੀਵਨ ਦੀ ਸਾਵੀਂ ਤੋਰ ਲਈ ਦਿਲ ਤੇ ਸਿਰ ਦਾ ਸੰਤੁਲਨ ਬਹੁਤ ਜਰੂਰੀ। ਇਨ੍ਹਾਂ ਦਾ ਅਸਾਵਾਂਪਣ ਜੀਵਨ ਦੀਆਂ ਚੂਲਾਂ ਹੀ ਹਿਲਾ ਦਿੰਦਾ।

ਹਰ ਵਾਰ ਡਿੰਗ ਕੇ ਉਠਣ ਵਾਲੇ ਅਤੇ ਸਿਰ ਉਚਾ ਕਰਕੇ ਤੁਰਨ ਵਾਲਿਆਂ ਨੂੰ ਦੁਨੀਆਂ ਸਲਾਮ ਕਰਦੀ ਹੈ। ਡਿੱਗੇ ਹੋਏ ਸਿਰ ਬੜੀ ਜਲਦੀ ਭੀੜ ਦੇ ਪੈਰਾਂ 'ਚ ਮਧੋਲੇ ਜਾਂਦੇ।

ਸਿਰ ਝੁਕਾ ਕੇ ਤੁਰਦਿਆਂ, ਤੁਹਾਨੂੰ ਦੂਰ ਤੱਕ ਰਾਹ ਨਜ਼ਰ ਨਹੀਂ ਆਵੇਗਾ ਅਤੇ ਦੁਨੀਆਂ ਦੀਆਂ ਚਾਲਾਂ ਨੂੰ ਦੇਖ ਨਹੀਂ ਸਕੋਗੇ। ਸਿਰ ਸਿੱਧਾ ਰੱਖ ਕੇ ਦੁਨੀਆਂ ਦੀਆਂ ਨਜ਼ਰਾਂ ਵਿਚ ਝਾਕੋ। ਮਾਣਮੱਤੇ ਲੋਕ ਤੁਹਾਡੇ ਨਾਲ ਅੱਖਾਂ ਮਿਲਾਉਣਗੇ ਜਦਕਿ ਕਮੀਨੇ ਲੋਕ ਅੱਖਾਂ ਨੀਵੀਆਂ ਕਰਕੇ ਰਾਹ ਬਦਲ ਲੈਣਗੇ।

ਘਰ, ਪਰਿਵਾਰ, ਸਮਾਜ ਅਤੇ ਦੁਨੀਆਂ ਤੁਹਾਡੇ ਸਿਰ ਵਿਚ ਵੱਸਦੀ ਏ। ਇਸ ਰਾਹੀਂ ਹੀ ਹੁੰਦੀ ਹਰ ਰਿਸ਼ਤੇ ਤੇ ਸਬੰਧ ਵਿਚ ਸੁਖਾਵੇਂਪਣ ਦੀ ਦਸਤਕ। ਇਨ੍ਹਾਂ ਦੀ ਮਜਬੂਤੀ ਤੇ ਚਿਰੰਜੀਵਤਾ, ਤੁਹਾਡਾ ਧੰਨ ਭਾਗ।

ਸਿਰਾਂ ਵਾਲੇ ਜਦ ਆਪਣੀ ਅੜੀ 'ਤੇ ਆ ਜਾਣ ਤਾਂ ਕੰਕਰੀਟ ਦੀਆਂ ਕੰਧਾਂ ਵਿਚ ਵੀ ਮਘੋਰੇ ਕਰ ਦਿੰਦੇ ਅਤੇ ਨਵੇਂ ਰਾਹ ਸਿਰਜਦੇ। ਐਵੇਂ ਕੰਧਾਂ 'ਚ ਸਿਰ ਮਾਰ ਕੇ ਖੁਦ ਨੂੰ ਪੀੜਤ ਨਾ ਕਰੋ ਸਗੋਂ ਸਿਰੜ-ਸਾਧਨਾ ਨਾਲ ਕੰਧਾਂ ਤੋੜੋ, ਇਹ ਭਾਵੇਂ ਬਰਲਿਨ ਦੀ ਦੀਵਾਰ ਹੋਵੇ ਜਾਂ ਵਾਹਗੇ ਦੀ ਕੰਡਿਆਲੀ ਵਾੜ। ਕੰਧਾਂ ਬਹੁਤ ਕਮਜ਼ੋਰ ਹੁੰਦੀਆਂ ਜੋ ਮਨੁੱਖ ਦੀ ਹਿੰਮਤ ਅਤੇ ਲਗਨ ਸਾਹਵੇਂ ਬੌਣੀਆਂ ਹੁੰਦੀਆਂ।

ਸਿਰ ਵਿਚ ਡਰ ਦਾ ਡੇਰਾ ਲਾਉਣ ਵਾਲੇ ਲੋਕਾਂ ਨੂੰ ਸੁਪਨੇ ਨਹੀਂ ਆਉਂਦੇ। ਇਨ੍ਹਾਂ ਦੀ ਪੂਰਨਤਾ ਬਾਰੇ ਕਿਆਸਣਾ ਤਾਂ ਫਜ਼ੂਲ। ਬੇਖੌਫ ਮਨ ਹੀ ਸੁਪਨਸਾਜ਼ ਹੁੰਦਾ।

ਸਿਰ 'ਚ ਦਿਮਾਗ, ਪੈਰਾਂ 'ਚ ਧੌੜੀ ਦੀ ਜੁੱਤੀ ਅਤੇ ਮਨ 'ਚ ਮੰਜ਼ਿਲਾਂ ਨੂੰ ਪਾਉਣ ਦਾ ਚਾਅ ਹੋਵੇ ਤਾਂ ਹਰ ਮੰਜ਼ਿਲ ਤੁਹਾਡੀ ਹੁੰਦੀ।

ਸਰੀਰ ਦੀ ਮਿਣਤੀ ਕਰਨ ਲੱਗਿਆਂ ਵੀ ਸਿਰ ਸਿੱਧਾ ਰੱਖਣਾ ਪੈਂਦਾ ਕਿਉਂਕਿ ਸਿਰ ਹੀ ਤੁਹਾਡੇ ਅਸਲੀ ਕੱਦ-ਕਾਠ ਅਤੇ ਸ਼ਖਸੀਅਤ ਦਾ ਪੈਮਾਨਾ ਹੁੰਦਾ।

ਹਮੇਸ਼ਾ ਸਿਰ ਸਿੱਧਾ ਰੱਖੋ ਵਰਨਾ ਸਿਰ 'ਤੇ ਸਜਾਈ ਦਸਤਾਰ, ਸਜਿਆ ਮੁਕਟ ਜਾਂ ਸ਼ਾਹੀ ਤਾਜ ਵੀ ਡਿੱਗ ਕੇ ਪੈਰਾਂ 'ਚ ਰੁਲ ਜਾਂਦਾ। ਲਿਬੜੀ ਦਸਤਾਰ ਜਾਂ ਮਟਮੈਲਾ ਤਾਜ ਸਿਰ 'ਤੇ ਨਹੀਂ ਸੋਂਹਦੇ।

ਉਦਾਸੀ, ਪੀੜਾ ਜਾਂ ਨਿਰਾਸ਼ਾ ਵਿਚ ਸਿਰ ਸੁਟ ਕੇ ਬਹਿ ਜਾਣਾ, ਕਿਸੇ ਸਮੱਸਿਆ ਦਾ ਹੱਲ ਨਹੀਂ। ਸਮੇਂ, ਸਥਾਨ ਅਤੇ ਸਥਿਤੀਆਂ ਦਾ ਨਿਰੀਖਣ ਕਰੋ। ਆਪਣੇ ਆਪ ਨੂੰ ਸੰਭਾਲੋ। ਨਵੀਆਂ ਤਰਜ਼ੀਹਾਂ ਤੇ ਤਦਬੀਰਾਂ ਵਿਉਂਤੋ। ਖੁਸ਼ੀ ਤੇ ਖੇੜੇ ਤੁਹਾਡੇ ਨੈਣਾਂ ਵਿਚ ਡਲ੍ਹਕਣਗੇ।

ਜਦ ਸਿਰ ਸ਼ਾਂਤ ਹੁੰਦਾ ਤਾਂ ਤੁਹਾਡੀ ਆਤਮਾ ਬੋਲਦੀ। ਤੁਸੀਂ ਖੁਦ ਦੇ ਸਨਮੁੱਖ ਹੋ, ਖੁਦ 'ਚੋਂ ਖੁਦ ਦੀ ਤਲਾਸ਼ 'ਚ ਰੁੱਝੇ ਹੁਸੀਨ ਤੇ ਅਨੰਦਿਤ ਪਲਾਂ ਦਾ ਪੀਹੜਾ ਹੁੰਦੇ।

ਬਾਬਰਵਾਣੀ ਵਿਚ ਗੁਰੂ ਨਾਨਕ ਦੇਵ ਜੀ ਜਦ ਬਾਬਰ ਵਲੋਂ ਢਾਹੇ ਜ਼ੁਲਮ ਨੂੰ ਬਿਆਨਦਿਆਂ ਇਸਤਰੀਆਂ ਦੀ ਹੋ ਰਹੀ ਦੁਰਦਸ਼ਾ ਬਾਰੇ ਫੁਰਮਾਉਂਦੇ, "ਜਿਨ ਸਿਰ ਸੋਹਨਿ ਪਟੀਆ ਮਾਂਗੀ





ਪਾਇ ਸੰਧੂਰੁ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜਿ॥" ਤਾਂ ਰੂਹ ਕੰਬ ਜਾਂਦੀ। ਮਨ ਨਾਨਕ ਸ਼ਾਇਰ ਦੇ ਬਲਿਹਾਰੇ ਜਾਂਦਾ ਜਿਸ ਨੇ ਹਕੂਮਤੀ ਜ਼ੁਲਮ ਨੂੰ ਹਰਫਾਂ ਦੀ ਜ਼ੁਬਾਨ ਦਿਤੀ ਅਤੇ ਰੱਬ ਨੂੰ ਵੀ "ਤੈਂ ਕੀ ਦਰਦੁ ਨ ਆਇਆ" ਦਾ ਉਲਾਂਭਾ ਦਿਤਾ।

ਸਿਰ ਨੂੰ ਗਲਤੀਆਂ, ਗੁਨਾਹਾਂ, ਗਲਤਫਹਿਮੀਆਂ ਅਤੇ ਗਰੂਰ ਨਾਲ ਨਾ ਭਰੋ। ਸਗੋਂ ਇਸ ਵਿਚ ਨਿਰਮਾਣਤਾ, ਨਰਮੀ, ਨੇਕ-ਨੀਅਤੀ, ਨੇਕੀ ਅਤੇ ਨਦੀ ਵਰਗੀ ਦਰਿਆ-ਦਿਲੀ ਦੀ ਮਹਿਕ ਬਿਖੇਰੋ। ਚੌਗਿਰਦਾ ਮਹਿਕੀਲੀ ਇਬਾਦਤ ਬਣ ਜਾਵੇਗਾ। ਸਿਰ ਸਦਾ ਸਲਾਮਤ ਰਹੇ ਅਤੇ ਸਦੀਵ ਰਹਿਣ ਸਰਦਾਰੀਆਂ, ਸਿਰਤਾਜ, ਸੁਪਨੇ ਅਤੇ ਸੁਹੰਢਣੀਆਂ ਸਫਲਤਾਵਾਂ।

ਆਮੀਨ।

# ਵੱਡੇ ਨੋਟ ਬੰਦ ਕਰਨ ਦੀ ਖੇਡ ਅਤੇ ਰਾਮ ਜੇਠਮਲਾਨੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਦੇਸ਼ ਦੇ ਲੋਕਾਂ ਨੂੰ ਜਦੋਂ ਕੁਝ ਭਰੋਸਾ ਦੇਵੇ ਤਾਂ ਕੀਲ ਕੇ ਰਖ ਦਿੰਦਾ ਹੈ, ਪਰ ਅਮਲ ਵਿਚ ਗੱਲ ਉਹ ਨਹੀਂ ਹੁੰਦੀ, ਜਿਹੜੀ ਲੋਕਾਂ ਨੂੰ ਬਣਦੀ ਦੱਸੀ ਜਾਂਦੀ ਹੈ। ਉਸ ਨੇ ਜਦੋਂ ਕਿਹਾ ਕਿ ਵਿਦੇਸ਼ਾਂ ਵਿਚ ਪਿਆ ਕਾਲਾ ਧਨ ਵਾਪਸ ਲਿਆਂਦਾ ਜਾਵੇਗਾ ਅਤੇ ਹਰ ਨਾਗਰਿਕ ਦੇ ਖਾਤੇ ਵਿਚ ਤਿੰਨ-ਤਿੰਨ ਲੱਖ ਰੁਪਏ ਪਾ ਦੇਣੇ ਹਨ ਤਾਂ ਲੋਕਾਂ ਨੇ ਭਰੋਸਾ ਕਰ ਲਿਆ ਸੀ। ਲੋਕ ਸੋਚਦੇ ਸਨ ਕਿ ਕਮਾਲ ਦਾ ਆਦਮੀ ਹੈ ਜੋ ਸਰਕਾਰ ਸੰਭਾਲਣ ਤੋਂ ਪਹਿਲਾਂ ਹੀ ਅੰਕੜੇ ਵੀ ਪਤਾ ਕਰੀ ਬੈਠਾ ਹੈ ਕਿ ਕਾਲਾ ਧਨ ਕੁੱਲ ਕਿੰਨਾਂ ਹੈ ਤੇ ਕਿਸ-ਕਿਸ ਦੇ ਖਾਤੇ ਵਿਚ ਕਿੰਨਾ-ਕਿੰਨਾ ਪਾਉਣਾ ਹੈ, ਪਰ ਬਾਅਦ ਵਿਚ ਆਪ ਹੀ ਪਾਰਲੀਮੈਂਟ ਵਿਚ ਇਹ ਵੀ ਮੰਨ ਲਿਆ ਕਿ ਭਾਰਤ ਦਾ ਕਿਸੇ ਦੇਸ਼ ਵਿਚ ਕਿੰਨਾਂ ਧਨ ਪਿਆ ਹੈ, ਇਸ ਦਾ ਪਤਾ ਨਹੀਂ। ਆਰਾਮ ਨਾਲ ਲੋਕਾਂ ਨੂੰ ਕਹਿ ਦਿੱਤਾ ਕਿ ਉਹ ਇੱਕ ਚੋਣ ਜੁਮਲਾ ਸੀ, ਉਸ ਨੂੰ ਭੁਲਾ ਦਿਓ। ਫਿਰ ਉਹ ਕੁਝ ਹੋਰ ਜੁਮਲੇ ਛੱਡਣ ਲੱਗ ਪਿਆ।

ਹੁਣ ਉਸ ਨੇ ਲੰਘੀ 8 ਨਵੰਬਰ ਨੂੰ ਇੱਕ ਸ਼ੋਸ਼ਾ ਛੱਡ ਦਿੱਤਾ ਕਿ ਵੱਡੇ ਕਰੰਸੀ ਨੋਟ ਇਸ ਲਈ ਬੰਦ ਕਰਨੇ ਹਨ ਕਿ ਜਿਨ੍ਹਾਂ ਕੋਲ ਕਾਲਾ ਧਨ ਹੈ, ਉਹ ਵੱਡੇ ਨੋਟਾਂ ਵਿਚ ਰੱਖਦੇ ਹਨ। ਨਾਲ ਇਹ ਕਹਿ ਦਿੱਤਾ ਕਿ ਹੁਣ ਪੰਜ ਸੌ ਦਾ ਨਵਾਂ ਨੋਟ ਤੇ ਇੱਕ ਹਜ਼ਾਰ ਦੇ ਨੋਟ ਦੀ ਥਾਂ ਦੋ ਹਜ਼ਾਰ ਦੇ ਨੋਟ ਚਲਾਵਾਂਗੇ। ਜਿਨ੍ਹਾਂ ਚੋਰਾਂ ਨੇ ਇੱਕ ਹਜ਼ਾਰ ਦੇ ਨੋਟਾਂ ਵਿਚ ਕਾਲਾ ਧਨ ਰੱਖਿਆ ਹੋਇਆ ਸੀ, ਉਨ੍ਹਾਂ ਨੂੰ ਦੋ ਹਜ਼ਾਰ ਦੇ ਨੋਟ ਨਾਲ ਅੜਿੱਕਾ ਨਹੀਂ ਪੈਣਾ, ਸਗੋਂ ਅੱਗੋਂ ਲਈ ਕਾਲਾ ਧਨ ਰੱਖਣ ਦੀ ਸੌਖ ਹੋ ਜਾਵੇਗੀ। ਪਹਿਲਾਂ ਇੱਕ ਕਰੋੜ ਦਾ ਕਾਲਾ ਧਨ ਸਾਂਭਣ ਲਈ ਇੱਕ ਲੱਖ ਦੀਆਂ ਸੌ ਗੱਠੀਆਂ ਲੁਕਾਉਣੀਆਂ ਪੈਂਦੀਆਂ ਹਨ, ਹੁਣ ਪੰਜਾਹ ਗੱਠੀਆਂ ਲੁਕਾਉਣ ਨਾਲ ਕੰਮ ਸਰ ਜਾਊ। ਮਤਲਬ ਇੱਕ ਕਰੋੜ ਵਾਲੇ ਪੁਰਾਣੇ ਬਕਸੇ ਵਿਚ ਹੁਣ ਦੋ ਕਰੋੜ ਰੁਪਏ ਕਾਲਾ ਧਨ ਰੱਖਿਆ ਜਾ ਸਕੇਗਾ। ਬੈਂਕ ਦੇ ਲਾਕਰਾਂ ਵਿਚ ਵੀ ਪਹਿਲਾਂ ਨਾਲੋਂ ਦੁੱਗਣੇ ਨੋਟ ਲੁਕਾਏ ਜਾ ਸਕਣਗੇ।

ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਉਹ ਕਾਲੇ ਧਨ ਵਾਲੇ ਲੋਕਾਂ ਨੂੰ ਟਿਕਣ ਨਹੀਂ ਦੇਣਗੇ, ਪਰ ਉਨ੍ਹਾਂ ਦਾ ਇਹ ਐਲਾਨ ਆਮ ਆਦਮੀ ਲਈ ਮੁਸੀਬਤਾਂ ਲੈ ਕੇ ਆਇਆ। ਹਰ ਕੰਮ ਰੁਕਿਆ ਪਿਆ ਹੈ। ਜਿਨ੍ਹਾਂ ਨੇ ਧੀ ਦੇ ਵਿਆਹ ਲਈ ਪੈਲੇਸ ਬੁੱਕ ਕਰਵਾਇਆ ਸੀ, ਵਿਆਹ ਦਾ ਹੋਰ ਸਾਮਾਨ ਵੀ ਲੈਣਾ ਸੀ, ਸਭ ਥਾਂ ਨਵੇਂ ਨੋਟ ਜਾਂ ਪਹਿਲੇ ਛੋਟੇ ਨੋਟ ਮੰਗੇ ਜਾਣ ਕਾਰਨ ਕੁੜਿੱਤਣ ਫੈਲ ਰਹੀ ਹੈ। ਕਿਸੇ ਕਾਰੋਬਾਰ ਦੇ ਸਿਲਸਿਲੇ ਵਿਚ ਜਾਂ ਕਿਸੇ ਤੀਰਥ ਯਾਤਰਾ ਲਈ ਜਿਹੜੇ ਲੋਕ ਕਿਤੇ ਗਏ ਸਨ, ਰਾਹ ਵਿਚ ਉਨ੍ਹਾਂ ਕੋਲੋਂ ਸੌ ਅਤੇ ਇਸ ਤੋਂ ਛੋਟੇ ਨੋਟ ਮੁੱਕ ਜਾਣ ਪਿੱਛੋਂ ਰੇਲ ਦਾ ਸਫਰ ਕਰਦਿਆਂ ਆਪਣੇ ਲਈ ਜਾਂ ਆਪਣੇ ਬੱਚਿਆਂ ਲਈ ਖਾਣਾ ਖਰੀਦਣ ਜੋਗੇ ਪੈਸੇ ਨਹੀਂ ਬਚੇ ਅਤੇ ਪੰਜ ਸੌ ਦਾ ਨੋਟ ਕੋਈ ਲੈਂਦਾ ਨਹੀਂ। ਹਸਪਤਾਲਾਂ ਵਿਚ ਕਈ ਥਾਂ ਕਿਸੇ ਮਰੀਜ਼ ਦਾ ਇਲਾਜ ਕਰਨ ਲਈ ਜਾਂ ਮੌਤ ਹੋ ਜਾਣ ਪਿਛੋਂ ਲਾਸ਼ ਚੁੱਕਣ ਵੇਲੇ ਨਵੇਂ ਨੋਟ ਲਈ ਅੜਿੱਕਾ ਪੈ ਗਿਆ ਅਤੇ ਆਮ ਲੋਕਾਂ ਨੂੰ ਆਪੋ ਵਿਚ ਉਗਰਾਹੀ ਕਰ ਕੇ ਪੀੜਤ ਪਰਿਵਾਰ ਦੀ ਮਦਦ ਕਰਨੀ ਪਈ। ਬੈਂਕਾਂ ਦੇ ਬਾਹਰ ਲੱਗੀਆਂ ਲਾਈਨਾਂ ਨੂੰ ਪ੍ਰਧਾਨ ਮੰਤਰੀ ਨੇ ਇੱਕ ਭਾਸ਼ਣ ਦੌਰਾਨ ਕਾਲੇ ਧਨ ਵਾਲੇ



*ਰਾਮ ਜੇਠਮਲਾਨੀ*

ਲੋਕਾਂ ਦੀ ਭੀੜ ਵੀ ਕਹਿ ਦਿੱਤਾ। ਕਿਸੇ ਬੈਂਕ ਅੱਗੇ ਕੋਈ ਵੱਡਾ ਪੂੰਜੀਪਤੀ ਪੈਸੇ ਲੈਣ ਨੂੰ ਖੜਾ ਦਿਖਾਈ ਨਹੀਂ ਦਿੱਤਾ, ਆਮ ਲੋਕਾਂ ਦੀ ਹੀ ਭੀੜ ਸੀ। ਪਾਰਲੀਮੈਂਟ ਮੈਂਬਰ ਵੀ ਉਥੇ ਨਹੀਂ ਸੀ ਗਏ। ਉਨ੍ਹਾਂ ਦੇ ਕਰਿੰਦੇ ਆ ਕੇ ਏਨਾ ਕੰਮ ਕਰ ਗਏ ਹੋਣਗੇ ਤੇ ਉਨ੍ਹਾਂ ਦੇ ਆਪਣੇ ਖਾਤੇ ਵਿਚ ਐਂਟਰੀ ਵੀ ਨਹੀਂ ਹੋਈ ਹੋਵੇਗੀ।

ਦੋ ਵਿਸ਼ੇਸ਼ ਹਸਤੀਆਂ ਦੀ ਇਸ ਦੌਰਾਨ ਲਾਈਨ ਵਿਚ ਲੱਗਣ ਦੀ ਫੋਟੋ ਲੋਕਾਂ ਨੇ ਵੇਖੀ ਹੈ। ਇੱਕ ਤਾਂ ਰਾਹੁਲ ਗਾਂਧੀ ਨੇ ਦਿੱਲੀ ਤੇ ਮੁੰਬਈ ਵਿਚ ਏ ਟੀ ਐਮ ਮਸ਼ੀਨ ਵਿਚੋਂ ਪੈਸੇ ਕਢਵਾਉਣ ਦੇ ਬਹਾਨੇ ਲੋਕਾਂ ਦੀ ਭੀੜ ਵਿਚ ਪਹੁੰਚ ਕੇ ਸਰਕਾਰ ਦੀ ਭੰਡੀ ਕੀਤੀ ਹੈ। ਭਾਜਪਾ ਦੇ ਬੁਲਾਰੇ ਟਿੱਪਣੀ ਕਰਦੇ ਸੁਣੇ ਗਏ ਕਿ ਅੱਗੇ ਕਦੇ ਰਾਹੁਲ ਗਾਂਧੀ ਏ ਟੀ ਐਮ ਮਸ਼ੀਨ ਤੱਕ ਜਾਂਦਾ ਨਹੀਂ ਦਿੱਸਿਆ, ਹੁਣ ਸਿਰਫ ਰਾਜਨੀਤੀ ਕਰਨ ਗਿਆ ਹੈ, ਤਾਂ ਕਿ ਲੋਕਾਂ ਨੂੰ ਵਰਗਲਾਇਆ ਜਾ ਸਕੇ। ਦੂਜੀ ਵਿਸ਼ੇਸ਼ ਹਸਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਤਾ ਹੀਰਾ ਬੇਨ ਕਿਸੇ ਬੈਂਕ ਦੇ ਦਰਵਾਜ਼ੇ ਉਤੇ ਪੁਰਾਣੇ ਨੋਟ ਬਦਲਾਉਣ ਲਈ ਗਈ ਸੀ। ਸਿਰਫ ਚਾਰ ਹਜ਼ਾਰ ਰੁਪਏ ਦੇ ਪੁਰਾਣੇ ਨੋਟ ਬਦਲਣ ਲਈ ਪ੍ਰਧਾਨ ਮੰਤਰੀ ਦੀ ਮਾਤਾ ਨੂੰ ਬੈਂਕ ਜਾਣ ਦੀ ਲੋੜ ਨਹੀਂ ਸੀ, ਪਹਿਲਾਂ ਵੀ ਕਦੇ ਨਹੀਂ ਸੀ ਗਈ। ਉਮਰ ਦੇ ਇਸ ਪੜਾਅ 'ਤੇ ਉਸ ਦਾ ਬੈਂਕ ਜਾਣਾ ਵੀ ਰਾਹੁਲ ਗਾਂਧੀ ਦੀ ਜਨ ਸੰਪਰਕ ਮੁਹਿੰਮ ਵਾਂਗ ਹੀ ਹੈ। ਇਨੀ ਸਸਤੇ ਪੱਧਰ ਦੀ ਮਸ਼ਹੂਰੀ ਖੱਟਣ ਲਈ ਉਸ ਪ੍ਰਧਾਨ ਮੰਤਰੀ ਮੋਦੀ ਦੀ ਮਾਤਾ ਇਸ ਮੌਕੇ ਖੁਦ ਚੱਲ ਕੇ ਬੈਂਕ ਗਈ, ਜਿਹੜਾ ਕਹਿੰਦਾ ਹੈ ਕਿ ਉਸ ਨੇ ਦੇਸ਼ ਦੀ ਸੇਵਾ ਕਰਨ ਲਈ ਆਪਣਾ ਪਰਿਵਾਰ ਛੱਡ ਦਿੱਤਾ ਹੈ ਤਾਂ ਸਿਰਫ ਚਾਰ ਹਜ਼ਾਰ ਰੁਪਏ ਦੇ ਨੋਟ ਬਦਲਣ ਲਈ ਪ੍ਰਧਾਨ ਮੰਤਰੀ ਦੀ ਮਾਤਾ ਦਾ ਬੈਂਕ ਜਾਣਾ ਮੀਡੀਏ ਵਿਚ ਇਸ ਤਰ੍ਹਾਂ ਪੇਸ਼ ਕਰਨ ਦੀ ਕੀ ਲੋੜ ਸੀ? ਆਮ ਲੋਕਾਂ ਨੂੰ ਸਮਝ ਨਹੀਂ ਆਈ।

ਰਹੀ ਗੱਲ ਨੋਟ ਬੰਦ ਕਰਨ ਅਤੇ ਇਸ ਨਾਲ ਕਾਲਾ ਧਨ ਕਢਵਾ ਲੈਣ ਦੀ, ਇਹ ਤਮਾਸ਼ਾ ਪਹਿਲਾਂ ਵੀ ਹੋ ਚੁੱਕਾ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਜਦੋਂ ਵੇਖਿਆ ਕਿ ਦੇਸ਼ ਆਜ਼ਾਦ ਹੋਣ ਲੱਗਾ ਹੈ ਤਾਂ ਜਿਹੜੇ ਵੱਡੇ ਭਾਰਤੀ ਸੇਠ ਰਾਤੋ-ਰਾਤ ਖੁੱਲ੍ਹ ਕੇ ਆਜ਼ਾਦੀ ਲਹਿਰ ਦੇ ਪੱਖ ਵਿਚ ਖੜੇ ਹੋਣ ਲੱਗ ਪਏ ਅਤੇ ਅੰਗਰੇਜ਼ਾਂ ਦਾ ਖਾਧਾ ਨਮਕ ਭੁੱਲਣ ਲੱਗੇ ਸਨ, ਬਰਤਾਨਵੀ ਹਾਕਮਾਂ ਨੇ ਵੀ ਉਨ੍ਹਾਂ ਨੂੰ ਝਟਕਾ ਦਿੱਤਾ ਸੀ। ਆਜ਼ਾਦੀ ਦੇਣ ਤੋਂ ਡੇਢ ਸਾਲ ਪਹਿਲਾਂ ਉਨ੍ਹਾਂ ਨੇ ਇੱਕ ਹਜ਼ਾਰ ਅਤੇ ਦਸ ਹਜ਼ਾਰ ਰੁਪਏ ਦੇ ਨੋਟ ਬੰਦ ਕਰ ਦਿੱਤੇ ਸਨ। ਇਹ ਉਨ੍ਹਾਂ ਲੋਕਾਂ ਲਈ ਵੱਡਾ ਝਟਕਾ ਸੀ, ਜਿਨ੍ਹਾਂ ਨੇ ਸੰਸਾਰ ਜੰਗ ਦੌਰਾਨ ਅੰਗਰੇਜ਼ਾਂ ਦੀ ਕਿਰਪਾ ਨਾਲ ਜੰਗੀ ਠੇਕੇ ਲਏ ਤੇ ਮੋਟਾ ਮਾਲ ਕਮਾਇਆ ਸੀ। ਮੁੱਢਲੇ ਸਾਲਾਂ ਵਿਚ ਪੰਡਿਤ ਨਹਿਰੂ ਨੂੰ ਬੜਾ ਇਮਾਨਦਾਰ ਕਿਹਾ ਜਾਂਦਾ ਸੀ। ਉਸ ਨੇ ਆਪਣੇ ਰਾਜ ਦੇ ਸੱਤਵੇਂ ਸਾਲ ਵਿਚ ਅੰਗਰੇਜ਼ਾਂ ਦੇ ਬੰਦ ਕੀਤੇ ਦੋਵੇਂ ਵੱਡੇ




ਨੋਟਾਂ ਵਿਚਾਲੇ ਇੱਕ ਪੰਜ ਹਜ਼ਾਰ ਵਾਲਾ ਨੋਟ ਚਲਾ ਦਿੱਤਾ ਸੀ। ਕਾਲਾ ਧਨ ਸਾਂਭਣ ਦਾ ਵਸੀਲਾ ਦੱਸੇ ਜਾਂਦੇ ਇਹ ਤਿੰਨੇ ਨੋਟ ਫਿਰ ਮੋਰਾਰਜੀ ਦੇਸਾਈ ਦੇ ਰਾਜ ਦੌਰਾਨ ਬੰਦ ਕੀਤੇ ਗਏ, ਪਰ ਸੱਤ ਸਾਲ ਪਿੱਛੋਂ ਰਾਜੀਵ ਗਾਂਧੀ ਨੇ ਫਿਰ ਪੰਜ ਸੌ ਦਾ ਨੋਟ ਚਾਲੂ ਕਰ ਦਿੱਤਾ ਤੇ ਤੇਰਾਂ ਸਾਲ ਬਾਅਦ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਇੱਕ ਹਜ਼ਾਰ ਦਾ ਨੋਟ ਬਾਜ਼ਾਰ ਵਿਚ ਆ ਗਿਆ। ਹੁਣ ਆ ਕੇ ਨਰਿੰਦਰ ਮੋਦੀ ਨੇ ਰਾਜੀਵ ਗਾਂਧੀ ਤੇ ਵਾਜਪਾਈ-ਦੋਵਾਂ ਦੀ ਚਲਾਈ ਕਰੰਸੀ ਬੰਦ ਕਰ ਕੇ ਜਦੋਂ ਕਿਹਾ ਹੈ ਕਿ ਇਹ ਨੋਟ ਸਿਰਫ ਕਾਲਾ ਧਨ ਜਮਾਂ ਕਰਨ ਦੇ ਕੰਮ ਆਉਂਦੇ ਹਨ ਤਾਂ ਇਸ ਦਾ ਇਹ ਵੀ ਮਤਲਬ ਹੈ ਕਿ ਚੋਰਾਂ ਨੂੰ ਕਾਲਾ ਧਨ ਜੋੜਨ ਦਾ ਮੌਕਾ ਰਾਜੀਵ ਗਾਂਧੀ ਤੇ ਅਟਲ ਬਿਹਾਰੀ ਵਾਜਪਾਈ, ਦੋਵਾਂ ਨੇ ਦਿੱਤਾ ਸੀ।

ਸਵਾਲ ਹੈ ਕਿ ਕੀ ਹੁਣ ਵਾਲੀ ਸਰਕਾਰ ਵਿਚ ਉਨ੍ਹਾਂ ਚੋਰਾਂ ਨਾਲ ਸਾਂਝ ਰੱਖਣ ਵਾਲਾ ਕੋਈ ਨਹੀਂ ਰਹਿ ਗਿਆ? ਭਾਜਪਾ ਦਾ ਚਿਰਾਂ ਦਾ ਸਾਥੀ, ਕਈ ਵਾਰੀ ਰਾਜ ਸਭਾ ਵਿਚ ਇਸ ਪਾਰਟੀ ਦੀ ਪ੍ਰਤੀਨਿਧਤਾ ਕਰ ਚੁੱਕਾ ਤੇ ਕੇਂਦਰ ਦਾ ਕਾਨੂੰਨ ਮੰਤਰੀ ਰਹਿ ਚੁੱਕਾ ਸੀਨੀਅਰ ਵਕੀਲ ਰਾਮ ਜੇਠਮਲਾਨੀ ਕਹਿੰਦਾ ਹੈ ਕਿ ਇਹ ਕਦਮ ਚੋਰਾਂ ਦੇ ਪਰਦੇ ਢੱਕਣ ਲਈ ਹੀ ਚੁੱਕਿਆ ਗਿਆ ਹੈ। ਇਹ ਵੱਡੇ ਚੋਰ ਕੌਣ ਹਨ? ਉਨ੍ਹਾਂ ਵਿਚੋਂ ਕਿੰਨੇ ਲੋਕਾਂ ਨੂੰ ਮੋਦੀ ਰਾਜ ਵਿਚ ਹੱਥ ਪਾਇਆ ਗਿਆ, ਇਹ ਖਬਰ ਕਦੇ ਸੁਣੀ ਨਹੀਂ ਗਈ। ਪ੍ਰਧਾਨ ਮੰਤਰੀ ਕਹਿ ਰਿਹਾ ਹੈ ਕਿ ਸਰਕਾਰ ਦੇ ਵੱਡੇ ਅਫਸਰ ਤੇ ਆਗੂ ਦਿੱਲੀ ਵਿਚ ਰਹਿੰਦੇ ਹਨ ਤੇ ਗੋਆ ਆਦਿ ਵਿਚ ਕਿਸੇ ਹੋਰ ਦੇ ਨਾਂ ਹੇਠ ਬੰਗਲਿਆਂ ਤੇ ਹੋਟਲਾਂ ਦੇ ਮਾਲਕ ਹਨ। ਇਹ ਗੱਲ ਜਦੋਂ ਪਤਾ ਹੈ ਤਾਂ ਉਨ੍ਹਾਂ ਵਿਰੁਧ ਕਾਰਵਾਈ ਹੋਣੀ ਚਾਹੀਦੀ ਹੈ।

26 ਮਈ 2014 ਨੂੰ ਸਹੁੰ ਚੁੱਕ ਕੇ ਦੇਸ਼ ਦੀ ਕਮਾਨ ਸੰਭਾਲਣ ਵਾਲੀ ਨਰਿੰਦਰ ਮੋਦੀ ਸਰਕਾਰ ਇਸ ਛੱਬੀ ਨਵੰਬਰ ਨੂੰ ਆਪਣੀ ਅੱਧੀ ਮਿਆਦ ਲੰਘਾ ਲਵੇਗੀ, ਪਰ ਉਨ੍ਹਾਂ ਬੇਨਾਮੀ ਜਾਇਦਾਦਾਂ ਵਾਲੇ ਅਫਸਰਾਂ ਅਤੇ ਆਗੂਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਜਦੋਂ ਕਰਨ ਲੱਗਣਗੇ ਤਾਂ ਪਹਿਲਾਂ ਆਪਣੇ ਨੇੜਲੇ ਫਸਣ ਦਾ ਡਰ ਹੈ।

ਲੰਘੇ ਸ਼ੁੱਕਰਵਾਰ ਮਹਾਰਾਸ਼ਟਰ ਵਿਚ ਭਾਜਪਾ ਸਰਕਾਰ ਦੇ ਕੋਆਪਰੇਟਿਵ ਮਹਿਕਮੇ ਦੇ ਮੰਤਰੀ ਅਤੇ ਸੀਨੀਅਰ ਭਾਜਪਾ ਆਗੂ ਦੀ ਕਾਰ ਵਿਚੋਂ 92 ਲੱਖ ਰੁਪਏ ਫੜੇ ਜਾਣ ਦੀ ਖਬਰ ਆਈ ਹੈ। ਦੋ ਦਿਨ ਪਹਿਲਾਂ ਚੰਡੀਗੜ੍ਹੋਂ ਆਉਂਦੀ ਇੱਕ ਕਾਰ ਨੂੰ ਪੁਲਿਸ ਨੇ ਰੋਕਿਆ ਤਾਂ ਉਸ ਵਿਚੋਂ ਕਾਫੀ ਮੋਟੀ ਰਕਮ ਦੇ ਪੁਰਾਣੇ ਨੋਟ ਮਿਲੇ ਅਤੇ ਉਸ ਕਾਰ ਦੇ ਸਵਾਰਾਂ ਨੇ ਕਿਹਾ ਕਿ ਉਹ ਹੁਸ਼ਿਆਰਪੁਰ ਦੇ ਕਿਸੇ ਵੱਡੇ ਭਾਜਪਾ ਨੇਤਾ ਤੋਂ ਇਹ ਨੋਟ ਬਦਲਵਾਉਣ ਜਾ ਰਹੇ ਸਨ। ਇਸ ਪਿੱਛੋਂ ਕੀ ਹੋਇਆ, ਇਹ ਗੱਲ ਕੋਈ ਨਹੀਂ ਜਾਣ ਸਕਿਆ। ਇਸ ਤਰ੍ਹਾਂ ਦੇ ਅਣਗਿਣਤ ਕਿੱਸੇ ਮਿਲ ਸਕਦੇ ਹਨ।

ਭਾਰਤ ਦੀ ਰਾਜਨੀਤੀ ਵਿੱਚ ਦੁੱਧ-ਧੋਤਾ ਕੋਈ ਆਗੂ ਲੱਭਣਾ ਔਖਾ ਹੈ। ਇੱਕ ਗੱਲ ਕਈ ਵਾਰੀ ਚੇਤੇ ਆ ਜਾਂਦੀ ਹੈ ਕਿ ਦਿੱਲੀ ਤੋਂ ਇੱਕ ਨੇਤਾ ਨੇ ਜਦੋਂ ਅੰਮ੍ਰਿਤਸਰ ਤੋਂ ਪਾਰਲੀਮੈਂਟ ਚੋਣ ਲੜਨੀ ਸੀ, ਉਸ ਨੂੰ ਹਵਾਈ ਅੱਡੇ ਤੋਂ ਸਿੱਧਾ ਇੱਕ ਸਿਆਸੀ ਮੀਟਿੰਗ ਵਿਚ ਲਿਜਾਇਆ ਗਿਆ ਸੀ ਅਤੇ ਉਸ ਦੇ ਸਾਮਾਨ ਵਿਚ ਇੱਕ ਵੱਡਾ ਬੈਗ ਸੀ। ਬੈਠਕ ਮੁੱਕਣ ਤੱਕ ਉਹ ਬੈਗ ਗੁੰਮ ਹੋ ਗਿਆ ਤੇ ਫਿਰ ਲੱਭਾ ਹੀ ਨਹੀਂ। ਮਾਮਲਾ ਕਾਫੀ ਮੋਟੇ ਮਾਲ ਦਾ ਦੱਸਿਆ ਗਿਆ ਸੀ। ਇਸ ਬਾਰੇ ਅਖਬਾਰਾਂ ਵਿਚ ਕੁਝ ਖਬਰਾਂ ਆਈਆਂ ਤੇ ਫਿਰ ਚੁੱਪ ਛਾ ਗਈ। ਦੋ ਭਾਈਵਾਲ ਪਾਰਟੀਆਂ ਦੇ ਆਗੂ ਇੱਕ ਦੂਸਰੇ ਵੱਲ ਇਸ਼ਾਰੇ ਕਰਦੇ ਰਹੇ ਸਨ। ਉਸ ਬੈਗ ਬਾਰੇ ਅੱਜ ਤੱਕ ਪਤਾ ਨਹੀਂ ਲੱਗ ਸਕਿਆ।

ਸ਼ਾਇਦ ਰਾਮ ਜੇਠਮਲਾਨੀ ਠੀਕ ਆਖਦਾ ਹੈ ਕਿ ਵੱਡੇ ਨੋਟ ਬੰਦ ਕਰ ਕੇ ਉਸ ਨਾਲੋਂ ਵੱਡੇ ਨੋਟ ਚਾਲੂ ਕਰਨ ਦੇ ਨਾਲ ਇਹ ਕਹਿਣਾ ਕਿ ਕਾਲੇ ਧਨ ਉਤੇ ਚੋਟ ਕੀਤੀ ਹੈ, ਇਸ ਤੋਂ ਵੱਡਾ ਮਜ਼ਾਕ ਕੋਈ ਨਹੀਂ ਹੋ ਸਕਦਾ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS ➡ USA 951-824-6365
skype - DHOLRADIO.ORG
LISTEN BY CALL ➡ USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਬੇਕਰਜ਼ਫੀਲਡ ਦੇ ਧਾਲੀਵਾਲ ਪਰਿਵਾਰ ਵਲੋਂ ਅਸ਼ੋਕ ਭੌਰਾ ਦਾ ਗੋਲਡ ਮੈਡਲ ਨਾਲ ਸਨਮਾਨ

**ਜਲੰਧਰ (ਬਿਊਰੋ):** ਕਾਲਮਨਵੀਸ ਤੇ ਲੇਖਕ ਐਸ. ਅਸ਼ੋਕ ਭੌਰਾ ਦਾ ਜਲੰਧਰ ਅਤੇ ਜਗਰਾਓਂ ਨੇੜਲੇ ਪਿੰਡ ਚੀਮਨਾ ਵਿਚ ਗੋਲਡ ਮੈਡਲ ਨਾਲ ਪਿਛਲੇ ਦਿਨੀਂ ਸਨਮਾਨ ਕੀਤਾ ਗਿਆ।

ਬੇਕਰਜ਼ਫੀਲਡ ਰਹਿੰਦੇ ਧਾਲੀਵਾਲ ਪਰਿਵਾਰ ਦੇ ਸੁਖਦਰਸ਼ਨ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੇ ਸਪੁੱਤਰ ਸੁਖਰਾਜ ਸਿੰਘ ਧਾਲੀਵਾਲ ਵਲੋਂ ਆਪਣੇ ਜੱਦੀ ਪਿੰਡ ਚੀਮਨਾ (ਨੇੜੇ ਜਗਰਾਓਂ) ਜ਼ਿਲ੍ਹਾ ਲੁਧਿਆਣਾ ਵਿਖੇ ਅਸ਼ੋਕ ਭੌਰਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਵੱਡੀ ਗਿਣਤੀ ਵਿਚ ਲੋਕਾਂ ਸ਼ਿਰਕਤ ਕੀਤੀ। ਪੰਜਾਬ ਦੇ ਉਘੇ ਲੋਕ ਗਾਇਕਾਂ ਨੇ ਵੀ ਭਰਵੀਂ ਹਾਜ਼ਰੀ ਭਰੀ। ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸਾਬਕਾ ਵਿਧਾਇਕ ਭਾਗ ਸਿੰਘ ਮੱਲ੍ਹਾ ਅਤੇ ਲੋਕ ਗਾਇਕ ਤੇ ਵਿਧਾਇਕ ਮੁਹੰਮਦ ਸਦੀਕ ਸ਼ਾਮਿਲ ਹੋਏ। ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਇਸ ਸਮਾਰੋਹ ਵਿਚ ਹਾਜ਼ਰ ਸਨ। ਸ੍ਰੀ ਭੌਰਾ ਦੇ ਗੂੜ੍ਹੇ ਮਿੱਤਰ ਰਹੇ ਕੁਲਦੀਪ ਮਾਣਕ ਦੇ ਬੇਟੇ ਯੁਧਵੀਰ ਮਾਣਕ ਨੇ ਵੀ ਪਰਿਵਾਰ ਸਮੇਤ ਸਮਾਗਮ ਵਿਚ ਆਪਣੀ ਤੰਦਰੁਸਤੀ ਲਈ ਸਰੋਤਿਆਂ ਦੀਆਂ ਦੁਆਵਾਂ ਕਬੂਲੀਆਂ।



ਧਾਲੀਵਾਲ ਪਰਿਵਾਰ ਵਲੋਂ ਐਸ ਅਸ਼ੋਕ ਭੌਰਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤੇ ਜਾਣ ਸਮੇਂ ਸੁਖਦਰਸ਼ਨ ਸਿੰਘ ਧਾਲੀਵਾਲ, ਸੁਖਰਾਜ ਧਾਲੀਵਾਲ, ਸੁਰਿੰਦਰ ਸ਼ਿੰਦਾ, ਰਣਜੀਤ ਕੌਰ, ਪਾਲੀ ਦੇਤਵਾਲੀਆ ਅਤੇ ਹੋਰ ਉਘੀਆਂ ਸ਼ਖਸੀਅਤਾਂ





ਸਮਾਗਮ ਦੇ ਆਯੋਜਕ ਸ. ਸੁਖਰਾਜ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਨਾ ਸਿਰਫ ਅਸ਼ੋਕ ਭੌਰਾ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹਨ ਸਗੋਂ ਉਹ ਆਪਣੀ ਜ਼ਿੰਦਗੀ ਵਿਚ ਇਨ੍ਹਾਂ ਦਾ ਮਹੱਤਵਪੂਰਨ ਰੋਲ ਵੀ ਸਵੀਕਾਰ ਕਰਦੇ ਹਨ।

ਅਸ਼ੋਕ ਭੌਰਾ ਨੂੰ ਜਦੋਂ ਉਨ੍ਹਾਂ ਦੇ ਪਰਿਵਾਰ ਅਤੇ ਮਿੱਤਰਾਂ-ਦੋਸਤਾਂ ਦੇ ਕਾਫਲੇ ਨਾਲ ਪੰਡਾਲ ਵਿਚ ਲਿਆਂਦਾ ਗਿਆ ਤਾਂ ਅਸਮਾਨ ਵਿਚ ਖ਼ੂਬਸੂਰਤ ਆਤਿਸ਼ਬਾਜ਼ੀ ਕੀਤੀ ਗਈ। ਮੰਚ ਸੰਚਾਲਨ ਕਰਦਿਆਂ ਪ੍ਰੋ. ਵਰਮਾ ਨੇ ਅਸ਼ੋਕ ਭੌਰਾ ਦੇ ਪਿਛਲੇ ਕਰੀਬ 38 ਸਾਲਾਂ ਦੇ ਪੱਤਰਕਾਰ ਅਤੇ ਲੇਖਕ ਵਜੋਂ ਨਿਭਾਏ ਅਹਿਮ ਰੋਲ ਬਾਰੇ ਜਾਣਕਾਰੀ ਵੀ ਦਿੱਤੀ। ਮੇਲੇ ਵਿਚ 'ਲੋਪੋਕੇ' ਬ੍ਰਦਰਜ਼ ਦੀ ਗਾਇਕੀ ਨੇ ਸਮਾਗਮ ਨੂੰ ਸੰਗੀਤ ਦਾ ਪਹਿਲਾ ਰੰਗ ਚੜ੍ਹਾਇਆ ਜਦੋਂਕਿ ਪਾਲੀ ਦੇਤਵਾਲੀਆ ਨੇ ਆਪਣੇ ਸਾਹਿਤਕ ਗੀਤਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ। ਚਾਚਾ ਬਿਸ਼ਨਾ ਦੀ ਹਾਸਰਸ ਟੀਮ ਨੇ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ।





ਯੁਧਵੀਰ ਮਾਣਕ

ਇਸ ਮੌਕੇ ਬੋਲਦਿਆਂ ਲੋਕ ਗਾਇਕ ਮੁਹੰਮਦ ਸਦੀਕ ਨੇ ਕਿਹਾ ਕਿ ਅਸ਼ੋਕ ਭੌਰਾ ਦਾ ਧਾਲੀਵਾਲ ਪਰਿਵਾਰ ਵਲੋਂ ਗੋਲਡ ਮੈਡਲ ਨਾਲ ਸਨਮਾਨ ਕੀਤੇ ਜਾਣਾ ਪੰਜਾਬੀ ਸੰਗੀਤ ਦਾ ਸਨਮਾਨ ਹੈ। ਲੋਕ ਗਾਇਕ ਸੁਰਿੰਦਰ ਸ਼ਿੰਦਾ ਨੇ ਭਾਵੁਕ ਤਕਰੀਰ ਵਿਚ ਕਿਹਾ ਕਿ ਉਹ ਪਿਛਲੇ ਤੀਹ ਸਾਲਾਂ ਤੋਂ ਅਸ਼ੋਕ ਨਾਲ ਜੁੜੇ ਹੋਏ ਹਨ ਅਤੇ ਉਹ ਹਮੇਸ਼ਾ ਉਨ੍ਹਾਂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਰਹੇ ਹਨ। ਗਾਇਕ ਰਣਜੀਤ ਕੌਰ, ਸ਼ਰੋਮਣੀ ਬਾਲ ਸਾਹਿਤ ਲੇਖਕ ਅਮਰੀਕ ਸਿੰਘ ਤਲਵੰਡੀ ਅਤੇ ਉੱਤਰੀ ਅਮਰੀਕਾ ਪੰਜਾਬੀ ਲਿਖਾਰੀ ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਗਿੱਲ ਨੇ ਵੀ ਭੌਰਾ ਵਲੋਂ ਪੰਜਾਬੀ ਪੱਤਰਕਾਰੀ ਅਤੇ ਸਾਹਿਤਕ ਖੇਤਰ ਵਿਚ ਪਾਏ ਸਿਹਤਮੰਦ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਗਾਇਕ ਬੂਟਾ ਮੁਹੰਮਦ ਨੇ ਅਸ਼ੋਕ ਭੌਰਾ ਨਾਲ ਆਪਣੀਆਂ ਤੀਹ ਸਾਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ ਅਸ਼ੋਕ ਭੌਰਾ ਦੀ ਸੰਪਾਦਨਾ ਹੇਠ ਛਪ ਰਹੇ ਮੈਗਜ਼ੀਨ 'ਇੱਕੀ' ਦੇ ਹੁਣ ਤੱਕ ਦੇ ਐਡੀਸ਼ਨ ਸਰੋਤਿਆਂ ਨੂੰ ਵੰਡੇ ਗਏ।

ਅਸ਼ੋਕ ਭੌਰਾ ਦਾ ਗੋਲਡ ਮੈਡਲ ਨਾਲ ਸਨਮਾਨ ਕਰਦਿਆਂ ਸੁਖਰਾਜ ਧਾਲੀਵਾਲ ਨੇ ਕਿਹਾ ਕਿ ਉਹ ਅਸ਼ੋਕ ਭੌਰਾ ਦੀਆਂ ਲਿਖਤਾਂ ਦੀ ਹਮੇਸ਼ਾ ਕਦਰ ਕਰਦੇ ਰਹਿਣਗੇ।

ਇਸ ਮੌਕੇ ਅਸ਼ੋਕ ਭੌਰਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਅੱਜ ਦਾ ਧਾਲੀਵਾਲ ਪਰਿਵਾਰ ਦਾ ਸਨਮਾਨ ਸਮਾਰੋਹ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਅਹਿਮ ਹਿੱਸਾ ਰਹੇਗਾ ਤੇ ਇਹ ਸੁਨਹਿਰੀ ਘੜੀਆਂ ਉਨ੍ਹਾਂ ਨੂੰ ਜ਼ਿੰਦਗੀ 'ਚ ਸਦਾ ਚੇਤੇ ਰਹਿਣਗੀਆਂ।



ਸੁਖਰਾਜ ਧਾਲੀਵਾਲ

ਸੁਖਰਾਜ ਧਾਲੀਵਾਲ ਨੇ ਆਪਣੇ ਪਿੰਡ ਦੇ ਲੋਕਾਂ, ਨਗਰ ਪੰਚਾਇਤ, ਨੌਜਵਾਨ ਸਭਾ, ਸਪੋਰਟਸ ਕਲੱਬ ਦਾ ਇਸ ਸਨਮਾਨ ਸਮਾਰੋਹ ਵਿਚ ਸਹਿਯੋਗ ਲਈ ਧੰਨਵਾਦ ਕੀਤਾ। ਤਕਰੀਬਨ ਛੇ ਵਜੇ ਸ਼ੁਰੂ ਹੋਇਆ ਇਹ ਸਨਮਾਨ ਸਮਾਰੋਹ ਦੇਰ ਰਾਤ ਤੱਕ ਚੱਲਦਾ ਰਿਹਾ।



ਰਣਜੀਤ ਕੌਰ, ਮੁਹੰਮਦ ਸਦੀਕ ਤੇ ਅਸ਼ੋਕ ਭੌਰਾ









Sponsored Page

# ਐਸ ਅਸ਼ੋਕ ਭੌਰਾ ਦਾ ਜਲੰਧਰ ਵਿਚ ਸਨਮਾਨ

**ਜਲੰਧਰ (ਬਿਊਰੋ):** ਜੀ ਬੀ ਐਂਟਰਟੇਨਮੈਂਟ ਅਤੇ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਵਲੋਂ ਇੱਥੇ ਗੋਲਡ ਜਿਮ ਦੇ ਖੁੱਲ੍ਹੇ ਹਾਲ ਵਿਚ ਪੱਤਰਕਾਰ ਅਤੇ ਲੇਖਕ ਐਸ ਅਸ਼ੋਕ ਭੌਰਾ ਨਾਲ ਇਕ ਰੂਬਰੂ ਸਮਾਗਮ ਲੰਘੇ ਐਤਵਾਰ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਪਾਰਲੀਮਾਨੀ ਸਕੱਤਰ ਪਵਨ ਕੁਮਾਰ ਟੀਨੂੰ ਨੇ ਕੀਤੀ ਅਤੇ ਕਪੂਰਥਲਾ ਜੇਲ੍ਹ ਦੇ ਸੁਪਰਡੈਂਟ ਕੁਲਵਿੰਦਰ ਸਿੰਘ ਥਿਆੜਾ ਵਿਸ਼ੇਸ਼ ਮਹਿਮਾਨ ਸਨ।

ਮੰਚ ਸੰਚਾਲਨ ਕਰਦਿਆਂ ਨੱਥਾ ਸਿੰਘ ਗਾਖਲ ਨੇ ਕਿਹਾ ਕਿ ਅਸ਼ੋਕ ਭੌਰਾ ਦੀ ਪੰਜਾਬ ਦੇ ਸੱਭਿਆਚਾਰਕ ਅਤੇ ਸਾਹਿਤਕ ਖੇਤਰ ਵਿਚ ਦੇਣ ਇਕ ਖਾਸ ਥਾਂ ਹੈ ਅਤੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਚਾਅ ਨਾਲ ਪੜ੍ਹਦੇ ਹਨ। ਕੁਲਵਿੰਦਰ ਸਿੰਘ ਥਿਆੜਾ ਨੇ ਕਿਹਾ ਕਿ ਅਸ਼ੋਕ ਭੌਰਾ ਦੀਆਂ ਲਿਖਤਾਂ ਉਹ ਲੰਬੇ ਅਰਸੇ ਤੋਂ ਪੜ੍ਹ ਰਹੇ ਹਨ ਅਤੇ ਉਹ ਇਨ੍ਹਾਂ ਦੇ ਦਿਲੋਂ ਕਾਇਲ ਹਨ।

ਪੰਜਾਬ ਦੇ ਪਾਰਲੀਮਾਨੀ ਸਕੱਤਰ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਉਹ ਅਸ਼ੋਕ ਭੌਰਾ ਦੀਆਂ ਲਿਖਤਾਂ ਦੋ ਦਹਾਕਿਆਂ ਤੋਂ ਪੜ੍ਹਦੇ ਆ ਰਹੇ ਹਨ ਅਤੇ ਪੰਜਾਬ ਸਰਕਾਰ ਉਨ੍ਹਾਂ ਨੂੰ ਵੱਡਾ ਮਾਣ ਸਨਮਾਨ ਦੇਣ ਬਾਰੇ ਵਿਚਾਰ ਕਰ ਰਹੀ ਹੈ। ਅਮਰੀਕਾ ਤੋਂ ਭੇਜੇ ਆਪਣੇ ਸੰਦੇਸ਼ ਵਿਚ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਸ਼ੋਕ ਸਾਡਾ ਛੋਟਾ ਭਰਾ ਹੈ ਅਤੇ ਉਹ ਆਪਣੇ ਲਿਖਣ ਖੇਤਰ ਵਿਚ ਹੋਰ ਵੀ ਤਰੱਕੀਆਂ ਕਰੇ। ਇਸ ਮੌਕੇ ਅਸ਼ੋਕ ਭੌਰਾ ਦਾ ਜੀ ਬੀ ਐਂਟਰਟੇਨਮੈਂਟ ਵਲੋਂ ਦੁਸ਼ਾਲਾ, ਯਾਦ ਚਿੰਨ੍ਹ ਅਤੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੇ ਮਾਹੌਲ ਨੂੰ ਸੰਗੀਤਕ ਬਣਾਇਆ।

ਸਨਮਾਨ ਪ੍ਰਾਪਤ ਕਰਨ ਉਪਰੰਤ ਅਸ਼ੋਕ ਭੌਰਾ ਨੇ ਕਿਹਾ ਕਿ ਗਾਖਲ ਪਰਿਵਾਰ ਨਾਲ ਜੁੜਨ ਨਾਲ ਉਨ੍ਹਾਂ ਦੀ ਜ਼ਿੰਦਗੀ 'ਚ ਕੰਮ ਕਰਨ ਦਾ ਉਤਸ਼ਾਹ ਹੋਰ ਵੱਡਾ ਹੋਇਆ ਹੈ ਅਤੇ ਉਨ੍ਹਾਂ ਦੀ ਸਾਹਿਤਕ ਅਤੇ ਸੱਭਿਆਚਾਰਕ ਲਗਨ ਨੂੰ ਹੋਰ ਉਤਸ਼ਾਹ ਮਿਲਿਆ ਹੈ।



ਅਸ਼ੋਕ ਭੌਰਾ ਦਾ ਸਨਮਾਨ ਕਰਦੇ ਹੋਏ ਪਾਰਲੀਮਾਨੀ ਸਕੱਤਰ ਪਵਨ ਕੁਮਾਰ ਟੀਨੂੰ, ਜੀ ਬੀ ਐਂਟਰਟੇਨਮੈਂਟ ਦੇ ਨੱਥਾ ਸਿੰਘ ਗਾਖਲ, ਜੇਲ੍ਹ ਸੁਪਰਡੈਂਟ ਕੁਲਵਿੰਦਰ ਸਿੰਘ ਥਿਆੜਾ ਅਤੇ ਹੋਰ

ਇਸ ਸਮਾਰੋਹ ਵਿਚ ਗਾਖਲ ਪਿੰਡ ਦੇ ਸਰਪੰਚ ਮਹਿੰਦਰ ਸਿੰਘ ਗਾਖਲ ਤੋਂ ਇਲਾਵਾ ਗੁਰਬਖਸ਼ ਸਿੰਘ ਕਿੰਟੂ, ਸਚਿਨ ਗੋਕਾ, ਜਸਵੰਤ ਸਿੰਘ ਪੱਪੂ ਗਾਖਲ, ਮਿਅੰਕ ਗੁਪਤਾ, ਗੁਰਬਖਸ਼ ਸਿੰਘ ਅਤੇ ਮੋਨੂੰ ਗਾਖਲ ਵੀ ਹਾਜ਼ਰ ਸਨ।

# ਮਾਰੀਸ਼ਸ ਦੀ ਰਾਸ਼ਟਰਪਤੀ ਹਰਿਮੰਦਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਮਾਰੀਸ਼ਸ ਦੀ ਰਾਸ਼ਟਰਪਤੀ ਡਾ. ਅਮੀਨਾ ਗੁਰੀਬ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਆਖਿਆ



ਕਿ ਉਹ ਬਹੁਤ ਸਮੇਂ ਤੋਂ ਇਥੇ ਨਤਮਸਤਕ ਹੋਣਾ ਲੋਚਦੇ ਸਨ। ਭਾਰਤੀ ਮੂਲ ਦੀ ਡਾ. ਅਮੀਨਾ ਦੇ ਪੁਰਖੇ ਯੂ.ਪੀ. ਨਾਲ ਸਬੰਧਤ ਹਨ, ਜੋ ਕੁਝ ਦਹਾਕੇ ਪਹਿਲਾਂ ਉਥੇ ਜਾ ਵੱਸੇ ਸਨ। ਡਾ. ਅਮੀਨਾ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ, ਜਿਥੇ ਉਨ੍ਹਾਂ ਨੂੰ ਫੁੱਲਾਂ ਦਾ ਹਾਰ ਅਤੇ ਪਤਾਸੇ ਭੇਟ ਕੀਤੇ ਗਏ।

ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਮੱਥਾ ਟੇਕਿਆ। ਇਸ ਦੌਰਾਨ ਮਗਰੋਂ ਸੂਚਨਾ ਘਰ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ, ਭਗਵੰਤ ਸਿੰਘ ਸਿਆਲਕਾ, ਸੂਚਨਾ ਅਧਿਕਾਰੀ ਗੁਰਬਚਨ ਸਿੰਘ ਤੇ ਜਸਵਿੰਦਰ ਸਿੰਘ ਜੱਸੀ ਆਦਿ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਸਿਰੋਪਾਉ, ਲੋਈ ਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਨੂੰ ਸਿੱਖ ਧਰਮ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੌਰਾਨ ਰਾਸ਼ਟਰਪਤੀ ਨੇ ਗੁਰੂ ਰਾਮਦਾਸ ਲੰਗਰ ਘਰ ਦੇਖਣ ਦੀ ਇੱਛਾ ਪ੍ਰਗਟਾਈ। ਲੰਗਰ ਘਰ ਵਿਚ ਉਨ੍ਹਾਂ ਲੰਗਰ ਤਿਆਰ ਕਰਨ ਦੀ ਪ੍ਰਕਿਰਿਆ ਨੂੰ ਦੇਖਿਆ ਅਤੇ ਖ਼ੁਦ ਵੀ ਲੰਗਰ ਦੀ ਸੇਵਾ ਕੀਤੀ। ਇਸ ਦੌਰਾਨ ਯਾਤਰੂ ਕਿਤਾਬ ਵਿਚ ਆਪਣੇ ਵਿਚਾਰ ਦਰਜ ਕਰਦਿਆਂ ਰਾਸ਼ਟਰਪਤੀ ਨੇ ਲਿਖਿਆ ਕਿ ਉਹ ਹਮੇਸ਼ਾ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਲੋਚਦੇ ਰਹੇ ਹਨ। ਸਿੱਖਾਂ ਦੀ ਸ਼ਰਧਾ ਤੇ ਸੇਵਾ ਭਾਵਨਾ ਨੇ ਉਨ੍ਹਾਂ ਨੂੰ ਗੁਰੂ ਘਰ ਦੇ ਦਰਸ਼ਨਾਂ ਲਈ ਪ੍ਰੇਰਿਤ ਕੀਤਾ ਹੈ ਤੇ ਇਥੇ ਆ ਕੇ ਉਨ੍ਹਾਂ ਨੂੰ ਰੂਹਾਨੀ ਖੁਸ਼ੀ ਪ੍ਰਾਪਤ ਹੋਈ ਹੈ। ਉਹ ਮੁੜ ਇਥੇ ਦਰਸ਼ਨ ਕਰਨ ਲਈ ਆਉਣਾ ਚਾਹੁੰਦੇ ਹਨ। ਇਸ ਦੌਰਾਨ ਉਨ੍ਹਾਂ ਖ਼ੁਲਾਸਾ ਕੀਤਾ ਕਿ ਉਨ੍ਹਾਂ ਦੇ ਵਡੇਰੇ ਉਤਰ ਪ੍ਰਦੇਸ਼ ਨਾਲ ਸਬੰਧਤ ਸਨ ਅਤੇ ਕੁਝ ਦਹਾਕੇ ਪਹਿਲਾਂ ਮੋਰੀਸ਼ੀਅਸ ਜਾ ਵੱਸੇ ਸਨ। ਹੁਣ ਉਹ ਉਥੋਂ ਦੇ ਨਾਗਰਿਕ ਹਨ। ਭਾਰਤੀ ਮੂਲ ਦੇ ਹੋਣ ਕਾਰਨ ਉਹ ਹਿੰਦੀ ਭਾਸ਼ਾ ਨੂੰ ਸਮਝ ਅਤੇ ਕੁਝ ਹੱਦ ਤੱਕ ਬੋਲ ਵੀ ਲੈਂਦੇ ਹਨ।

ਇਸ ਦੌਰਾਨ ਰਾਸ਼ਟਰਪਤੀ ਨੇ ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਮਗਰੋਂ ਜੰਗੀ ਨਾਇਕਾਂ ਦੀ ਯਾਦਗਾਰ, ਜੋ ਹਾਲ ਹੀ ਵਿਚ ਸ਼ੁਰੂ ਕੀਤੀ ਗਈ ਹੈ, ਦਾ ਵੀ ਦੌਰਾ ਕੀਤਾ। ਉਨ੍ਹਾਂ ਯੂਨੀਵਰਸਿਟੀ ਦੀ ਜ਼ਮੀਨ ਵਿਚ ਬਣਾਏ 'ਸਾਡਾ ਪਿੰਡ' ਵੀ ਦੇਖਿਆ ਅਤੇ ਸ਼ਾਮ ਨੂੰ ਅਟਾਰੀ ਸਰਹੱਦ 'ਤੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੁੰਦੀ ਝੰਡਾ ਉਤਾਰਨ ਦੀ ਰਸਮ ਦੇਖੀ।

## ਭਾਰਤ ਵਿਚ ਸ਼ੁਰੂ ਹੋਵੇਗੀ ਸ਼ਰੀਅਤ ਬੈਂਕਿੰਗ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਦੇਸ਼ ਵਿਚ ਸ਼ਰੀਅਤ ਅਨੁਕੂਲ ਜਾਂ ਵਿਆਜ ਮੁਕਤ ਬੈਂਕਿੰਗ ਲਈ ਰਵਾਇਤੀ ਬੈਂਕਾਂ ਵਿਚ ਹੌਲੀ ਹੌਲੀ 'ਇਸਲਾਮਿਕ ਵਿੰਡੋ' ਖੋਲ੍ਹਣ ਦੀ ਤਜਵੀਜ਼ ਪੇਸ਼ ਕੀਤੀ ਹੈ। ਕੇਂਦਰ ਤੇ ਆਰ.ਬੀ.ਆਈ. ਲੰਮੇ ਸਮੇਂ ਤੋਂ ਇਸਲਾਮਿਕ ਬੈਂਕਿੰਗ ਦੀ ਸ਼ੁਰੂਆਤ ਦੀਆਂ ਸੰਭਾਵਨਾਵਾਂ ਤਲਾਸ਼ ਰਹੀਆਂ ਹਨ ਤਾਂ ਕਿ ਧਾਰਮਿਕ ਕਾਰਨਾਂ ਕਰ ਕੇ ਬੈਂਕਿੰਗ ਸੇਵਾਵਾਂ ਤੋਂ ਦੂਰ ਸਮਾਜ ਦੇ ਇਨ੍ਹਾਂ ਵਰਗਾਂ ਨੂੰ ਵੀ ਵਿੱਤੀ ਪੱਖੋਂ ਮਜ਼ਬੂਤ ਕੀਤਾ ਜਾ ਸਕੇ।




ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ

## ਹਿੰਦ ਵਾਸੀਓ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ

**ਫਰਿਜ਼ਨੋ (ਬਿਊਰੋ):** ਸਿਆਣੇ ਕਹਿੰਦੇ ਨੇ, ਜੋ ਕੌਮਾਂ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਯਾਦ ਨਹੀਂ ਰੱਖਦੀਆਂ, ਉਹ ਹੌਲੀ ਹੌਲੀ ਅਲੋਪ ਹੋ ਜਾਂਦੀਆਂ ਹਨ। ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ, ਉਨ੍ਹਾਂ ਦਾ ਬੀਜ ਨਾਸ ਪਲਕ ਝਲਕ ਵਿਚ ਹੀ ਹੋ ਜਾਂਦਾ ਹੈ। ਉਹ ਸ਼ਹੀਦ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸੁੱਖ ਅਰਾਮ ਤਿਆਗ ਕੇ ਦੇਸ਼ ਖਾਤਰ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ, ਉਨ੍ਹਾਂ ਨੂੰ ਯਾਦ ਕਰਨਾ ਸਾਡਾ ਫਰਜ਼ ਹੈ ਕਿਉਂਕਿ ਉਨ੍ਹਾਂ ਸ਼ਹੀਦਾਂ ਦੀ ਬਦੌਲਤ ਹੀ ਅੱਜ ਅਸੀਂ ਆਪਣੇ ਆਪ ਨੂੰ ਇਕ ਆਜ਼ਾਦ ਦੇਸ਼ ਦੇ ਜੰਮਪਲ ਕਹਿ ਰਹੇ ਹਾਂ।

ਇਸੇ ਸੋਚ ਨੂੰ ਮੁੱਖ ਰੱਖਦਿਆਂ ਭਾਰਤੀ ਅਜ਼ਾਦੀ ਦੇ ਇਤਿਹਾਸ ਵਿਚ ਸਭ ਤੋਂ ਛੋਟੀ ਉਮਰ (ਸਾਢੇ 18 ਸਾਲ) ਵਿਚ ਫਾਂਸੀ ਦਾ ਰੱਸਾ ਹੱਸ ਕੇ ਚੁੰਮਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ ਵੱਡਾ ਗਿੱਲਵਾਲੀ, ਸੁਰੈਣ ਸਿੰਘ ਛੋਟਾ ਗਿੱਲਵਾਲੀ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖਸ਼ੀਸ਼ ਸਿੰਘ ਗਿੱਲਵਾਲੀ ਦਾ 101ਵਾਂ ਸ਼ਹੀਦੀ ਦਿਹਾੜਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਪ੍ਰਧਾਨ ਗੁਰਦੀਪ ਗਿੱਲ ਘੋਲੀਆ ਦੀ ਪ੍ਰਧਾਨਗੀ ਹੇਠ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਸਮਾਗਮ ਦੀ ਸ਼ੁਰੂਆਤ ਰਾਜ ਬਰਾੜ ਅਤੇ ਗੁਰਦੇਵ ਸਿੰਘ ਸਾਹੋਕੇ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਲੇ ਗੀਤਾਂ ਨਾਲ ਕੀਤੀ। ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਸਮਾਗਮ ਵਿਚ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਸਮੇਂ ਕਹਾਣੀਕਾਰ ਕਰਮ ਸਿੰਘ ਮਾਨ, ਕਰਨਲ ਹਰਦੇਵ ਸਿੰਘ ਗਿੱਲ, ਮਹਿੰਦਰ ਸਿੰਘ ਗਰੇਵਾਲ, ਹਰਨੇਕ ਸਿੰਘ, ਗੁਰਦੀਪ ਸਿੰਘ ਗੱਗੜਾ, ਦਲਵੀਰ ਸਿੰਘ ਸਰਾਏ, ਹਰਜੀਤ ਸਿੰਘ ਸ਼ੇਰਗਿੱਲ, ਮਾਸਟਰ ਲਛਮਣ ਸਿੰਘ ਰਾਠੌਰ, ਦਲਜੀਤ ਸਿੰਘ ਰਿਆੜ, ਜਸਵੰਤ ਸਿੰਘ, ਗੁਰਪ੍ਰੀਤ ਸਿੰਘ, ਐਸਵਨ ਕੌਰ ਰਾਠੌਰ, ਸਿੰਮਵੀਰ ਸਿੰਘ ਹੇਅਰ, ਮਨੂਵੀਰ ਕੌਰ ਧਾਲੀਵਾਲ, ਇਕਬਾਲ ਸਿੰਘ ਸਿੱਧੂ, ਜਸਨਪ੍ਰੀਤ ਸਿੰਘ, ਸੁਖਵੀਰ ਸਿੰਘ ਆਦਿ ਨੇ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾ ਦਾ ਇਜ਼ਹਾਰ ਬਹੁਤ ਹੀ ਜਜ਼ਬਾਤੀ ਸ਼ਬਦਾਂ ਵਿਚ ਕੀਤਾ। ਬਹੁਤ ਸਾਰੇ ਬੱਚਿਆਂ ਨੇ ਵੀ ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤੀ ਦੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ।

ਆਂਚਲ ਸਿੰਘ ਹੇਅਰ ਨੇ ਪਿੰਡ ਸਰਾਭਾ ਦੀ ਧਰਤੀ ਨੂੰ ਸਲਾਮ ਕਰਦਿਆਂ ਇਸ ਮਿੱਟੀ ਦੇ ਜੰਮਪਲ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਇਸ ਪਿੰਡ ਦੇ ਹੋਰ ਸ਼ਹੀਦਾਂ ਬਾਰੇ ਜਾਣਕਾਰੀ ਦਿੱਤੀ। ਜੀ ਐਚ ਜੀ ਦੇ ਬੱਚਿਆਂ ਦੀ ਟੀਮ ਨੇ ਖ਼ੂਬਸੂਰਤ ਅੰਦਾਜ਼ ਵਿਚ ਭੰਗੜਾ ਪੇਸ਼ ਕਰ ਕੇ ਵਾਹ ਵਾਹ ਖੱਟੀ। ਰੂਹ ਪੰਜਾਬ ਦੀ ਟੀਮ ਵਲੋਂ ਕਿਰਨ ਮੈਹਿਮੀ, ਦਿਲਜੋਤ ਕੌਰ ਅਤੇ ਹਰਜੋਤ ਕੌਰ ਨੇ ਕਮਾਲ ਦੀ ਕੋਰੀਓਗ੍ਰਾਫੀ ਕੀਤੀ। ਫੋਰਮ ਨੇ ਸਮਾਗਮ ਵਿਚ ਭਾਗ ਲੈਣ ਵਾਲੇ ਬੱਚਿਆਂ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਗਦਰੀ ਬਾਬਿਆਂ ਦੇ ਮੁੱਖ ਦਫਤਰ ਯੁਗਾਂਤਰ ਆਸ਼ਰਮ ਸੈਨ ਫਰਾਂਸਿਸਕੋ ਜਿਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ 'ਗਦਰ ਦੀ ਗੂੰਜ' ਅਖਬਾਰ ਕੱਢੀ ਸੀ, ਵਿਖੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਸਮੇਤ ਕੈਲੀਫੋਰਨੀਆ ਦੀਆਂ ਹੋਰ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾਵਾਂ ਨੇ ਸਾਂਝੇ ਤੌਰ 'ਤੇ ਸ਼ਹੀਦੀ ਦਿਹਾੜਾ ਮਨਾਇਆ ਸੀ।

ਅੰਤ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਰਨਜੀਤ ਧਾਲੀਵਾਲ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ:

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,  
ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।  
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,  
ਸਾਨੂੰ ਦੇਖ ਕੇ ਨਾ ਘਬਰਾ ਜਾਣਾ।  
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ  
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।  
ਹਿੰਦ ਵਾਸੀਓ ਚਮਕਣਾ ਚੰਦ ਵਾਂਗੂੰ  
ਕਿਤੇ ਬੱਦਲਾਂ ਹੇਠ ਨਾ ਆ ਜਾਣਾ।  
ਕਰਕੇ ਦੇਸ਼ ਦੇ ਨਾਲ ਧ੍ਰੋਹ ਤੁਸਾਂ  
ਦਾਗ ਕੌਮ ਦੇ ਮੱਥੇ ਨਾ ਲਾ ਜਾਣਾ।  
ਮੂਲ ਸਿੰਘ ਕ੍ਰਿਪਾਲ ਨਵਾਬ ਵਾਂਗੂੰ  
ਅਮਰ ਸਿੰਘ ਨਾ ਕਿਸੇ ਕਹਾ ਜਾਣਾ।  
ਜੇਲ੍ਹਾਂ ਹੋਣ ਕਾਲਜ ਵਤਨ ਸੇਵਕਾਂ ਦੇ  
ਦਾਖਲ ਹੋਏ ਕੇ ਡਿਗਰੀਆਂ ਪਾ ਜਾਣਾ।  
ਹੁੰਦੇ ਫੇਲ੍ਹ ਬਹੁਤੇ ਤੇ ਪਾਸ ਥੋੜੇ,  
ਵਤਨ ਵਾਸੀਓ ਦਿਲ ਨਾ ਢਾਹ ਜਾਣਾ।  
ਪਿਆਰੇ ਵੀਰਨੋ ਚੱਲੇ ਹਾਂ ਅਸੀਂ ਜਿਥੇ  
ਇਸੇ ਰਸਤੇ ਤੁਸੀਂ ਵੀ ਆ ਜਾਣਾ।  
ਹਿੰਦ ਵਾਸੀਓ ਰੱਖਣਾ ਯਾਦ ਸਾਨੂੰ  
ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।












ਤਸਵੀਰਾਂ: ਕੁਲਵੀਰ ਹੇਅਰ

## ਦਿਲ ਬਦਲਣ ਵਾਲੇ ਪਹਿਲੇ ਡਾਕਟਰ ਦਾ ਦੇਹਾਂਤ

**ਹਿਊਸਟਨ:** ਉਘੇ ਹਾਰਟ ਸਰਜਨ ਡਾਕਟਰ ਡੈਂਟਨ ਕੂਲੀ, ਜਿਨ੍ਹਾਂ ਨੇ ਵਿਸ਼ਵ ਵਿਚ ਪਹਿਲੀ ਵਾਰ ਮਸਨੂਈ ਦਿਲ ਟਰਾਂਸਪਲਾਂਟ ਕੀਤਾ ਸੀ, ਦਾ ਦੇਹਾਂਤ ਹੋ ਗਿਆ ਹੈ। ਉਹ 96 ਸਾਲਾਂ ਦੇ ਸਨ। ਟੈਕਸਸ ਹਾਰਟ ਇੰਸਟੀਚਿਊਟ ਦੇ ਬਾਨੀ



ਸ੍ਰੀ ਕੂਲੀ ਨੇ ਕਈ ਅਜਿਹੀਆਂ ਤਕਨੀਕਾਂ ਦੀ ਸ਼ੁਰੂਆਤ ਕੀਤੀ, ਜਿਨ੍ਹਾਂ ਦੀ ਦਿਲ ਦੀਆਂ ਧਮਨੀਆਂ ਦੇ ਓਪਰੇਸ਼ਨ ਵਿਚ ਹਾਲੇ ਤੱਕ ਵਰਤੋਂ ਕੀਤੀ ਜਾਂਦੀ ਹੈ। ਡਾਕਟਰ ਕੂਲੀ ਅਤੇ ਉਨ੍ਹਾਂ ਦੀਆਂ ਟੀਮਾਂ ਵੱਲੋਂ 1,18,000 ਤੋਂ ਵੱਧ ਦਿਲ ਦੇ ਅਪਰੇਸ਼ਨ ਕੀਤੇ ਗਏ ਹਨ।

# ਆਮ ਆਦਮੀ ਪਾਰਟੀ ਦਾ ਉਭਾਰ ਬਨਾਮ ਹਾਕਮ ਜਮਾਤਾਂ

ਲਖਵਿੰਦਰ ਸਿੰਘ ਮੌੜ
ਫੋਨ: 91-94177-52063

ਕੱਲ੍ਹ ਜੰਮੀ ਅਤੇ ਅੱਜ ਪੋਤੜਿਆਂ ਵਿਚੋਂ ਨਿਕਲ ਕੇ ਧਰਤੀ 'ਤੇ ਤੁਰਦੀ ਆਮ ਆਦਮੀ ਪਾਰਟੀ (ਆਪ) ਭਾਰਤੀ ਸਿਆਸੀ ਮੰਚ ਉਤੇ ਸਹਿਜੇ ਹੀ ਵਾਪਰਿਆ ਵਰਤਾਰਾ ਨਹੀਂ। ਭਾਰਤੀ ਨਿਜ਼ਾਮ ਦੇ ਭ੍ਰਿਸ਼ਟਾਚਾਰ, ਬੇਰੁਜਗਾਰੀ, ਮਹਿੰਗਾਈ, ਜਮਾਂਖੋਰੀ, ਬੇਇਨਸਾਫੀ ਅਤੇ ਹੋਰ ਲਾਹਨਤਾਂ ਵਿਚ ਡੁੱਬ ਜਾਣ ਕਾਰਨ ਕਿਸੇ ਲੋਕ ਹਿਤੈਸ਼ੀ ਸਿਆਸੀ ਦਲ ਅਤੇ ਸਮਰਪਣ ਭਾਵਨਾ ਰੱਖਣ ਵਾਲੇ ਨੇਤਾ ਦੀ ਸਖਤ ਲੋੜ ਸੀ। ਆਮ ਆਦਮੀ ਪਾਰਟੀ ਇਸ ਲੋੜ ਕਾਰਨ ਲੋਕਾਂ ਦੀ ਸੰਘੀ ਘੁੱਟ ਜਮਾਤਾਂ ਵਿਰੁਧ ਵਿੱਢੇ ਸੰਗਰਾਮਾਂ ਦੇ ਗਰਭ ਵਿਚੋਂ ਜਨਮੀ ਹੈ। ਪਾਕ ਦਾਮਨ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਕਰੀਬ ਸਾਰੇ ਭਾਰਤੀ ਸਿਆਸਤਦਾਨਾਂ ਦੀ ਅੱਖ ਦਾ ਵਾਲ ਬਣ ਗਿਆ ਹੈ। ਦੂਜੇ ਪਾਸੇ ਨਿਆਂਪ੍ਰਸਤ, ਸੰਜੀਦਾ ਤੇ ਦੇਸ਼ ਦੇ ਭਵਿੱਖ ਲਈ ਚਿੰਤਾਤੁਰ ਵਰਗ ਦੇ ਮਨਾਂ ਦਾ ਉਹ ਨਾਇਕ ਬਣ ਕੇ ਉਭਰਿਆ ਹੈ।

ਭਾਰਤੀ ਸਿਆਸਤਦਾਨ ਆਮ ਤੌਰ 'ਤੇ ਦੂਸ਼ਣਬਾਜੀ ਅਤੇ ਘਟੀਆ ਤੇ ਹੇਠਲੇ ਪੱਧਰ ਦੀ ਸਿਆਸਤ ਕਰਕੇ ਹੀ ਹਕੂਮਤ ਪ੍ਰਾਪਤ ਕਰਨ ਦੇ ਯਤਨਾਂ ਵਿਚ ਰਹਿੰਦੇ ਹਨ ਅਤੇ ਭਾਂਤ ਭਾਂਤ ਦੇ ਇਲਜ਼ਾਮ ਲਾ ਕੇ ਕੇਜਰੀਵਾਲ ਦੀ ਸ਼ਖਸੀਅਤ ਨੂੰ ਦਾਗਦਾਰ ਕਰਨ ਦੀ ਅਸਫਲ ਕੋਸ਼ਿਸ਼ ਕਰ ਰਹੇ ਹਨ। ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨੂੰ ਕੰਡਿਆਂ ਤੋਂ ਘੜੀਸਣ ਦੀ ਉਨ੍ਹਾਂ ਕੋਈ ਕਸਰ ਬਾਕੀ ਨਹੀਂ ਛੱਡੀ, ਪਰ ਚੰਦ 'ਤੇ ਥੁੱਕਿਆਂ ਚੰਦ ਦਾ ਕੁਝ ਵਿਗੜਦਾ ਨਹੀਂ ਦਿਸਿਆ। ਅੱਜ ਦੀ ਘੜੀ 'ਆਪ' ਸਿਆਸੀ ਅੰਬਰ ਉਤੇ ਚੌਦਵੀਂ ਦੇ ਚੰਦ ਵਾਂਗ ਚਮਕ ਰਹੀ ਹੈ, ਜਦਕਿ ਆਜ਼ਾਦੀ ਤੋਂ ਬਾਅਦ ਸਾਡੇ ਸਿਆਸਤਦਾਨਾਂ ਨੇ ਜਿਹੜੇ ਚੰਦ ਚੜ੍ਹਾਏ ਹਨ, ਉਹ ਕਿਸੇ ਤੋਂ ਗੁੱਝੇ ਨਹੀਂ।

ਭ੍ਰਿਸ਼ਟਾਚਾਰ ਭਾਰਤੀ ਸਭਿਆਚਾਰ ਦਾ ਅੰਗ ਬਣ ਗਿਆ ਹੈ, ਬਹੁਤੇ ਸਿਆਸਤਦਾਨ ਭ੍ਰਿਸ਼ਟਾਚਾਰ ਅਤੇ ਦੰਗੇ-ਫਸਾਦ ਭੜਕਾਉਣ ਦੇ ਨਾਲ ਨਾਲ ਚਰਿੱਤਰਹੀਣਤਾ ਵਰਗੇ ਇਲਜ਼ਾਮਾਂ ਵਿਚ ਘਿਰੇ ਹੋਏ ਹਨ। ਪ੍ਰਧਾਨ ਮੰਤਰੀ ਤੋਂ ਲੈ ਕੇ ਰਾਜਾਂ ਦੇ ਮੁੱਖ ਮੰਤਰੀਆਂ ਤੱਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਹੋਏ ਹਨ। ਚਾਰਾ ਘੁਟਾਲਾ, ਬੋਫੋਰਜ਼ ਤੋਪ ਕਾਂਡ, ਯੂਰੀਆ ਘੁਟਾਲਾ, ਕਾਮਨਵੈਲਥ ਖੇਡਾਂ, ਕਾਰਗਿਲ ਵਿਚ ਸ਼ਹੀਦ ਹੋਣ ਵਾਲੇ ਫੌਜੀਆਂ ਦੇ ਤਾਬੂਤਾਂ ਦਾ ਘਪਲਾ, ਸ਼ਹੀਦ ਫੌਜੀਆਂ ਲਈ ਬਣੀ ਆਦਰਸ਼ ਸੁਸਾਇਟੀ ਆਦਿ ਘਪਲਿਆਂ ਦੀ ਸੂਚੀ ਐਨੀ ਕੁ ਲੰਬੀ ਹੈ ਕਿ ਗਿਣਨ ਲਈ ਲੰਮੇ ਸਮੇਂ ਦੀ ਲੋੜ ਹੈ। ਇਨ੍ਹਾਂ ਘਪਲਿਆਂ ਵਿਚ ਲੋਕ ਨੁਮਾਇੰਦਿਆਂ ਦੀ ਸਿੱਧੀ ਸ਼ਮੂਲੀਅਤ ਰਹੀ ਹੈ। ਸਾਧ ਸਮਝ ਕੇ ਗੱਦੀ ਬਿਠਾਇਆ ਵਿਅਕਤੀ ਚੋਰ ਨਿਕਲ ਆਵੇ ਤਾਂ ਲੋਕਾਂ ਦੀ ਵੀ ਮਜਬੂਰੀ ਬਣ ਜਾਂਦੀ ਹੈ ਕਿ ਮੌਕਾ ਮਿਲਣ 'ਤੇ ਉਸ ਨੂੰ ਗੱਦੀਓਂ ਲਾਹਿਆ ਜਾਵੇ। ਅੱਜ ਆਮ ਆਦਮੀ ਪਾਰਟੀ ਇਨ੍ਹਾਂ ਹੀ ਮਜਬੂਰ ਲੋਕਾਂ ਦਾ ਲਾਮਬੰਦ ਸਮੂਹ ਹੈ।



ਅਰਵਿੰਦ ਕੇਜਰੀਵਾਲ

ਭਾਰਤੀ ਲੋਕਤੰਤਰ ਦੀ ਸਥਿਤੀ ਭ੍ਰਿਸ਼ਟ ਸਿਆਸਤਦਾਨਾਂ ਦੇ ਪੈਰਾਂ 'ਚ ਲਾਚਾਰ ਅਤੇ ਤਰਲੇ ਕਰਦੇ ਵਿਅਕਤੀ ਵਰਗੀ ਹੋ ਗਈ ਜਾਂ ਕਰ ਦਿਤੀ ਗਈ। ਵੈਸੇ ਦੇਸ਼ ਵਾਸੀਆਂ ਨੂੰ ਚੋਣਾਂ ਰਾਹੀਂ ਆਪਣਾ ਨੁਮਾਇੰਦਾ ਚੁਣਨ ਦਾ ਹੱਕ ਹਾਸਲ ਹੈ, ਪਰ ਇਹ ਹੱਕ ਤਾਕਤ ਅਨਪੜ੍ਹਤਾ, ਗਰੀਬੀ, ਬੇਰੁਜਗਾਰੀ, ਅਗਿਆਨ, ਭੁੱਖਮਰੀ, ਧਮਕੀਆਂ ਅਤੇ ਡਰਪੋਕ ਮਾਨਸਿਕਤਾ ਕਾਰਨ ਸਾਹਸਤਹੀਣ ਹੋ ਗਿਆ ਹੈ। ਗੁੰਡਿਆਂ ਦੀ ਤਾਕਤ ਨਾਲ ਅਜਿਹਾ ਵਿਅਕਤੀ ਹੁਕਮਰਾਨ ਬਣ ਬੈਠਦਾ ਹੈ ਜਿਸ ਦਾ ਮਕਸਦ ਹੀ ਲੁੱਟਣਾ ਹੁੰਦਾ ਹੈ ਜਿਵੇਂ ਮਧੂ ਕੋਡਾ ਮੁੱਖ ਮੰਤਰੀ ਬਣਦਿਆਂ ਹੀ ਖਾਨ ਮਜਦੂਰ ਤੋਂ ਖਰਬਾਂ ਪਤੀ ਬਣ ਗਿਆ ਅਤੇ ਫੜਿਆ ਗਿਆ। ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਭਾਰਤੀ ਲੋਕਤੰਤਰ ਹਾਕਮ ਜਮਾਤ ਨੇ ਹੀ ਲੂਲ੍ਹਾ ਲੰਗੜਾ ਬਣਾਇਆ ਹੈ। ਭਾਰਤ ਵਿਚ ਅਣਦਿਸਦੀ ਤਾਨਾਸ਼ਾਹੀ ਅਤੇ ਰਜਵਾੜਾਸ਼ਾਹੀ ਦੇ ਮਨਹੂਸ ਚਿਹਰੇ ਨੂੰ ਲੁਕਾਉਣ ਲਈ ਲੋਕਤੰਤਰ ਦਾ ਢਕਵੰਜ ਰਚਾਉਣਾ ਹਾਕਮ ਧਿਰ ਦੀ ਸ਼ੈਤਾਨੀ ਚਾਲ ਹੈ।

ਜਦ ਦੇਸ਼ ਦੀ ਸਥਿਤੀ ਇਹ ਹੋ ਜਾਵੇ ਕਿ ਰਕਸ਼ਕ, ਭਕਸ਼ਕ ਬਣ ਜਾਣ, ਰਾਖੇ ਲੁਟੇਰੇ ਬਣ ਜਾਣ, ਅਜਮਤਾਂ ਮਹਿਫੂਜ਼ ਨਾ ਰਹਿਣ, ਅਨਿਆਂ ਭਾਰੂ ਹੋ ਜਾਵੇ ਅਤੇ ਫਰਿਆਦਾਂ ਸੁਣਨ ਵਾਲੇ ਕੰਨ ਬੋਲੇ ਹੋ ਜਾਣ ਤਾਂ ਸਮਾਜ ਵਿਚੋਂ ਹੀ ਕੋਈ 'ਮਰਦ ਕਾ ਚੇਲਾ' ਉਠ ਖੜਦਾ ਹੈ ਜੋ ਡੁਬਦੇ ਲੋਕਾਂ ਲਈ ਤਿਨਕਾ ਬਣ ਕੇ ਬਹੁੜਦਾ ਹੈ।

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

# ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ

2468 Tierra Buena Rd., Yuba City, CA 95992

## 9 ਸਤੰਬਰ ਤੋਂ 15 ਨਵੰਬਰ 2016 ਤੱਕ ਦਾ ਲੇਖਾ-ਜੋਖਾ

## September 9 through November 15, 2016

### Profit & Loss

**Income**
**ਆਮਦਨ**
4010 - Contributions $841,221.49
ਸੰਗਤ ਵਲੋਂ ਭੇਟਾ $841,221.49
4030 - Shop Income $91,715.00
ਦੁਕਾਨਾਂ ਤੋਂ ਆਮਦਨ $91,715.00
4095 - Interest Income $3.73
ਵਿਆਜ ਤੋਂ ਆਮਦਨ $3.73
4096 - Other Income $164.00
ਹੋਰ ਆਮਦਨ $164.00
Total Income $933,104.22
ਕੁਲ ਆਮਦਨ: $933,104.22

**Expense**
**ਖਰਚੇ**
6010 - Bank Charges $141.18
ਬੈਂਕ ਦਾ ਖਰਚਾ $141.18
6023 - Cleaning $10,606.00
ਸਾਫ ਸਫਾਈ $10,606.00
6030 - Gardening and Landscaping $1,265.00
ਬਾਗ-ਬਗੀਚਾ ਅਤੇ ਲੈਂਡਸਕੇਪਿੰਗ $1,265.00
6040 - Groceries $4,352.41
ਗਰੌਸਰੀ $4,352.41
6050 - Insurance $3,116.01
ਇੰਸ਼ੋਰੈਂਸ $3,116.01
6060 – Janitorial $5,232.18
ਜੈਨੀਟੋਰੀਅਲ $5,232.18
6065 - Licenses and Permits $176.00
ਲਾਇੰਸੈਂਸ ਅਤੇ ਪਰਮਿਟ $176.00
6070 - Maintenance and Repairs $15,233.42
ਸਾਂਭ-ਸੰਭਾਲ ਅਤੇ ਮੁਰੰਮਤ $15,233.42
6090 - Office Supplie $153.57
ਦਫਤਰ ਦੀ ਸਪਲਾਈ $153.57

**6100 - Parade Expenses**
**ਨਗਰ ਕੀਰਤਨ ਦਾ ਖਰਚਾ**
6104 - Buses- $13,500.00
ਬੱਸਾਂ $13,500.00
6105 - Camera - Security $7,314.81
ਕੈਮਰਾ-ਸਕਿਉਰਿਟੀ $7,314.81
6106 - CHP $29,233.40
ਸੀ ਐਚ ਪੀ $29,233.40
6110 - Food Expense Purchase $24,499.23
ਲੰਗਰ ਦਾ ਖਰਚਾ ਤੇ ਖਰੀਦਦਾਰੀ $24,499.23
6120 - Insurance $9,644.00
ਇੰਸ਼ੋਰੈਂਸ $9,644.00
6130 - Equipment Required for Per… $1,50,000.00
ਨਗਰ ਕੀਰਤਨ ਲਈ ਲੋੜੀਂਦਾ ਸਮਾਨ $1,50,000.00
6150 - Rental Equipment $172.98
ਕਿਰਾਏ 'ਤੇ ਲਿਆਂਦਾ ਸਮਾਨ $172.98
6160 - Security $50,000.00
ਸਿਕਿਉਰਿਟੀ $50,000.00
6162 - Sound System - Float $1,500.00
ਸਾਊਂਡ ਸਿਸਟਮ-ਫਲੋਟ $1,500.00
6163 - Sound System - Main Hall $2,500.00
ਸਾਊਂਡ ਸਿਸਟਮ-ਮੇਨ ਹਾਲ $2,500.00
6170 - Supplies $4,980.53
ਸਪਲਾਈ $4,980.53
6180 - Tents $6,220.00
ਤੰਬੂ-ਕਨਾਤਾਂ $6,220.00
**Total 6100 - Parade Expenses $299,564.95**
**ਕੁਲ ਨਗਰ ਕੀਰਤਨ ਦਾ ਖਰਚਾ $299,564.95**

6190 - Pest Control $240.00
ਪੈਸਟ ਕੰਟਰੋਲ $240.00
6240 - Preachers and Akhand Path S... $169,418.32
ਰਾਗੀ, ਢਾਡੀ ਤੇ ਪ੍ਰਚਾਰਕ ਅਤੇ ਅਖੰਡ ਪਾਠ $169,418.32
6330 - Telephone $213.58
ਟੈਲੀਫੋਨ $213.58
6340 - Trash Removal $335.32
ਕੂੜਾ ਸੁੱਟਣ ਦਾ ਖਰਚਾ $335.32
6360 - Utilities $16,957.65
ਬਿਜਲੀ-ਪਾਣੀ ਦਾ ਖਰਚਾ $16,957.65

**Total Expense $527,005.59**
**ਕੁੱਲ ਖਰਚਾ: $527,005.59**
**Net Income $406,098.63**
**ਅਸਲ ਆਮਦਨ: $406,098.63**

### Balance Sheets

**Assets**
**ਅਸਾਸੇ**
Current Assets
ਚਲੰਤ ਅਸਾਸੇ
Checking/Saving
ਚੈਕਿੰਗ/ਸੇਵਿੰਗ
1010 - Golden Pacific Bank-4113373 $97,297.54
1020 - Golden Pacific Bank-4339169 $249,983.73

Total Checking/Savings $347,281.27
ਚੈਕਿੰਗ/ਸੇਵਿੰਗ ਖਾਤੇ ਵਿਚ ਰਕਮ $347,281.27
Other Current Assets $139,050.31
ਹੋਰ ਚਲੰਤ ਅਸਾਸੇ $139,050.31

1300 - Inventory Asset $1537.69
ਇਨਵੈਂਟਰੀ ਅਸਾਸੇ $1537.69
1310 - Aluminum Foil $ 2,119.74
ਐਲੂਮੀਨੀਅਮ ਫੋਇਲ $ 2,119.74
1315 - Bathroom Tissue $303.04
ਬਾਥਰੂਮ ਟਿਸ਼ੂ $303.04
1320 - Clorox $88.14
ਕਲੋਰੈਕਸ $88.14
1325 - Comet $7200.00
ਕੌਮੈਟ $7200.00
1330 - Cups $1217.68
ਕੱਪ $1217.68
1340 - Pine Sole $122.98
ਪਾਈਨ ਸੋਲ $122.98
1345 - Drum Liners - 55 Gallon $2289.84
ਡਰੰਮ ਲਾਈਨਰ-55 ਗੈਲਨ $2289.84
1350 - Fabulose $1,607.52
ਫੈਬੂਲੋਜ਼ $1,607.52
1357 - Groceries $15,408.28
ਗਰੌਸਰੀ $15,408.28
1365 - Ketchup $184.32
ਕੈਚਅਪ $184.32
1370 - Dinner Plates - 6 Compart. $90,450.00
ਡਿਨਰ ਪਲੇਟਾਂ-6 ਖਾਨੇ $90,450.00
1375 - Napkins $3,525.02
ਨੈਪਕਿਨ $3,525.02
1380 - Oil - Cooking $949.00
ਕੁਕਿੰਗ ਆਇਲ $949.00
1385 - Plates - 3 Compartment $3162.24
ਪਲੇਟਾਂ-3 ਖਾਨੇ $3162.24
1387 - Scotch Brite $44.04
ਸਕੌਚ ਬ੍ਰਾਈਟ $44.04
1390 - Spoons $2,991.00
ਚਮਚੇ $2,991.00
1392 - Rubber Maid Bucket $119.94
ਰਬੜ ਦੀਆਂ ਬਾਲਟੀਆਂ $119.94
1395 - Tide $1,049.30
ਟਾਈਡ ਸਾਬਣ $1,049.30
1400 - Towels - Roll Marathon $3839.74
ਟਾਵਲ-ਰੋਲ ਮੈਰਾਥਨ $3839.74
**Total 1300 - Inventory Asset $138,298.31**
**ਕੁੱਲ 1300 ਇਨਵੈਂਟਰੀ ਅਸਾਸੇ $138,298.31**

1990 - Undeposited Funds $752.00
ਹਥਲਾ ਕੈਸ਼ $752.00

**Total Other Current Assets $139,050.31**
**ਕੁੱਲ ਹੋਰ ਅਸਾਸੇ $139,050.31**

**Total Current Assets $486,331.58**
**ਚਲੰਤ ਕੁੱਲ ਅਸਾਸੇ $486,331.58**

**Total Assets $486,331.58**
**ਕੁੱਲ ਅਸਾਸੇ $486,331.58**

**Liabilities & Equity**
ਦੇਣਦਾਰੀਆਂ ਅਤੇ ਪੂੰਜੀ

**Equity**
**ਪੂੰਜੀ**

3000 - Opening Bal Equity $179,500.11
ਆਰੰਭਕ ਬਕਾਇਆ ਪੂੰਜੀ $179,500.11
Net Income $306,831.47
ਸ਼ੁਧ ਆਮਦਨ $306,831.47

**Total Equity $486,331.58**
**ਕੁੱਲ ਪੂੰਜੀ $486,331.58**

**Total Liabilities & Equity $486,331.58**
**ਕੁੱਲ ਦੇਣਦਾਰੀਆਂ ਅਤੇ ਪੂੰਜੀ $486,331.58**

ਜਾਰੀ ਕਰਤਾ: ਪਰਮਿੰਦਰ ਸਿੰਘ ਗਰੇਵਾਲ (ਖਜ਼ਾਨਚੀ) 530-682-5860

# ਮੰਨਾ ਡੇਅ ਦੀ ਮਧੁਰਤਾ



## ਕਲਾ ਪਰਿਕਰਮਾ

ਮੰਨਾ ਡੇਅ ਦਾ ਨਾਂ ਅਜਿਹੇ ਗਾਇਕਾਂ ਵਿਚ ਸ਼ਾਮਲ ਹੈ ਜਿਨ੍ਹਾਂ ਦੀਆਂ ਬਹੁਤੀਆਂ ਰਚਨਾਵਾਂ ਸਦਾਬਹਾਰ ਹਨ। ਇਨ੍ਹਾਂ ਰਚਨਾਵਾਂ ਵਾਲੇ ਸੰਗੀਤਕਾਰ ਦਾ ਨਾਂ ਭਾਵੇਂ ਸੰਗੀਤ ਪ੍ਰੇਮੀ ਭੁਲਾ ਦੇਣ, ਪਰ ਇਨ੍ਹਾਂ ਦੇ ਗਾਇਕ ਮੰਨਾ ਡੇਅ ਦੀ ਰਸ ਭਰੀ ਆਵਾਜ਼ ਕਦੇ ਨਹੀਂ ਭੁਲਾਈ ਜਾ ਸਕੇਗੀ। ਇਕ ਦਿਨ ਇਸ ਦਾ ਸਿੱਧਾ ਅਨੁਭਵ ਵੀ ਹੋਇਆ। ਮੈਂ ਅੰਮ੍ਰਿਤਸਰ ਦੇ ਫੋਰਟਿਸ/ਐਸਕਾਰਟ ਹਸਪਤਾਲ ਵਿਚ ਸਾਂ ਕਿ ਮੇਰੇ ਕਿਸੇ ਫੈਨ ਨੇ ਕਿਹਾ, 'ਸੰਗੀਤਕਾਰ ਐਸ. ਮੁਹਿੰਦਰ ਵੀ ਆਪਣੇ ਇਲਾਜ ਦੇ ਸਿਲਸਿਲੇ ਵਿਚ ਇਥੇ ਆਏ ਹੋਏ ਹਨ, ਚਲੋ ਤੁਹਾਨੂੰ ਮਿਲਾਵਾਂ।' ਐਸ. ਮੁਹਿੰਦਰ ਦਾ ਨਾਂ ਸੁਣਦਿਆਂ ਹੀ ਮੈਨੂੰ ਮੰਨਾ ਡੇਅ ਦੀ ਫਿਲਮ 'ਨਾਨਕ ਨਾਮ ਜਹਾਜ਼ ਹੈ' ਦੀ ਰਚਨਾ 'ਮੈ ਅੰਧਲੇ ਕੀ ਟੇਕ' ਕੰਨਾਂ ਵਿਚ ਗੂੰਜਣ ਲੱਗ ਪਈ ਜਿਸ ਨੂੰ ਮੰਨਾ ਡੇਅ ਨੇ ਸ਼ੁੱਧ ਕਲਾਸੀਕਲ ਸ਼ੈਲੀ ਵਿਚ ਪੇਸ਼ ਕੀਤਾ ਸੀ। ਇਸ ਨੂੰ ਸੰਗੀਤਬੱਧ ਐਸ. ਮੁਹਿੰਦਰ ਨੇ ਕੀਤਾ ਸੀ, ਪਰ ਸ਼ਬਦ ਦੀ ਅਦਾਇਗੀ ਬਹੁਤ ਭਾਵ-ਭਿੰਨੀ ਸੀ।

ਮੰਨਾ ਡੇਅ ਨੇ ਆਪਣੇ ਗੀਤ ਸਦਾ ਦਿਲੋਂ ਪੇਸ਼ ਕੀਤੇ। ਉਹ ਉਂਜ ਵੀ ਬਹੁਤ ਭਾਵੁਕ ਜਿਊੜਾ ਸੀ। ਉਸ ਨੇ ਆਪਣੇ ਜਜ਼ਬਾਤ ਨੂੰ ਕਦੇ ਵੀ ਅਵਸਰਵਾਦ ਦੀ ਕਸੌਟੀ 'ਤੇ ਨਹੀਂ ਚਾੜ੍ਹਿਆ। ਉਹ ਖੁਦ ਬੰਗਾਲੀ ਸੀ, ਪਰ ਉਸ ਨੇ ਪ੍ਰੇਮ-ਵਿਆਹ ਕੇਰਲ ਦੀ ਕੁੜੀ ਨਾਲ ਕੀਤਾ। ਪੰਜਾਹ ਸਾਲ ਮੁੰਬਈ ਰਹੇ, ਦੋ ਬੇਟੀਆਂ ਹੋਈਆਂ, ਪਰ ਜਦੋਂ ਉਸ ਦੀ ਪਤਨੀ ਕੈਂਸਰ ਕਰ ਕੇ ਬਿਮਾਰ ਹੋਈ ਤਾਂ ਇਲਾਜ ਲਈ ਉਹ ਉਸ ਨੂੰ ਬੰਗਲੌਰ ਲੈ ਆਇਆ। ਉਥੇ ਪਤਨੀ ਦਾ ਦੇਹਾਂਤ ਹੋ ਗਿਆ। ਮੰਨਾ ਡੇਅ ਨੇ ਫੈਸਲਾ ਕੀਤਾ ਕਿ ਉਹ ਅੰਤਿਮ ਸਾਹ ਬੰਗਲੌਰ ਵਿਚ ਹੀ ਲਵੇਗਾ ਅਤੇ ਉਹ ਆਪਣੇ ਸਾਰੇ ਰੁਝੇਵੇਂ ਤਿਆਗ ਕੇ ਮੁੰਬਈ ਤੋਂ ਬੰਗਲੌਰ ਆ ਕੇ ਰਹਿਣ ਲੱਗ ਪਿਆ।

ਮੰਨਾ ਡੇਅ ਦੇ ਜੀਵਨ ਦੀ ਪੂਰੀ ਕਹਾਣੀ ਵੀ ਕਿਸੇ ਰੁਮਾਂਟਿਕ ਕਿਰਤ ਤੋਂ ਘੱਟ ਨਹੀਂ ਹੈ। ਉਸ ਦਾ ਅਸਲੀ ਨਾਂ ਪ੍ਰਬੋਧ ਚੰਦਰ ਡੇਅ ਸੀ। ਜਨਮ ਪਹਿਲੀ ਮਈ 1919 ਨੂੰ ਕਲਕੱਤਾ ਵਿਚ ਹੋਇਆ। ਉਸ ਦਾ ਨਜ਼ਦੀਕੀ ਰਿਸ਼ਤੇਦਾਰ ਕੇ.ਸੀ. ਡੇਅ ਸੰਗੀਤ ਦੇ ਖੇਤਰ ਵਿਚ ਚਰਚਿਤ ਸੀ। ਮੰਨਾ ਡੇਅ ਨੇ ਉਸ ਤੋਂ ਸੰਗੀਤ ਸਿੱਖਣਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਇਲਾਵਾ ਉਸ ਨੇ ਉਸਤਾਦ ਦਬੀਰ ਖਾਨ ਤੋਂ ਵੀ ਸ਼ਾਸਤਰੀ ਸੰਗੀਤ ਦੀ ਵਿੱਦਿਆ ਹਾਸਲ ਕੀਤੀ। ਮੰਨਾ ਡੇਅ ਦੇ ਕਾਲਜ ਜੀਵਨ ਦੀ ਵਿਸ਼ੇਸ਼ ਪ੍ਰਾਪਤੀ ਅਜੇ ਵੀ ਕਲਕੱਤਾ ਦੇ ਕਾਲਜ ਕੈਂਪਸ ਵਿਚ ਚਰਚਾ ਦਾ ਵਿਸ਼ਾ ਹੈ। ਉਸ ਨੇ ਅੰਤਰ-ਕਾਲਜ ਮੁਕਾਬਲੇ ਵਿਚ ਸੰਗੀਤ ਦੀਆਂ ਤਿੰਨ ਸ਼੍ਰੇਣੀਆਂ ਵਿਚ ਭਾਗ ਲਿਆ ਸੀ ਅਤੇ ਤਿੰਨਾਂ ਵਿਚ ਹੀ ਜੇਤੂ ਰਿਹਾ।

1942 ਵਿਚ ਮੰਨਾ ਡੇਅ ਕੇ. ਸੀ. ਡੇਅ ਨਾਲ ਮੁੰਬਈ ਆ ਗਿਆ ਅਤੇ ਬਤੌਰ ਸਹਾਇਕ ਕਰੀਅਰ ਸ਼ੁਰੂ ਕੀਤਾ। ਉਹ ਐਸ.ਡੀ. ਬਰਮਨ ਕੋਲ ਸਹਾਇਕ ਵਜੋਂ ਕੰਮ ਕਰ ਰਿਹਾ ਸੀ ਤਾਂ ਬਰਮਨ ਨੇ ਉਸ ਨੂੰ ਗਾਇਕੀ ਦੇ ਖੇਤਰ ਲਈ ਪ੍ਰੇਰਿਆ। ਡੇਅ ਦਾ ਪਹਿਲਾ ਗੀਤ ਫਿਲਮ 'ਤਮੰਨਾ' (ਜਾਗੋ ਆਈ ਊਸ਼ਾ ਪੰਛੀ ਬੋਲੇ ਜਾਗੋ) ਲਈ ਰਿਕਾਰਡ ਕੀਤਾ ਗਿਆ। 1943 ਵਿਚ ਆਈ ਇਸ ਫਿਲਮ ਦਾ ਇਹ ਗੀਤ ਸੁਰੱਈਆ ਨਾਲ ਡਿਊਟ ਸੀ। ਸੋਲੋ ਗੀਤ ਉਸ ਨੇ ਸਭ ਤੋਂ ਪਹਿਲਾਂ





ਨੌਜਵਾਨ ਮੰਨਾ ਡੇਅ (ਉਪਰ) ਅਤੇ ਇਕ ਕਲਾਕਾਰ ਦੀ ਨਜ਼ਰ ਵਿਚ।

1943 ਵਿਚ ਫਿਲਮ 'ਰਾਮ ਰਾਜ' ਲਈ ਰਿਕਾਰਡ ਕਰਵਾਇਆ। ਇਸ ਗੀਤ (ਗਈ ਤੂ ਸੀਤਾ ਸਤੀ) ਨੂੰ ਪਹਿਲਾਂ ਕੇ.ਸੀ. ਡੇਅ ਤੋਂ ਰਿਕਾਰਡ ਕਰਾਉਣ ਦੀ ਯੋਜਨਾ ਸੀ, ਪਰ ਕੇ.ਸੀ. ਡੇਅ ਨੇ ਗਾਉਣ ਤੋਂ ਨਾਂਹ ਕਰ ਦਿੱਤੀ, ਕਿਉਂਕਿ ਉਹ ਇਸ ਦੇ ਸੰਗੀਤਕਾਰ (ਸ਼ੰਕਰ ਰਾਓ) ਦੇ ਨਿਰਦੇਸ਼ਨ ਅਧੀਨ ਕੰਮ ਕਰਨ ਨੂੰ ਤਿਆਰ ਨਹੀਂ ਸੀ। ਕੇ.ਸੀ. ਡੇਅ ਖੁਦ ਹੀ ਬਤੌਰ ਸੰਗੀਤਕਾਰ ਆਪਣੇ ਗੀਤ ਕੰਪੋਜ਼ ਕਰਦਾ ਹੁੰਦਾ ਸੀ। ਲਿਹਾਜ਼ਾ, ਨਿਰਮਾਤਾ ਵਿਜੈ ਭੱਟ ਨੇ ਇਹ ਗੀਤ ਮੰਨਾ ਡੇਅ ਤੋਂ ਉਸ ਦੇ ਅੰਕਲ ਕੇ.ਸੀ. ਡੇਅ ਦੀ ਸ਼ੈਲੀ ਵਿਚ ਰਿਕਾਰਡ ਕਰਵਾ ਲਿਆ।

ਸੰਗੀਤ ਪ੍ਰੇਮੀਆਂ ਨੂੰ ਗਲਤਫਹਿਮੀ ਹੈ ਕਿ ਮੰਨਾ ਡੇਅ ਸੀਮਤ ਦਾਇਰੇ ਵਿਚ ਹੀ ਗੀਤ ਗਾ ਸਕਦਾ ਸੀ। ਉਸ ਦੇ ਆਲੋਚਕ ਅਕਸਰ ਉਸ 'ਤੇ ਸ਼ਾਸਤਰੀ ਸੰਗੀਤ ਦਾ ਗਾਇਕ ਹੋਣ ਦਾ ਦੋਸ਼ ਲਗਾਉਂਦੇ ਰਹੇ। ਸ਼ਾਇਦ ਇਸ ਕਰ ਕੇ ਕਿਉਂਕਿ ਮੰਨਾ ਡੇਅ ਨੂੰ ਆਰੰਭਿਕ ਕਰੀਅਰ ਵਿਚ ਸਫ਼ਲਤਾ ਦਿਵਾਉਣ ਵਾਲੇ ਕਲਾਸੀਕਲ ਸ਼ੈਲੀ ਦੇ ਹੀ ਗੀਤ ਸਨ, ਪਰ ਮੰਨਾ ਡੇਅ ਦੀ ਇਹ ਵਿਸ਼ੇਸ਼ਤਾ ਸੀ ਕਿ ਉਸ ਨੇ ਇਸ ਸ਼ੈਲੀ ਨੂੰ ਵੀ ਸਰਲ ਬਣਾ ਕੇ ਦਰਸ਼ਕਾਂ/ਸਰੋਤਿਆਂ ਦਾ ਮਨ ਮੋਹਿਆ। ਉਸ ਦੀ ਇਸ ਵਿਸ਼ੇਸ਼ਤਾ ਦਾ ਪਤਾ ਰਾਜ ਕਪੂਰ ਦੀਆਂ ਕੁਝ ਫਿਲਮਾਂ ਦੇ ਗੀਤਾਂ ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਫਿਲਮ 'ਚੋਰੀ ਚੋਰੀ' ਦਾ ਗੀਤ 'ਯੇਹ ਰਾਤ ਭੀਗੀ ਭੀਗੀ' ਨੂੰ ਸੰਗੀਤਕਾਰ ਸ਼ੰਕਰ-ਜੈਕਿਸ਼ਨ ਨੇ ਰਿਕਾਰਡ ਤਾਂ ਮੰਨਾ ਡੇਅ ਦੀ ਆਵਾਜ਼ ਵਿਚ ਹੀ ਕਰਾਇਆ ਸੀ, ਪਰ ਇਨ੍ਹਾਂ ਸੰਗੀਤਕਾਰਾਂ 'ਤੇ ਰਾਜ ਕਪੂਰ ਦਬਾਅ ਪਾ ਰਿਹਾ ਸੀ ਕਿ ਉਹ ਇਸ ਗੀਤ ਨੂੰ ਮੁਕੇਸ਼ ਦੀ ਆਵਾਜ਼ ਵਿਚ ਦੁਬਾਰਾ ਰਿਕਾਰਡ ਕਰਵਾਉਣ। ਸ਼ੰਕਰ-ਜੈਕਿਸ਼ਨ ਨੇ ਰਾਜ ਕਪੂਰ ਦੀ ਇਹ ਸਿਫਾਰਸ਼ ਨਹੀਂ ਮੰਨੀ ਅਤੇ ਇਕ ਹੋਰ ਗੀਤ 'ਜਹਾਂ ਮੈਂ ਜਾਤੀ ਹੂੰ, ਵਹੀਂ ਚਲੇ ਆਤੇ ਹੋ' ਨੂੰ ਮੰਨਾ ਡੇਅ ਦੀ ਆਵਾਜ਼ ਵਿਚ ਰਿਕਾਰਡ ਕਰਵਾ ਦਿੱਤਾ। ਸ਼ੰਕਰ-ਜੈਕਿਸ਼ਨ ਦੀ ਜ਼ਿੱਦ ਬਿਲਕੁਲ ਠੀਕ ਸੀ ਅਤੇ ਇਹ ਦੋਵੇਂ ਹੀ ਗੀਤ ਸਦਾਬਹਾਰ ਗੀਤਾਂ ਦੀ ਸੂਚੀ 'ਚ ਸ਼ਾਮਿਲ ਹਨ। ਅਸਲ ਵਿਚ ਸ਼ੰਕਰ-ਜੈਕਿਸ਼ਨ ਨੇ ਜਦੋਂ ਵੀ ਮੰਨਾ ਡੇਅ ਨੂੰ ਯਾਦ ਕੀਤਾ, ਉਸ ਨੇ ਨਿਰਾਸ਼ ਨਹੀਂ ਕੀਤਾ। 'ਮੇਰਾ ਨਾਮ ਜੋਕਰ' ਦਾ ਟਾਈਟਲ ਗੀਤ 'ਏ ਭਾਈ, ਜ਼ਰਾ ਦੇਖ ਕੇ ਚਲੋ' ਇਸ ਦੀ ਉਮਦਾ ਮਿਸਾਲ ਹੈ।

ਮੰਨਾ ਡੇਅ ਨੇ ਰਾਜ ਕਪੂਰ ਲਈ ਕੁਝ ਹੋਰ ਸੰਗੀਤਕਾਰਾਂ ਦੇ ਨਿਰਦੇਸ਼ਨ ਅਧੀਨ ਵੀ ਗੀਤ ਪੇਸ਼ ਕੀਤੇ। ਇਸ ਸਬੰਧੀ ਸੰਗੀਤਕਾਰ ਰੋਸ਼ਨ ਦੀ ਰਚਨਾ 'ਲਾਗਾ ਚੁਨਰੀ ਮੇਂ ਦਾਗ਼' ਨੂੰ ਯਾਦ ਕੀਤਾ ਜਾ ਸਕਦਾ ਹੈ। ਸੰਗੀਤਕਾਰ ਸੀ. ਰਾਮਾਚੰਦਰ ਨੇ ਆਪਣੀ ਫਿਲਮ 'ਪੈਗ਼ਾਮ' ਦਾ ਟਾਈਟਲ ਗੀਤ 'ਇਨਸਾਨ ਕਾ ਇਨਸਾਨ ਸੇ ਹੋ ਭਾਈਚਾਰਾ' ਮੰਨਾ ਡੇਅ ਨੂੰ ਪੇਸ਼ ਕਰਨ ਲਈ ਹੀ ਕਿਹਾ ਸੀ।

ਮੰਨਾ ਡੇਅ ਦੇ ਦਾਰਸ਼ਨਿਕ ਗੀਤਾਂ ਦਾ ਮੁਲੰਕਣ ਕਰਨਾ ਹੋਵੇ ਤਾਂ ਉਹ 'ਆਨੰਦ' ਫਿਲਮ ਦੇ ਗੀਤ 'ਜ਼ਿੰਦਗੀ, ਕੈਸੀ ਹੈ ਪਹੇਲੀ ਹਾਏ' ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਭਾਰਤੀ ਸੰਗੀਤ ਨੂੰ ਆਪਣੀ ਵਿਸ਼ੇਸ਼ ਮਧੁਰ ਸ਼ੈਲੀ ਵਿਚ ਵਿਵਿਧਤਾ ਅਤੇ ਮਧੁਰਤਾ ਦੇਣ ਵਾਲੇ ਇਸ ਗਾਇਕ ਦਾ ਬੰਗਲੌਰ ਦੇ ਹਿਰਦੇ ਨਾਰਾਇਣ ਹਸਪਤਾਲ ਵਿਚ 24 ਅਕਤੂਬਰ, 2013 ਨੂੰ ਦੇਹਾਂਤ ਹੋ ਗਿਆ।

**-ਸੁਰਿੰਦਰ ਮੱਲ੍ਹੀ**

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਦਸੰਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-249



ਫੋਟੋ: ਸਤਵਿੰਦਰ ਥਾਂਦੀ ਦੌਲਤਪੁਰੀਆ

**ਬਚਪਨ ਦੀਆਂ ਖੇਡਾਂ ਯਾਦ ਆਉਣ ਬੜੀਆਂ।**
**ਪਿੰਡਾਂ ਵਿਚ ਖੇਡਦੇ ਨਾਲ ਮਿੱਟੀ ਦੀਆਂ ਢੇਰੀਆਂ।**
**ਕੋਈ ਬਣਾਵੇ ਘਰ, ਕੋਈ ਬਣਾਉਦਾ ਘੁੱਗੀ-ਚਿੜੀਆਂ।**
**ਵਿਦੇਸ਼ਾਂ ਵਿਚ ਲੱਭੇ ਥਾਂਦੀ ਮੁੱਲ ਦੀਆਂ ਰੇਤ ਕੇਰੀਆਂ।**

## ਕੈਪਸ਼ਨ ਮੁਕਾਬਲਾ-247



ਬੰਨ੍ਹ ਸੰਧੂਰੀ, ਲਾ ਚਾਦਰਾ
ਜੋੜ ਲੈਂਦੇ ਸੀ ਸਾਵਾ ਬੱਗਾ।
ਬਹਿ ਜਾਂਦੇ ਸੀ ਜੂਲੇ ਉਪਰ
ਸ਼ਾਹੀ ਸਵਾਰੀ ਹੈ ਸੀ ਗੱਡਾ।
ਕੱਚੇ ਪਹੇ ਵਿਚ ਲਾ ਲਾ ਆਰਾਂ
ਟਿੱਚ ਟਿੱਚ ਹੁੰਦੀ ਜਾਂਦੀ ਸੀ।
ਦੌੜ ਭੱਜ ਨਾ ਕਾਹਲ ਸੀ ਕੋਈ
ਕੁਦਰਤ ਨਗਮੇ ਗਾਉਂਦੀ ਸੀ।
ਸਭ ਬੀਤੇ ਦੀਆਂ ਬਾਤਾਂ ਹੋਈਆਂ
ਬੀਤੇ ਉਪਰ ਕਿਉਂ ਪਛਤਾਈਏ।
ਰਹਿ ਗਈਆਂ ਬੱਸ ਯਾਦਾਂ ਬਾਕੀ
ਨਾਲ ਉਨ੍ਹਾਂ ਦੇ ਮਨ ਪ੍ਰਚਾਈਏ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਬੱਗੇ ਨਾਰੇ ਦੇ ਗਲ ਘੁੰਗਰੂ ਛਣਕਣ
ਲਾ ਜੋਤ ਗੱਡੇ ਨੂੰ ਜੋੜੇ।
ਨਵਾਬ ਬਣ ਬੈਠਾ ਆ ਜੂੰਗਲੇ 'ਤੇ
ਪਿੱਛੇ ਲੱਦ ਝੋਨੇ ਦੇ ਤੋੜੇ।
ਮੰਡੀ ਨੂੰ ਅੰਨਦਾਤਾ ਤੁਰਿਆ
ਜਿਥੇ ਖੇਖਣ ਕਰਦੇ ਲਾਲੇ।
ਖਰਚੇ ਦੇ ਲੜ ਪੂਰੇ ਨਾ ਹੋਵਣ
ਭਾਵੇਂ ਫਸਲਾਂ ਪੁੱਤਾਂ ਵਾਂਗ ਪਾਲੇ।
ਠੇਠ ਪੰਜਾਬੀ ਪਾਇਆ ਬਾਣਾ
ਜਾਪੇ ਲੈਂਦਾ ਕੋਈ ਖੁਆਬ।
ਜਾਂ ਫਿਰ ਲੇਖਾ ਸ਼ਾਹਾਂ ਦਾ ਸਤਾਵੇ
ਜਿਹਨੇ ਕੀਤਾ ਬੇਹਾਲ ਪੰਜਾਬ।
ਨਾ ਰੱਬ ਬਹੁੜੇ ਨਾ ਕੋਈ ਨੇਤਾ
ਨਾ ਬਾਂਹ ਫੜਦੀ ਆਪਣੀ ਸਰਕਾਰ।
ਘੁੰਮਣਘੇਰੀ ਵਿਚਕਾਰ ਹੈ ਫਸਿਆ
ਸ਼ਾਲਾ! ਚੜ੍ਹਦੀ ਕਲਾ 'ਚ ਰਹੇ ਸਰਦਾਰ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**
**ਫੋਨ: 408-912-3438**

---


ਜੂਲੇ ਉਤੇ ਬੈਠਾ ਜੱਟ ਪੁੱਤ ਸੋਚੇ
ਕੈਸੀ ਆਈ ਅਜਬ ਹਨੇਰੀ ਦਾਤਿਆ।
ਕਰਜ਼ ਕਸਾਈ ਬਾਪੂ ਖੋਹ ਕੇ ਲੈ ਗਿਆ
ਮਾਂ ਤੂੰ ਪਹਿਲੋਂ ਖੋਹੀ ਦਾਤਿਆ।
ਢੱਗਿਆਂ ਦੀਆਂ ਟੱਲੀਆਂ ਸੁੰਨ ਹੋਈਆਂ
ਕੀ ਅਣਹੋਣੀ ਹੋਈ ਦਾਤਿਆ।
ਭੈਣ ਵਿਲਕਦੀ ਅਸੀਂ ਜੀਂਦੇ ਮੋਏ
ਦੇਂਦੀ ਪਈ ਦੁਹਾਈ ਦਾਤਿਆ।
ਧੀ ਦੇ ਕਾਰਜ ਲਈ ਬਾਪੂ ਨੇ
ਜੋੜੀ ਸੀ ਜੋ ਪਾਈ ਪਾਈ,
ਬਾਪੂ ਦੇ ਹੀ ਭੋਗ ਉਤੇ
ਅਸਾਂ ਉਹ ਲਾਈ ਦਾਤਿਆ।
**-ਜਗਜੀਤ ਕੌਰ**
**ਕੈਂਟਨ, ਮਿਸ਼ੀਗਨ।**

---

ਵਕਤ ਸੀ ਕਿਸਾਨ ਉਠ ਪਹੁ ਫੁਟਾਲੇ
ਜੋੜ ਜੋੜੀ ਬਹਿ ਗਾਧੀ 'ਤੇ
ਹੇਕਾਂ ਸੀ ਲਾਉਂਦਾ।
ਵਾਹ ਇਕੱਲੀ ਇਕੱਲੀ ਰੈਲ
ਫੇਰਦਾ ਸੁਹਾਗਾ ਉਸ ਉਤੇ
ਬੜਾ ਸੀ ਸੁਡੌਲ ਲੋਹਾ ਸਰੀਰ।
ਆਈ ਮਸ਼ੀਨਰੀ ਹੋ ਗਿਆ ਆਲਸੀ
ਨਸ਼ਾ ਉਤਰ ਗਿਆ ਹੱਡਾਂ 'ਚ।
ਜਾਂ ਸੋਚੇ ਵਿਦੇਸ਼ ਜਾਣਾ
ਜਾਂ ਗਲ ਫਾਹਾ ਪਾ
ਅੰਤ ਜ਼ਿੰਦਗੀ ਦਾ ਕਰਨਾ।
ਟੌਹਰ ਫੋਕੀ ਲਈ ਵਾਧੂ ਖਰਚਦਾ,
ਚਾਰ ਵੜੇਵੇਂ-ਖਲ ਢੱਗਿਆਂ ਨੂੰ
ਕਿਸਾਨ ਸੀ ਬੱਚਿਆਂ ਵਾਂਗ ਪਿਆਰਦਾ।
ਦੇਸੀ ਖੇਤੀ ਹੁੰਦੀ ਸੀ ਨਿਰੋਲ ਖਾਲਸ
ਲੈ ਲਈ ਜੋ ਰਸਾਇਣਕ ਪਦਾਰਥਾਂ ਨੇ।
ਦਿੱਤਾ ਸੱਦਾ ਬਿਮਾਰੀਆਂ ਨੂੰ
ਯੁਗ ਮਸ਼ੀਨਰੀ ਦਾ
ਰਾਸ ਨਾ ਆਉਂਦਾ ਛੋਟੇ ਕਿਸਾਨਾਂ ਨੂੰ।
**-ਦਰਸ਼ਨਪਾਲ ਦੋਸਾਂਝ**

# ਗਵਾਂਢ ਨੂੰ ਚਿਣਾਉਤੀ

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

'ਸਾਢਿਆਂ ਦੇ ਪਹਾੜੇ' ਵਿਚ ਮੇਰੇ ਵਲੋਂ ਗਵਾਂਢ ਸ਼ਬਦ ਦੀ ਦਰਸਾਈ ਨਿਰੁਕਤੀ 'ਤੇ ਜਸਵੀਰ ਸਿੰਘ ਲੰਗੜੋਆ ਨੇ ਕਿੰਤੂ ਕੀਤਾ ਹੈ ਤੇ ਨਾਲ ਹੀ ਆਪਣੇ ਵਲੋਂ ਮੁਤਬਾਦਲ ਵਿਉਤਪਤੀ ਪੇਸ਼ ਕੀਤੀ ਹੈ। ਮੈਂ ਇਸ ਸ਼ਬਦ ਨੂੰ ਸੰਸਕ੍ਰਿਤ ਦੇ ਸੰਯੁਕਤ ਸ਼ਬਦ 'ਗ੍ਰਾਮ+ਅਰਧ' ਤੋਂ ਵਿਗਸਿਆ ਦੱਸਿਆ ਸੀ ਜਿਸ ਵਿਚਲਾ 'ਅਰਧ' ਸ਼ਬਦ ਅੱਧ ਬਣਦਾ ਬਣਦਾ ਕਈ ਥਾਂਵਾਂ 'ਤੇ 'ਅਢ' ਦਾ ਰੂਪ ਧਾਰ ਗਿਆ। ਲੰਗੜੋਆ ਸਾਹਿਬ ਨੂੰ 'ਧ' ਧੁਨੀ ਦੇ 'ਢ' ਵਿਚ ਪਲਟ ਜਾਣ ਦੀ ਸੂਚਨਾ ਤੋਂ ਚਿੰਤਾ ਹੋਈ ਕਿਉਂਕਿ ਇਸ ਵਰਤਾਰੇ ਨਾਲ ਉਨ੍ਹਾਂ ਦੀ ਆਪਣੀ ਸਥਾਪਨਾ ਖਤਰੇ ਵਿਚ ਪੈ ਗਈ। ਤਦੇ ਤਾਂ ਉਨ੍ਹਾਂ ਕਿਹਾ ਕਿ ਇੱਕਾ ਦੁੱਕਾ ਸ਼ਬਦ ਤਾਂ ਇਸ ਤਰ੍ਹਾਂ ਦੀ ਤਬਦੀਲੀ ਨਾਲ ਬਣੇ ਹੋ ਸਕਦੇ ਹਨ, ਸਾਰੇ ਨਹੀਂ। ਉਨ੍ਹਾਂ ਦੀ ਇਕ ਆਦਤ ਹੈ ਕਿ ਮੱਲੋ ਮੱਲੀ ਮੇਰੇ ਮੂੰਹ ਵਿਚ ਕਥਨ ਪਾ ਦਿੰਦੇ ਹਨ। ਮੈਂ ਕਿਤੇ ਵੀ ਨਹੀਂ ਕਿਹਾ ਕਿ ਸਾਰੇ ਸ਼ਬਦ ਇਸ ਤਰ੍ਹਾਂ ਤਬਦੀਲ ਹੁੰਦੇ ਹਨ। 'ਅੱਧਾ' ਸ਼ਬਦ ਦੀ ਮੇਰੇ ਵਲੋਂ ਛੇੜੀ ਚਰਚਾ ਹੀ ਇਹ ਦਸਦੀ ਹੈ ਕਿ 'ਧ' ਧੁਨੀ ਕਾਇਮ ਹੈ। ਉਨ੍ਹਾਂ ਦੀ ਦੂਜੀ ਆਦਤ ਹੈ ਕਿ ਉਹ ਵੱਡੇ ਦਾਅਵੇ ਨਾਲ ਕੋਈ ਬਿਆਨ ਦਾਗ ਦਿੰਦੇ ਹਨ ਪਰ ਗਲਤ ਸਾਬਤ ਹੋਣ 'ਤੇ ਇਸ ਨੂੰ ਤੁੱਛ ਬਣਾ ਦਿੰਦੇ ਹਨ। ਇਕ ਵਾਰੀ ਠੋਕ ਵਜਾ ਕੇ ਕਿਹਾ ਕਿ ਪਾਣੀ ਦੇ ਅਰਥਾਂ ਵਾਲਾ 'ਅਪ' ਕੋਈ ਸ਼ਬਦ ਹੈ ਹੀ ਨਹੀਂ ਪਰ ਫਿਰ ਇਹ ਕਹਿ ਕੇ ਪੱਲਾ ਛੁਡਾ ਲਿਆ ਕਿ ਇਹ ਆਮ ਨਹੀਂ। ਖੈਰ, ਪਹਿਲਾਂ ਮੁਢਲੇ ਦਾਅਵੇ ਨਾਲ ਨਿਪਟ ਲਈਏ। 'ਧ' ਧੁਨੀ ਦੇ 'ਢ' ਅਤੇ 'ਡ' ਵਿਚ ਪਲਟ ਜਾਣ ਦੀਆਂ ਕੁਝ ਮਿਸਾਲਾਂ ਹਨ: ਧਵੰਸ> ਢਹਿਣਾ; ਵਰਿਧੀ> ਬੁੱਢਾ; ਵਰਧ> ਵਢ; ਕੰਧ> ਕੰਢਾ; ਧ੍ਰਿਸ਼ਟ> ਢੀਠ; ਧਰ> ਢੇਰ; ਧਿਮਕਾ> ਢਿਮਕਾ; ਧਰੇਕ> ਡੇਕ।

ਅਲਪੱਗ ਹੋਣ ਦਾ ਸੂਚਕ ਇਕ ਹੋਰ ਦਾਅਵਾ ਹੈ, "ਅਰਧ ਸ਼ਬਦ ਦਾ ਅਰਥ ਹਮੇਸ਼ਾ 'ਅੱਧਾ' ਹੀ ਹੁੰਦਾ ਹੈ।" ਕੁਝ ਅੱਗੇ ਜਾ ਕੇ ਅਜਿਹਾ ਪ੍ਰਭਾਵ ਦੇਣ ਦੀ ਕੋਸ਼ਿਸ਼ ਵੀ ਉਨ੍ਹਾਂ ਕੀਤੀ ਹੈ ਕਿ ਇਹ ਸ਼ਬਦ ਵਿਸ਼ੇਸ਼ਣ ਦੇ ਤੌਰ 'ਤੇ ਹੀ ਵਰਤਿਆ ਜਾਂਦਾ ਹੈ, ਇਸ ਲਈ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ। ਲੇਖ ਵਿਚ ਮੈਂ 'ਕਲੂ ਦੀ ਭੂਤਨੀ ਸਿਵਿਆਂ ਚ ਅੱਧ' ਅਖਾਣ ਦੀ ਮਿਸਾਲ ਦਿੱਤੀ ਸੀ, ਕੀ ਇਸ ਵਿਚ 'ਅੱਧ' ਵਿਸ਼ੇਸ਼ਣ ਹੈ? ਬਥੇਰੇ ਸ਼ਬਦ ਨਾਂਵ ਤੇ ਵਿਸ਼ੇਸ਼ਣ ਦੋਵੇਂ ਹੁੰਦੇ ਹਨ। ਉਂਜ ਸ਼ਬਦ-ਨਿਰਮਾਣ ਪ੍ਰਕਿਰਿਆ ਇਸ ਤਰ੍ਹਾਂ ਦੀ ਸਕੂਲੀ ਵਿਆਕਰਣ ਵਿਚ ਨਹੀਂ ਬਝਦੀ। ਪੁਆਧ (ਪੂਰਬ+ਅਰਧ) ਵਿਚਲਾ ਅਰਧ/ਅੱਧ ਨਾਂਵ ਹੈ ਨਾ ਕਿ ਵਿਸ਼ੇਸ਼ਣ ਤੇ ਇਸ ਦਾ ਅਰਥ ਭਾਗ, ਖੇਤਰ, ਇਲਾਕਾ ਹੈ। ਪੁਆਧ ਸ਼ਬਦ ਮਾਝਾ, ਮਾਲਵਾ, ਦੁਆਬਾ ਦੀ ਤਰ੍ਹਾਂ ਇਕ ਖਿੱਤੇ ਦਾ ਨਾਂ ਹੈ। ਧਿਆਨ ਰਹੇ, ਅਜਿਹੇ ਸ਼ਬਦਾਂ ਵਿਚ ਮੁਢਲੇ ਅਰਥ ਦੀ ਗੂੰਜ ਵੀ ਸੁਣਾਈ ਦਿਆ ਕਰਦੀ ਹੈ ਜਿਵੇਂ ਦੇਸ਼ ਦੇ ਪੂਰਬੀ ਭਾਗ ਦਾ ਮਤਲਬ ਪੂਰਬੀ ਖੇਤਰ ਹੈ। ਕਿਸ ਸ਼ਬਦ ਦੀ ਵਿਆਖਿਆ ਦੂਜੇ ਸ਼ਬਦਾਂ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਇਸ ਦਾ ਮਤਲਬ ਇਹ ਨਹੀਂ ਕਿ ਵਿਆਖਿਆਕਾਰੀ ਸ਼ਬਦ ਪੂਰੀ ਤਰ੍ਹਾਂ ਵਿਆਖਿਆਏ ਜਾ ਰਹੇ ਸ਼ਬਦ ਦੀ ਥਾਂ ਲੈ ਸਕਦਾ ਹੈ। ਮੋਨੀਅਰ ਵਿਲੀਅਮਜ਼ ਦੇ ਪ੍ਰਸਿੱਧ 'ਸੰਸਕ੍ਰਿਤ-ਅੰਗਰੇਜ਼ੀ ਕੋਸ਼' ਵਿਚੋਂ ਅਰਧ ਸ਼ਬਦ ਦੇ ਇੰਦਰਾਜ ਦਾ ਚਿੱਤਰ ਦਿੱਤਾ ਜਾ ਰਿਹਾ ਹੈ ਜਿਸ ਤੋਂ ਇਸ ਸ਼ਬਦ ਬਾਰੇ ਇਹ ਦੋਵੇਂ ਭੁਲੇਖੇ ਦੂਰ ਹੋ ਜਾਣੇ ਚਾਹੀਦੇ ਹਨ।

ਲੰਗੜੋਆ ਜੀ ਸਮਝਦੇ ਹਨ ਕਿ ਮੈਂ ਸ਼ਾਇਦ ਟਪਾਰਾਂ ਲਾਉਂਦਾ ਰਹਿੰਦਾ ਹਾਂ। ਗਵਾਂਢ/ਗੁਆਂਢ ਸ਼ਬਦ ਦੀ ਮੇਰੇ ਵਲੋਂ ਪ੍ਰਸਤੁਤ ਵਿਉਤਪਤੀ ਪ੍ਰਸਿੱਧ ਨਿਰੁਕਤਕਾਰ ਰਾਲਫ ਲਿਲੀ ਟਰਨਰ ਦੁਆਰਾ



अर्ध 1. ardha, as, m., Ved. side, part; place, region, country; (cf. ápy-ardham, abhy-ardhá, parārdhá); [Lat. ordo; Germ. ort.]

2. Ardhá, mfn. (m. pl. ardhe or ardhās, Pāṇ. i, 1, 33) half, halved, forming a half [cf. Osset. ardag]; ardhá . . . ardhá (or nema . . . ardhá, RV. x, 27, 18), one part, the other part; (ás, ám), m. n. (ifc. f. ā) the half, RV. vi, 30, 1, &c.; (ám), n. 'one part of two,' with √1. kri, to give or leave to anybody (acc.) an equal share of (gen.), RV. ii, 30, 5 & vi, 44, 18; a part, party, RV. iv, 32, 1 & vii, 18, 16; (e), loc. ind. in the middle, Sāk. (Ardha in comp. with a subst. means 'the half part of anything' [cf. Pāṇ. ii, 2, 2], with an adj. or past Pass. p. [cf. Pāṇ. v, 4, 5] 'half;' also with an adj. indicating measure [cf. Pāṇ. vii, 3, 26 & 27]; a peculiar kind of compound is formed with ordinals [cf. Pāṇ. i, 1, 23, Comm.], e.g. ardha-tritīya, containing a half for its third, i.e. two and a half; ardha-caturtha, having a half for its fourth, three and a half.) — kaṅ-rícá, m. = ardha-rcá below, VS. xix. 25. — kaṅ- . . . measuring half a kansa

ਡੂੰਘੀ ਖੋਜ ਪਿਛੋਂ ਪ੍ਰਕਾਸ਼ਿਤ ਕੀਤੇ 'ਹਿੰਦ-ਆਰਿਆਈ ਭਾਸ਼ਾਵਾਂ ਦਾ ਤੁਲਨਾਤਮਕ ਕੋਸ਼' ਵਿਚੋਂ ਲਈ ਗਈ ਹੈ। ਜਦ ਹੋਰ ਭਾਸ਼ਾਵਾਂ ਵਿਚ ਵੀ ਇਕੋ ਜਿਹੇ ਅਰਥਾਂ ਤੇ ਰੂਪ ਵਾਲੇ ਸ਼ਬਦ ਮਿਲਦੇ ਹੋਣ ਤਾਂ ਇਨ੍ਹਾਂ ਨੂੰ ਵਡੇਰੇ ਭਾਸ਼ਾਈ ਪ੍ਰਸੰਗ ਵਿਚ ਸਮਝਣਾ ਚਾਹੀਦਾ ਹੈ ਨਾ ਕਿ ਸਿਰਫ ਆਪਣੀ ਭਾਸ਼ਾ ਦੇ ਸੀਮਿਤ ਦਾਇਰੇ ਵਿਚ ਰੱਖ ਕੇ। ਕੋਸ਼ ਵਿਚ ਗਵਾਂਢ ਨਾਲ ਸਬੰਧਤ ਸੁਜਾਤੀ ਸ਼ਬਦਾਂ ਦੇ ਦੋ ਇੰਦਰਾਜ ਮਿਲਦੇ ਹਨ। 'ਗ੍ਰਾਮਅੰਤ' (ਗ੍ਰਾਮ+ਅੰਤ = ਗ੍ਰਾਮ ਦਾ ਅੰਤ) ਦੇ ਇੰਦਰਾਜ ਅਧੀਨ ਇਸ ਦਾ ਸ਼ਾਬਦਿਕ ਅਰਥ ਦਿੱਤਾ ਹੈ, 'ਪਿੰਡ ਦੀ ਸੀਮਾ' ਤੇ ਇਸ ਤੋਂ ਬਣੇ 'ਗ੍ਰਾਮਅੰਤਿਯ' ਦਾ ਅਰਥ, 'ਪਿੰਡ ਨੇੜੇ ਦੀ ਜਗਾਹ'। ਇਸ ਤੋਂ ਪਾਲੀ ਵਿਚ ਸ਼ਬਦ ਬਣਿਆ 'ਗਾਮੰਤ' ਜਿਸ ਦੀ ਵਿਆਖਿਆ ਪਿੰਡ ਦਾ ਗਵਾਂਢ ਅਰਥਾਤ ਨਾਲ ਦੇ ਪਿੰਡ ਵਜੋਂ ਕੀਤੀ ਗਈ ਹੈ। ਇਸ ਤੋਂ ਬਣੇ ਪ੍ਰਾਕ੍ਰਿਤ ਸ਼ਬਦ 'ਗ੍ਰਾਮੰਤਿਯ' ਦਾ ਅਰਥ ਹੈ ਪਿੰਡ ਦੇ ਕਿਨਾਰੇ ਰਹਿੰਦਾ; ਪਿੰਡ ਦੀ ਸੀਮਾ। ਲਹਿੰਦੀ ਦੀ ਖੇਤਰਾਣੀ ਉਪਭਾਸ਼ਾ ਵਿਚ ਇਸ ਤੋਂ ਬਣੇ 'ਗਾਵਾਂਡੀ' ਦਾ ਅਰਥ ਹੈ, ਗਵਾਂਢੀ। ਉੜੀਆ ਭਾਸ਼ਾ ਦੇ ਇਸ ਤੋਂ ਵਿਗਸੇ ਸ਼ਬਦ ਗਾਂਤੀਆ ਜਾਂ ਗੌਂਤੀਆ ਦਾ ਅਰਥ ਹੈ, ਪਿੰਡ ਦਾ ਮੁਖੀ। ਸ਼ਿਆਮ ਦੇਵ ਪਰਾਸ਼ਰ ਨੇ ਆਪਣੀ ਪੁਸਤਕ 'ਸੰਸਕ੍ਰਿਤ ਤਥਾ ਪੰਜਾਬੀ ਕੇ ਸਬੰਧ' ਵਿਚ ਗਵਾਂਢ ਸ਼ਬਦ ਦੀ ਇਹੋ ਵਿਉਤਪਤੀ ਸੁਝਾਈ ਹੈ।

ਟਰਨਰ ਦੇ ਕੋਸ਼ ਵਿਚ ਗਵਾਂਢ ਸ਼ਬਦ ਨਾਲ ਸਬੰਧਤ ਦੂਜਾ ਇੰਦਰਾਜ ਹੈ, 'ਗ੍ਰਾਮਅਰਧ' ਜਿਸ ਦਾ ਅਰਥ ਦਿੱਤਾ ਹੈ, ਪਿੰਡ ਦਾ ਚੁਗਿਰਦਾ, ਆਲਾ ਦੁਆਲਾ। ਇਸ ਤੋਂ ਬਣੇ ਸੰਸਕ੍ਰਿਤ ਸ਼ਬਦ 'ਗ੍ਰਾਮਆਰਧਿਨ' ਦਾ ਅਰਥ ਹੈ, ਗੁਆਂਢੀ। ਇਸੇ ਤੋਂ ਵਿਕਸਿਤ ਹੋ ਕੇ ਪ੍ਰਾਕ੍ਰਿਤ ਸ਼ਬਦ ਗਾਮਾਧਾ ਪ੍ਰਗਟ ਹੋਇਆ ਜਿਸ ਦਾ ਅਰਥ ਹੈ, ਪਿੰਡ ਦਾ ਭਾਗ। ਇਸ ਦਾ ਹੋਰ ਵਿਕਸਿਤ ਸ਼ਬਦ ਦੱਸਿਆ ਗਿਆ ਹੈ, ਲਹਿੰਦਾ ਭਾਸ਼ਾ ਦਾ ਗਾਵਾਂਢ ਜਾਂ ਗਵਾਂਢ ਅਤੇ ਪੰਜਾਬੀ ਦਾ ਗਵਾਂਢ। ਇਸੇ ਕੜੀ ਵਿਚ ਆਉਂਦੇ ਹਨ, ਭੋਜਪੁਰੀ ਦਾ ਸ਼ਬਦ 'ਗੋਯਾੜਾ' ਭਾਵ ਪਿੰਡ ਦਾ ਚੌਗਿਰਦਾ ਤੇ ਮਰਾਠੀ ਦਾ 'ਗਾਵਧੇ' ਜਿਸ ਦਾ ਅਰਥ ਦਿੱਤਾ ਗਿਆ ਹੈ ਪਿੰਡੀ, ਦੂਜੇ ਪਿੰਡ ਵਿਚ ਕਾਰੋਬਾਰ। ਮੈਂ ਮਰਾਠੀ ਕੋਸ਼ਾਂ ਵਿਚ ਪੜਤਾਲ ਕੀਤੀ ਹੈ, ਗਾਵਧੇ ਦਾ ਇਕ ਰੂਪਾਂਤਰ ਗਾਵਾਢੇ ਵੀ ਹੈ।

ਗਵਾਂਢ ਸ਼ਬਦ ਬਾਰੇ ਟਰਨਰ ਦੇ ਕੋਸ਼ ਵਿਚ ਮੈਨੂੰ ਕੁਝ ਵਿਰੋਧਾਭਾਸ ਵੀ ਮਾਲੂਮ ਹੋਇਆ ਹੈ। ਖੇਤਰਾਣੀ ਵਿਚਲਾ ਗਵਾਂਢੀ 'ਗ੍ਰਾਮ-ਅੰਤ' ਤੋਂ ਪਰ ਪੰਜਾਬੀ ਅਤੇ ਲਹਿੰਦਾ ਦਾ ਗਵਾਂਢ 'ਗ੍ਰਾਮ-ਅਰਧ' ਤੋਂ ਬਣਿਆ ਦੱਸਿਆ ਗਿਆ ਹੈ। ਖੈਰ, ਮੈਨੂੰ ਦੋਵਾਂ ਮੁਦੀਆਂ ਵਿਚੋਂ 'ਗ੍ਰਾਮਅਰਧ' ਵਧੇਰੇ ਜਚੀ ਹੈ ਕਿਉਂਕਿ 'ਧ' ਧੁਨੀ ਦੇ 'ਢ' ਵਿਚ ਬਦਲਨ ਦੀ ਵੱਧ ਸੰਭਾਵਨਾ ਹੈ। ਉਪਰੋਕਤ ਦੋਨੋਂ ਵਿਉਤਪਤੀਆਂ ਤੋਂ ਇਕ ਗੱਲ ਤਾਂ ਸਮਝ ਪੈਂਦੀ ਹੈ ਕਿ ਮੁਢਲੇ ਤੌਰ 'ਤੇ 'ਗ੍ਰਾਮਅੰਤ' ਜਾਂ 'ਗ੍ਰਾਮਅਰਧ' ਤੋਂ ਮੁਰਾਦ ਹੈ, ਗ੍ਰਾਮ ਜਾਂ ਪਿੰਡ ਦੇ ਲਾਗਲਾ ਪਿੰਡ। ਮਰਾਠੀ ਵਿਚ 'ਗਾਵਾਢੇ' ਜਾਣਾ ਦਾ ਮਤਲਬ ਹੋਵੇਗਾ ਨਾਲ ਦੇ ਪਿੰਡ ਜਾਣਾ। ਕਈ ਲੋਕਾਂ ਦੀਆਂ ਜ਼ਮੀਨਾਂ ਅਤੇ ਹੋਰ ਕਾਰੋਬਾਰ ਨਾਲ ਦੇ ਪਿੰਡ ਵਿਚ ਹੁੰਦੇ ਹਨ। 'ਨਾਲ ਦਾ ਪਿੰਡ' ਤੋਂ ਹੀ ਇਸ ਦਾ ਭਾਵ ਹੋਰ ਵਿਸਤਾਰ ਲੈ ਕੇ 'ਆਪਣੇ ਘਰ ਦੇ ਨਾਲ ਦੇ ਘਰ' ਅਰਥਾਤ ਪੜੋਸ ਵੀ ਹੋ ਗਿਆ। ਪਹਿਲਾਂ ਮੈਂ ਇਸ ਨੂੰ ਪਿੰਡ ਦੇ ਭਾਗ ਜਾਂ ਖੇਤਰ ਵਜੋਂ ਹੀ ਲਿਆ ਸੀ ਜਿਸ ਦਾ ਅਰਥ ਸੁੰਗੜ ਕੇ ਪੜੋਸੀ ਦੇ ਭਾਵ ਦੇਣ ਲੱਗ ਪਿਆ। ਗ.ਸ. ਰਿਆਲ ਨੇ ਵੀ ਇਸ ਦਾ ਅਰਥ ਪਿੰਡ ਦੇ ਭਾਗ ਵਜੋਂ ਹੀ ਕੀਤਾ ਹੈ ਪਰ ਅਸਲ ਵਿਚ ਇਹ ਪਿੰਡ ਦੇ ਨਾਲ ਲਗਦਾ ਖੇਤਰ ਹੈ। ਕੁਝ ਵੀ ਹੋਵੇ, ਅਰਧ ਸ਼ਬਦ ਦਾ ਅਰਥ ਭਾਗ, ਖੇਤਰ, ਇਲਾਕਾ, ਦੇਸ਼ ਆਦਿ ਹੈ ਤੇ ਇਹ ਤੱਥ ਸੰਸਕ੍ਰਿਤ ਤੇ ਹਿੰਦੀ ਕੋਸ਼ਾਂ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ। ਸ਼ਬਦਾਂ ਦੇ ਅਰਥਾਂ ਦਾ ਸੰਕੋਚ ਤੇ ਵਿਸਥਾਰ ਤਾਂ ਆਮ ਵਰਤਾਰਾ ਹੈ, ਸ਼ਬਦਾਂ ਦੀ ਅਰਥ ਸਮਰਥਾ ਇਸੇ ਤਰ੍ਹਾਂ ਵਧਦੀ ਹੈ। ਸਮਝ ਨਹੀਂ ਲਗਦੀ ਸ਼ਬਦ ਅਧਿਐਨ ਵਿਚ ਜੁਟੇ ਲੰਗੜੋਆ ਜੀ ਇਸ ਗੱਲ ਵੱਲ ਕਿਉਂ ਨਹੀਂ ਧਿਆਨ ਦਿੰਦੇ। ਮੈਂ ਕੁਝ ਹੋਰ ਸ਼ਬਦਾਂ ਜਿਵੇਂ 'ਸਿਕਦਾਰ' ਅਤੇ ਅੰਗਰੇਜ਼ੀ 'ਪਾਰਟਸ' ਦੀਆਂ ਮਿਸਾਲਾਂ ਦੇ ਕੇ ਸਮਾਨਅੰਤਰ ਅਰਥ-ਵਿਕਾਸ ਦਰਸਾਉਣ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਨੂੰ ਦੁਹਰਾਉਣ ਦੀ ਲੋੜ ਨਹੀਂ। ਅੰਗਰੇਜ਼ੀ 'ਕੰਟਰੀ' ਸ਼ਬਦ ਦਾ ਅਰਥ ਪੇਂਡੂ ਇਲਾਕਾ ਵੀ ਹੈ ਤੇ ਦੇਸ਼ ਵੀ। ਲਾਤੀਨੀ ਸ਼ਬਦ Terra Contrata ਤੋਂ ਬਣੇ ਇਸ ਸ਼ਬਦ ਦਾ ਮੁਢਲਾ ਅਰਥ ਸੀ 'ਸਾਹਮਣੇ ਪਸਰੀ ਜ਼ਮੀਨ'। ਅੰਗਰੇਜ਼ੀ ਸਿਟੀਜ਼ਨ ਪਹਿਲਾਂ ਸ਼ਹਿਰ ਦਾ ਵਾਸੀ ਹੁੰਦਾ ਸੀ ਹੁਣ ਦੇਸ਼ ਦਾ ਵਾਸੀ ਵੀ ਸਿਟੀਜ਼ਨ ਹੀ ਹੈ। ਅਸੀਂ ਇਸ ਤੋਂ ਅਨੁਵਾਦੇ ਸ਼ਬਦ 'ਸ਼ਹਿਰੀ' ਅਤੇ 'ਨਾਗਰਿਕ' ਤੋਂ ਵੀ ਦੋਵੇਂ ਅਰਥ ਲੈਣੇ ਸ਼ੁਰੂ ਕਰ ਦਿੱਤੇ।

ਹਰ ਸ਼ਬਦ ਵਿਭਿੰਨ ਕਾਲਖੰਡਾਂ ਅਤੇ ਭੂਖੰਡਾਂ 'ਚ ਗੁਜ਼ਰਦਾ ਸਮੇਂ ਸਥਾਨ ਦੀਆਂ ਧੁਨੀਆਂ ਨਾਲ ਲਬਰੇਜ਼ ਹੁੰਦਾ ਕਈ ਤਰਾਂ ਦੇ ਅਰਥ ਗ੍ਰਹਿਣ ਕਰਦਾ ਤੇ ਤਿਆਗਦਾ ਹੈ। ਵਿਭਿੰਨ ਸ਼ਬਦਾਂ ਦੀਆਂ ਸਮਾਨ ਧੁਨੀਆਂ ਦਾ ਅਵਲੋਕਨ ਕਰਕੇ ਹੀ ਉਨ੍ਹਾਂ ਦੇ ਅੰਤਰਮੁਖੀ ਢੰਗ ਨਾਲ ਸਮਾਨ ਅਰਥ ਢੂੰਡੀ ਜਾਣਾ ਨਿਰੁਕਤਕਾਰੀ ਨਹੀਂ ਹੈ। ਕੋਈ ਨਿਰਣਾ ਲੈਣ ਤੋਂ ਪਹਿਲਾਂ ਸ਼ਬਦਾਂ ਜਾਂ ਧੁਨੀ ਖੰਡਾਂ ਦਾ ਇਤਿਹਾਸ ਫੋਲਣਾ ਹੁੰਦਾ ਹੈ, ਹੋਰ ਭਾਸ਼ਾਵਾਂ ਨਾਲ ਜੋੜ ਬਿਠਾਉਣਾ ਹੁੰਦਾ ਹੈ ਤੇ ਜਾਣਨਾ ਹੁੰਦਾ ਹੈ ਕਿ ਹੋਰ ਪ੍ਰਮੁੱਖ ਨਿਰੁੱਕਤਕਾਰਾਂ ਨੇ ਕੀ ਕਿਹਾ ਹੈ।

ਲੰਗੜੋਆ ਅਨੁਸਾਰ 'ਆਂਢ ਗੁਆਂਢ' ਸ਼ਬਦ ਸੰਸਕ੍ਰਿਤ ਦਾ ਨਹੀਂ ਸਗੋਂ ਸਾਡੀਆਂ ਦੇਸੀ ਭਾਸ਼ਾਵਾਂ ਨੇ ਈਜਾਦ ਕੀਤਾ ਹੈ। ਮੈਂ ਸ਼ਬਦਾਂ ਦੀ ਦੇਸੀ ਘਾੜਤ ਤੋਂ ਇਨਕਾਰੀ ਨਹੀਂ ਪਰ ਮੇਰੀ ਜਾਚੇ ਗੁਆਂਢ ਸ਼ਬਦ ਦੇਸੀ ਅਸਲੇ ਵਾਲਾ ਨਹੀਂ। ਇਹ ਵੀ ਸਪੱਸ਼ਟ ਕਰ ਦੇਵਾਂ ਕਿ ਸ਼ਬਦ ਦਾ ਮੁਢਲਾ ਰੂਪ 'ਗਵਾਂਢ' ਹੈ ਨਾ ਕਿ 'ਗੁਆਂਢ', ਇਸ ਦੇ ਵਿਗ੍ਰਹਿ ਤੋਂ ਏਹੀ ਸਾਬਤ ਹੁੰਦਾ ਹੈ। ਜਿਵੇਂ ਸਵਾਧੀਨ ਤੋਂ ਸੁਆਧੀਨ, ਸੰਵਾਰਨਾ ਤੋਂ ਸੁਆਰਨਾ, ਸਵਾਦ ਤੋਂ ਸੁਆਦ ਬਣੇ ਇਸੇ ਤਰ੍ਹਾਂ ਗਵਾਂਢ ਤੋਂ ਗੁਆਂਢ। ਲੰਗੜੋਆ ਸਾਹਿਬ ਫੁਰਮਾਉਂਦੇ ਹਨ ਕਿ ਗੁਆਂਢ ਸ਼ਬਦ ਆਂਢ ਸ਼ਬਦ ਤੋਂ ਬਣਿਆ ਹੈ ਜਿਸ ਦੇ ਕੋਸ਼ਗਤ ਅਰਥ ਹਨ ਗੰਢ, ਗਿਰ੍ਹਾ, ਮੇਲ। ਮਤਲਬ ਆਂਢ ਸ਼ਬਦ ਦੇ ਮੇਲ ਵਾਲੇ ਭਾਵ ਤੋਂ ਦੋ ਚੀਜ਼ਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਮੇਲ ਕਰਾਉਣਾ। ਗੁਆਂਢ ਇਹੋ ਹੁੰਦਾ ਹੈ, ਨੇੜੇ ਰਹਿਣ ਵਾਲਾ। ਦਿਲਚਸਪ ਗੱਲ ਹੈ ਕਿ ਉਨ੍ਹਾਂ ਆਂਢ ਦਾ ਇਹ ਅਰਥ ਤਾਂ ਦੱਸ ਦਿੱਤਾ ਪਰ ਚਰਚਾ ਤਾਂ ਗਵਾਂਢ/ਗੁਆਂਢ ਸ਼ਬਦ ਦੀ ਹੋ ਰਹੀ ਹੈ, ਇਸ ਵਿਚਲੇ ਮੁਢਲੇ ਅੰਸ਼ ਗਵਾਂ/ਗੁਆਂ ਦੀ ਕੀ ਵਿਆਖਿਆ ਹੈ? ਇਹ 'ਧੁਨੀ' ਕਾਸ ਦੀ ਸੂਚਕ ਹੈ? ਮੇਰੀ ਜਾਚੇ ਅਸਲ ਸ਼ਬਦ 'ਗਵਾਂਢ' ਹੈ ਤੇ ਉਸ ਦੇ ਮੂਹਰੇ ਲੱਗਾ 'ਆਂਢ' ਤਥਾਕਥਿਤ ਨਿਰਾਰਥਕ ਸ਼ਬਦ ਹੈ ਜਿਵੇਂ 'ਅਤਾ ਪਤਾ' ਵਿਚਲਾ ਅਤਾ। ਉਂਜ ਮੈਂ ਇਸ ਗੱਲੋਂ ਸੁਚੇਤ ਹਾਂ ਕਿ ਬਹੁਤ ਸਾਰੇ ਨਿਰਾਰਥਕ ਸਮਝੇ ਜਾਂਦੇ ਸ਼ਬਦ ਵੀ ਸਾਰਥਕ ਹੁੰਦੇ ਹਨ ਤੇ ਆਂਢ ਇਸ ਕੋਟੀ ਦਾ ਹੋ ਸਕਦਾ ਹੈ। ਲੰਗੜੋਆ ਸਾਹਿਬ ਵਲੋਂ ਆਂਢ ਸ਼ਬਦ ਤੇ ਉਨ੍ਹਾਂ ਅਨੁਸਾਰ ਇਸ ਧੁਨੀ ਤੋਂ ਬਣੇ ਹੋਰ ਸ਼ਬਦ ਜਿਵੇਂ ਆਢਾ, ਆਂਟ, ਸਾਂਢਾ, ਆੜ ਬਾਰੇ ਇਨ੍ਹਾਂ ਪੰਨਿਆਂ ਵਿਚ ਸਮੇਂ ਸਮੇਂ ਸਿਰ ਚਰਚਾ ਕਰਕੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਹ ਇੱਕ ਦੂਜੇ ਦੇ ਕਿੰਨੇ ਕੁ ਸਕੇ ਹਨ ਤੇ ਕਿੰਨੇ ਕੁ ਬਿਗਾਨੇ। ਵਾਰਸ ਸ਼ਾਹ ਦੀ ਸਹਾਇਤਾ ਨਾਲ ਕਿਰਕਰਾ ਹੋਇਆ ਮਜ਼ਾ ਠੀਕ ਕਰ ਲਈਏ:

ਬੁੱਕਲ ਲੇਫ ਦੀ ਤੇ ਜੱਫੀ ਵਹੁਟੀਆਂ ਦੀ,
ਇਹ ਰੁਤ ਸਿਆਲ ਦਾ ਭੋਗ ਹੈ ਨੀ।
ਸੌਂਕਣ ਰੰਨ ਗਵਾਂਢ ਕੁਪੱਤਿਆਂ ਦਾ,
ਭਲੇ ਮਰਦ ਦੇ ਬਾਬ ਦਾ ਰੋਗ ਹੈ ਨੀ।

# ਗੁਰੂ ਨਾਨਕ ਦਰਬਾਰ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ

ਸਿੱਖ ਇਤਿਹਾਸ ਵਿਚ ਪ੍ਰਥਮ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਭਾਈ ਮਰਦਾਨੇ ਦਾ ਨਾਂ ਵੀ ਬਹੁਤ ਅਦਬ ਨਾਲ ਲਿਆ ਜਾਂਦਾ ਹੈ। ਲੋਕਾਈ ਨੂੰ ਸੋਧਣ ਹਿੱਤ ਜਦੋਂ ਬਾਬਾ ਨਾਨਕ ਉਦਾਸੀਆਂ 'ਤੇ ਨਿਕਲੇ ਤਾਂ ਰੋਜ ਕਈ ਕਈ ਕੋਹ ਬਿਖਰੇ ਪੈਂਡਿਆਂ ਦੇ ਸਫਰ ਦੌਰਾਨ ਭਾਈ ਮਰਦਾਨਾ ਉਨ੍ਹਾਂ ਦੇ ਨਾਲ ਹੀ ਰਹਿੰਦੇ।

ਰਮੇਸ਼ ਬੱਗਾ ਚੋਹਲਾ
ਫੋਨ: 91-94631-32719

ਭਾਈ ਮਰਦਾਨਾ, ਜਿਨ੍ਹਾਂ ਦਾ ਪਹਿਲਾ ਨਾਮ ਭਾਈ ਦਾਨਾ ਸੀ, ਦਾ ਜਨਮ 6 ਫਰਵਰੀ 1459 ਈ. ਨੂੰ ਪਿੰਡ ਰਾਏ ਭੋਏ ਦੀ ਤਲਵੰਡੀ ਦੇ ਵਾਸੀ ਮਿਰਾਸੀ ਮੀਰ ਬਾਦਰੇ ਤੇ ਮਾਤਾ ਲੱਖੋ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਗੁਰੂ ਨਾਨਕ ਪਾਤਿਸ਼ਾਹ ਤੋਂ ਕਰੀਬ 10 ਸਾਲ ਵੱਡੇ ਸਨ। ਮਿਰਾਸੀਆਂ ਦੇ ਘਰ ਦੀ ਪੈਦਾਇਸ਼ ਹੋਣ ਕਰਕੇ ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ। ਭਾਈ ਮਰਦਾਨਾ ਦੀ ਜੋਟੀ ਗੁਰੂ ਨਾਨਕ ਦੇਵ ਜੀ ਨਾਲ ਛੋਟੀ ਉਮਰੇ ਹੀ ਪੈ ਗਈ ਸੀ ਜੋ ਗੁਰੂ ਸਾਹਿਬ ਵੱਲੋਂ ਮਿਲੇ ਰੱਜਵੇਂ ਪਿਆਰ ਅਤੇ ਸਤਿਕਾਰ ਕਾਰਨ ਆਖਰੀ ਦਮ ਤੱਕ ਨਿਭੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ' ਦੇ ਭਰਾਤਰੀ ਭਾਵ ਅਤੇ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲੀ ਵਿਚਾਰਧਾਰਾ ਦੀ ਤਰਜਮਾਨੀ ਕਰਦੀ ਹੈ, ਉਥੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖਸ਼ਦੀ ਹੈ। ਭਾਈ ਸਾਹਿਬ ਜਿੱਥੇ ਉਚ ਕੋਟੀ ਦੇ ਸੰਗੀਤਕਾਰ ਸਨ, ਉਥੇ ਗੁਰੂ ਸਾਹਿਬ ਦੇ ਸੱਚੇ ਤੇ ਪੱਕੇ ਮਿੱਤਰ ਵੀ ਸਨ। ਸੁੱਖ-ਦੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ, ਜਿਨ੍ਹਾਂ ਨੂੰ ਗੁਰੂ ਜੀ ਤੋਂ ਕੁੱਝ ਵਿਸ਼ੇਸ਼ ਹੱਕ ਵੀ ਹਾਸਲ ਸਨ। ਇਨ੍ਹਾਂ ਹੱਕਾਂ ਦੀ ਵਰਤੋਂ ਉਹ ਗੁਰੂ ਨਾਨਕ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਰਦੇ। ਭਾਈ ਸਾਹਿਬ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ ਜਿਨ੍ਹਾਂ ਵਿਚ ਭਾਈ ਨੀਰੂ ਦਾ ਨਾਮ ਜ਼ਿਕਰਯੋਗ ਹੈ।

ਭਾਈ ਮਰਦਾਨਾ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਸਾਹਿਬ ਦਾ ਕਰੀਬ ਛੇ ਦਹਾਕੇ ਲੰਮਾ ਸਾਥ ਮਿਲਿਆ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ਼-ਵਿਦੇਸ਼ ਦਾ ਲੱਗਭਗ 40,000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫਰ ਤੈਅ ਕੀਤਾ। ਇਸ ਸਫਰ ਦੌਰਾਨ ਜਦੋਂ ਬਾਬੇ ਨਾਨਕ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ



ਤਾਂ ਉਹ ਭਾਈ ਸਾਹਿਬ ਨੂੰ ਆਖਦੇ, "ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ।" ਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ।

ਜਿਥੇ ਭਾਈ ਮਰਦਾਨੇ ਨੂੰ ਗੁਰੂ ਸਾਹਿਬ ਦੀ ਬਾਣੀ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ ਹਾਸਲ ਹੈ, ਉਥੇ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਮਾਣ ਵੀ ਹੈ। ਇਹ ਮਾਣ-ਸਤਿਕਾਰ ਭਾਈ ਮਰਦਾਨੇ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਉਨ੍ਹਾਂ ਦੀਆਂ ਕਈ ਪੀੜ੍ਹੀਆਂ ਤੱਕ ਬਣਿਆ ਰਿਹਾ। ਪੰਜਵੀਂ ਪਾਤਿਸ਼ਾਹੀ ਗੁਰੂ ਅਰਜਨ ਦੇਵ ਅਤੇ ਛੇਵੀਂ ਪਾਤਿਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਵੀ ਇਸੇ ਹੀ ਖਾਨਦਾਨ ਤੋਂ ਸਨ। ਭਾਈ ਲਾਲ ਤੇ ਭਾਈ ਸ਼ਾਦ ਦਾ ਨਾਮਵਰ ਕੀਰਤਨੀ ਜਥਾ ਵੀ ਇਸੇ ਘਰਾਣੇ 'ਚੋਂ ਸੀ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਗੁਰੂ ਨਾਨਕ ਦੇਵ ਆਪਣੀ ਚੌਥੀ ਉਦਾਸੀ ਦੌਰਾਨ ਅਫਗਾਨਿਸਤਾਨ ਦੇ ਨਗਰ ਖੁੱਰਮ ਪਹੁੰਚੇ ਤਾਂ ਭਾਈ ਮਰਦਾਨੇ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਗੁਰੂ ਨਾਨਕ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਸਾਹਿਬ ਨੂੰ ਗਲ ਲਾਇਆ ਅਤੇ ਬਚਨ ਕੀਤਾ, "ਮਰਦਾਨਿਆ, ਜੇ ਤੇਰਾ ਚਿਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂ ਪਾਣੀ ਵਿਚ ਸੁਟ ਦਿਆਂ, ਖੱਤਰੀ ਵਾਂਗੂੰ ਸਾੜ ਦਿਆਂ, ਵੈਸ਼ ਵਾਂਗੂੰ ਹਵਾ ਵਿਚ ਉਡਾ ਦਿਆਂ ਜਾਂ ਫਿਰ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰ ਦਿਆਂ।"

ਬਾਬੇ ਦੇ ਬਚਨਾਂ ਦਾ ਜਵਾਬ ਦਿੰਦਿਆ ਭਾਈ ਮਰਦਾਨੇ ਨੇ ਕਿਹਾ, "ਵਾਹ, ਬਾਬਾ ਵਾਹ ਅਜੇ ਵੀ ਸਰੀਰਾਂ ਦੇ ਚੱਕਰਾਂ ਵਿਚ ਹੀ ਪਾਈ ਜਾਨਾਂ।" ਬਾਬਾ ਬੋਲਿਆ, "ਭਾਈ ਮਰਦਾਨਿਆ, ਜੇ ਤੂੰ ਕਹੇ ਤਾਂ ਤੇਰੀ ਸਮਾਧ ਬਣਾ ਦੇਈਏ?"

ਉਸ ਵਕਤ ਭਾਈ ਸਾਹਿਬ ਨੇ ਜੋ ਉਤਰ ਦਿੱਤਾ, ਉਹ ਬਹੁਤ ਹੀ ਭਾਵਪੂਰਤ ਸੀ, "ਬਾਬਾ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਬਾਹਰ ਆਉਣ ਲੱਗਾਂ, ਹੁਣ ਫਿਰ ਪੱਥਰਾਂ ਦੀ ਸਮਾਧ ਵਿਚ ਪਾਉਣਾ ਚਾਹੁੰਨਾਂ।"

ਬਾਬੇ ਨਾਨਕ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 12 ਨਵੰਬਰ 1534 ਈ: ਨੂੰ ਭਾਈ ਮਰਦਾਨਾ ਇਸ ਭੌਤਿਕ ਸੰਸਾਰ ਤੋਂ ਰੁਖਸਤ ਪਾ ਗਏ। ਭਾਈ ਮਰਦਾਨੇ ਨੂੰ ਗੁਰੂ ਨਾਨਕ ਨੇ ਆਪਣੀ ਹੱਥੀਂ ਦਰਿਆ ਖੁੱਰਮ ਦੇ ਕਿਨਾਰੇ ਸਪੁਰਦ-ਏ-ਖਾਕ ਕਰ ਦਿੱਤਾ, ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ।

# ਪੰਜਾਬ ਦੇ ਪਾਣੀਆਂ ਦੀ ਲੁੱਟ

***ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਪੰਜਾਬ ਦੇ ਪਾਣੀਆਂ ਦਾ ਮੁੱਦਾ ਇਕ ਵਾਰ ਫਿਰ ਭਖ ਗਿਆ ਹੈ। ਸੁਪਰੀਮ ਕੋਰਟ ਦੇ ਨਵੇਂ ਹੁਕਮਾਂ ਨਾਲ ਪੰਜਾਬ ਇਕ ਵਾਰ ਫਿਰ ਪਛੜ ਗਿਆ ਹੈ। ਹਲਕਾ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਪਾਣੀਆਂ ਬਾਰੇ ਕੁਝ ਅਹਿਮ ਤੱਥ ਆਪਣੇ ਲੇਖ 'ਪੰਜਾਬ ਦੇ ਪਾਣੀਆਂ ਦੀ ਲੁੱਟ ਦੀ ਦਾਸਤਾਨ' ਵਿਚ ਸਾਂਝੇ ਕੀਤੇ ਹਨ। ਸੱਚ ਇਹ ਹੈ ਕਿ ਪਾਣੀਆਂ ਦੇ ਮਾਮਲੇ 'ਤੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਵਿਚ ਨਾਕਾਮ ਰਹੇ ਹਨ। ਅਸਲ ਵਿਚ ਇਹ ਸੂਬੇ ਦੇ ਕੁਦਰਤੀ ਸੋਮਿਆਂ ਅਤੇ ਉਸ ਦੇ ਮਾਲਕੀ ਹੱਕਾਂ ਦਾ ਮਸਲਾ ਹੈ ਜਿਸ ਵੱਲ ਬਣਦੀ ਤਵੱਜੋ ਕਦੀ ਨਹੀਂ ਦਿੱਤੀ ਗਈ। -ਸੰਪਾਦਕ***

ਪਾਣੀਆਂ ਬਾਰੇ ਸੁਪਰੀਮ ਕੋਰਟ ਵੱਲੋਂ ਦਿੱਤੇ ਫ਼ੈਸਲੇ ਨੇ ਪੰਜਾਬ ਦੇ ਸਿਆਸੀ ਮੰਚ 'ਤੇ ਉਥਲ-ਪੁਥਲ ਮਚਾ ਦਿੱਤੀ ਹੈ। ਸਾਡੇ ਲਈ ਸਤਲੁਜ-ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਅਹਿਮ ਮੁੱਦਾ ਹੈ, ਪਰ ਇਸ ਤੋਂ ਵੀ ਕਿਤੇ ਵੱਧ ਅਹਿਮ ਤੇ ਵੱਡਾ ਮੁੱਦਾ ਪਿਛਲੇ ਛੇ ਦਹਾਕਿਆਂ ਤੋਂ ਕੇਂਦਰੀ ਸਰਕਾਰਾਂ ਦੀ ਮਿਲੀਭੁਗਤ ਨਾਲ ਹਰਿਆਣਾ, ਰਾਜਸਥਾਨ ਅਤੇ ਦਿੱਲੀ ਵੱਲੋਂ ਰਾਜਸਥਾਨ ਨਹਿਰ, ਗੰਗ ਨਹਿਰ ਅਤੇ ਭਾਖੜਾ ਨਹਿਰ ਰਾਹੀਂ ਪੰਜਾਬ ਦੇ ਲੁੱਟੇ ਗਏ ਪਾਣੀ ਅਤੇ ਬਿਜਲੀ ਦਾ ਮਸਲਾ ਹੈ। ਇਹ ਸੂਬੇ ਦੇ ਕੁਦਰਤੀ ਸੋਮਿਆਂ ਤੇ ਉਨ੍ਹਾਂ ਦੇ ਮਾਲਕੀ ਹੱਕਾਂ ਦਾ ਮਸਲਾ ਹੈ, ਇਹ ਸੰਘਵਾਦ ਅਤੇ ਰਾਜਾਂ ਨੂੰ ਵੱਧ ਅਧਿਕਾਰਾਂ ਦਾ ਮਸਲਾ ਹੈ।

ਦਰਿਆਈ ਪਾਣੀਆਂ ਬਾਰੇ ਕੇਂਦਰ ਸਰਕਾਰ ਨੇ ਸ਼ੁਰੂ ਤੋਂ ਹੀ ਪੰਜਾਬ ਨਾਲ ਧੱਕਾ ਕੀਤਾ ਹੈ। ਪੰਜਾਬ ਦੇ ਕੁਦਰਤੀ ਸੋਮਿਆਂ (ਦਰਿਆਵਾਂ) ਦੇ ਪਾਣੀ ਵਿਚੋਂ ਧੱਕੇ ਨਾਲ ਬਿਨਾ ਕੋਈ ਮੁੱਲ ਦਿੱਤੇ ਮੁਫ਼ਤ ਵਿਚ ਗ਼ੈਰ-ਰਿਪੇਰੀਅਨ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਅਤੇ ਬਿਜਲੀ ਦੇ ਕੇ ਇੱਕ ਪਾਸੇ ਪੰਜਾਬ ਨੂੰ ਆਰਥਿਕ ਪੱਖੋਂ ਕੰਗਾਲ ਕੀਤਾ ਹੈ, ਦੂਜੇ ਪਾਸੇ ਪੰਜਾਬ ਦੇ ਕਿਸਾਨਾਂ ਨੂੰ ਟਿਊਬਵੈਲਾਂ 'ਤੇ ਨਿਰਭਰ ਬਣਾ ਕੇ ਕਰਜ਼ਈ ਬਣਾਇਆ ਹੈ।



ਸਿੱਟੇ ਵਜੋਂ ਉਹ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਟਿਊਬਵੈਲਾਂ 'ਤੇ ਨਿਰਭਰਤਾ ਵਧਣ ਕਾਰਨ ਧਰਤੀ ਹੇਠਲਾ ਪਾਣੀ ਤੇਜ਼ੀ

**ਡਾ. ਧਰਮਵੀਰ ਗਾਂਧੀ**
**ਫੋਨ: +91-90138-69336**

ਨਾਲ ਹੇਠਾਂ ਜਾ ਰਿਹਾ ਹੈ ਤੇ ਲਗਪਗ ਤਿੰਨ-ਚੌਥਾਈ ਪੰਜਾਬ ਡਾਰਕ ਜ਼ੋਨ ਵਿਚ ਆ ਗਿਆ ਹੈ। ਨਾਸਾ ਦੀ ਰਿਪੋਰਟ ਮੁਤਾਬਿਕ ਅਗਲੇ ਪੰਦਰਾਂ ਕੁ ਸਾਲਾਂ ਵਿਚ ਹੀ ਪੰਜਾਬ ਬੰਜਰ ਮਾਰੂਥਲ ਬਣ ਜਾਵੇਗਾ ਅਤੇ ਸੂਬੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਪੰਜਾਬ ਵਿਚੋਂ ਹਿਜਰਤ ਕਰਨੀ ਪੈ ਸਕਦੀ ਹੈ।

ਦਰਿਆਈ ਪਾਣੀਆਂ ਦੇ ਮਾਮਲੇ ਵਿਚ ਰਿਪੇਰੀਅਨ ਹੱਕ ਦਾ ਮਤਲਬ ਹੈ ਕਿ ਪਾਣੀ ਜਿਸ ਜ਼ਮੀਨ ਵਿਚੋਂ ਕੁਦਰਤੀ ਤੌਰ 'ਤੇ ਵਹਿੰਦਾ ਹੈ, ਉਸ ਦੀ ਵਰਤੋਂ ਕਰਨ ਦਾ ਅਧਿਕਾਰ ਉਸ ਜ਼ਮੀਨ ਦੇ ਮਾਲਕਾਂ ਦਾ ਹੈ। ਨਰਮਦਾ ਦਰਿਆ ਦੇ ਪਾਣੀਆਂ 'ਤੇ ਰਾਜਸਥਾਨ ਵੱਲੋਂ ਜਤਾਏ ਗਏ ਹੱਕ ਨੂੰ ਨਰਮਦਾ ਵਾਟਰ ਡਿਸਪਿਊਟ ਟ੍ਰਿਬਿਊਨਲ ਨੇ ਰੱਦ ਕਰਦਿਆਂ ਫੈਸਲਾ ਸੁਣਾਇਆ ਸੀ ਕਿ ਰਾਜਸਥਾਨ ਵਿਚੋਂ ਨਰਮਦਾ ਦਰਿਆ ਦਾ ਕੋਈ ਹਿੱਸਾ ਲੰਘਦਾ ਨਾ ਹੋਣ ਕਾਰਨ ਰਾਜਸਥਾਨ ਇਸ ਦਰਿਆ ਦਾ ਗ਼ੈਰ-ਰਿਪੇਰੀਅਨ ਸੂਬਾ ਹੈ ਤੇ ਇਸ ਲਈ ਉਸ ਦਾ ਨਰਮਦਾ ਦਰਿਆ ਵਿਚੋਂ ਪਾਣੀ ਲੈਣ ਦਾ ਵੀ ਹੱਕ ਨਹੀਂ ਬਣਦਾ। ਸਤਲੁਜ, ਬਿਆਸ ਅਤੇ ਰਾਵੀ ਦਰਿਆ ਕਿਧਰੇ ਵੀ ਰਾਜਸਥਾਨ, ਹਰਿਆਣਾ ਜਾਂ ਦਿੱਲੀ ਵਿਚ ਨਹੀਂ ਵਹਿੰਦੇ ਅਤੇ ਇਹ ਇਨ੍ਹਾਂ ਦਰਿਆਵਾਂ ਦੇ ਰਿਪੇਰੀਅਨ ਸੂਬੇ ਨਹੀਂ ਬਣਦੇ।

ਦੋ ਮਿਸਾਲਾਂ ਹਨ, ਜਦੋਂ ਗ਼ੈਰ-ਰਿਪੇਰੀਅਨ ਗੁਆਂਢੀ ਸੂਬਿਆਂ ਨੇ ਪੰਜਾਬ ਨੂੰ ਮੁੱਲ ਤਾਰ ਕੇ ਪਾਣੀ ਲਿਆ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਜਦੋਂ ਬੀਕਾਨੇਰ ਰਿਆਸਤ ਨੂੰ ਗੰਗ ਨਹਿਰ ਰਾਹੀਂ ਪਾਣੀ ਦਿੱਤਾ ਗਿਆ ਤਾਂ ਬੀਕਾਨੇਰ ਰਿਆਸਤ ਪੰਜਾਬ ਨੂੰ ਪਾਣੀ ਦਾ ਸਾਲਾਨਾ ਮੁੱਲ ਤਾਰਦਾ ਰਿਹਾ। ਉਸ ਤੋਂ ਪਹਿਲਾਂ ਜਦੋਂ ਮਹਾਰਾਜਾ ਪਟਿਆਲਾ ਦੇ ਕਹਿਣ 'ਤੇ 1873 ਵਿਚ ਸਰਹਿੰਦ ਨਹਿਰ ਕੱਢੀ ਗਈ ਤਾਂ ਪਟਿਆਲਾ, ਨਾਭਾ, ਜੀਂਦ ਤੇ ਮਲੇਰਕੋਟਲਾ ਰਿਆਸਤਾਂ ਨੂੰ ਪਾਣੀ ਮੁੱਲ ਦਿੱਤਾ ਗਿਆ ਸੀ। ਸਵਾਲ ਉਠਦਾ ਹੈ ਕਿ ਰਾਜਸਥਾਨ, ਹਰਿਆਣਾ ਤੇ ਦਿੱਲੀ ਕਿਵੇਂ ਰਿਪੇਰੀਅਨ ਹੋ ਗਏ ਜੋ ਭੂਗੋਲਿਕ ਪੱਖੋਂ ਇਨ੍ਹਾਂ ਰਿਆਸਤਾਂ ਤੋਂ ਅਗਾਂਹ ਲੰਘ ਕੇ ਪੈਂਦੇ ਹਨ।

ਆਜ਼ਾਦੀ ਪਿਛੋਂ ਪਹਿਲਾਂ ਜਵਾਹਰ ਲਾਲ ਨਹਿਰੂ ਨੇ ਪੰਜਾਬ ਤੋਂ ਬਿਨਾ ਪੁੱਛੇ ਅਤੇ ਬਿਨਾ ਕਿਸੇ ਰਾਇਲਟੀ ਜਾਂ ਮੁਆਵਜ਼ੇ ਦੇ ਸਤਲੁਜ ਅਤੇ ਬਿਆਸ ਦਰਿਆ ਨੂੰ ਆਪਸ ਵਿਚ ਜੋੜ ਕੇ ਨੰਗਲ ਡੈਮ ਤੋਂ ਭਾਖੜਾ ਨਹਿਰ ਰਾਹੀਂ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦਿੱਤਾ। ਪੰਜਾਬ ਤੇ ਹਰਿਆਣਾ ਦੀ ਵੰਡ ਤੋਂ ਬਾਅਦ ਇਸ ਨਹਿਰੀ ਸਿਸਟਮ ਦਾ 75 ਫੀਸਦੀ ਤੋਂ ਵੀ ਵੱਧ ਪਾਣੀ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਜਾ ਰਿਹਾ ਹੈ। ਫਿਰ ਪਾਕਿਸਤਾਨ ਨਾਲ ਸਤਲੁਜ-ਬਿਆਸ ਦੇ ਪਾਣੀਆਂ ਦੇ ਝਗੜੇ ਦੇ ਚਲਦਿਆਂ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਹੁਸੈਨੀਵਾਲਾ ਹੈਡ ਵਰਕਸ ਦੀ ਥਾਂ 'ਤੇ 1950 ਵਿਚ ਜਦੋਂ ਹਰੀਕੇ ਹੈਡ ਵਰਕਸ ਬਣਾਉਣ ਦਾ ਫੈਸਲਾ ਕੀਤਾ ਤਾਂ ਕੇਂਦਰ ਨੇ 1955 ਵਿਚ ਹਰੀਕੇ ਹੈਡ ਵਰਕਸ ਤੋਂ 18,500 ਕਿਊਸਕ ਦੀ ਰਾਜਸਥਾਨ ਨਹਿਰ ਕੱਢ ਕੇ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਦਾ ਪਾਣੀ ਮੁਫਤ ਵਿਚ ਰਾਜਸਥਾਨ ਨੂੰ ਦੇ ਦਿੱਤਾ। ਇਸ ਤੋਂ ਇਲਾਵਾ ਗੰਗ ਕੈਨਾਲ ਤੇ ਭਾਖੜਾ ਕੈਨਾਲ ਰਾਹੀਂ ਵੀ ਰਾਜਸਥਾਨ ਨੂੰ ਪਾਣੀ ਜਾ ਰਿਹਾ ਹੈ ਅਤੇ ਭਾਖੜਾ ਨਹਿਰੀ ਸਿਸਟਮ ਰਾਹੀਂ ਹਰਿਆਣਾ ਅਤੇ ਦਿੱਲੀ ਨੂੰ ਪਾਣੀ ਜਾ ਰਿਹਾ ਹੈ। ਸੈਂਟਰਲ ਵਾਟਰ ਐਂਡ ਪਾਵਰ ਕਮਿਸ਼ਨ ਨੇ ਮਾਧੋਪੁਰ ਹੈਡ ਵਰਕਸ ਦੇ ਲੋਹੇ ਦੇ ਗੇਟ ਪੁਰਾਣੇ ਹੋਣ ਕਾਰਨ ਅਨੁਮਾਨ ਲਗਾਇਆ ਸੀ ਕਿ ਰੋਜ਼ਾਨਾ 100 ਕਿਊਸਕ ਪਾਣੀ ਇਨ੍ਹਾਂ ਗੇਟਾਂ ਵਿਚੋਂ ਲੀਕ ਹੋ ਕੇ ਪਾਕਿਸਤਾਨ ਨੂੰ ਜਾ ਰਿਹਾ ਹੈ ਅਤੇ 100 ਕਿਊਸਕ ਪਾਣੀ ਦੀ ਕੀਮਤ 100 ਕਰੋੜ ਰੁਪਏ ਸਾਲਾਨਾ ਅਨੁਮਾਨੀ ਗਈ ਸੀ। ਇਸ ਦਰ ਨਾਲ ਪਿਛਲੇ 50 ਸਾਲਾਂ ਵਿਚ ਰਾਜਸਥਾਨ ਨਹਿਰ, ਸਰਹਿੰਦ ਫੀਡਰ, ਗੰਗ ਨਹਿਰ ਅਤੇ ਭਾਖੜਾ ਦੀਆਂ ਦੋ ਨਹਿਰਾਂ ਰਾਹੀਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਹਰ ਸਾਲ ਲਗਭਗ 22,000 ਕਰੋੜ ਰੁਪਏ ਦਾ ਪਾਣੀ ਪੰਜਾਬ ਤੋਂ ਮੁਫ਼ਤ ਵਿਚ ਜਾ ਰਿਹਾ ਹੈ, ਇਸ ਹਿਸਾਬ ਨਾਲ ਇਸ ਦੀ ਕੁੱਲ ਕੀਮਤ ਪੰਦਰਾਂ ਲੱਖ ਕਰੋੜ ਰੁਪਏ ਤੋਂ ਵੱਧ ਬਣਦੀ ਹੈ ਜੋ ਸਿੱਧੇ ਰੂਪ ਵਿਚ ਪੰਜਾਬ ਦੇ ਖਜ਼ਾਨੇ ਦੀ ਅੰਨ੍ਹੀ ਲੁੱਟ ਹੈ। ਦੂਜੇ, ਪੰਜਾਬ ਸਰਕਾਰ ਹਰ ਸਾਲ ਕਿਸਾਨਾਂ ਨੂੰ ਮੁਫਤ ਬਿਜਲੀ 'ਤੇ ਲਗਭਗ 7000 ਕਰੋੜ ਰੁਪਏ ਖਰਚ ਕਰ ਰਹੀ ਹੈ। ਇਸ ਤੋਂ ਇਲਾਵਾਂ ਕਿਸਾਨਾਂ ਨੂੰ ਆਪਣੇ ਟਿਊਬਵੈਲ ਚਲਾਉਣ ਲਈ ਹਜ਼ਾਰਾਂ ਕਰੋੜ ਰੁਪਏ ਡੀਜ਼ਲ 'ਤੇ ਖਰਚਣੇ ਪੈ ਰਹੇ ਹਨ ਅਤੇ ਧਰਤੀ ਵਿਚੋਂ ਜ਼ਿਆਦਾ ਪਾਣੀ ਕੱਢਣ ਨਾਲ ਹਜ਼ਾਰਾਂ ਕਰੋੜ ਰੁਪਏ ਬੋਰ ਡੂੰਘੇ ਕਰਵਾਉਣ 'ਤੇ ਖਰਚਣੇ ਪੈ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ 1969-70 ਵਿਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਨਹਿਰਾਂ ਰਾਹੀਂ ਸਿੰਜੇ ਜਾਂਦੇ ਕੁੱਲ 30 ਲੱਖ ਹੈਕਟੇਅਰ ਰਕਬੇ ਵਿਚੋਂ 13 ਲੱਖ ਹੈਕਟੇਅਰ ਰਕਬਾ ਭਾਵ 43.4 ਫੀਸਦੀ ਰਕਬਾ ਪੰਜਾਬ ਦਾ ਸੀ ਜੋ ਸਾਲ 2010-11 ਵਿਚ ਘਟ ਕੇ ਮਹਿਜ਼ 11 ਲੱਖ ਹੈਕਟੇਅਰ ਰਹਿ ਗਿਆ ਜੋ ਨਹਿਰਾਂ ਰਾਹੀਂ ਸਿੰਜੇ ਜਾਂਦੇ ਰਕਬੇ ਦਾ ਕੇਵਲ 28 ਫੀਸਦੀ ਬਣਦਾ ਹੈ। ਦੂਜੇ ਪਾਸੇ ਸਾਲ 1969-70 ਵਿਚ ਹਰਿਆਣਾ ਤੇ ਰਾਜਸਥਾਨ-ਦੋਹਾਂ ਸੂਬਿਆਂ ਦਾ 17 ਲੱਖ ਹੈਕਟੇਅਰ ਰਕਬਾ ਨਹਿਰੀ ਸਿੰਜਾਈ ਅਧੀਨ ਸੀ ਜੋ ਤਿੰਨਾਂ ਰਾਜਾਂ ਦੇ ਨਹਿਰੀ ਸਿੰਜਾਈ ਅਧੀਨ ਕੁੱਲ ਰਕਬੇ ਦਾ 56.7 ਫੀਸਦੀ ਬਣਦਾ ਸੀ ਜੋ 2010-11 ਵਿਚ ਵਧ ਕੇ 28.65 ਲੱਖ ਹੈਕਟੇਅਰ ਹੋ ਗਿਆ ਜੋ ਨਹਿਰੀ ਸਿੰਜਾਈ ਅਧੀਨ ਕੁੱਲ ਰਕਬੇ ਦਾ 72 ਫੀਸਦੀ ਹੋ ਗਿਆ। ਬੜੀ ਅਜੀਬ ਗੱਲ ਹੈ ਕਿ ਇੱਕ ਰਿਪੇਰੀਅਨ ਸੂਬੇ ਦਾ ਨਹਿਰੀ ਸਿੰਜਾਈ ਅਧੀਨ ਦੋ ਲੱਖ ਹੈਕਟੇਅਰ ਤੋਂ ਵੱਧ ਰਕਬਾ ਘਟ ਗਿਆ ਜਦੋਂਕਿ ਗੈਰ-ਰਿਪੇਰੀਅਨ ਗੁਆਂਢੀ ਸੂਬਿਆਂ ਦਾ ਸਾਢੇ ਗਿਆਰਾਂ ਲੱਖ ਹੈਕਟੇਅਰ ਤੋਂ ਵੱਧ ਰਕਬਾ ਵਧ ਗਿਆ, ਉਹ ਵੀ ਬਿਨਾ ਕੋਈ ਮੁੱਲ ਤਾਰਿਆਂ।

ਪੰਜਾਬ ਦੇ ਪਾਣੀਆਂ ਦੀ ਇਸ ਲੁੱਟ ਦੀ ਪੰਜਾਬ ਨੂੰ ਚਹੁੰ ਤਰਫੀ ਮਾਰ ਪਈ ਹੈ। ਪਹਿਲੀ ਗੱਲ, ਪੰਜਾਬ ਦਾ ਪਾਣੀ ਬਿਨਾ ਕਿਸੇ ਰਾਇਲਟੀ ਤੋਂ ਲੁੱਟ ਕੇ ਪੰਜਾਬ ਨੂੰ ਆਰਥਿਕ ਪੱਖੋਂ ਲਗਭਗ ਪੰਦਰਾਂ ਲੱਖ ਕਰੋੜ ਰੁਪਏ ਦੀ ਮਾਰ ਪਈ ਹੈ। ਦੂਜੀ ਗੱਲ, ਇਸ ਨਾਲ ਪੰਜਾਬ ਦੇ ਕਿਸਾਨਾਂ ਦੀ ਟਿਊਬਵੈਲਾਂ 'ਤੇ ਨਿਰਭਰਤਾ ਵਧੀ ਹੈ ਤੇ ਹਰ ਸਾਲ ਟਿਊਬਵੈਲਾਂ ਨੂੰ ਅਰਬਾਂ ਰੁਪਏ ਦੀ ਮੁਫਤ ਬਿਜਲੀ ਦਾ ਆਰਥਿਕ ਬੋਝ ਪੰਜਾਬ ਦੇ ਲੋਕਾਂ ਨੂੰ ਘਰੇਲੂ ਤੇ ਵਪਾਰਕ ਬਿੱਲਾਂ ਵਿਚ ਵਾਧੇ ਦੇ ਰੂਪ ਵਿਚ ਝੱਲਣਾ ਪੈ ਰਿਹਾ ਹੈ। ਤੀਜੀ ਗੱਲ, ਟਿਊਬਵੈਲਾਂ ਦੀ ਗਿਣਤੀ, ਜੋ 1965-66 ਵਿਚ ਕੇਵਲ 26000 ਸੀ, 2014-15 ਵਿਚ 14 ਲੱਖ ਨੂੰ ਪਾਰ ਕਰ ਚੁੱਕੀ ਹੈ, ਸਿੱਟੇ ਵਜੋਂ ਧਰਤੀ ਦੀ ਤੀਜੀ ਤੇ ਆਖਰੀ ਤਹਿ ਦਾ ਪਾਣੀ ਖਤਮ ਹੋਣ ਕਿਨਾਰੇ ਪਹੁੰਚ ਚੁੱਕਾ ਹੈ ਅਤੇ ਪੰਜਾਬ ਬੰਜਰ ਬਣਨ ਵੱਲ ਵਧ ਰਿਹਾ ਹੈ। ਚੌਥੀ ਗੱਲ, ਧਰਤੀ ਹੇਠਲੇ ਪਾਣੀ ਦੇ ਹਰ ਸਾਲ ਡੂੰਘੇ ਚਲੇ ਜਾਣ ਕਰ ਕੇ ਕਿਸਾਨਾਂ ਨੂੰ ਹਰ ਸਾਲ ਕਰੋੜਾਂ ਰੁਪਏ ਦਾ ਕਰਜ਼ਾ ਚੁੱਕ ਕੇ ਆਪਣੇ ਬੋਰ ਡੂੰਘੇ ਕਰਵਾਉਣੇ ਪੈ ਰਹੇ ਹਨ ਅਤੇ ਪੰਜਾਬ ਦੇ ਕਿਸਾਨ ਕਰਜ਼ੇ ਹੇਠ ਨੱਕੋ-ਨੱਕ ਦੱਬ ਚੁੱਕੇ ਹਨ। ਪੰਜਵੀਂ ਗੱਲ, ਰਾਜਸਥਾਨ ਨਹਿਰ ਰੇਤਲੇ ਇਲਾਕੇ ਵਿਚੋਂ ਕੱਢਣ ਕਰ ਕੇ ਇਸ ਨਹਿਰ ਦੇ ਪਾਣੀ ਦੀ ਵੱਡੀ ਮਾਤਰਾ ਧਰਤੀ ਵਿਚ ਰਿਸਣ ਕਰ ਕੇ ਪੰਜਾਬ ਅੰਦਰ ਨਹਿਰਾਂ ਦੇ ਆਲੇ-ਦੁਆਲੇ ਲੱਖਾਂ ਏਕੜ ਭੂਮੀ ਵਿਚ ਸੇਮ ਦੀ ਸਮੱਸਿਆ ਉਸ ਇਲਾਕੇ ਵਿਚ ਆਈ, ਜਿਥੇ ਧਰਤੀ ਹੇਠਲਾ ਪਾਣੀ ਵਰਤੋਂ ਯੋਗ ਨਹੀਂ ਸੀ ਅਤੇ ਜ਼ਮੀਨ ਵਿਚ ਖਾਰੇ ਤੱਤ ਦੀ ਬਹੁਤਾਤ ਸੀ, ਸੇਮ ਨਾਲ ਇਹ ਖਾਰੇ ਤੱਤ ਉਪਰ ਆ ਗਏ ਅਤੇ ਮੁਕਤਸਰ, ਬਠਿੰਡਾ, ਫਾਜ਼ਿਲਕਾ ਅਤੇ ਫਰੀਦਕੋਟ ਜ਼ਿਲ੍ਹਿਆਂ ਦੀ ਲੱਖਾਂ ਏਕੜ ਜ਼ਮੀਨ ਬੰਜਰ ਬਣ ਗਈ। ਜੇ ਪੰਜਾਬ ਦੇ ਸਿੰਜਾਈ ਪੈਟਰਨ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ 1969-70 ਵਿਚ ਸੂਬੇ ਦੇ ਕੁੱਲ ਸਿੰਜਾਈ ਹੇਠਲੇ ਰਕਬੇ ਦਾ 46.1 ਫੀਸਦੀ ਰਕਬਾ ਨਹਿਰਾਂ ਰਾਹੀਂ ਸਿੰਜਿਆ ਜਾ ਰਿਹਾ ਸੀ, ਜਦੋਂਕਿ ਕੇਵਲ 35.7 ਫੀਸਦੀ ਰਕਬਾ ਟਿਊਬਵੈਲਾਂ ਰਾਹੀਂ ਸਿੰਜਿਆ ਜਾ ਰਿਹਾ ਸੀ। 2010-11 ਵਿਚ ਨਹਿਰੀ ਸਿੰਜਾਈ ਅਧੀਨ ਰਕਬਾ ਸੂਬੇ ਦੇ ਕੁੱਲ ਸਿੰਜਾਈ ਅਧੀਨ ਰਕਬੇ ਦਾ ਘਟ ਕੇ ਕੇਵਲ 27.4 ਰਹਿ ਗਿਆ, ਜਦੋਂਕਿ ਇਸ ਸਮੇਂ ਦੌਰਾਨ ਟਿਊਬਵੈਲਾਂ ਰਾਹੀਂ ਸਿੰਜਾਈ ਅਧੀਨ ਰਕਬਾ ਵਧ ਕੇ 72.6 ਫੀਸਦੀ ਹੋ ਗਿਆ।

ਪੰਜਾਬ ਤੇ ਹਰਿਆਣਾ ਦੀ ਵੰਡ ਵੇਲੇ ਵੀ ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨਾਲ ਸ਼ਰ੍ਹੇਆਮ ਧੱਕਾ ਕੀਤਾ ਗਿਆ। ਜਦੋਂ ਮਦਰਾਸ ਸਟੇਟ ਵਿਚੋਂ ਬੋਲੀ ਦੇ ਆਧਾਰ 'ਤੇ ਨਵਾਂ ਸੂਬਾ ਆਂਧਰਾ ਬਣਾਇਆ ਗਿਆ ਤਾਂ ਤੁੰਗਭਦਰਾ ਪ੍ਰਾਜੈਕਟ ਵਿਚੋਂ ਮਦਰਾਸ ਸਟੇਟ ਨੂੰ ਇੱਕ ਬੂੰਦ ਪਾਣੀ ਨਹੀਂ ਦਿੱਤਾ ਗਿਆ ਸੀ। ਤੁੰਗਭਦਰਾ ਪ੍ਰਾਜੈਕਟ ਦੀ ਵੰਡ ਰਿਪੇਰੀਅਨ ਸਿਧਾਤਾਂ ਅਨੁਸਾਰ ਕੇਵਲ ਆਂਧਰਾ ਤੇ ਮੈਸੂਰ ਸਟੇਟ ਵਿਚ ਕੀਤੀ ਗਈ ਸੀ, ਮਦਰਾਸ ਸਟੇਟ ਨੂੰ ਕੋਈ ਹਿੱਸਾ ਨਹੀਂ ਦਿੱਤਾ ਗਿਆ ਸੀ; ਪਰ ਜਦੋਂ ਪੰਜਾਬ-ਹਰਿਆਣਾ ਵੰਡੇ ਗਏ ਤਾਂ ਪੰਜਾਬ ਪੁਨਰਗਠਨ ਐਕਟ ਵਿਚ ਵੱਡਾ ਫਰਕ ਪਾਉਂਦਿਆਂ 'ਵਾਰਸ ਸੂਬੇ' ਲਿਖ ਦਿੱਤਾ ਗਿਆ। ਇਸ ਤਰ੍ਹਾਂ ਗੈਰ-ਰਿਪੇਰੀਅਨ ਹਰਿਆਣਾ ਨੂੰ ਵਾਰਸ ਸੂਬਾ ਹੋਣ ਕਰ ਕੇ ਭਾਖੜਾ ਨੰਗਲ ਅਤੇ ਬਿਆਸ ਪ੍ਰਾਜੈਕਟਾਂ ਵਿਚ ਧੱਕੇ ਨਾਲ ਹੱਕਦਾਰ ਬਣਾ ਦਿੱਤਾ ਗਿਆ, ਜਦੋਂਕਿ ਮਦਰਾਸ ਸਟੇਟ ਦੀ ਵੰਡ ਵੇਲੇ ਮਦਰਾਸ ਵੀ ਵਾਰਸ ਸੂਬਾ ਸੀ, ਪਰ ਉਸ ਨੂੰ ਅਜਿਹਾ ਹੱਕ ਨਹੀਂ ਦਿੱਤਾ ਗਿਆ ਸੀ। ਇਥੋਂ ਤਕ ਕਿ ਮਦਰਾਸ (ਚੇਨੱਈ) ਸ਼ਹਿਰ ਲਈ ਪੀਣ ਲਈ ਵੀ ਪਾਣੀ ਨਹੀਂ ਦਿੱਤਾ ਗਿਆ ਸੀ। ਜੇ 'ਵਾਰਸ ਸੂਬੇ' ਅਨੁਸਾਰ ਹੀ ਵੰਡ ਕਰਨੀ ਹੈ ਤਾਂ ਫਿਰ ਯਮੁਨਾ ਨਦੀ ਦੇ ਪਾਣੀ ਵਿਚੋਂ ਪੰਜਾਬ ਨੂੰ ਹਿੱਸਾ ਕਿਉਂ ਨਹੀਂ ਦਿੱਤਾ ਗਿਆ? ਦਿੱਲੀ ਤੇ ਰਾਜਸਥਾਨ ਪੰਜਾਬ ਦੇ ਵਾਰਸ ਸੂਬੇ ਕਿਵੇਂ ਬਣ ਗਏ?

29 ਜਨਵਰੀ 1955 ਨੂੰ ਉਸ ਵੇਲੇ ਦੇ ਕੇਂਦਰੀ ਸਿੰਜਾਈ ਤੇ ਊਰਜਾ ਮੰਤਰਾਲੇ ਦੀ ਜਿਸ ਮੀਟਿੰਗ ਵਿਚ ਰਾਜਸਥਾਨ ਨੂੰ 80 ਲੱਖ ਏਕੜ ਫੁੱਟ ਪਾਣੀ ਦੇਣ ਦਾ ਫੈਸਲਾ ਕੀਤਾ ਗਿਆ ਸੀ, ਉਸ ਮੀਟਿੰਗ ਵਿਚ ਹੀ ਪੰਜਵੇਂ ਪੈਰੇ ਵਿਚ ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਪਾਣੀ ਦਾ ਮੁੱਲ ਲੈਣ ਬਾਰੇ ਫੈਸਲਾ ਵੱਖਰੀ ਮੀਟਿੰਗ ਕਰ ਕੇ ਲਿਆ ਜਾਵੇਗਾ, ਪਰ ਬਾਅਦ 'ਚ ਕੇਂਦਰ ਅਤੇ ਰਾਜਸਥਾਨ ਸਰਕਾਰ ਨੇ ਅੱਖਾਂ ਬੰਦ ਕਰ ਲਈਆਂ ਤੇ ਪੰਜਾਬ ਦੇ ਪਾਣੀਆਂ ਨੂੰ ਬੇਰਹਿਮੀ ਨਾਲ ਲੁੱਟਿਆ ਗਿਆ।



***ਪੰਜਾਬ ਤੇ ਹਰਿਆਣਾ ਦੀ ਵੰਡ ਵੇਲੇ ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨਾਲ ਧੱਕਾ ਕੀਤਾ ਗਿਆ। ਜਦੋਂ ਮਦਰਾਸ ਸਟੇਟ ਵਿਚੋਂ ਬੋਲੀ ਦੇ ਆਧਾਰ 'ਤੇ ਨਵਾਂ ਸੂਬਾ ਆਂਧਰਾ ਬਣਾਇਆ ਗਿਆ ਤਾਂ ਤੁੰਗਭਦਰਾ ਪ੍ਰਾਜੈਕਟ ਵਿਚੋਂ ਮਦਰਾਸ ਸਟੇਟ ਨੂੰ ਇੱਕ ਬੂੰਦ ਪਾਣੀ ਨਹੀਂ ਦਿੱਤਾ ਗਿਆ ਸੀ; ਪਰ ਜਦੋਂ ਪੰਜਾਬ-ਹਰਿਆਣਾ ਵੰਡੇ ਗਏ ਤਾਂ ਪੰਜਾਬ ਰੀਆਰਗੇਨਾਈਜੇਸ਼ਨ ਐਕਟ ਵਿਚ ਵੱਡਾ ਫ਼ਰਕ ਪਾਉਂਦਿਆਂ 'ਉਤਰਾਧਿਕਾਰੀ ਸੂਬੇ' ਲਿਖ ਦਿੱਤਾ।***

ਰਾਜਸਥਾਨ, ਹਰਿਆਣਾ ਤੇ ਦਿੱਲੀ ਕਿਵੇਂ ਰਿਪੇਰੀਅਨ ਹੋ ਗਏ ਜੋ ਭੂਗੋਲਿਕ ਪੱਖੋਂ ਇਨ੍ਹਾਂ ਰਿਆਸਤਾਂ ਤੋਂ ਅਗਾਂਹ ਲੰਘ ਕੇ ਪੈਂਦੇ ਹਨ। ਕੇਂਦਰ ਸਰਕਾਰ ਪੰਜਾਬ ਦੇ ਪਾਣੀਆਂ ਦਾ ਬਣਦਾ ਮੁੱਲ ਦਿਵਾਏ ਜਾਂ ਖੁਦ ਦੇਵੇ ਤਾਂ ਕਿ ਪੰਜਾਬ ਦੀ ਆਰਥਿਕਤਾ ਪੈਰਾਂ ਸਿਰ ਆ ਸਕੇ।

ਧੱਕੇ ਦਾ ਸਿਖਰ 1976 ਵਿਚ ਐਮਰਜੈਂਸੀ ਵੇਲੇ ਇੰਦਰਾ ਗਾਂਧੀ ਵੱਲੋਂ ਕੀਤਾ ਗਿਆ ਜਦੋਂ ਪੰਜਾਬ ਕੋਲ ਬਚਦੇ 72 ਲੱਖ ਏਕੜ ਫੁੱਟ ਪਾਣੀ ਵਿਚੋਂ 35 ਲੱਖ ਏਕੜ ਫੁੱਟ ਹਰਿਆਣਾ ਨੂੰ ਅਤੇ ਦੋ ਲੱਖ ਏਕੜ ਫੁੱਟ ਦਿੱਲੀ ਨੂੰ ਦੇ ਦਿੱਤਾ ਗਿਆ। ਕਿੰਨੀ ਸਿਤਮਜ਼ਰੀਫੀ ਹੈ ਕਿ ਪੰਜਾਬ ਵਰਗੇ ਰਿਪੇਰੀਅਨ ਸੂਬੇ ਨੂੰ 35 ਲੱਖ ਏਕੜ ਫੁੱਟ ਪਾਣੀ ਅਤੇ ਰਾਜਸਥਾਨ ਵਰਗੇ ਗੈਰ-ਰਿਪੇਰੀਅਨ ਸੂਬੇ ਨੂੰ 80 ਲੱਖ ਏਕੜ ਫੁੱਟ ਪਾਣੀ ਪੰਜਾਬ ਦੀ ਹਿੱਕ ਪਾੜ ਕੇ ਰਾਜਸਥਾਨ ਨਹਿਰ ਰਾਹੀਂ ਦੇ ਦਿੱਤਾ ਗਿਆ। ਫਿਰ 31 ਦਸੰਬਰ 1981 ਨੂੰ ਇੰਦਰਾ ਗਾਂਧੀ ਵੱਲੋਂ ਦਰਬਾਰਾ ਸਿੰਘ ਦੀ ਬਾਂਹ ਮਰੋੜ ਕੇ ਅਤੇ ਅਸਤੀਫੇ ਦਾ ਦਬਕਾ ਮਾਰ ਕੇ ਸੁਪਰੀਮ ਕੋਰਟ ਵਿਚੋਂ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78, 79 ਤੇ 80 ਨੂੰ ਚੁਣੌਤੀ ਦਿੰਦੀ ਰਿੱਟ ਪਟੀਸ਼ਨ ਵਾਪਸ ਕਰਵਾ ਕੇ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦੇਣ ਦੇ ਇੱਕ ਸਿਰੇ ਦੇ ਗੈਰਕਾਨੂੰਨੀ ਅਤੇ ਬੇਇਨਸਾਫੀ ਭਰੇ ਸਮਝੌਤੇ 'ਤੇ ਜਬਰਨ ਦਸਤਖਤ ਕਰਵਾਏ ਗਏ। ਸਿੱਟੇ ਵਜੋਂ ਪੰਜਾਬ ਡੇਢ ਦਹਾਕਾ ਕਾਲੇ ਦੌਰ ਵਿਚੋਂ ਗੁਜ਼ਰਿਆ। ਇਸ ਲਈ ਇਹ ਸਮਝੌਤਾ ਰੱਦ ਕੀਤਾ ਜਾਣਾ ਚਾਹੀਦਾ ਹੈ ਅਤੇ ਪੰਜਾਬ ਨੂੰ ਦੇਸ਼ ਦੇ ਕਾਨੂੰਨ ਤੇ ਸੰਵਿਧਾਨ ਅਨੁਸਾਰ ਇਨਸਾਫ ਦਿੱਤਾ ਜਾਣਾ ਚਾਹੀਦਾ ਹੈ।

ਪੰਜਾਬ ਨਾਲ ਹੋਏ ਧੱਕੇ ਲਈ ਅਕਾਲੀ ਵੀ ਕਾਂਗਰਸ ਦੇ ਬਰਾਬਰ ਦੇ ਦੋਸ਼ੀ ਹਨ, ਅਕਾਲੀਆਂ ਨੇ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਕੇਵਲ ਸਿੱਖ ਧਰਮ ਦਾ ਮਸਲਾ ਬਣਾ ਕੇ ਪੰਜਾਬੀਆਂ ਦੇ ਵਿਸ਼ਾਲ ਹਿੱਤਾਂ ਦਾ ਹਮੇਸ਼ਾ ਨੁਕਸਾਨ ਕੀਤਾ ਹੈ। ਇਨ੍ਹਾਂ ਗੈਰ-ਰਿਪੇਰੀਅਨ ਸੂਬਿਆਂ-ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਦੇਣ ਦੇ ਮਸਲੇ ਨੂੰ ਕਦੇ ਵੀ ਕਾਨੂੰਨੀ ਤੌਰ 'ਤੇ ਚੁਣੌਤੀ ਨਹੀਂ ਦਿੱਤੀ। 1978 ਵਿਚ ਬਾਦਲ ਸਰਕਾਰ ਨੇ ਸਤਲੁਜ- ਯਮੁਨਾ ਲਿੰਕ ਨਹਿਰ ਲਈ ਜ਼ਮੀਨ ਪ੍ਰਾਪਤ ਕਰਨ ਲਈ ਇੱਕ ਕਰੋੜ ਰੁਪਏ ਹਰਿਆਣਾ ਦੀ ਦੇਵੀ ਲਾਲ ਸਰਕਾਰ ਤੋਂ ਲਿਆ ਅਤੇ ਉਸ ਤੋਂ ਪਹਿਲਾਂ ਗਿਆਨੀ ਜ਼ੈਲ ਸਿੰਘ ਦੀ ਕਾਂਗਰਸ ਸਰਕਾਰ ਨੇ ਇੱਕ ਕਰੋੜ ਰੁਪਿਆ ਲਿਆ। ਨਹਿਰ ਲਈ ਪਹਿਲੀ ਵਾਰ ਜ਼ਮੀਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਸਰਕਾਰ ਨੇ ਐਕਵਾਇਰ ਕੀਤੀ ਸੀ। ਸੁਰਜੀਤ ਸਿੰਘ ਬਰਨਾਲਾ ਸਰਕਾਰ ਸਮੇਂ ਹੀ 1985-87 ਦੌਰਾਨ ਇਹ ਨਹਿਰ ਬਣੀ ਸੀ।

ਪੰਜਾਬ ਅੰਦਰ ਇੱਕ ਕਰੋੜ ਪੰਜ ਲੱਖ ਏਕੜ ਦੇ ਕਰੀਬ ਜ਼ਮੀਨ ਵਾਹੀ ਹੇਠ ਹੈ ਅਤੇ ਦੋ ਫਸਲਾਂ ਵਾਲੀ ਹੈ। ਇਸ ਵਿਚੋਂ 98 ਫੀਸਦੀ ਸੇਂਜੂ ਹੈ। ਇਕੱਲੀ ਜੀਰੀ ਹੇਠ ਲਗਭਗ 75 ਲੱਖ ਏਕੜ ਰਕਬਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਨੁਸਾਰ ਜੀਰੀ ਲਈ ਪ੍ਰਤੀ ਏਕੜ ਪੰਜ ਫੁੱਟ ਪਾਣੀ ਦੀ ਲੋੜ ਹੈ। ਇਸ ਲਿਹਾਜ਼ ਨਾਲ ਪੰਜਾਬ ਨੂੰ ਲਗਭਗ ਪੰਜ ਕਰੋੜ ਏਕੜ ਫੁੱਟ ਪਾਣੀ ਖੇਤੀਬਾੜੀ ਲਈ ਚਾਹੀਦਾ ਹੈ। ਪੰਜਾਬ ਦੇ ਦਰਿਆਵਾਂ ਦਾ ਸਾਰਾ ਪਾਣੀ ਵਰਤ ਕੇ ਵੀ ਇਹ ਲੋੜ ਪੂਰੀ ਨਹੀਂ ਹੋ ਸਕਦੀ। ਇਸ ਲਈ ਜ਼ਰੂਰੀ ਹੈ ਕਿ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਵੇ ਤਾਂ ਕਿ ਧਰਤੀ ਹੇਠਲੇ ਪਾਣੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾਇਆ ਜਾ ਸਕੇ।

ਜੇ ਪੰਜਾਬ ਨੂੰ ਇਸ ਦੇ ਪਾਣੀ ਦਾ ਬਣਦਾ ਮੁੱਲ ਦਿੱਤਾ ਜਾਵੇ ਤਾਂ ਇਹ ਨਾ ਸਿਰਫ ਸਾਰੇ ਸਿੰਜਾਈ ਅਤੇ ਵਾਹੀ ਹੇਠਲੇ ਰਕਬੇ ਨੂੰ ਕਿਸਾਨਾਂ ਨੂੰ 100 ਫੀਸਦੀ ਸਬਸਿਡੀ ਦੇ ਕੇ ਡਰਿੱਪ ਸਿੰਜਾਈ ਅਤੇ ਫੁਹਾਰਾ ਸਿੰਜਾਈ ਹੇਠ ਲਿਆ ਕੇ ਪਾਣੀ ਦੀ ਲਗਭਗ 90 ਫੀਸਦੀ ਬੱਚਤ ਕਰ ਸਕਦਾ ਹੈ। ਗਰੀਨਹਾਊਸ ਤਕਨੀਕਾਂ 'ਤੇ 100 ਫੀਸਦੀ ਸਬਸਿਡੀ ਦੇ ਕੇ ਖੇਤੀ ਵੰਨ-ਸੁਵੰਨਤਾ ਲਾਗੂ ਕੀਤੀ ਜਾ ਸਕਦੀ ਹੈ। ਖੇਤੀ ਸੈਕਟਰ ਵਿਚ ਵਰਤੀ ਜਾ ਰਹੀ ਮੁਫਤ ਬਿਜਲੀ ਦੀ ਬੱਚਤ ਕਰ ਕੇ ਪੰਜਾਬ ਦੇ ਉਦਯੋਗਾਂ ਨੂੰ ਇਹ ਬਿਜਲੀ ਮੁਫਤ ਦਿੱਤੀ ਜਾ ਸਕਦੀ ਹੈ ਅਤੇ ਮਰਨ ਕਿਨਾਰੇ ਪਹੁੰਚ ਚੁੱਕੇ ਜਾਂ ਬੰਦ ਹੋ ਚੁੱਕੇ ਉਦਯੋਗਾਂ ਨੂੰ ਸੁਰਜੀਤ ਕੀਤਾ ਜਾ ਸਕਦਾ ਹੈ। ਪੰਜਾਬ ਦੇ ਤਬਾਹ ਹੋ ਚੁਕੇ ਵਿਦਿਅਕ ਤੇ ਸਿਹਤ ਢਾਂਚੇ ਨੂੰ ਮਜ਼ਬੂਤ ਕਰ ਕੇ ਪੈਰਾਂ 'ਤੇ ਖੜ੍ਹਾ ਕੀਤਾ ਸਕਦਾ ਹੈ। ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਪੰਜਾਬ ਦੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਅਤੇ ਡੂੰਘੇ ਜਾ ਰਹੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਨਾਲ ਨਾਲ ਖੇਤੀ ਲਈ ਸਟੋਰੇਜ, ਪ੍ਰੋਸੈਸਿੰਗ ਤੇ ਮਾਰਕੀਟਿੰਗ ਲਈ ਵਿਸ਼ਵ ਪੱਧਰ ਦਾ ਢਾਂਚਾ ਵਿਕਸਿਤ ਕੀਤਾ ਜਾ ਸਕਦਾ ਹੈ। ਪੰਜਾਬ ਨੂੰ ਬਚਾਉਣ ਦਾ ਤੇ ਨਵਾਂ ਪੰਜਾਬ ਸਿਰਜਣ ਦਾ ਹੀ ਇਹੋ ਇੱਕ ਰਸਤਾ ਹੈ।

ਇਸ ਪ੍ਰਸੰਗ ਵਿਚ ਪੰਜਾਬੀਆਂ ਦੀਆਂ ਇਹ ਮੰਗਾਂ ਹੱਕੀ ਤੇ ਤਰਕਸੰਗਤ ਹਨ ਕਿ ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ 1947 ਤੋਂ ਲੈ ਕੇ ਅੱਜ ਤਕ ਕੀਤੇ ਗਏ ਸਾਰੇ ਬੇਇਨਸਾਫੀ ਭਰੇ ਸਮਝੌਤੇ, ਸੰਧੀਆਂ ਅਤੇ ਫੈਸਲੇ ਰੱਦ ਕੀਤੇ ਜਾਣ। ਪੰਜਾਬ ਦੇ ਦਰਿਆਈ ਪਾਣੀਆਂ ਉਤੇ ਸਿਰਫ ਅਤੇ ਸਿਰਫ ਪੰਜਾਬ ਦੇ ਅਧਿਕਾਰ ਨੂੰ ਮੰਨਿਆ ਜਾਵੇ। ਪੰਜਾਬ ਪੁਨਰਗਠਨ ਐਕਟ 1966 ਦੀਆਂ ਧਰਾਵਾਂ 78, 79 ਅਤੇ 80 ਨੂੰ ਰੱਦ ਕੀਤਾ ਜਾਵੇ ਅਤੇ ਆਂਧਰਾ, ਮੈਸੂਰ ਅਤੇ ਮਦਰਾਸ ਸਟੇਟਾਂ ਦੀ ਵੰਡ ਵੇਲੇ ਅਪਨਾਏ ਗਏ ਰਿਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਦੇ ਪਾਣੀਆਂ, ਪਣ-ਬਿਜਲੀ, ਡੈਮਾਂ ਅਤੇ ਸਿੰਜਾਈ ਪ੍ਰਾਜੈਕਟਾਂ ਤੇ ਪੰਜਾਬ ਨੂੰ ਪੂਰਨ ਮਾਲਕੀ ਦਾ ਹੱਕ ਦਿੱਤਾ ਜਾਵੇ। ਰਾਜਸਥਾਨ, ਹਰਿਆਣਾ ਤੇ ਦਿੱਲੀ ਸੂਬਿਆਂ ਨੂੰ ਵਹਿ ਰਹੇ ਪਾਣੀਆਂ ਬਾਰੇ ਇਨ੍ਹਾਂ ਸੂਬਿਆਂ ਨਾਲ ਅੱਗਿਉਂ ਲਈ ਕੋਈ ਵੀ ਸਮਝੌਤਾ ਕਰਨ ਅਤੇ ਫੈਸਲਾ ਲੈਣ ਦਾ ਹੱਕ ਪੂਰਨ ਰੂਪ ਵਿਚ ਕੇਂਦਰ ਦੀ ਦਖਲਅੰਦਾਜ਼ੀ ਤੋਂ ਬਗੈਰ ਪੰਜਾਬ ਨੂੰ ਦਿੱਤਾ ਜਾਵੇ। ਪੰਜਾਬ ਦੇ ਪਾਣੀਆਂ ਦੀ ਹੁਣ ਤਕ ਹੋਈ ਲੁੱਟ ਦਾ ਮੁਆਵਜ਼ਾ ਕੇਂਦਰ ਸਰਕਾਰ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਸਰਕਾਰਾਂ ਵੱਲੋਂ ਦਿੱਤਾ ਜਾਵੇ। ਇਸ ਦੇ ਇਵਜ਼ ਵਿਚ ਪੰਜਾਬ ਦਾ ਸਾਰਾ ਕਰਜ਼ਾ ਖਤਮ ਕੀਤਾ ਜਾਵੇ। ਸਾਰੇ ਪੰਜਾਬੀਆਂ ਨੂੰ ਧਰਮ, ਜਾਤ ਸਮੇਤ ਸਾਰੇ ਸਿਆਸੀ ਮੱਤਭੇਦ ਭੁਲਾ ਕੇ ਪੰਜਾਬ ਦੇ ਭਲੇ ਲਈ, ਸਿਹਤਮੰਦ, ਸਿੱਖਿਅਤ ਅਤੇ ਹੁਨਰਮੰਦ ਨਵੇਂ ਪੰਜਾਬ ਦੀ ਸਿਰਜਣਾ ਵਾਸਤੇ ਇਨ੍ਹਾਂ ਹੱਕੀ ਮੰਗਾਂ ਲਈ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਹੈ।

-0-

# ਕਬੱਡੀ ਵਰਲਡ ਕੱਪ ਦੇ ਨਾਂ 'ਤੇ ਕਰੋੜਾਂ ਦਾ ਉਜਾੜਾ

**ਖੇਡ ਜਗਤ**

ਪੰਜਾਬ ਸਰਕਾਰ ਦੇ ਪੰਝੀ ਕਰੋੜੀ ਕਬੱਡੀ ਵਰਲਡ ਕੱਪ ਦਾ ਭੋਗ ਪੈ ਗਿਆ ਹੈ। ਉਂਜ ਇਹ ਨਾਂ ਦਾ ਹੀ 'ਵਰਲਡ ਕੱਪ' ਸੀ, ਵੈਸੇ ਲੰਗੜਾ ਕੱਪ ਸੀ। ਇਸ ਦਾ ਮਿਆਰ ਪਿੰਡਾਂ ਵਿਚ ਹੁੰਦੇ ਆਮ ਕੱਪਾਂ ਨਾਲੋਂ ਬਿਹਤਰ ਨਹੀਂ ਸੀ। ਨਾ ਹੀ ਦਰਸ਼ਕ ਆਮ ਪੇਂਡੂ ਟੂਰਨਾਮੈਂਟਾਂ ਦੇ ਦਰਸ਼ਕਾਂ ਨਾਲੋਂ ਵੱਧ ਢੁੱਕੇ। ਇਹ ਗੱਲ ਆਮ ਕਹੀ ਜਾ ਰਹੀ ਹੈ ਕਿ ਐਤਕੀਂ ਕਬੱਡੀ ਵਰਲਡ ਕੱਪ ਦਾ ਪਹਿਲਾਂ

ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਜਿੰਨਾ ਸੁਆਦ ਨਹੀਂ ਆਇਆ। ਚੋਟੀ ਦੀਆਂ ਟੀਮਾਂ ਦੇ ਫਸਵੇਂ ਮੈਚਾਂ ਤੋਂ ਬਿਨਾ ਇਹ ਕੱਪ ਅਸਲੋਂ ਫਿੱਕਾ ਰਿਹਾ। ਸੁਆਲ ਕੀਤਾ ਜਾ ਰਿਹੈ, ਜੇ ਬਾਹਰਲੇ ਦੇਸ਼ਾਂ ਤੋਂ ਅਸਲੀ ਟੀਮਾਂ ਨਹੀਂ ਸਨ ਆਉਣੀਆਂ ਤਾਂ ਕੀ ਲੋੜ ਸੀ, ਏਨਾ ਮਹਿੰਗਾ ਕੱਪ ਕਰਾਉਣ ਦੀ?

ਕਦੇ ਮੈਂ ਲਿਖਿਆ ਸੀ, "ਬੇਸ਼ੱਕ ਬਿਜਲੀ ਕੜਕਦੀ ਹੋਵੇ, ਝੱਖੜ ਝੁਲਦਾ ਹੋਵੇ, ਨਦੀ ਚੜ੍ਹੀ ਹੋਵੇ, ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ। ਫੇਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ 'ਚ ਪੈਂਦੇ ਸੱਪਾਂ-ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਪਿੜ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤਾ, ਉਵੇਂ ਪੂਰਬ ਤੇ ਪੱਛਮ 'ਚ ਵਸੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੋਈ ਹੈ।"

ਪਰ ਇਸ ਵਾਰ ਦੇ ਕਬੱਡੀ ਵਰਲਡ ਕੱਪ ਨੇ ਉਪਰੋਕਤ ਕਥਨ ਝੂਠਾ ਪਾ ਦਿੱਤਾ। ਕਬੱਡੀ ਪ੍ਰੇਮੀ ਪਹਿਲਾਂ ਵਾਂਗ ਹੁਮ ਹੁਮਾ ਕੇ ਨਹੀਂ ਢੁੱਕੇ। ਕਈ ਥਾਂਈਂ ਦਰਸ਼ਕਾਂ ਦੀ ਭੀੜ ਵਿਖਾਉਣ ਲਈ ਸਕੂਲਾਂ ਦੇ ਬੱਚੇ ਬੰਨ੍ਹ ਕੇ ਬਹਾਉਣੇ ਪਏ। ਇਸ ਵਿਚ ਕਸੂਰ ਕਬੱਡੀ ਦੀ ਖੇਡ ਦਾ ਨਹੀਂ, ਕਬੱਡੀ ਕੱਪ ਕਸੂਤੇ ਵੇਲੇ ਕਰਾਉਣ ਦਾ ਹੈ। 2016 ਦਾ ਕਬੱਡੀ ਵਿਸ਼ਵ ਕੱਪ ਕਰਾਉਣ ਲਈ 3 ਤੋਂ 17 ਨਵੰਬਰ ਦਾ ਸਮਾਂ ਬਿਲਕੁਲ ਢੁੱਕਵਾਂ ਨਹੀਂ ਸੀ। ਪੰਜਾਬ ਵਿਧਾਨ ਸਭਾ ਦੇ ਚੋਣ ਬੁਖਾਰ ਦੌਰਾਨ ਵਿਸ਼ਵ ਪੱਧਰ ਦਾ ਈਵੈਂਟ ਕਰਾਉਣਾ ਬਿਲਕੁਲ ਨਹੀਂ ਸੀ ਸ਼ੋਭਦਾ।

3 ਨਵੰਬਰ ਦਾ ਦਿਨ ਤਾਂ ਵੈਸੇ ਹੀ ਦਿੱਲੀ ਦੇ ਸਿੱਖ ਕਤਲੇਆਮ ਕਾਰਨ ਪੰਜਾਬੀਆਂ ਲਈ ਸੋਗ ਦਾ ਦਿਨ ਸੀ। ਸਾਰੀ ਦੁਨੀਆਂ ਵਿਚ ਖਿਲਰੇ ਪੰਜਾਬੀ ਇਸ ਨੂੰ ਇਸ ਵੇਲੇ ਸਭਨਾਂ ਪੰਜਾਬੀਆਂ ਦਾ ਸਾਂਝਾ ਖੇਡ ਮੇਲਾ ਨਹੀਂ ਸਨ ਸਮਝ ਸਕਦੇ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਯੂਰਪ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਵਰਲਡ ਕੱਪ ਦੇ ਬਾਈਕਾਟ ਦਾ ਐਲਾਨ ਕੱਪ ਸ਼ੁਰੂ ਹੋਣ ਤੋਂ ਕਾਫੀ ਪਹਿਲਾਂ ਹੀ ਕਰ ਦਿੱਤਾ ਸੀ। ਭਾਰਤ-ਪਾਕਿ ਸਰਹੱਦੀ ਤਣਾਅ ਕਾਰਨ ਪਾਕਿਸਤਾਨ ਦੀ ਟੀਮ ਨੇ ਉਂਜ ਹੀ ਨਹੀਂ ਸੀ ਆਉਣਾ। ਪਾਕਿਸਤਾਨ ਦੀ ਟੀਮ ਬਿਨਾ ਕਾਹਦਾ ਕੱਪ? ਜਿਹੜੀਆਂ ਟੀਮਾਂ ਆਈਆਂ, ਉਹ ਵੀ ਦੋ ਨੰਬਰੀਆਂ! ਕਈ ਟੀਮਾਂ ਦੇ ਤਾਂ ਖਿਡਾਰੀ ਵੀ ਪੂਰੇ ਨਹੀਂ ਸਨ।

ਸਿਆਣਪ ਇਹਦੇ ਵਿਚ ਸੀ ਕਿ ਪੰਝੀ ਕਰੋੜ ਰੁਪਿਆਂ ਦਾ ਲੰਗੜਾ ਕੱਪ ਇਨ੍ਹੀਂ ਦਿਨੀਂ ਕਰਵਾਇਆ ਹੀ ਨਾ ਜਾਂਦਾ। ਪਿਛਲੇ ਸਾਲ ਦੇ ਕੱਪ ਵਾਂਗ ਮੁਲਤਵੀ ਕਰ ਦਿੱਤਾ ਜਾਂਦਾ। ਹਾਲਾਤ ਉਹੀ ਸਨ। ਪਿਛਲੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਕੱਪ ਮੁਲਤਵੀ ਕੀਤਾ ਗਿਆ ਸੀ। ਅਜੇ ਤਕ ਵੀ ਦੋਸ਼ੀ ਨਹੀਂ ਫੜੇ ਗਏ ਤੇ ਬੇਅਦਬੀ ਦੀਆਂ ਵਾਰਦਾਤਾਂ ਵੀ ਉਵੇਂ ਹੀ ਵਰਤ ਰਹੀਆਂ ਸਨ। ਇਸ ਵਾਰ ਤਾਂ ਚੋਣ ਬੁਖਾਰ ਤੋਂ ਬਿਨਾ ਸਤਲੁਜ-ਯਮਨਾ ਲਿੰਕ ਨਹਿਰ ਅਤੇ ਅਚਾਨਕ ਹੋਈ ਨੋਟ-ਬੰਦੀ ਦੇ ਮੁੱਦੇ ਵੀ ਹਾਵੀ ਸਨ। ਲੋਕਾਂ ਦਾ ਧਿਆਨ ਕਬੱਡੀ ਕੱਪ ਦੀ ਥਾਂ ਇਨ੍ਹਾਂ ਭਖਦੇ ਮੁੱਦਿਆਂ ਵੱਲ ਹੀ ਰਿਹਾ। ਜੇ ਕੱਪ ਫਰਵਰੀ/ਮਾਰਚ 2017 ਵਿਚ ਕਰਾਇਆ ਜਾਂਦਾ ਤਾਂ ਵੇਖਦੇ ਮੈਚ ਕਿੰਨੇ ਕਾਂਟੇਦਾਰ ਹੁੰਦੇ ਤੇ ਮੈਚ ਵੇਖਣ ਲਈ ਭੀੜਾਂ ਕਿਵੇਂ ਉਮਡਦੀਆਂ।

ਪੰਜਾਬ ਸਰਕਾਰ ਵੱਲੋਂ ਕਬੱਡੀ ਦੇ ਵਰਲਡ ਕੱਪ 2010 ਤੋਂ ਕਰਾਏ ਜਾ ਰਹੇ ਹਨ। 2010, 11, 12, 13 ਤੇ 14 ਵਿਚ ਇਹ ਕਾਫੀ ਭਰਵੇਂ ਰਹੇ। ਕੁਲ ਦੁਨੀਆਂ ਦੇ ਪੰਜਾਬੀਆਂ ਵਿਚ ਕਬੱਡੀ-ਕਬੱਡੀ ਹੋਈ। ਕਾਰਨ ਸੀ, ਉਨ੍ਹਾਂ ਕੱਪਾਂ ਵਿਚ ਪਾਕਿਸਤਾਨ, ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀਆਂ ਤਕੜੀਆਂ ਟੀਮਾਂ ਹਿੱਸਾ ਲੈਂਦੀਆਂ ਰਹੀਆਂ। ਦਾਇਰੇ ਵਾਲੀ ਕਬੱਡੀ ਅਸਲ




ਵਿਚ ਪੰਜਾਬੀਆਂ ਦੀ ਹੀ ਖੇਡ ਹੈ। ਸਭ ਤੋਂ ਵੱਧ ਪੰਜਾਬੀ ਪਾਕਿਸਤਾਨ ਵਿਚ, ਦੂਜੇ ਥਾਂ ਭਾਰਤ, ਤੀਜੇ ਥਾਂ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਿਚ ਵਸਦੇ ਹਨ। ਇਸ ਵਾਰ ਦੇ ਕਬੱਡੀ ਵਰਲਡ ਕੱਪ ਵਿਚ ਸਿਰਫ ਭਾਰਤ ਦੇ ਮਰਦਾਂ ਤੇ ਔਰਤਾਂ ਦੀਆਂ ਟੀਮਾਂ ਹੀ ਅਸਲੀ ਸਨ ਜਿਸ ਕਰਕੇ ਇਕ ਦੋ ਮੈਚਾਂ ਤੋਂ ਬਿਨਾ ਕੋਈ ਵੀ ਮੈਚ ਫਸਵਾਂ ਜਾਂ ਕਾਂਟੇਦਾਰ ਨਹੀਂ ਹੋ ਸਕਿਆ। ਇਕਪਾਸੜ ਮੈਚਾਂ ਨੇ ਕਬੱਡੀ ਪ੍ਰੇਮੀਆਂ ਦਾ ਮੱਚ ਮਾਰ ਦਿੱਤਾ ਜਿਸ ਕਰਕੇ ਬਹੁਤੇ ਦਰਸ਼ਕਾਂ ਨੇ ਛੇਵੇਂ ਕਬੱਡੀ ਕੱਪ ਵਿਚ ਦਿਲਚਸਪੀ ਨਹੀਂ ਵਿਖਾਈ।

ਕਿਸੇ ਵੀ ਖੇਡ ਦੇ ਫਾਈਨਲ ਮੈਚ ਸਭ ਤੋਂ ਵੱਧ ਖਿਚ ਪਾਊ ਮੰਨੇ ਜਾਂਦੇ ਹਨ। ਕਿਥੇ 2014 ਦੇ ਪੰਜਵੇਂ ਕਬੱਡੀ ਕੱਪ ਵਿਚ ਭਾਰਤ ਤੇ ਪਾਕਿਸਤਾਨ ਦਾ ਫਾਈਨਲ ਮੈਚ ਤੇ ਕਿਥੇ 2016 ਦੇ ਛੇਵੇਂ ਕੱਪ ਦਾ ਭਾਰਤ ਬਨਾਮ ਇੰਗਲੈਂਡ ਦਾ ਫਾਈਨਲ ਮੈਚ! ਛੇਵੇਂ ਕੱਪ ਦੇ ਫਾਈਨਲ ਮੈਚ ਦਾ ਸਕੋਰ ਵੇਖੋ: ਪਹਿਲਾ ਕੁਆਟਰ 14-06, ਦੂਜਾ 16-04, ਤੀਜਾ 15-07, ਚੌਥਾ 17-03; ਕੁਲ ਜੋੜ 62-20 ਅੰਕ। ਕੁੜੀਆਂ ਦੇ ਫਾਈਨਲ ਮੈਚ ਦਾ ਸਕੋਰ: ਭਾਰਤ 45 ਅੰਕ, ਅਮਰੀਕਾ 10 ਅੰਕ। ਅਜਿਹੇ ਇਕਪਾਸੜ ਮੈਚ ਕਾਂਟੇਦਾਰ ਮੈਚ ਨਹੀਂ ਕਹੇ ਜਾ ਸਕਦੇ। ਅਜਿਹੇ ਮੈਚ ਦਰਸ਼ਕਾਂ ਨੂੰ ਖਿੱਚ ਨਹੀਂ ਪਾ ਸਕਦੇ। ਕਬੱਡੀ ਦੇ ਬਹੁਤ ਸਾਰੇ ਸਟਾਰ ਖਿਡਾਰੀ ਤਾਂ ਵਿਸ਼ਵ ਕੱਪ ਵਿਚ ਸ਼ਾਮਲ ਹੀ ਨਹੀਂ ਹੋਏ।

ਇਕ ਹੋਰ ਅਹਿਮ ਸੁਆਲ ਪੁੱਛਿਆ ਜਾ ਰਿਹੈ। ਪਹਿਲੇ ਪੰਜਾਂ ਵਿਸ਼ਵ ਕੱਪਾਂ ਵਿਚ ਖਿਡਾਰੀਆਂ ਦੇ ਡੋਪ ਟੈਸਟ ਹੁੰਦੇ ਰਹੇ ਤੇ ਨਾਲ ਦੀ ਨਾਲ ਨਤੀਜੇ ਵੀ ਨਿਕਲਦੇ ਰਹੇ। ਐਤਕੀਂ ਦੱਸਿਆ ਹੀ ਨਹੀਂ ਗਿਆ ਕਿ ਕਿੰਨੇ ਖਿਡਾਰੀਆਂ ਦੇ ਡੋਪ ਟੈਸਟ ਕੀਤੇ, ਕਿੰਨੇ ਫੇਲ੍ਹ ਨਿਕਲੇ ਤੇ ਕਿੰਨੇ ਪਾਸ? ਡੋਪ ਟੈਸਟਾਂ ਲਈ 40-45 ਲੱਖ ਰੁਪਏ ਰੱਖੇ ਗਏ ਸਨ। ਪੰਜਾਬ ਸਰਕਾਰ ਨੂੰ ਡੋਪ ਟੈਸਟਾਂ ਦੇ ਨਤੀਜਿਆਂ ਬਾਰੇ ਜਨਤਾ ਨੂੰ ਜ਼ਰੂਰ ਦੱਸਣਾ ਚਾਹੀਦੈ ਕਿਉਂਕਿ ਇਕ ਪਾਸੇ ਡਰੱਗ ਕਬੱਡੀ ਨੂੰ ਲੈ ਬੈਠੀ ਹੈ ਤੇ ਦੂਜੇ ਪਾਸੇ ਸਿਆਸਤ।

ਹੁਣ ਜਦੋਂ ਕਬੱਡੀ ਕੱਪ ਦੀ ਉਡਾਈ ਧੂੜ ਬੈਠ ਚੁੱਕੀ ਹੈ ਤਾਂ ਖੇਡ ਪ੍ਰੇਮੀਆਂ ਨੂੰ ਸਿਰ ਜੋੜ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਪੰਜਾਬ ਨੂੰ ਭਾਰਤ ਦੀਆਂ ਖੇਡਾਂ ਵਿਚ ਪਹਿਲਾਂ ਵਾਂਗ ਮੋਹਰੀ ਸੂਬਾ ਕਿਵੇਂ ਬਣਾਇਆ ਜਾਵੇ? ਪੰਜਾਬ ਦੇ ਖਿਡਾਰੀ ਕੌਮੀ, ਸੈਫ, ਏਸ਼ਿਆਈ, ਕਾਮਨਵੈਲਥ, ਓਲੰਪਿਕ ਅਥਵਾ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਕਿਵੇਂ ਵਧੇਰੇ ਗਿਣਤੀ 'ਚ ਜਾਣ, ਕਿਵੇਂ ਉਹ ਜਿੱਤ-ਮੰਚਾਂ ਉਤੇ ਚੜ੍ਹਨ ਜੋਗੇ ਹੋਣ ਤੇ ਕਿਵੇਂ ਪੰਜਾਬ ਦਾ ਨਾਂ ਖੇਡਾਂ ਦੀ ਦੁਨੀਆਂ ਵਿਚ ਰੌਸ਼ਨ ਕਰਨ? ਕਬੱਡੀ ਦੀ ਬੱਲੇ-ਬੱਲੇ ਨਾਲ ਹੋਰਨਾਂ ਖੇਡਾਂ ਦੀ ਬੱਲੇ-ਬੱਲੇ ਕਿਵੇਂ ਹੋਵੇ? ਪੰਜਾਬ ਵਿਚ ਕਿਹੋ ਜਿਹਾ ਖੇਡ ਸਭਿਆਚਾਰ ਸਿਰਜਿਆ ਜਾਵੇ?

ਭਾਰਤ ਦੇ ਆਜ਼ਾਦ ਹੋਣ ਵੇਲੇ ਤੋਂ ਲੈ ਕੇ ਪੱਚੀ ਤੀਹ ਸਾਲ ਤਕ ਪੰਜਾਬੀ ਖਿਡਾਰੀ ਭਾਰਤੀ ਖੇਡਾਂ ਉਤੇ ਛਾਏ ਰਹੇ। ਅੰਤਰਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਭਾਰਤ ਜਿੰਨੇ ਵੀ ਮੈਡਲ ਜਿੱਤਦਾ, ਉਨ੍ਹਾਂ 'ਚ ਅੱਧਿਓਂ ਵੱਧ ਪੰਜਾਬੀ ਖਿਡਾਰੀ ਜਿੱਤਦੇ। ਦੂਜੀਆਂ ਤੇ ਤੀਜੀਆਂ ਏਸ਼ਿਆਈ ਖੇਡਾਂ 'ਚੋਂ ਤਾਂ ਜਿੰਨੇ ਗੋਲਡ ਮੈਡਲ ਭਾਰਤ ਦੇ ਖਿਡਾਰੀਆਂ ਨੇ ਜਿੱਤੇ, ਉਹ ਸਭ ਜੂੜਿਆਂ ਵਾਲੇ ਖਿਡਾਰੀਆਂ ਰਾਹੀਂ ਹੀ ਜਿੱਤੇ। 1966 ਵਿਚ ਭਾਰਤੀ ਹਾਕੀ ਟੀਮ ਨੇ ਏਸ਼ਿਆਈ ਖੇਡਾਂ ਵਿਚ ਪਹਿਲੀ ਵਾਰ ਹਾਕੀ ਦਾ ਗੋਲਡ ਮੈਡਲ ਜਿੱਤਿਆ ਤਾਂ ਭਾਰਤੀ ਟੀਮ ਵਿਚ ਦਸ ਖਿਡਾਰੀ ਜੂੜਿਆਂ ਉਤੇ ਰੁਮਾਲ ਬੰਨ੍ਹ ਕੇ ਖੇਡ ਰਹੇ ਸਨ। ਉਨ੍ਹੀਂ ਦਿਨੀਂ ਪੰਜਾਬੀ ਖਿਡਾਰੀਆਂ ਦੀ ਝੰਡੀ ਹੁੰਦੀ ਸੀ।

ਗਲਤ ਨੀਤੀਆਂ ਕਾਰਨ ਹੌਲੀ-ਹੌਲੀ ਪੰਜਾਬ ਦੇ ਖਿਡਾਰੀ ਕੌਮੀ ਤੇ ਕੌਮਾਂਤਰੀ ਜਿੱਤ-ਮੰਚਾਂ 'ਤੇ ਚੜ੍ਹਨੋਂ ਘਟਦੇ ਗਏ ਅਤੇ ਦਿੱਲੀ ਦੀਆਂ ਕਾਮਨਵੈਲਥ ਖੇਡਾਂ ਤੇ ਲੰਡਨ ਦੀਆਂ ਉਲੰਪਿਕ ਖੇਡਾਂ ਤਕ ਪਹੁੰਚਦਿਆਂ ਉਹ ਪਛੜੇ ਸੂਬੇ ਹਰਿਆਣੇ ਤੋਂ ਵੀ ਪਛੜ ਗਏ। ਹੁਣ ਇਹ ਹਾਲ ਹੈ ਕਿ ਕੌਮੀ ਖੇਡਾਂ ਵਿਚ ਹੀ ਪੰਜਾਬ ਕਈ ਸੂਬਿਆਂ ਤੋਂ ਪਿੱਛੇ ਹੈ। ਖੇਡ ਮਾਹਿਰਾਂ ਨੂੰ ਪੰਜਾਬ ਦੇ ਖੇਡਾਂ ਵਿਚ ਪਛੜ ਜਾਣ ਦੇ ਕਾਰਨ ਲੱਭਣੇ ਤੇ ਹੱਲ ਵਿਚਾਰਨੇ ਚਾਹੀਦੇ ਹਨ। 'ਕੱਲੇ ਕਬੱਡੀ ਕੱਪਾਂ ਨਾਲ ਪੰਜਾਬ ਨੇ ਖੇਡਾਂ ਵਿਚ ਮੂਹਰੇ ਨਹੀਂ ਆ ਜਾਣਾ। ਅਤਿ ਮਹਿੰਗੇ ਤੇ ਉਹ ਵੀ ਲੰਗੜੇ ਕਬੱਡੀ ਕੱਪ ਕਰਾਉਣ ਦੀ ਥਾਂ ਸਾਰੀਆਂ ਖੇਡਾਂ ਵੱਲ ਧਿਆਨ ਦੇਣ ਦੀ ਲੋੜ ਹੈ। ਤਦ ਹੀ ਪੰਜਾਬ ਹਰਿਆਣੇ ਦਾ ਮੁਕਾਬਲਾ ਕਰ ਸਕੇਗਾ ਤੇ ਭਾਰਤ ਵਿਚ ਮੀਰੀ ਆ ਸਕੇਗਾ।

# ਹਿੰਦ ਖਿੱਤੇ ਵਿਚ ਜੰਗ ਦੇ ਬੱਦਲ

ਪੁਰਾਣੇ ਇਤਿਹਾਸ ਵਲ ਝਾਤ ਮਾਰੀਏ ਤਾਂ ਇਹ ਗੱਲ ਪ੍ਰਤੱਖ ਹੈ ਕਿ ਤਕੜਾ ਰਾਜਾ ਮਾੜੇ ਨੂੰ ਹਰਾ ਕੇ ਉਸ ਦਾ ਰਾਜ ਭਾਗ ਆਪਣੇ 'ਚ ਰਲਾ ਲਿਆ ਕਰਦਾ ਸੀ। ਥੋੜਾ ਜਾਂ ਲੰਬਾ ਅਰਸਾ ਰਾਜ ਕਰਨ ਉਪਰੰਤ ਹੁੰਦੀ ਉਸ ਨਾਲ ਵੀ ਇਵੇਂ ਹੀ ਸੀ, ਚਿਰੀਂ ਝੱਬੇ ਉਸ ਨੂੰ ਵੀ ਕੋਈ ਡਾਢਾ ਹਰਾ ਕੇ ਆਪਣਾ ਰਾਜ ਭਾਗ ਕਾਇਮ ਕਰ ਲੈਂਦਾ ਸੀ। ਉਦੋਂ ਲੜਾਈਆਂ ਰਵਾਇਤੀ ਹਥਿਆਰਾਂ-ਨੇਜਿਆਂ, ਬਰਛਿਆਂ, ਤਲਵਾਰਾਂ ਆਦਿ ਦੀਆਂ ਹੋਇਆ ਕਰਦੀਆਂ ਸਨ, ਜਿਨ੍ਹਾਂ ਦੀ ਮਾਰ ਲੜਾਈ ਦੇ ਮੈਦਾਨ

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਤੱਕ ਹੀ ਸੀਮਤ ਹੁੰਦੀ। ਜਿਉਂ ਜਿਉਂ ਸਮਾਂ ਬਦਲਿਆ ਤਾਂ ਲੜਾਈਆਂ ਬੰਦੂਕਾਂ, ਤੋਪਾਂ ਅਤੇ ਬੰਬਾਂ ਦੀਆਂ ਹੋਣ ਲੱਗੀਆਂ। ਇਨ੍ਹਾਂ ਲੜਾਈਆਂ ਦਾ ਪ੍ਰਭਾਵ ਵੀ ਲੜਾਈ ਵਾਲੇ ਖੇਤਰ ਤੱਕ ਹੀ ਮਹਿਦੂਦ ਹੁੰਦਾ।

ਦੂਸਰੇ ਸੰਸਾਰ ਯੁੱਧ ਤੋਂ ਬਾਅਦ ਬਹੁਤ ਤੇਜੀ ਨਾਲ ਮਾਰੂ ਹਥਿਆਰਾਂ ਦੀ ਮਾਰ ਵੱਧਣ ਲਗੀ ਤੇ ਵਧਦੀ ਜਾ ਰਹੀ ਹੈ, ਜਿਨ੍ਹਾਂ 'ਚ ਪਰਮਾਣੂ ਹਥਿਆਰ ਸੱਭ ਤੋਂ ਵੱਧ ਖਤਰਨਾਕ ਹਨ। ਮਾਰੂ ਹਥਿਆਰਾਂ ਦੇ ਬੇਅੰਤ ਭੰਡਾਰ ਭਰੇ ਪਏ ਹਨ ਤੇ ਹਥਿਆਰ ਬਣਾਉਣ ਦੇ ਕਾਰਖਾਨੇ ਧੜਾ-ਧੜ ਨਵੇਂ ਤੋਂ ਨਵੇਂ ਹਥਿਆਰ ਬਣਾਈ ਜਾ ਰਹੇ ਹਨ। ਹਥਿਆਰਾਂ ਦੇ ਵਪਾਰ ਨੂੰ ਚਲਦਾ ਰੱਖਣ ਲਈ ਯੁਧ ਛੇੜਨ ਦਾ ਬਹਾਨਾਂ ਲਭ ਕੇ ਕਿਤੇ ਨਾਂ ਕਿਤੇ ਖੇਤਰੀ ਯੁਧ ਛੇੜਨਾਂ ਜਰੂਰੀ ਬਣ ਜਾਂਦਾ ਹੈ।

ਦੂਸਰੇ ਸੰਸਾਰ ਯੁੱਧ ਤੋਂ ਬਾਅਦ ਇਹ ਇਕ ਰਵਾਇਤ ਹੀ ਬਣ ਗਈ ਹੈ ਕਿ ਤਕੜੇ ਵਿਕਸਤ ਦੇਸ਼ਾਂ ਦੀ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਇਹ ਖੇਤਰੀ ਯੁੱਧ ਅਤਿਅੰਤ ਜਰੂਰੀ ਬਣ ਗਏ ਹਨ। ਇਹ ਯੁੱਧ ਲੱਗਣ ਨਾਲ ਅਤੇ ਲੰਬੇ ਸਮੇਂ ਤੱਕ ਜਾਰੀ ਰਹਿਣ ਨਾਲ ਲੋਕਾਂ ਦਾ ਘਾਣ ਹੁੰਦਾ ਹੈ, ਆਰਥਿਕ ਤਬਾਹੀ ਹੁੰਦੀ ਹੈ ਅਤੇ ਲੰਬੇ ਸਮੇਂ ਤੱਕ ਅਸਥਿਰਤਾ ਬਣੀ ਰਹਿੰਦੀ ਹੈ। ਇਸ ਨਾਲ ਲੋਕਾਂ ਦਾ ਜਿਉਣਾਂ ਦੁਰਭਰ ਹੋ ਜਾਂਦਾ ਹੈ, ਜੋ ਕਈ ਪੁਸ਼ਤਾਂ ਤਕ ਜਾਰੀ ਰਹਿੰਦਾ ਹੈ। ਇਹੋ ਕੁਝ ਅਫਗਾਨਿਸਤਾਨ, ਇਰਾਕ, ਲੀਬੀਆ ਅਤੇ ਸੀਰੀਆ ਵਿਚ ਹੋਇਆ ਹੈ। ਪਰਿਵਾਰਾਂ ਦੇ ਪਰਿਵਾਰਾਂ ਦਾ ਮੌਤ ਦੇ ਘਾਟ ਚਲੇ ਜਾਣਾਂ ਆਪਣੇ ਆਪ ਵਿਚ ਇਕ ਵੱਡੀ ਤਰਾਸਦੀ ਹੈ। ਵਡੇ ਵਿਕਸਿਤ ਮੁਲਕਾਂ ਦੀ ਭੁੱਖ ਹੋਰ ਵਧਦੀ ਜਾਂਦੀ ਹੈ ਤੇ ਉਨ੍ਹਾਂ ਦਾ ਇਕ ਯੁੱਧ ਨਾਲ ਪੇਟ ਨਹੀਂ ਭਰਦਾ। ਬਰਾਬਰ ਦੇ ਯੁੱਧ ਹੋਰ ਖਿੱਤਿਆਂ 'ਚ ਲਾਉਣ ਦੀਆਂ ਤਰਕੀਬਾਂ ਖੁਫ਼ੀਆਂ ਏਜੰਸੀਆਂ ਚਿਤਵਦੀਆਂ ਹਨ ਤੇ ਬਹਾਨਾਂ ਭਾਲ ਕੇ ਨਵਾਂ ਯੁੱਧ ਅਰੰਭ ਕਰ ਦਿੱਤਾ ਜਾਂਦਾ ਹੈ ਤਾਂ ਕਿ ਪੁਰਾਣੇ ਬਣੇ ਹਥਿਆਰ ਮੁਨਿਆਦ ਮੁੱਕਣ ਤੋਂ ਪਹਿਲਾਂ ਵਰਤ ਹੋ ਜਾਣ ਤੇ ਨਵੇਂ ਆਧੁਨਿਕ ਹਥਿਆਰਾਂ ਦੇ ਭੰਡਾਰ ਹੋਰ ਭਰ ਲਏ ਜਾਣ ਤੇ ਵੱਧ ਤੋਂ ਵੱਧ ਗਾਹਕ ਲੱਭ ਕੇ ਵੇਚੇ ਜਾਣ।

ਇਸ ਦੀ ਪੂਰਤੀ ਲਈ ਦੋ ਬਰਾਬਰ ਦੇ ਦੁਸ਼ਮਣ ਖੜੇ ਕਰਨ ਦੀ ਲੋੜ ਵੀ ਰਹਿੰਦੀ ਹੈ। ਇਹ ਸਭ ਕੰਮ ਗੁਪਤ ਏਜੰਸੀਆਂ ਬਕਾਇਦਾ ਚਲਾਕੀ ਨਾਲ ਕਰਦੀਆਂ ਹਨ। ਜੇ ਆਰਜ਼ੀ ਤੌਰ 'ਤੇ ਯੁੱਧ ਨਾ ਵੀ ਲੱਗੇ ਤਾਂ ਯੁੱਧ ਦਾ ਭੈਅ ਇਨਾ ਪੈਦਾ ਕਰ ਦਿੱਤਾ ਜਾਏ ਕਿ ਦੋਵੇਂ ਧਿਰਾਂ ਵੱਧ ਤੋਂ ਵੱਧ ਜੰਗੀ ਹਥਿਆਰ ਖਰੀਦ ਕੇ ਆਪਣੇ ਭੰਡਾਰ ਭਰ ਲੈਣ। ਦੁਨੀਆਂ ਦੇ ਵੱਖੋ ਵੱਖਰੇ ਖਿੱਤਿਆਂ 'ਚ ਇਹ ਨੀਤੀ ਨਿਰੰਤਰ ਜਾਰੀ ਹੈ। ਪਿਛਲੇ ਕੁਝ ਦਹਾਕਿਆਂ ਵਲ ਝਾਤ ਮਾਰੀਏ ਤਾਂ ਪਿਛਲੀ ਸਦੀ ਦੇ ਅੱਸੀਵਿਆਂ 'ਚ ਦਸ ਸਾਲ ਚੱਲਿਆ ਇਰਾਨ-ਇਰਕ ਯੁੱਧ, ਭਾਰਤ-ਪਾਕਿਸਤਾਨ ਦੀਆਂ ਹੋਈਆਂ ਲੜਾਈਆਂ ਤੇ ਲਗਾਤਾਰ ਚੱਲਦੀ ਹੁਣ ਤੱਕ ਦੀ ਖਿੱਚੋਤਾਣ ਪ੍ਰਮੁੱਖ ਉਧਾਰਹਣਾਂ ਹਨ।

ਇੱਥੇ ਇਹ ਯਾਦ ਕਰਾਉਣਾ ਵੀ ਬਣਦਾ ਹੈ ਕਿ 1947 ਵਿਚ ਫਰੰਗੀਆਂ ਤੋਂ ਆਜ਼ਾਦੀ ਮਗਰੋਂ ਫਰੰਗੀਆਂ ਦੇ ਰਾਜ ਅਧੀਨ ਰਹੇ ਭਾਰਤ ਤੋਂ ਪੱਛਮੀ ਤੇ ਪੂਰਬੀ ਪਾਕਿਸਤਾਨ ਬਣੇ। ਮੁਲਕ ਭਾਵੇਂ ਇੱਕ ਸੀ ਪਰ ਭੂਗੋਲਿਕ ਤੌਰ ਤੇ ਇਕ ਦੂਜੇ ਤੋਂ ਬਹੁਤ ਦੂਰ ਸਨ। ਮਗਰੋਂ 1971 ਵਿਚ ਪੂਰਬੀ ਪਾਕਿਸਤਾਨ ਦਾ ਇਕ ਨਵਾਂ ਮੁਲਕ ਬੰਗਲਾ ਦੇਸ਼ ਬਣਿਆ ਤਾਂ ਭਾਰਤ ਦਾ ਸੋਵੀਅਤ ਯੂਨੀਅਨ (ਹੁਣ ਰੂਸ) ਨਾਲ ਵੀਹ ਸਾਲਾ ਸਮਝੌਤਾ ਹੋਇਆ ਜੰਗ 'ਚ ਇਕ ਦੂਜੇ ਦੀ ਸਹਾਇਤਾ ਕਰਨ ਦਾ, ਤੇ ਦੂਸਰੇ ਪਾਸੇ ਪਾਕਿਸਤਾਨ ਦੀ ਪਿੱਠ 'ਤੇ ਡਟ ਕੇ ਖੜਾ ਸੀ ਅਮਰੀਕਾ। ਜੇ ਕੁਝ ਗਹੁ ਨਾਲ ਘੋਖੀਏ, ਤਾਂ ਦਰਅਸਲ ਅਮਰੀਕਾ ਦੀ ਆਰਥਿਕ ਮਦਦ ਕਾਰਨ ਹੀ ਪਾਕਿਸਤਾਨ ਆਪਣੀ ਫੌਜ ਦਾ ਨਿਰਮਾਣ ਕਰ ਕੇ ਭਾਰਤ ਨੂੰ ਹੁਣ ਤੱਕ ਅੱਖਾਂ ਦਿਖਾਉਂਦਾ ਆ ਰਿਹਾ ਹੈ। ਇਹ ਅਰਥਿਕ ਮਦਦ ਹੁਣ ਤੱਕ ਵੀ ਜਾਰੀ ਹੈ। ਪਾਕਿਸਤਾਨ ਦੀ ਨਿਰੰਤਰ ਮਦਦ ਚੀਨ ਵੀ ਕਰਦਾ ਆ ਰਿਹਾ ਹੈ। ਭਾਵੇਂ ਚੀਨ ਅਤੇ ਅਮਰੀਕਾ ਦੀ ਆਪਸ ਵਿਚ ਖੜਕਦੀ ਸੀ ਪਰ ਪਾਕਿਸਤਾਨ ਨੂੰ ਭਾਰਤ ਦੇ ਖਿਲਾਫ ਖੜਾ ਰੱਖਣ ਲਈ ਦੋਵੇਂ ਮਦਦਗਾਰ ਰਹੇ।

ਜਦੋਂ 1979 'ਚ ਸੋਵੀਅਤ ਯੂਨੀਅਨ ਨੇ ਦਖਲ ਦੇ ਕੇ ਆਫਗਾਨਿਸਤਾਨ 'ਚ ਆਪਣੇ ਪੱਖ ਦੀ ਸਰਕਾਰ ਬਣਾ ਲਈ ਤਾਂ ਇਸ ਦੇ ਖਿਲਾਫ ਅਮਰੀਕਾ ਨੇ ਪਾਕਿਸਤਾਨ ਰਾਹੀਂ ਸੋਵੀਅਤ ਯੂਨੀਅਨ ਵਿਰੁਧ ਗੁੱਝਾ ਯੁੱਧ ਅਰੰਭ ਦਿੱਤਾ। ਪਾਕਿਸਤਾਨ 'ਚ ਪੈਦਾ ਹੋਏ ਤਾਲਿਬਾਨ ਤੇ ਹੋਰ ਅਤਿਵਾਦੀ ਗਰੁੱਪ ਇਸ ਦੀ ਹੀ ਉਪਜ ਨੇ, ਜਿਨ੍ਹਾਂ



ਦੀ ਮਦਦ ਨਾਲ ਅਮਰੀਕਾ ਨੇ ਸੋਵੀਅਤ ਯੂਨੀਅਨ ਦੀਆਂ ਫੌਜਾਂ ਨੂੰ ਤਾਂ ਜ਼ਲੀਲ ਕਰਾ ਕੇ ਕਢਾ ਦਿੱਤਾ ਪਰ ਇਸ ਸਭ ਕਾਸੇ 'ਚ ਮਗਰੋਂ ਅਮਰੀਕਾ ਨੂੰ ਵੀ ਬਹੁਤ ਜ਼ਲੀਲ ਹੋਣਾ ਪਿਆ।

ਦੇਖੋ ਹਾਲਾਤ ਕਿਸ ਕਰਵਟ ਬਦਲ ਰਹੇ ਹਨ, ਅੱਜ ਉਹੀ ਅਮਰੀਕਾ ਜਿਹੜਾ ਹੁਣ ਤੱਕ ਪਾਕਿਸਤਾਨ ਦੀ ਪਿੱਠ ਪੂਰਦਾ ਆਇਆ ਹੈ, ਉਸ ਨੂੰ ਪਿਛ੍ਹਾਂ ਕਰਕੇ ਭਾਰਤ ਨਾਲ ਨੇੜਤਾ ਬਣਾ ਰਿਹਾ ਹੈ। ਓਧਰ ਪਾਕਿਸਤਾਨ ਦੀ ਨੇੜਤਾ ਚੀਨ ਨਾਲ ਤਾਂ ਹੈ ਹੀ, ਰੂਸ ਦੇ ਵੀ ਨੇੜੇ ਹੋ ਰਿਹੈ। ਇਹ ਨਵੀਂ ਹੋ ਰਹੀ ਲਾਮਬੰਦੀ ਇਕ ਨਵੇਂ ਯੁੱਧ ਦਾ ਮੁੱਢ ਬੰਨਣ ਵਲ ਤੁਰ ਰਹੀ ਹੈ, ਜੋ ਹਿੰਦ ਖਿੱਤੇ 'ਚ ਜੰਗ ਦੇ ਬੱਦਲਾਂ ਦਾ ਪ੍ਰਤੀਕ ਹੈ, ਤੇ ਇਹ ਇਕ ਬਹੁਤ ਹੀ ਖਤਰਨਾਕ ਪਰਿਵਰਤਨ ਹੈ। ਪ੍ਰਮੁੱਖ ਤਾਕਤਾਂ ਦਾ ਗੱਠਜੋੜ ਖਤਰਨਾਕ ਮੋੜ ਵਲ ਜਾ ਰਿਹਾ ਹੈ। ਹੁਣ ਜੇ ਕੋਈ ਲੜਾਈ ਲੱਗਦੀ ਹੈ ਤਾਂ ਇਸ ਭੂਗੋਲਿਕ ਖਿੱਤੇ ਦੇ ਮੁਲਕਾਂ ਦਾ ਇੰਤਹਾ ਨੁਕਸਾਨ ਤੇ ਬਰਬਾਦੀ ਤੋਂ ਬਚਿਆ ਨਹੀਂ ਜਾਣਾ। ਦੂਜੀ ਸੰਸਾਰ ਜੰਗ ਦੇ ਆਖਰੀ ਪੜਾ 'ਚ ਜਪਾਨ ਦੇ ਨਾਗਾਸਾਕੀ ਤੇ ਹੀਰੋਸ਼ੀਮਾਂ ਦੀ ਤਬਾਹੀ ਦੇ ਦੁਖਾਂਤ ਯਾਦ ਰੱਖਣੇ ਚਹੀਦੇ ਹਨ।

ਅਮਰੀਕਾ ਹਜ਼ਾਰਾਂ ਕੋਹਾਂ ਦੂਰ ਬੈਠਾ ਹੈ, ਉਸ ਦੀ ਬਰਬਾਦੀ ਦੇ ਘੱਟ ਚਾਂਸ ਹਨ। ਲੜਾਈ ਲੱਗਦੀ ਹੈ ਤਾਂ ਉਸ ਨੂੰ ਦੂਹਰਾ ਫਾਇਦਾ ਹੋਏਗਾ, ਇਕ ਤਾਂ ਭਾਰਤ ਨੂੰ ਯੁੱਧ ਵਿਚ ਲਪੇਟ ਕੇ ਉਸ ਨੂੰ ਭਾਰੀ ਮਾਤਰਾ 'ਚ ਮਹਿੰਗੇ ਹਥਿਆਰ ਵੇਚੇ ਜਾਣਗੇ, ਦੂਸਰਾ ਉਸ ਦਾ ਭੌਤਿਕ ਨੁਕਸਾਨ ਕਰਾ ਕੇ ਉਸ ਨੂੰ ਪੱਕੀ ਤਰ੍ਹਾਂ ਥੱਲੇ ਲਾਇਆ ਜਾ ਸਕੇਗਾ, ਜਿਸ ਤਰ੍ਹਾਂ ਜਪਾਨ ਹਾਲੇ ਤੱਕ ਦੂਸਰੀ ਜੰਗ ਤੋਂ ਬਾਅਦ ਫੌਜੀ ਤੌਰ ਤੇ ਉਭਰ ਨਹੀਂ ਸਕਿਆ। ਜਨਸੰਘੀਆਂ (ਹੁਣ ਭਾਰਤੀ ਜਨਤਾ ਪਾਰਟੀ) ਦੀ ਮੁੱਢ ਤੋਂ ਹੀ ਇਹ ਸੋਚ ਰਹੀ ਹੈ ਕਿ ਰੂਸ ਨਾਲੋਂ ਭਾਰਤ ਅਮਰੀਕਾ ਦੇ ਨੇੜੇ ਰਹੇ, ਜੋ ਹੁਣ ਪੂਰੀ ਹੁੰਦੀ ਪ੍ਰਤੀਤ ਹੋ ਰਹੀ ਹੈ। ਭਾਰਤੀ ਹੁਕਮਰਾਨ ਸਿਆਸਤਦਾਨ ਇੱਥੇ ਭੁੱਲ ਕਰ ਰਹੇ ਹਨ ਕਿ ਅਮਰੀਕਾ ਭਾਰਤ ਦੇ ਨੇੜੇ ਉਨ੍ਹਾਂ ਨੂੰ ਫਾਇਦਾ ਪਹੁੰਚਾਉਣ ਲਈ ਆ ਰਿਹਾ ਹੈ, ਦਰਅਸਲ ਉਹ ਭਾਰਤ ਨੂੰ ਇਕ ਬਹੁਤ ਵੱਡੀ ਖਪਤਕਾਰਾਂ ਦੀ ਮੰਡੀ ਦੇ ਰੂਪ 'ਚ ਦੇਖਦਾ ਹੈ। ਉਸ ਨੂੰ ਲਗਦੈ ਕਿ ਇਸ ਖਿੱਤੇ 'ਚ ਆਪਣਾ ਪ੍ਰਭਾਵ ਜਮਾਉਣ ਦੇ ਨਾਲ ਨਾਲ ਭਾਰਤ ਨੂੰ ਬਹੁਤ ਕੁਝ ਵੇਚ ਸਕੇਗਾ ਤੇ ਨਾਲ ਹੀ ਆਪਣੀ ਚੌਧਰ ਵੀ ਕਾਇਮ ਰੱਖ ਸਕੇਗਾ। ਪਿਛਲੇ ਕਈ ਦਹਾਕਿਆਂ ਤੋਂ ਅਮਰੀਕਾ ਦੀ ਵਿਦੇਸ਼ ਨੀਤੀ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਜਿਸ ਨੇ ਇਸ ਨੂੰ ਮਣਾਂ ਮੂੰਹ ਕਰਜ਼ੇ ਥੱਲੇ ਦੱਬ ਦਿੱਤਾ ਹੈ।

ਪਿਛਲੀ ਸਦੀ ਦੇ ਅੱਸੀਵਿਆਂ 'ਚ ਚੱਲੀ ਇਰਾਨ-ਇਰਾਕ ਲੜਾਈ, ਇਰਾਕ 'ਤੇ ਅਮਰੀਕਾ ਦਾ ਸਿੱਧਾ ਹਮਲਾ, ਅਫਗਾਨਿਸਤਾਨ 'ਚ ਦਖਲ, ਲਿਬੀਆ 'ਚ ਮੁਆਮਾਰ ਗੱਦਾਫੀ ਨੂੰ ਖਤਮ ਕਰਨਾ ਤੇ ਹੁਣ ਸੀਰੀਆ 'ਚ ਐਲ ਆਸਾਦ ਮਗਰ ਪੈਣਾ ਕੁਝ ਉਦਾਹਰਣਾਂ ਹਨ, ਜਿਸ ਤੋਂ ਅਮਰੀਕਾ ਦੇ ਹੱਥ ਕੁੱਝ ਨਹੀਂ ਪਿਆ, ਜੇ ਪਿਆ ਹੈ ਤਾਂ ਸਿਰਫ ਨਿਮੋਝੂਣਤਾ ਅਤੇ ਬਦਨਾਮੀ। ਜਿਹੜੀ ਆਪਣੀ ਤੇ ਹੋਰਾਂ ਦੀ ਆਰਥਿਕਤਾ ਤਬਾਹ ਕੀਤੀ, ਉਹ ਵੱਖਰਾ ਝਟਕਾ ਹੈ। ਸਭ ਪਾਸੇ ਮਾਰ ਖਾ ਕੇ ਭਾਰਤ ਨੂੰ ਆਪਣੇ ਮੱਛੀ ਜਾਲ 'ਚ ਫਸਾ ਕੇ ਅਜਿਹੀ ਸਥਿਤੀ 'ਚ ਪਾਉਣਾ ਤੇ ਪਹੁੰਚਾਉਣਾਂ ਚਾਹੁੰਦਾ ਹੈ, ਜਿਸ ਨਾਲ ਭਾਰਤ ਸਦਾ ਲਈ ਤਬਾਹ ਹੋ ਕੇ ਇਸ ਦੇ ਗਹਿਣੇ ਪੈ ਸਕੇ। ਮੱਧ ਪੂਰਬ 'ਚ ਕਈ ਦਹਾਕਿਆਂ ਤੋਂ ਅੱਗ ਵਰ੍ਹ ਰਹੀ ਹੈ, ਹੁਣ ਪੱਛਮੀਂ ਤਾਕਤਾਂ ਸਮੇਤ ਅਮਰੀਕਾ ਇਹ ਅੱਗ ਦੇ ਅੰਗਿਆਰੇ ਭਾਰਤੀ ਖਿੱਤੇ 'ਚ ਸੁੱਟ ਕੇ ਇਥੇ ਵੀ ਮੱਧ ਪੂਰਬ ਵਾਂਗ ਭਾਂਬੜ ਮਚਾ ਆਪਣੇ ਜੰਗੀ ਹਥਿਆਰ ਬਣਾਉਣ ਦੇ ਕਾਰਖਾਨਿਆਂ ਨੂੰ ਲੰਬੇ ਸਮੇਂ ਲਈ ਚਲਦੇ ਰੱਖਣਾ ਚਾਹੁੰਦਾ ਹੈ। ਇਨ੍ਹਾਂ ਦੀਆਂ ਸੂਹੀਆ ਏਜੰਸੀਆਂ ਚੁਸਤ ਦਿਮਾਗ ਤੇ ਚਾਲਾਂ ਨਾਲ ਦਿਨ-ਰਾਤ ਕੰਮ ਕਰ ਰਹੀਆਂ ਹਨ, ਜਿਸ ਦਾ ਫ਼ਲ ਉਨ੍ਹਾਂ ਨੂੰ ਮਿਲਿਆ ਵੀ ਲਗਦਾ ਹੈ ਭਾਰਤ ਨੂੰ ਰੂਸ ਨਾਲੋਂ ਤੋੜ ਆਪਣੇ ਵਲ ਖਿੱਚਣ ਨਾਲ।

ਅਸਲ 'ਚ ਭਾਰਤ, ਚੀਨ, ਰੂਸ ਅਤੇ ਹੋਰ ਖੇਤਰੀ ਮੁਲਕਾਂ ਦਾ ਇਕ ਮਜ਼ਬੂਤ ਸੰਗਠਨ ਬਣਨਾ ਚਾਹੀਦਾ ਹੈ ਤਾਂ ਕਿ ਪੱਛਮੀ ਮੁਲਕਾਂ ਸਮੇਤ ਅਮਰੀਕਾ ਦੀਆਂ ਵੰਡ ਪਾਊ ਤੇ ਜੰਗ ਮਾਰੂ ਨੀਤੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਇਕ ਸਾਂਝੇ ਖਿੱਤੇ ਲਈ ਸਾਂਝਾ ਮੁਹਾਜ਼ ਹੀ ਸਥਾਨਕ ਲੋਕਾਂ ਨੂੰ ਜੰਗ ਦੇ ਮੂੰਹ ਜਾਣ ਤੋਂ ਰੋਕ ਸਕਦਾ ਹੈ।

# ਕਾਲੇ ਧਨ ਦਾ ਸਫੇਦ ਸਰੋਵਰ?



**ਸੁਕੀਰਤ**

ਅੱਠ ਨਵੰਬਰ ਰਾਤ ਸਾਢੇ ਅੱਠ ਵਜੇ ਜਦੋਂ ਪੱਤਰਕਾਰਾਂ ਦੇ ਇਕ ਵਟਸਐਪ ਗਰੁੱਪ ਵਿਚ ਕਿਸੇ ਨੇ ਇਹ ਸੁਨੇਹਾ ਭੇਜਿਆ ਕਿ ਰਾਤ 12 ਵਜੇ ਤੋਂ ਬਾਅਦ 500 ਅਤੇ 1000 ਦੇ ਸਾਰੇ ਨੋਟ ਰੱਦ ਕੀਤੇ ਜਾ ਰਹੇ ਸਨ, ਤਾਂ ਮੈਂ ਝਟ ਫਿਟਕਾਰਨੁਮਾ ਫਿਕਰਾ ਲਿਖ ਦਿੱਤਾ, 'ਇਹੋ ਜਿਹੀ ਸਨਸਨੀਖੇਜ਼ ਜਾਣਕਾਰੀ ਦੇਣ ਸਮੇਂ ਸਰੋਤ ਬਾਰੇ ਵੀ ਦੱਸਿਆ ਕਰੋ'। ਮੈਨੂੰ ਪੂਰਾ ਯਕੀਨ ਸੀ ਕਿ ਸੋਸ਼ਲ ਮੀਡੀਆ ਰਾਹੀਂ ਮੁੜ ਕੋਈ ਬੇਤੁਕੀ ਅਫ਼ਵਾਹ ਫੈਲਾਈ ਜਾ ਰਹੀ ਹੈ, ਪਰ ਫੌਰਨ ਮੋੜਵੀਂ ਫਿਟਕਾਰ ਆਈ, 'ਸਰੋਤ ਪੁਛਦੇ ਓਂ? ਪ੍ਰਧਾਨ ਮੰਤਰੀ ਐਲਾਨ ਕਰ ਰਿਹਾ ਹੈ। ਆਪਣਾ ਟੀ.ਵੀ. ਚਾਲੂ ਕਰੋ'। ਬੇਯਕੀਨੀ ਜਿਹੀ ਵਿਚ ਟੀ.ਵੀ. ਚਾਲੂ ਕਰਦਿਆਂ ਕਰਦਿਆਂ ਵੀ ਮੈਂ ਆਪਣਾ ਜੁਮਲਾ ਜੜਨੋਂ ਨਾ ਰਹਿ ਸਕਿਆ- 'ਜੇ ਇਹ ਗੱਲ ਸੱਚ ਹੈ ਤਾਂ ਸੱਚਮੁੱਚ ਉਸ ਦਾ ਸਿਰ ਫਿਰ ਗਿਆ ਹੈ'।

ਮੈਂ ਅਜੇ ਪ੍ਰਧਾਨ ਮੰਤਰੀ ਦੀਆਂ ਦਲੀਲਾਂ ਸੁਣੀਆਂ ਵੀ ਨਹੀਂ ਸਨ, ਕਿਸੇ ਕਿਸਮ ਦੇ ਆਰਥਿਕ ਅੰਕੜੇ ਮੇਰੇ ਜ਼ਿਹਨ ਵਿਚ ਵੀ ਨਹੀਂ ਸਨ, ਕੋਈ ਸਿਧਾਂਤਕ ਸਵਾਲ ਮੇਰੇ ਮਨ ਵਿਚ ਉਭਰਿਆ ਵੀ ਨਹੀਂ ਸੀ, ਪਰ ਅਜਿਹਾ ਆਪਮੁਹਾਰਾ ਪ੍ਰਤੀਕਰਮ ਸਿਰਫ਼ ਇਸ ਲਈ ਹੋਇਆ, ਕਿਉਂਕਿ ਇਸ ਫੈਸਲੇ ਤੋਂ ਮੁਲਕ ਵਿਚ ਮੱਚਣ ਵਾਲੀ ਤਰਥੱਲੀ, ਲੋਕਾਂ ਵਿਚ ਫੈਲਣ ਵਾਲੀ ਹਫ਼ੜਾ-ਦਫ਼ੜੀ ਨੂੰ ਕਿਆਸ ਸਕਣਾ ਔਖਾ ਨਹੀਂ ਸੀ। ਕੀ ਪ੍ਰਧਾਨ ਮੰਤਰੀ ਨੂੰ ਇਸ ਦਾ ਕੋਈ ਅੰਦੇਸ਼ਾ ਨਹੀਂ ਸੀ? ਉਸ ਨੂੰ ਸਲਾਹ ਦੇਣ ਵਾਲਾ ਕੋਈ ਨਹੀਂ ਸੀ? ਟੀ.ਵੀ. ਉਤੇ ਮੋਦੀ ਦਾ ਭਾਸ਼ਣ ਖਤਮ ਹੋਇਆ ਅਤੇ ਪਿੜ ਮੱਲ ਲਿਆ ਵਿਤੀ ਅਫ਼ਸਰਸ਼ਾਹਾਂ ਨੇ। 2000 ਅਤੇ 500 ਦੇ ਨਵੇਂ ਨੋਟ ਦਿਖਾਏ ਗਏ। ਇਹ ਵੀ ਦੱਸਿਆ ਗਿਆ ਕਿ ਕੁਝ ਹੀ ਦਿਨਾਂ ਵਿਚ 2000 ਦਾ ਨੋਟ ਬਾਜ਼ਾਰ ਵਿਚ ਆ ਜਾਵੇਗਾ।

2000 ਦਾ ਨੋਟ? ਤੇ 1000 ਦਾ ਕਿਥੇ ਗਿਆ? ਪਹਿਲੋਂ 500 ਦਾ ਨੋਟ ਕਿਉਂ ਨਹੀਂ ਜਾਰੀ ਕੀਤਾ ਜਾ ਰਿਹਾ? 2000 ਦੇ ਨੋਟਾਂ ਨੂੰ ਤੁੜਾਉਣ ਲਈ ਭਾਨ ਕਿਥੋਂ ਆਵੇਗੀ? 200/300 ਦਾ ਸੌਦਾ ਲੈਣਾ ਹੋਵੇ ਤਾਂ ਅੱਵਲ ਤਾਂ ਕੋਈ 1000 ਦਾ ਨੋਟ ਲੈਂਦਾ ਨਹੀਂ, ਜੇ ਲੈ ਵੀ ਲਵੇ ਤਾਂ ਮੋੜਵੀਂ ਰਕਮ ਵਿਚ ਅਮੂਮਨ 500 ਦਾ ਨੋਟ ਵੀ ਹੁੰਦਾ ਹੈ। ਕਿਸ ਦੇ ਕੋਲ ਹੁੰਦੇ ਹਨ ਸੌ-ਸੌ ਦੇ ਸੱਤ-ਅੱਠ ਨੋਟ? ਬਿਨਾ 500 ਦੇ ਨੋਟਾਂ ਦੇ ਲੋਕ 2000 ਦਾ ਨੋਟ ਤੁੜਾਉਣਗੇ ਕਿਵੇਂ? ਕੀ ਇਨ੍ਹਾਂ ਸਾਰੇ ਮਾਹਰਾਂ ਨੇ ਇਸ ਗੱਲ ਵਲ ਧਿਆਨ ਹੀ ਨਹੀਂ ਦਿਤਾ? ਸਮਝ ਨਹੀਂ ਸੀ ਆ ਰਹੀ ਕਿ ਇਨ੍ਹਾਂ 'ਸਿਆਣਿਆਂ' ਨੂੰ ਮੂਰਖ ਕਿਉਂ ਨਾ ਕਿਹਾ ਜਾਵੇ? ਅਤੇ 2000 ਦੇ ਨੋਟ ਨਾਲ ਭ੍ਰਿਸ਼ਟਾਚਾਰ ਖਤਮ ਹੋਵੇਗਾ, ਕਿ ਸੌਖਾ ਹੋ ਜਾਵੇਗਾ? ਹੁਣ ਤਾਂ ਟੈਕਸ ਚੋਰਾਂ ਲਈ ਆਪਣਾ ਧਨ ਸਾਂਭਣਾ, ਲਿਜਾਣਾ ਹੋਰ ਸੌਖਾ ਹੋ ਜਾਵੇਗਾ। ਜੇ ਵੱਡੇ ਨੋਟ ਸਿਰਫ਼ ਇਹ ਮੰਨ ਕੇ ਰੱਦ ਕੀਤੇ ਜਾ ਰਹੇ ਹਨ ਕਿ ਕਾਲਾ ਧਨ ਵੱਡੇ ਨੋਟਾਂ ਵਿਚ ਤਬਦੀਲ ਕਰ ਕੇ ਲੁਕਾਇਆ ਜਾਂਦਾ ਹੈ, ਤਾਂ ਫੇਰ 2000 ਦੇ ਨੋਟ ਨਾਲ ਇਨ੍ਹਾਂ ਜ਼ਖੀਰੇਬਾਜ਼ਾਂ ਦਾ ਰਾਹ ਤਾਂ ਹੋਰ ਸੁਖਾਲਾ ਹੋ ਜਾਵੇਗਾ। ਜਿਸ ਪੱਖੋਂ ਵੀ ਪਰਖਾਂ, ਮੈਨੂੰ ਇਹ ਨਾਟਕੀ ਫੈਸਲਾ ਬੇਤੁਕਾ, ਸਨਸਨੀਖੇਜ਼ ਅਤੇ ਤਰਥੱਲੀ ਮਚਾਊ ਜਾਪ ਰਿਹਾ ਸੀ।

ਇਹ ਸੀ ਮੁਢਲਾ ਪ੍ਰਤੀਕਰਮ, ਪਰ ਅਗਲੇ ਹੀ ਦਿਨ ਮਨ ਵਿਚੋਂ ਲੰਘਿਆ ਕਿ ਕੁਝ ਸੂਬਿਆਂ ਦੀਆਂ ਚੋਣਾਂ ਸਿਰ 'ਤੇ ਹਨ। ਇਨ੍ਹਾਂ ਵਿਚੋਂ ਇਕ, ਉਤਰ ਪ੍ਰਦੇਸ਼ ਨੂੰ ਜਿੱਤਣਾ ਭਾਜਪਾ ਲਈ ਨਿਹਾਇਤ ਅਹਿਮ ਹੈ। ਲੋਕ ਸਭਾ ਵਿਚ ਭਾਜਪਾ ਦੀ ਬਹੁਗਿਣਤੀ ਇਸੇ ਸੂਬੇ ਦੇ ਆਧਾਰ ਉਤੇ ਹੈ। ਇਸ ਸੂਬੇ ਵਿਚ ਆਪਣੀ ਸਰਕਾਰ ਬਣਾਉਣ ਲਈ ਭਾਜਪਾ ਪਿਛਲੇ ਦੋ ਸਾਲ ਤੋਂ ਹਰ ਹਰਬਾ ਵਰਤ ਰਹੀ ਹੈ। ਇਹ ਤੱਥ ਕਿਸੇ ਕੋਲੋਂ ਵੀ ਗੁੱਝਾ ਨਹੀਂ ਕਿ ਚੋਣਾਂ ਸਮੇਂ ਹਰ ਦਲ 'ਕੈਸ਼' ਵਰਤ ਕੇ ਵੋਟਰਾਂ ਨੂੰ ਲੁਭਾਉਣ-ਖਰੀਦਣ ਦਾ ਕੰਮ ਕਰਦਾ ਹੈ। ਭਾਰਤ ਵਿਚ ਕਾਲੇ ਧਨ ਦੀ ਸਭ ਤੋਂ ਵੱਧ ਅਤੇ ਨੰਗੀ-ਚਿੱਟੀ ਵਰਤੋਂ ਚੋਣਾਂ ਸਮੇਂ ਹੀ ਹੁੰਦੀ ਹੈ। ਪੁਰਾਣੇ ਨੋਟਾਂ ਦੇ ਰੱਦੀਕਰਨ ਦਾ ਫੈਸਲਾ ਇਸੇ ਘੜੀ ਕਿਉਂ ਕੀਤਾ ਗਿਆ? ਇਸ ਰੱਦੀਕਰਨ ਨਾਲ ਸਭ ਤੋਂ ਵਧ ਨੁਕਸਾਨ ਬਸਪਾ ਅਤੇ ਸਮਾਜਵਾਦੀ ਪਾਰਟੀ ਨੂੰ ਹੋਵੇਗਾ। ਹੋਵੇ ਨਾ ਹੋਵੇ, ਭਾਜਪਾ ਨੇ ਆਪਣਾ 'ਖਜ਼ਾਨਾ' ਤਾਂ ਪਹਿਲੋਂ ਹੀ ਟਿਕਾਣੇ ਲਾ ਲਿਆ ਹੋਵੇਗਾ, ਪਰ ਇਹ ਸਿਰਫ਼ ਸ਼ੱਕ ਸੀ ਜਿਸ ਦਾ ਮੇਰੇ ਕੋਲ ਆਧਾਰ ਕੋਈ ਨਹੀਂ ਸੀ। ਦੋ ਦਿਨ ਮਗਰੋਂ ਪਹਿਲਾ ਸਬੂਤ ਵੀ ਸਾਹਮਣੇ ਆ ਗਿਆ। ਬੰਗਾਲ ਦੇ ਭਾਜਪਾ ਯੂਨਿਟ ਦੇ ਖਾਤੇ ਵਿਚ 1 ਤੋਂ 8 ਨਵੰਬਰ ਦੌਰਾਨ 4 ਕਰੋੜ ਦੀ ਨਕਦੀ ਜਮ੍ਹਾਂ ਹੋਈ; ਇੱਕ ਕਰੋੜ ਤਾਂ 8 ਨਵੰਬਰ ਨੂੰ ਹੀ ਜਮ੍ਹਾਂ ਹੋਇਆ ਜਿਸ ਵਿਚੋਂ ਆਖਰੀ 40 ਲੱਖ ਕੈਸ਼ ਰਾਤ 8 ਵਜੇ ਜਮ੍ਹਾਂ ਕਰਾਇਆ ਗਿਆ, ਉਦੋਂ ਜਦੋਂ ਪ੍ਰਧਾਨ ਮੰਤਰੀ ਦਾ ਐਲਾਨੀਆ ਭਾਸ਼ਣ ਚਾਲੂ ਸੀ। ਭਾਜਪਾ ਦਾ ਬੰਗਾਲ ਵਿਚ ਨਿਗੂਣਾ ਜਿਹਾ ਵਜੂਦ ਹੈ (ਇਸ ਤੋਂ ਵਧ ਵਜੂਦ ਤਾਂ ਇਸ ਦਾ ਪੰਜਾਬ ਵਿਚ ਹੈ) ਪਰ ਇਸ ਦੇ ਬਾਵਜੂਦ ਉਸ ਦੇ ਖਾਤੇ ਵਿਚ ਕਾਹਲੀ ਕਾਹਲੀ ਚਾਰ ਕਰੋੜ ਜਮ੍ਹਾਂ ਕੀਤੇ ਗਏ। ਇਸ ਖਾਤੇ ਦੀ ਖਬਰ ਤਾਂ 'ਲੀਕ' ਹੋ ਗਈ, ਬਾਕੀ ਸੂਬਿਆਂ ਦੇ ਭਾਜਪਾ ਖਾਤਿਆਂ ਵਿਚ ਕਿੰਨਾ ਕਿੰਨਾ ਕੈਸ਼ ਜਮ੍ਹਾਂ ਹੋਇਆ, ਇਸ ਦਾ ਸਿਰਫ਼ ਕਿਆਸ ਹੀ ਲਾਇਆ ਜਾ ਸਕਦਾ ਹੈ; ਜਾਂ ਫਿਰ ਮੰਗ ਕੀਤੀ ਜਾ ਸਕਦੀ ਹੈ ਕਿ ਪਿਛਲੀ ਤਿਮਾਹੀ ਵਿਚ ਹਰ ਪਾਰਟੀ ਦੇ ਬੈਂਕ ਖਾਤੇ ਵਿਚ ਕਿੰਨੀ ਕਿੰਨੀ ਰਕਮ ਜਮ੍ਹਾਂ ਹੋਈ; 'ਰਾਸ਼ਟਰ ਹਿਤ' ਵਿਚ ਇਸ ਨੂੰ ਨਸ਼ਰ ਕੀਤਾ ਜਾਵੇ, ਤਸਵੀਰ ਆਪੇ ਸਾਫ਼ ਹੋ ਜਾਵੇਗੀ।

'ਰਾਸ਼ਟਰ ਹਿੱਤ' ਦੇ ਨਾਂ ਉਤੇ ਕਾਲੇ ਧਨ ਵਿਰੁਧ ਚਲਾਈ ਗਈ ਇਸ ਮੁਹਿੰਮ ਨੇ ਆਮ ਲੋਕਾਂ ਦਾ ਦਾ ਕਿੰਨਾ ਘਾਣ ਕੀਤਾ ਹੈ, ਉਹ ਪਿਛਲੇ ਦਿਨਾਂ ਦੌਰਾਨ ਸਭ ਦੇ ਸਾਹਮਣੇ ਹੈ, ਦੁਹਰਾਉਣ ਦੀ ਲੋੜ ਨਹੀਂ, ਪਰ ਇਹ ਸਮਝਣ ਦੀ ਲੋੜ ਹੈ ਕਿ ਕਾਲਾ ਧਨ ਹੁੰਦਾ ਕੀ ਹੈ।

*ਕੀ ਮਾਰਕੀਟ ਵਿਚ ਨਵੇਂ ਨੋਟ ਆ ਜਾਣ ਨਾਲ ਭ੍ਰਿਸ਼ਟਾਚਾਰ ਬੰਦ ਹੋ ਜਾਵੇਗਾ? ਕੀ ਹਰ ਸਰਕਾਰੀ ਅਫ਼ਸਰ ਹੁਣ ਰਿਸ਼ਵਤ ਲੈਣੀ ਬੰਦ ਕਰ ਦੇਵੇਗਾ? ਕੀ ਪ੍ਰਾਈਵੇਟ ਕਾਲਜਾਂ ਵਾਲੇ ਲੱਖਾਂ ਦੀ ਦਾਖਲਾ ਫੀਸ ਤੋਂ ਬਿਨਾ ਹੀ ਵਿਦਿਆਰਥੀ ਭਰਤੀ ਕਰ ਲਿਆ ਕਰਨਗੇ? ... ਤੇ ਕੀ ਤੁਸੀਂ ਆਪਣੇ ਉਲਟੇ-ਸਿੱਧੇ ਕੰਮ ਕਰਾਉਣ ਲਈ ਨਵੀਂ ਕਰੰਸੀ ਨਾਲ ਰਸੂਖ ਵਾਲੇ ਬੰਦਿਆਂ ਦੀਆਂ ਹਥੇਲੀਆਂ ਗਰਮ ਕਰਨੀਆਂ ਬੰਦ ਕਰ ਦਿਉਗੇ? ਇਹ ਸਭ ਤਾਂ ਬੰਦ ਨਹੀਂ ਹੋਣ ਵਾਲਾ, ਪਰ ਇਸ ਨੋਟਬੰਦੀ ਕਾਰਨ ਤਬਾਹੀ ਵਲ ਧੱਕੇ ਜਾਣ ਵਾਲੇ ਛੋਟੇ ਕਿਰਤੀਆਂ ਨੂੰ ਮੁੜ ਲੀਹੇ ਕੌਣ ਪਾਵੇਗਾ?*



ਇਹ ਤਾਂ ਸਭ ਜਾਣਦੇ ਹਨ ਕਿ ਕਾਲੇ ਧਨ ਦੇ ਨੋਟ ਕੋਈ ਵੱਖਰੇ ਨਹੀਂ ਹੁੰਦੇ, ਪਰ ਇਸ ਗੱਲ ਵੱਲ ਕਿਸੇ ਦਾ ਧਿਆਨ ਘੱਟ ਹੀ ਜਾਂਦਾ ਹੈ ਕਿ ਕਾਲਾ ਧਨ, ਵਹਿਣ ਵਾਂਗ ਹੁੰਦਾ ਹੈ ਜੋ ਇਕ ਤੋਂ ਦੂਜੇ ਹੱਥ ਜਾ ਕੇ ਕਦੇ ਚਿੱਟਾ ਅਤੇ ਕਦੇ ਕਾਲਾ ਹੁੰਦਾ ਰਹਿੰਦਾ ਹੈ। ਦਰਅਸਲ, ਕਾਲਾ ਧਨ ਉਹ ਪੈਸਾ ਹੈ ਜਿਸ ਉਤੇ ਟੈਕਸ ਨਹੀਂ ਤਾਰਿਆ ਜਾਂਦਾ। ਮਿਸਾਲ ਦੇ ਤੌਰ ਉਤੇ, ਫ਼ਰਜ਼ ਕਰ ਲਈਏ ਕਿ ਕਿਸੇ ਨੇ ਪ੍ਰਾਈਵੇਟ ਸਕੂਲ ਖੋਲ੍ਹਿਆ ਹੋਇਆ ਜਿਸ ਵਿਚ ਦਾਖਲੇ ਲਈ ਮਾਪਿਆਂ ਕੋਲੋਂ ਕੁਝ ਹਜ਼ਾਰ ਰੁਪਏ ਨਕਦ ਲਏ ਜਾਂਦੇ ਹਨ (ਉਨ੍ਹਾਂ ਫ਼ੀਸਾਂ ਤੋਂ ਇਲਾਵਾ ਜੋ ਸਕੂਲ ਆਪਣੇ ਖਾਤੇ ਵਿਚ ਦਿਖਾਉਂਦਾ ਅਤੇ ਸਰਕਾਰ ਨੂੰ ਬਣਦਾ ਟੈਕਸ ਤਾਰਦਾ ਹੈ) ਅਤੇ ਇਹ ਸਕੂਲ ਦਾ ਮਾਲਕ ਇਸ ਰਕਮ ਨਾਲ ਆਪਣਾ ਆਲੀਸ਼ਾਨ ਮਕਾਨ ਉਸਾਰਦਾ ਹੈ, ਤਾਂ ਉਹ ਆਪਣਾ ਕਾਲਾ ਧਨ ਵਰਤ ਰਿਹਾ ਹੈ, ਪਰ ਇਸ ਧਨ ਨਾਲ ਜਦੋਂ ਉਹ ਦਿਹਾੜੀਦਾਰ ਮਜ਼ਦੂਰ ਨੂੰ ਉਸ ਦਾ ਮਿਹਨਤਾਨਾ ਦਿੰਦਾ ਹੈ ਤਾਂ ਮਜ਼ਦੂਰ ਦੇ ਹੱਥਾਂ ਵਿਚ ਪਹੁੰਚ ਕੇ ਇਹ ਧਨ ਕਾਲਾ ਨਹੀਂ ਰਹਿੰਦਾ, ਕਿਉਂਕਿ ਮਜ਼ਦੂਰ ਦੀ ਆਮਦਨ ਉਤੇ ਟੈਕਸ ਬਣਦਾ ਹੀ ਨਹੀਂ। ਜਦੋਂ ਇਹ ਮਜ਼ਦੂਰ ਸੌਦਾ-ਪੱਤਾ ਖਰੀਦਦਾ ਹੈ ਤਾਂ ਇਹ ਧਨ ਚਿੱਟਾ ਹੀ ਰਹਿੰਦਾ ਹੈ, ਕਿਉਂਕਿ ਹਰ ਵਸਤ ਦੀ ਕੀਮਤ ਵਿਚ ਵਿਕਰੀ ਕਰ ਸ਼ਾਮਲ ਹੁੰਦਾ ਹੈ, ਪਰ ਜਦੋਂ ਇਹ ਮਜ਼ਦੂਰ ਕਿਸੇ ਅਜਿਹੇ ਡਾਕਟਰ ਕੋਲੋਂ ਇਲਾਜ ਕਰਾਉਂਦਾ ਹੈ ਜੋ ਹਰ ਓਪਰੇਸ਼ਨ ਲਈ ਨਕਦ ਪੈਸੇ ਲੈ ਸਰਕਾਰ ਨੂੰ ਆਪਣੀ ਆਮਦਨ ਘਟਾ ਕੇ ਦੱਸਦਾ ਹੈ, ਤਾਂ ਇਹ ਧਨ ਫਿਰ ਕਾਲਾ ਹੋ ਜਾਂਦਾ ਹੈ। ਇਹੋ ਜਿਹੇ ਜਮ੍ਹਾਂ ਧਨ ਨਾਲ ਡਾਕਟਰ ਜਦੋਂ ਆਪਣੇ ਹਸਪਤਾਲ ਲਈ ਪਲਾਟ ਖਰੀਦਦਾ ਹੈ, ਤਾਂ ਉਸ ਦਾ ਉਹ ਹਿੱਸਾ (ਜੋ ਚੈੱਕ ਰਾਹੀਂ ਤਾਰਿਆ ਤੇ ਰਜਿਸਟਰੀ ਵਿਚ ਦਰਜ ਹੁੰਦਾ ਹੈ) ਚਿੱਟਾ ਹੁੰਦਾ ਹੈ, ਬਾਕੀ ਨਕਦ ਹਿੱਸਾ ਕਾਲਾ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਕਾਲਾ ਧਨ ਘੜੇ ਵਿਚ ਦੱਬੀਆਂ ਮੋਹਰਾਂ ਦਾ ਕੋਈ ਜ਼ਖੀਰਾ ਨਹੀਂ, ਮੁਨਾਫ਼ੇ ਦਾ ਉਹ ਹਿੱਸਾ ਹੈ ਜਿਸ ਨੂੰ ਧਨਾਢ ਵਪਾਰੀ ਜਾਂ ਰਿਸ਼ਵਤਖੋਰ ਅਫ਼ਸਰ ਆਪਣੀ ਆਮਦਨ ਵਜੋਂ ਜ਼ਾਹਰ ਨਹੀਂ ਕਰਦਾ, ਤੇ ਬਿਨਾ ਟੈਕਸ ਤਾਰੇ ਵਰਤਦਾ ਹੈ। ਅਸਲ ਵਿਹਾਰ ਵਿਚ ਬਹੁਤ ਥੋੜ੍ਹੀ, ਤੇ ਛੇਤੀ ਲੋੜੀਂਦੀ ਰਕਮ ਹੀ ਨਕਦੀ ਦੇ ਰੂਪ ਵਿਚ ਦੱਬ ਕੇ ਰੱਖੀ ਜਾਂਦੀ ਹੈ, ਕਿਉਂਕਿ ਹਰ ਧਨਾਢ ਜਾਣਦਾ ਹੈ ਕਿ ਅਣਵਰਤੇ ਧਨ ਨੇ 'ਸੂਣਾ' ਨਹੀਂ ਹੁੰਦਾ, ਸਗੋਂ ਕੀਮਤਾਂ ਦੇ ਵਧਣ ਨਾਲ 'ਖੁਰਨਾ' ਹੀ ਹੁੰਦਾ ਹੈ। ਇਸੇ ਲਈ ਕਾਲੇ ਧਨ ਦਾ ਵਡੇਰਾ ਹਿੱਸਾ ਨਾਲੋ-ਨਾਲ ਜਾਇਦਾਦ, ਸੋਨੇ ਅਤੇ ਵਿਦੇਸ਼ੀ ਬੈਂਕਾਂ/ਕਰੰਸੀਆਂ ਵਿਚ ਤਬਦੀਲ ਹੁੰਦਾ ਜਾਂਦਾ ਹੈ। ਲੱਖਾਂ ਦੀ ਨਗਦੀ ਨੂੰ ਦੱਬ ਕੇ ਭੁੱਲ ਜਾਣ ਵਾਲਾ ਵਿਰਲਾ ਮੂਰਖ 'ਸੂਮ' ਕਹਾਉਂਦਾ ਹੈ, ਧਨਾਢ ਨਹੀਂ। ਅਰਥ ਸ਼ਾਸਤਰੀਆਂ ਦਾ ਅੰਦਾਜ਼ਾ ਹੈ ਕਿ ਕਾਲੇ ਧਨ ਦਾ ਸਿਰਫ਼ 5 ਕੁ ਫ਼ੀਸਦੀ ਹਿੱਸਾ ਨਗਦ ਨੋਟਾਂ ਦੇ ਰੂਪ ਵਿਚ ਰੱਖਿਆ ਹੁੰਦਾ ਹੈ। ਇਸ ਪੱਖੋਂ ਦੇਖਿਆ ਜਾਵੇ ਤਾਂ ਸਰਕਾਰ ਦਾ ਇਹ ਫੈਸਲਾ ਬਿਲਕੁਲ ਵੀ ਕਾਰਗਰ ਨਹੀਂ। ਨਗਦੀ ਤਾਂ ਬਾਹਰ ਆ ਜਾਵੇਗੀ, ਉਸ 95 ਪ੍ਰਤੀਸ਼ਤ ਕਾਲੇ ਧਨ ਦਾ ਕੀ ਬਣੇਗਾ ਜੋ ਜਾਇਦਾਦਾਂ, ਸੋਨੇ ਅਤੇ ਵਿਦੇਸ਼ੀ ਬੈਂਕਾਂ ਵਿਚ ਸੁਰੱਖਿਅਤ ਹੈ। ਦਰਅਸਲ ਚੋਣਾਂ ਸਮੇਂ 100 ਦਿਨਾਂ ਦੇ ਅੰਦਰ ਅੰਦਰ ਬਾਹਰਲੇ ਮੁਲਕਾਂ ਵਿਚ ਪਿਆ ਸਾਰਾ ਕਾਲਾ ਧਨ ਵਾਪਸ ਲਿਆ ਕੇ ਹਰ ਕਿਸੇ ਦੇ ਖਾਤੇ ਵਿਚ 15-15 ਲੱਖ ਪੁਆ ਦੇਣ ਦਾ ਵਾਇਦਾ ਕਰਨ ਵਾਲੇ ਮੋਦੀ ਕੋਲੋਂ ਆਪਣੀ ਸਰਕਾਰ ਬਣਾ ਲੈਣ ਮਗਰੋਂ 4000 ਕਰੋੜ ਵੀ ਵਾਪਸ ਨਾ ਲਿਆਂਦੇ ਜਾ ਸਕੇ, ਪਰ ਇਸ ਨੋਟਬੰਦੀ ਨਾਲ ਹਰ ਰੋਜ਼ 10,000 ਕਰੋੜ ਬੈਂਕਾਂ ਵਿਚ ਜਮ੍ਹਾਂ ਹੋ ਰਹੇ ਹਨ।

ਅਕਤੂਬਰ ਵਿਚ ਭਾਰਤ ਵਿਚ ਕੁਲ 17,700 ਲੱਖ ਕਰੋੜ ਦੇ ਨੋਟ ਚੱਲ ਰਹੇ ਸਨ ਜਿਨ੍ਹਾਂ ਦਾ 85 ਪ੍ਰਤੀਸ਼ਤ (ਤਕਰੀਬਨ 15 ਲੱਖ ਕਰੋੜ) ਉਨ੍ਹਾਂ ਨੋਟਾਂ ਦਾ ਹੈ ਜਿਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਸੋ, ਹਰ ਸ਼ਹਿਰੀ ਇਨ੍ਹਾਂ ਨੂੰ ਬੈਂਕਾਂ ਵਿਚ ਜਮ੍ਹਾਂ ਕਰਾਉਣ ਲਈ ਮਜਬੂਰ ਹੈ। ਉਹ ਧਨਾਢ ਵੀ ਜਿਸ ਨੇ 25 -30 ਲੱਖ ਦੇ ਨੋਟ ਦੱਬ ਕੇ ਰੱਖੇ ਹੋਏ ਹਨ (ਤੇ ਅਜਿਹੇ ਧਨਾਢ ਨੂੰ ਆਪਣੀ ਦੱਬੀ ਰਕਮ ਢਾਈ ਢਾਈ ਲੱਖ ਵਿਚ ਵੰਡ ਕੇ ਦਸ ਖਾਤਿਆਂ ਵਿਚ ਜਮ੍ਹਾਂ ਕਰਾ ਲੈਣ, ਜਾਂ ਆਪਣੇ ਹਜ਼ਾਰਾਂ ਵਰਕਰਾਂ ਨੂੰ ਰੋਜ਼ ਬੈਂਕਾਂ ਵਿਚ ਭੇਜ ਕੇ ਨਕਦ ਨੋਟ ਵਟਾਉਣ ਦਾ ਗੁਰ ਵੀ ਪਤਾ ਹੈ, ਹੋਰ ਕਈ ਅਜਿਹੇ ਗੁਰਾਂ ਸਮੇਤ ਜੋ ਆਮ ਪਾਠਕ ਲਈ ਗੁੰਝਲਦਾਰ ਹਨ, ਪਰ ਧਨਾਢਾਂ ਦੇ ਚਾਰਟਰਡ ਅਕਾਊਂਟੈਂਟਾਂ ਲਈ ਨਹੀਂ), ਤੇ ਉਹ ਮਜ਼ਦੂਰ ਵੀ ਜਿਸ ਨੇ ਕਿਰਸ ਕਰ ਕਰ ਕੇ ਆਪਣੀ ਨਿਗੂਣੀ ਪੂੰਜੀ ਨੂੰ ਸ਼ਾਇਦ ਪੰਜ ਪੰਜ ਸੌ ਦੇ ਨੋਟਾਂ ਵਿਚ ਤਬਦੀਲ ਕਰ ਕੇ ਇਸ ਲਈ ਸਾਂਭਿਆ ਹੁੰਦਾ ਹੈ, ਕਿਉਂਕਿ ਉਸ ਕੋਲ ਤਾਂ ਬੈਂਕ ਵਿਚ ਖਾਤਾ ਵੀ ਨਹੀਂ ਹੁੰਦਾ। ਇਨ੍ਹਾਂ ਨੋਟਾਂ ਵਿਚ ਕਿਸੇ ਘਰੇਲੂ ਔਰਤ ਦੇ ਵੇਲੇ-ਕੁਵੇਲੇ ਆਪਣੀ ਵਰਤੋਂ ਲਈ ਲਾਂਭੇ ਰੱਖੇ ਨੋਟ ਵੀ ਹਨ, ਤੇ ਕਿਸੇ ਕਿਸਾਨ ਦੇ ਪਿਛਲੀ ਫਸਲ ਤੋਂ ਬਚਾ ਕੇ ਅਗਲੀ ਫਸਲ ਦੇ ਬੀਆਂ ਲਈ ਬਚਾ ਕੇ ਰਖੇ ਨੋਟ ਵੀ। ਇਸ ਨੋਟਬੰਦੀ ਕਾਰਨ ਭਾਵੇਂ ਆਮ ਆਦਮੀ ਬਹੁਤ ਪਰੇਸ਼ਾਨ ਵੀ ਹੋ ਰਿਹਾ ਹੈ, ਪਰ ਕੁਝ ਹਿਸਾ ਤਸੱਲੀ ਵੀ ਜਤਾ ਰਿਹਾ ਹੈ ਕਿ ਚਲੋ ਅਮੀਰਾਂ ਦਾ ਕਾਲਾ ਧਨ ਬਾਹਰ ਆਇਆ ਹੈ ਅਤੇ ਪ੍ਰਧਾਨ ਮੰਤਰੀ ਦੇ ਇਸ ਕਦਮ ਨਾਲ ਸਾਡਾ ਫਾਇਦਾ ਹੋ ਜਾਊ, ਭਾਵੇਂ ਕੁਝ ਚਿਰ ਪੱਛੜ ਕੇ ਹੀ ਸਹੀ।

ਆਓ ਦੇਖੀਏ, ਅਸਲ ਅਤੇ ਫੌਰੀ ਫ਼ਾਇਦਾ ਕਿਸ ਨੂੰ ਹੋ ਰਿਹਾ ਹੈ। ਇਸ ਨੋਟਬੰਦੀ ਨਾਲ ਬੈਂਕਾਂ ਦੇ ਸ਼ੇਅਰ ਤੇਜ਼ੀ ਨਾਲ ਚੜ੍ਹੇ ਹਨ। ਬੈਂਕਾਂ ਦੀ ਹਾਲਤ ਕੁਝ ਚਿਰ ਤੋਂ ਕਾਫ਼ੀ ਪਤਲੀ ਹੁੰਦੀ ਜਾਂਦੀ ਸੀ। ਇਸੇ ਸਾਲ ਅਪਰੈਲ ਵਿਚ ਰਿਜ਼ਰਵ ਬੈਂਕ ਨੇ ਹਾਰ ਕੇ ਉਨ੍ਹਾਂ ਕੁਝ ਕਾਰਪੋਰੇਟ ਕਰਜ਼ਾਈਆਂ ਦੀ ਸੂਚੀ ਜਾਰੀ ਕੀਤੀ ਸੀ ਜਿਨ੍ਹਾਂ ਸਿਰ 76,000 ਕਰੋੜ ਦਾ ਕਰਜ਼ਾ ਸੀ, ਪਰ ਜਿਸ ਦੇ ਮੁੜਨ ਦੀ ਕੋਈ ਉਮੀਦ ਨਹੀਂ ਸੀ ('ਹਾਰ ਕੇ' ਇਸ ਲਈ ਲਿਖਿਆ ਹੈ ਕਿ ਬੈਂਕ ਛੇਤੀ ਕੀਤੇ ਕਾਰਪੋਰੇਟ ਕਰਜ਼ਾਈਆਂ ਦੀ ਸੂਚੀ ਜਾਰੀ ਨਹੀਂ ਕਰਦੇ ਹੁੰਦੇ)। ਇਹ ਸੂਚੀ ਵੀ ਪੂਰੀ ਤਸਵੀਰ ਨਹੀਂ ਸੀ ਪੇਸ਼ ਕਰਦੀ, ਕਿਉਂਕਿ ਉਸ ਵਿਚ ਵਿਜੈ ਮਲਿਆ ਦੀ ਸਟੇਟ ਬੈਂਕ ਵਲ ਦੇਣਦਾਰੀ ਸਿਰਫ਼ 1201 ਕਰੋੜ ਦੱਸੀ ਗਈ ਸੀ, ਪਰ ਜਦੋਂ ਉਹ ਭਜਿਆ ਤਾਂ ਕੁਲ ਦੇਣਦਾਰੀ 9000 ਕਰੋੜ ਦੇ ਕਰੀਬ ਨਿਕਲੀ। ਇਹ ਤਾਂ ਗੱਲ ਹੈ ਉਨ੍ਹਾਂ ਰਕਮਾਂ ਦੀ ਜੋ ਡੁਬ ਗਈਆਂ, ਪਰ ਜੇ ਚਾਲੂ ਕਾਰਪੋਰੇਟ ਕਰਜ਼ਿਆਂ ਦੀ ਮਿਸਾਲ ਦੇਖਣੀ ਹੋਵੇ ਰਿਲਾਇੰਸ (ਜੀ ਹਾਂ, ਮੁਫ਼ਤ 'ਜੀਓ' ਵੰਡਣ ਵਾਲਾ ਰਿਲਾਇੰਸ) ਭਾਰਤ ਦੀ ਸਭ ਤੋਂ ਵਧ ਕਰਜ਼ਾਈ ਕੰਪਨੀ ਹੈ ਜਿਸ ਨੇ ਬੈਂਕਾਂ ਦਾ 1,87,000 ਕਰੋੜ ਦੇਣਾ ਹੈ। ਨਿੱਕੇ ਵੀਰ ਅਨਿਲ ਦੀ ਕੰਪਨੀ ਸਿਰ 1,21,000 ਕਰੋੜ ਦਾ ਕਰਜ਼ਾ ਹੈ। ਮੋਦੀ ਨੂੰ ਚੋਣਾਂ ਸਮੇਂ ਹੈਲੀਕਾਪਟਰ ਅਤੇ ਜਹਾਜ਼ ਮੁਹੱਈਆ ਕਰਨ ਵਾਲੇ ਅਡਾਨੀ ਗਰੁਪ ਨੇ 72,000 ਕਰੋੜ ਕਰਜ਼ਾ ਲਿਆ ਹੋਇਆ ਹੈ। ਰਿਜ਼ਰਵ ਬੈਂਕ ਦੀ ਇਸੇ ਸਾਲ ਪੜਤਾਲ ਮੁਤਾਬਕ ਭਾਰਤੀ ਸਰਕਾਰੀ ਬੈਂਕਾਂ ਨੇ 5 ਲੱਖ ਕਰੋੜ ਦਾ ਕਰਜ਼ਾ ਅਜਿਹੇ ਕਾਰਪੋਰੇਟਾਂ ਨੂੰ ਦਿੱਤਾ ਹੋਇਆ ਸੀ ਜਿਸ ਦੇ ਮੁੜਨ ਦੀ ਕੋਈ ਉਮੀਦ ਨਹੀਂ ਸੀ।

ਹੁਣ ਨੋਟਬੰਦੀ ਦੇ ਇਸ ਫਰਮਾਨ ਨਾਲ ਰਾਤੋ ਰਾਤ ਬੈਂਕ ਮਾਲਾਮਾਲ ਹੋ ਗਏ ਹਨ। ਹੁਣ ਬੈਂਕਾਂ ਦੀ ਸਿਹਤ ਅਚਾਨਕ ਇੰਨੀ ਵਧੀਆ ਹੋ ਗਈ ਹੈ ਕਿ ਉਨ੍ਹਾਂ ਨੇ ਵਿਆਜ ਦਰਾਂ ਘਟਾਉਣ ਦਾ ਫੈਸਲਾ ਕਰ ਲਿਆ ਹੈ। ਇਸ ਫੈਸਲੇ ਕਾਰਨ ਦੇਸ ਦੇ ਅਰਥਚਾਰੇ ਵਿਚੋਂ 85 ਫੀਸਦੀ ਕਰੰਸੀ ਨੇ 30 ਦਸੰਬਰ ਤਕ ਬੈਂਕਾਂ ਕੋਲ ਪਹੁੰਚ ਜਾਣਾ ਹੈ, ਪਰ ਬੈਂਕ ਤੁਹਾਨੂੰ ਮੋੜਨਗੇ ਥੋੜ੍ਹਾ ਥੋੜ੍ਹਾ ਕਰ ਕੇ। ਅੱਜ ਹਾਲਤ ਇਹ ਹੈ ਕਿ ਤੁਹਾਡੇ ਕੋਲ ਸਾਲਾਂ ਦੀ ਮਿਹਨਤ ਨਾਲ 5-10 ਲੱਖ ਦੀ ਜੁੜੀ ਰਕਮ ਹੋਵੇ ਵੀ, ਤੁਸੀ ਬਿਮਾਰੀ-ਸ਼ਮਾਰੀ, ਮਕਾਨ ਉਸਾਰੀ, ਜਾਂ ਕਿਸੇ ਵੀ ਹੋਰ ਨਿਜੀ ਮਕਸਦ ਲਈ ਵੀ ਕਢਾ ਸਿਰਫ਼ 24,000 ਪ੍ਰਤੀ ਹਫ਼ਤਾ ਸਕੋਗੇ; ਯਾਨੀ ਪੈਸੇ ਤੁਹਾਡੇ, ਕੰਟਰੋਲ ਸਰਕਾਰ ਦਾ। ਕਰੰਸੀ ਦੀ ਕਿੱਲਤ ਕਿੰਨੇ ਦਿਨ/ਮਹੀਨੇ ਜਾਰੀ ਰਹੇਗੀ ਅਤੇ ਇਹੋ ਜਿਹੇ ਕੰਟਰੋਲ ਵੀ, ਇਸ ਦਾ ਪਤਾ ਆਣ ਵਾਲੇ ਦਿਨਾਂ ਵਿਚ ਸਭ ਨੂੰ ਲੱਗ ਜਾਵੇਗਾ।

ਇਸ ਜਬਰੀ ਫਰਮਾਨ ਨੇ ਸਭ ਤੋਂ ਵੱਡਾ ਨੁਕਸਾਨ ਗੈਰ-ਜਥੇਬੰਦ ਖੇਤਰ ਦੇ ਕਾਮਿਆਂ ਦਾ ਕੀਤਾ ਹੈ ਜਿਨ੍ਹਾਂ ਵਿਚ ਦਿਹਾੜੀਦਾਰ ਮਜ਼ਦੂਰ ਤੋਂ ਲੈ ਕੇ ਰੇਹੜੀ/ਛਾਬੜੀ ਵਾਲਾ ਅਤੇ ਨਿੱਕਾ ਕਿਸਾਨ ਤਕ ਸ਼ਾਮਲ ਹਨ। ਭਾਰਤੀ ਕਾਮਾ ਜਮਾਤ ਦਾ 80 ਤੋਂ ਵਧ ਪ੍ਰਤੀਸ਼ਤ ਇਸੇ ਖੇਤਰ ਦੇ ਦਾਇਰੇ ਵਿਚ ਆਉਂਦਾ ਹੈ। ਨਾ ਸਿਰਫ਼ ਇਹ ਲੋਕ ਇਸ ਜਬਰੀ ਲਿਆਂਦੀ ਗਈ ਮੰਦਹਾਲੀ ਕਾਰਨ (ਕੰਮ/ਬਾਜ਼ਾਰ/ਉਸਾਰੀ ਆਦਿ ਪਿਛਲੇ 10 ਦਿਨਾਂ ਤੋਂ ਤਕਰੀਬਨ ਠੱਪ ਹਨ, ਤੇ ਇਹ ਲੋਕ ਭਟਕ ਰਹੇ ਹਨ) ਰੋਟੀ ਤੋਂ ਆਤਰ ਹਨ, ਉਨ੍ਹਾਂ ਦੀ ਨਗੂਣੀ ਜਿਹੀ ਜਮ੍ਹਾਂ ਪੂੰਜੀ ਵੀ ਕਿਸੇ ਕੰਮ ਨਹੀਂ ਆ ਸਕਦੀ। ਫਰਜ਼ ਕਰੋ, ਕਿਸੇ ਕਾਮੇ ਨੇ 5000 ਰੁਪਏ ਜੋੜੇ ਵੀ ਹੋਏ ਹੋਣ, ਭਲਾ 30 ਦਸੰਬਰ ਤਕ ਸਿਰਫ਼ ਇਕੋ ਵਾਰ 2000 ਰੁਪਏ ਹੀ ਬਦਲਾ ਸਕਣ ਦੇ ਇਸ ਨਵੇਂ ਫੈਸਲੇ ਨਾਲ ਉਹ ਕਿੰਨੇ ਕੁ ਦਿਨ ਗੁਜ਼ਾਰਾ ਕਰ ਲਵੇਗਾ। ਇਨ੍ਹਾਂ ਕਾਮਿਆਂ ਕੋਲ ਨਾ ਕੋਈ ਖਾਤਾ ਹੁੰਦਾ ਹੈ, ਨਾ ਅਮੀਰਾਂ ਵਾਂਗ ਆਪਣੇ 500/1000 ਬਦਲਾ ਸਕਣ ਦੇ ਕੋਈ ਹੋਰ ਢੰਗ-ਤਰੀਕੇ।

ਸਰਕਾਰ ਨੇ ਰਾਤੋ ਰਾਤ ਨੋਟਬੰਦੀ ਦਾ ਫਰਮਾਨ ਤਾਂ ਜਾਰੀ ਕਰ ਦਿੱਤਾ, ਪਰ ਹੁਣ ਨਿਤ ਨਵੇਂ ਫੈਸਲੇ ਜਾਰੀ ਕਰ ਰਹੀ ਹੈ। ਕਦੇ 4000, ਕਦੇ 4500 ਅਤੇ ਹੁਣ ਸਿਰਫ਼ 2000 ਰੁਪਏ ਬਦਲਾ ਸਕਣ ਜਾਂ ਕਦੇ ਖਾਤਿਆਂ ਵਿਚੋਂ 20 ਅਤੇ ਕਦੇ 24 ਹਜ਼ਾਰ ਕਢਾ ਸਕਣ ਦੇ ਨਿਰਦੇਸ਼, ਉਂਗਲਾਂ ਉਤੇ ਕਾਲੇ ਨਿਸ਼ਾਨ ਲਾਉਣ ਦੀ ਪਿੱਛੋਂ-ਸੁਝੀ, ਵਿਆਹਾਂ ਲਈ ਢਾਈ ਲੱਖ ਦੇਣ ਦੇ ਵਾਅਦੇ... ਰੋਜ਼ ਰੋਜ਼ ਬਦਲਦੇ ਫੈਸਲੇ ਸਿਰਫ਼ ਇਕੋ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਪਹਿਲਾਂ ਨਾ-ਸਮਝ ਫੈਸਲਾ ਕਰ ਤਾਂ ਲਿਆ, ਹੁਣ ਉਸ ਨੂੰ ਸਿਰੇ ਚਾੜ੍ਹਨ ਲਈ ਅੱਕੀ-ਪਲਾਹੀਂ ਹੱਥ ਮਾਰੇ ਜਾ ਰਹੇ ਹਨ। ਮੋਦੀ ਦਾ ਆਪਣੇ ਗਰਜਵੇਂ ਭਾਸ਼ਣ ਦੌਰਾਨ ਨਾਟਕੀ ਗੀਅਰ ਬਦਲ ਕੇ ਅਚਾਨਕ ਫਿਸ ਪੈਣਾ, ਅਤੇ ਫਿਰ 50 ਦਿਨ ਦੀ ਮੋਹਲਤ ਮੰਗਣਾ ਸਭ ਇਸੇ ਮੂਰਖਤਾ ਅਤੇ ਜੋਖਮ ਭਰਪੂਰ ਫੈਸਲੇ ਦਾ ਅੱਕ ਚੱਬਣ-ਚਬਵਾਉਣ ਦੀਆਂ ਕੋਸ਼ਿਸ਼ਾਂ ਦੀਆਂ ਨਿਸ਼ਾਨੀਆਂ ਹਨ। ਮਾਰਕਸਵਾਦੀ ਪ੍ਰੋਫ਼ੈਸਰਾਂ ਤੋਂ ਲੈ ਕੇ ਵਿਸ਼ਵ ਬੈਂਕ/ਰਿਜ਼ਰਵ ਬੈਂਕ ਦੇ ਰਹਿ ਚੁਕੇ ਉਚ ਅਧਿਕਾਰੀਆਂ ਵਿਚੋਂ ਇਕ ਵੀ ਆਰਥਿਕ ਮਾਹਰ ਅਜਿਹਾ ਨਹੀਂ ਲੱਭਦਾ ਜਿਸ ਨੇ ਇਸ ਨੋਟਬੰਦੀ ਨੂੰ ਆਰਥਿਕ ਪੱਖੋਂ ਸਿਆਣਾ ਫੈਸਲਾ ਮੰਨਿਆ ਹੋਵੇ। ਸਭ ਤੋਂ ਵਧ ਤਿੱਖਾ ਹਮਲਾ ਤਾਂ ਮੋਦੀ-ਮੁਕਤ ਭਾਜਪਾ ਦੇ ਸਮਿਆਂ ਦੇ ਸਭ ਤੋਂ ਵੱਡੇ ਸਿਧਾਂਤਕਾਰ ਅਤੇ ਆਰਥ ਸ਼ਾਸਤਰੀ ਅਰੁਣ ਸ਼ੋਰੀ ਨੇ ਹੀ ਕੀਤਾ ਜਿਸ ਨੇ ਇਸ ਨੋਟਬੰਦੀ ਦੀ ਚੀਰ ਫਾੜ ਕਰਦਿਆਂ ਕਿਹਾਂ: "ਜਦੋਂ ਦੇਸ ਕਿਸੇ ਮੂਰਖ ਨੂੰ ਪ੍ਰਧਾਨ ਮੰਤਰੀ ਚੁਣ ਲਵੇ, ਤਾਂ ਇਹੋ ਹਾਲ ਹੋਣਾ ਹੁੰਦਾ ਹੈ"।

ਮੋਦੀ ਨੇ 50 ਦਿਨ ਮੰਗੇ ਹਨ। ਬਹੁਤ ਸਾਰੇ ਸਾਧਾਰਨ ਲੋਕ ਅਜੇ ਵੀ ਇਹ ਆਸ ਲਾਈ ਬੈਠੇ ਹਨ ਕਿ ਸਾਰਾ 'ਕਾਲਾ ਧਨ' ਬਾਹਰ ਆ ਜਾਣ ਮਗਰੋਂ ਸ਼ਾਇਦ ਲਹਿਰਾਂ-ਬਹਿਰਾਂ ਹੋ ਹੀ ਜਾਣ, ਪਰ ਕੀ 30 ਦਸੰਬਰ ਤੋਂ ਮਗਰੋਂ ਕਾਲੇ ਤੋਂ ਚਿੱਟੇ ਹੋਏ ਇਸ ਧਨ ਦਾ ਕੋਈ ਅਜਿਹਾ ਸਰੋਵਰ ਬਣ ਕੇ ਤਿਆਰ ਹੋ ਜਾਵੇਗਾ ਜਿਸ ਵਿਚੋਂ ਅਸੀ ਬੁੱਕਾਂ ਭਰ ਭਰ ਕੇ ਆਪੋ ਆਪਣੇ ਘਰ ਲਿਜਾ ਸਕਾਂਗੇ?

ਲੋਕ ਇਹ ਵੀ ਕਹਿੰਦੇ ਹਨ ਕਿ ਇਸ ਨਾਲ ਦਹਿਸ਼ਤਗਰਦਾਂ ਵੱਲੋਂ ਵਰਤਿਆ ਜਾਂਦਾ ਪੈਸਾ ਜ਼ੀਰੋ ਹੋ ਗਿਆ ਹੈ, ਪਰ ਜੇ ਪਿਛਲੇ ਨੋਟਾਂ ਦੇ ਜਾਅਲੀ ਰੂਪ ਮਾਰਕੀਟ ਵਿਚ ਆ ਗਏ ਸਨ, ਤਾਂ ਕੀ ਨਵੇਂ ਨੋਟਾਂ ਦੀ ਨਕਲ ਨਹੀਂ ਹੋ ਸਕਦੀ! ਸਗੋਂ ਹੁਣ ਤਾਂ 2000 ਦਾ ਨੋਟ ਲਿਆ ਕੇ ਅਸੀ ਸ਼ਾਇਦ ਜਾਅਲੀ ਨੋਟ ਛਾਪਣ ਵਾਲਿਆਂ ਦਾ ਖਰਚਾ ਵੀ ਘਟਾ ਦਿੱਤਾ ਹੈ। ਉਨੇ ਹੀ ਖਰਚੇ ਵਿਚ ਉਹ ਦੁਗਣੀ ਰਕਮ ਦਾ ਜਾਅਲੀ ਨੋਟ ਬਣਾ ਸਕਣਗੇ!

... ਤੇ ਕੀ ਮਾਰਕੀਟ ਵਿਚ ਨਵੇਂ ਨੋਟ ਆ ਜਾਣ ਨਾਲ ਭ੍ਰਿਸ਼ਟਾਚਾਰ ਬੰਦ ਹੋ ਜਾਵੇਗਾ? ਕੀ ਹਰ ਸਰਕਾਰੀ ਅਫ਼ਸਰ ਹੁਣ ਰਿਸ਼ਵਤ ਲੈਣੀ ਬੰਦ ਕਰ ਦੇਵੇਗਾ? ਕੀ ਪ੍ਰਾਈਵੇਟ ਕਾਲਜਾਂ ਵਾਲੇ ਲੱਖਾਂ ਦੀ ਦਾਖਲਾ ਫੀਸ ਤੋਂ ਬਿਨਾ ਹੀ ਵਿਦਿਆਰਥੀ ਭਰਤੀ ਕਰ ਲਿਆ ਕਰਨਗੇ? ... ਤੇ ਕੀ ਤੁਸੀ ਆਪਣੇ ਉਲਟੇ-ਸਿੱਧੇ ਕੰਮ ਕਰਾਉਣ ਲਈ ਨਵੀਂ ਕਰੰਸੀ ਨਾਲ ਰਸੂਖ ਵਾਲੇ ਬੰਦਿਆਂ ਦੀਆਂ ਹਥੇਲੀਆਂ ਗਰਮ ਕਰਨੀਆਂ ਬੰਦ ਕਰ ਦਿਉਗੇ?

ਇਹ ਸਭ ਤਾਂ ਬੰਦ ਨਹੀਂ ਹੋਣ ਵਾਲਾ, ਪਰ ਇਸ ਨੋਟਬੰਦੀ ਕਾਰਨ ਤਬਾਹੀ ਵਲ ਧੱਕੇ ਜਾਣ ਵਾਲੇ ਛੋਟੇ ਕਿਰਤੀਆਂ ਨੂੰ ਮੁੜ ਲੀਹੇ ਕੌਣ ਪਾਵੇਗਾ? ਇਸ ਜਬਰੀ ਠੋਸੀ ਗਈ ਮੰਦਹਾਲੀ ਕਾਰਨ ਰੋਜ਼ ਅਰਥਚਾਰੇ ਨੂੰ ਹੋਣ ਵਾਲੇ ਨੁਕਸਾਨ ਨੂੰ ਕੌਣ ਭਰੇਗਾ? ਜਿਹੜੀਆਂ ਤਕਰੀਬਨ 60 ਮੌਤਾਂ ਹੋ ਚੁੱਕੀਆਂ ਹਨ, ਉਨ੍ਹਾਂ ਲਈ ਕੌਣ ਜਵਾਬਦੇਹ ਹੈ? ਹੋਰ ਤਾਂ ਹੋਰ, ਇੰਨਾ ਹੀ ਦੱਸ ਦਿਉ ਕਿ 15 ਲੱਖ ਕਰੋੜ ਦੀ ਕਰੰਸੀ ਨੂੰ ਜ਼ਾਇਆ ਕਰਨ ਅਤੇ ਮੁੜ ਛਾਪਣ ਲਈ ਕਿੰਨੇ ਹਜ਼ਾਰ ਕਰੋੜ ਰੁਪਏ ਖਰਚਣੇ ਪਏ ਹਨ?

ਲੋਕ ਹੌਲੀ ਹੌਲੀ ਇਸ ਫੈਸਲੇ ਦੀ ਅਸਲੀਅਤ ਪਛਾਣਨ ਲੱਗ ਪਏ ਹਨ, ਤੇ ਜਿਹੜੇ ਅਜੇ ਵੀ ਕਿਸੇ ਭੁਲੇਖੇ ਵਿਚ ਹਨ, ਛੇਤੀ ਹੀ ਪਛਾਣ ਲੈਣਗੇ।

**ਸਾਡੀਆਂ ਰਸਮਾਂ ਸਾਡੇ ਗੀਤ**



ਨੀਲਮ ਸੈਣੀ
ਫੋਨ: 510-502-0551

# ਨਾਨਕੀ ਸ਼ੱਕ ਅਤੇ ਸੈਂਤ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮੋ-ਰਿਵਾਜ਼ ਨੂੰ ਪ੍ਰਣਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲੇਖਿਕਾ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਲੇਖ ਵਿਚ ਨਾਨਕੀ ਸ਼ੱਕ ਅਤੇ ਸੈਂਤ ਦੀਆਂ ਰਸਮਾਂ ਅਤੇ ਗੀਤਾਂ ਦੀ ਚਰਚਾ ਕੀਤੀ ਗਈ ਹੈ। -ਸੰਪਾਦਕ*

ਚਾਹ-ਪਾਣੀ ਤੋਂ ਬਾਅਦ ਨਾਨਕੀ ਸ਼ੱਕ ਰੱਖੀ ਜਾਂਦੀ ਸੀ। ਨਾਨਕਿਆਂ ਵਲੋਂ ਲਿਆਂਦੇ ਤੋਹਫੇ ਨਾਨਕੀ ਸ਼ੱਕ ਕਹਾਉਂਦੇ ਸਨ। ਇਨ੍ਹਾਂ ਤੋਹਫ਼ਿਆਂ ਵਿਚ ਵਿਆਹ ਵਾਲੇ ਮੁੰਡੇ ਜਾਂ ਕੁੜੀ ਦੇ ਨਾਲ-ਨਾਲ ਉਨ੍ਹਾਂ ਦੇ ਮਾਂ-ਬਾਪ, ਦਾਦੀ-ਦਾਦੇ, ਚਾਚੇ-ਚਾਚੀਆਂ, ਤਾਏ-ਤਾਈਆਂ, ਭੂਆ-ਫੁੱਫੜਾਂ ਤੋਂ ਇਲਾਵਾ ਨਾਨਕੇ ਪਿੰਡੋਂ ਉਸ ਪਿੰਡ ਵਿਚ ਵਿਆਹੀਆਂ ਕੁੜੀਆਂ ਦੇ ਸੂਟ ਅਤੇ ਲਾਗੀਆਂ ਦੇ ਲਾਗ ਸ਼ਾਮਿਲ ਹੁੰਦੇ ਸਨ। ਇਨ੍ਹਾਂ ਨੂੰ ਭਨਾਉਣੀਆਂ ਕਿਹਾ ਜਾਂਦਾ ਸੀ। ਇਸ ਰਸਮ ਦਾ ਮਹੱਤਵ ਇਨ੍ਹਾਂ ਨਜ਼ਦੀਕੀ ਰਿਸ਼ਤਿਆਂ ਦੀ ਪਹਿਚਾਣ ਕਰਵਾਉਣਾ ਅਤੇ ਮਾਣ ਵਧਾਉਣਾ ਹੁੰਦਾ ਸੀ।

ਨਾਨਕੀ ਸ਼ੱਕ ਤੋਂ ਬਾਅਦ ਨਾਲ ਹੀ ਕੁੜੀ ਦੀਆਂ ਚਾਚੀਆਂ-ਤਾਈਆਂ ਵੀ ਆਪਣੇ ਤੋਹਫ਼ੇ ਸਭ ਦੇ ਸਾਹਮਣੇ ਦਿਖਾਉਂਦੀਆਂ। ਪੁਰਾਣੇ ਸਮਿਆਂ ਵਿਚ ਮਾਮਿਆਂ ਵਲੋਂ ਖ਼ਾਸ ਟੂੰਮ (ਗਹਿਣਾ) ਕਾਂਟੇ ਅਤੇ ਨੱਥ ਪਾਈ ਜਾਂਦੀ ਸੀ ਹੁਣ ਇਹ ਪੂਰੇ ਸੈਂਟ ਤੱਕ ਪੁੱਜ ਗਈ ਹੈ। ਨਾਨਕੀ ਸ਼ੱਕ ਦਿਖਾਉਂਦੇ ਵਕਤ ਦੋਵਾਂ ਧਿਰਾਂ ਵਿਚ ਮੁਕਾਬਲਾ ਦੇਖਣ ਵਾਲਾ ਹੁੰਦਾ ਸੀ। ਇਹ ਰਸਮ ਅਜੇ ਵੀ ਹੋ ਰਹੀ ਹੈ। ਪਰਦੇਸਾਂ ਵਿਚ ਵੀ ਜੇ ਕੁੜੀ ਜਾਂ ਮੁੰਡੇ ਦੇ ਨਾਨਕੇ ਕੋਲ ਨਾ ਹੋਣ ਤਾਂ ਇਹ ਰਸਮ ਆਪ ਸਿਰਜੇ ਰਿਸ਼ਤੇ ਨਿਭਾਉਂਦੇ ਹਨ।

## ਨਾਨਕੀ ਸ਼ੱਕ ਦੇ ਗੀਤ

**ਨਾਨਕੀਆਂ:**
ਖੱਟਾਂ ਵਿਛਾਉਂਦੇ ਦੋ ਜਣੇ!
ਨੀ ਸੌ ਮੇਰੀ ਨਾਨੀ ਦੇ ਜਾਏ।
ਨਾਨੀ ਦੇ ਜਾਏ ਮਾਮਿਓ,
ਤੁਆਡਾ ਰਾਜ ਸਵਾਇਆ।
**ਦਾਦਕੀਆਂ:**
ਖੱਟਾਂ ਵਿਛਾਉਂਦੇ ਦੋ ਜਣੇ!
ਨੀ ਸੌ ਮੇਰੀ ਦਾਦੀ ਦੇ ਜਾਏ।
ਦਾਦੀ ਦੇ ਜਾਏ ਚਾਚਿਓ,
ਤੁਆਡਾ ਰਾਜ ਸਵਾਇਆ।
**ਨਾਨਕੀਆਂ:**
ਐਸੀ ਵੇਲੇ ਨੀ ਲੋੜੀਏ,
ਅੰਮਾ ਜਾਇਓ ਭੈਣੋਂ, ਐਸੀ ਵੇਲੇ।
ਐਸੀ ਵੇਲੇ ਨੀ
'ਕੱਲਾ ਕੋਈ ਨਾ ਹੋਵੇ ਭੈਣੋਂ', ਐਸੀ ਵੇਲੇ।
ਐਸੀ ਵੇਲੇ ਨੀ।
'ਕੱਲਾ ਡੋਲ ਖਲੋਤਾ ਭੈਣੋਂ, ਐਸੀ ਵੇਲੇ।
ਐਸੀ ਵੇਲੇ ਗੁਰਚਰਨ ਭਾਈਆਂ ਦਾ
ਮੋਹਰੀ ਭੈਣੋਂ, ਐਸੀ ਵੇਲੇ।
ਐਸੀ ਵੇਲੇ ਚਾਚਾ ਚਾਚੀ ਦੇ
ਓਹਲੇ ਭੈਣੋਂ, ਐਸੀ ਵੇਲੇ।
**ਦਾਦਕੀਆਂ:**
ਐਸੀ ਵੇਲੇ ਨੀ ਲੋੜੀਏ,
ਅੰਮਾਂ ਦੇ ਜਾਏ ਭੈਣੋਂ, ਐਸੀ ਵੇਲੇ।
ਐਸੀ ਵੇਲੇ ਨੀ 'ਕੱਲਾ ਕੋਈ ਨਾ ਹੋਵੇ
ਭੈਣੋਂ, ਐਸੀ ਵੇਲੇ।
ਐਸੀ ਵੇਲੇ ਨੀ 'ਕੱਲਾ ਡੋਲ ਖਲੋਤਾ
ਭੈਣੋਂ, ਐਸੀ ਵੇਲੇ।
ਐਸੀ ਵੇਲੇ 'ਹਰਿੰਦਰ' ਭਾਈਆਂ ਦਾ ਮੋਹਰੀ
ਭੈਣੋਂ, ਐਸੀ ਵੇਲੇ।
ਐਸੀ ਵੇਲੇ ਮਾਮਾ ਮਾਮੀ ਦੇ ਓਹਲੇ
ਭੈਣੋਂ, ਐਸੀ ਵੇਲੇ।
**ਦਾਦਕੀਆਂ:**
ਦੇਖ ਲਓ ਭੈਣੋਂ ਨਾਨਕੀ ਸ਼ੱਕ
ਬਈ ਨਾਨਕੀ ਸ਼ੱਕ।
ਰਾਤੀਂ ਤਾਂ ਦਿਸਦੀ ਸੀ,
ਭੌਂ ਜਿੱਡੀ ਪੰਡ ਬਈ ਭੌਂ ਜਿੱਡੀ ਪੰਡ।
ਵਿਚੋਂ ਤਾਂ ਨਿਕਲਿਆ ਮੌਲੀ ਦਾ ਤੰਦ
ਬਈ ਮੌਲੀ ਦਾ ਤੰਦ।
ਮਾਮੇ ਨੇ ਧਰ ਦਿੱਤੀ ਮਾਮੀ ਦੀ ਲੱਤ
ਬਈ ਮਾਮੀ ਦੀ ਲੱਤ।
ਰੱਖੋ ਰੁਪਈਏ ਚੁੱਕ ਲਵੋ ਲੱਤ
ਬਈ ਚੁੱਕ ਲਵੋ ਲੱਤ।

ਚਿੱਟਾ ਰੁਪਈਆ, ਕਾਲੀ ਆ ਲੱਤ
ਬਈ ਕਾਲੀ ਆ ਲੱਤ।
ਚਾਚੇ ਨੇ ਧਰ ਦਿੱਤਾ ਸੌ ਤਾਂ ਸੱਠ
ਬਈ ਸੌ ਤਾਂ ਸੱਠ।
**ਨਾਨਕੀਆਂ:**
ਫੁੱਲਾਂ ਭਰੀ ਚੰਗੇਰ ਇਕ ਫੁੱਲ ਤੋਰੀ ਦਾ,
ਇਸ ਵੇਲੇ ਜਰੂਰ, ਮਾਮਾ ਲੋੜੀਦਾ।
ਫੁੱਲਾਂ ਭਰੀ ਚੰਗੇਰ ਇਕ ਫੁੱਲ ਤੋਰੀ ਦਾ,
ਇਸ ਵੇਲੇ ਜਰੂਰ, ਮਾਸੜ ਲੋੜੀਦਾ।
**ਦਾਦਕੀਆਂ:**
ਫੁੱਲਾਂ ਭਰੀ ਚੰਗੇਰ ਇਕ ਫੁੱਲ ਤੋਰੀ ਦਾ,
ਇਸ ਵੇਲੇ ਜਰੂਰ, ਚਾਚਾ ਲੋੜੀਦਾ।
ਫੁੱਲਾਂ ਭਰੀ ਚੰਗੇਰ ਇਕ ਫੁੱਲ ਤੋਰੀ ਦਾ,
ਇਸ ਵੇਲੇ ਜਰੂਰ, ਤਾਇਆ ਲੋੜੀਦਾ।

ਮਾਮੀ ਤਾਂ ਨਖ਼ਰੋ ਨੇ ਚਰਖਾ ਨਾ ਡਾਹਿਆ,
ਪਈ ਤੰਦ ਨਾ ਪਾਇਆ।
ਪਈ ਫਿਰ ਕੇ ਗਵਾਇਆ,
ਪਈ ਵਿਹੜਾ ਨਾ ਛਾਇਆ।
ਪਈ ਨੱਕ ਵਢਾਇਆ...

ਵੇਲੇ ਦੀ ਵੇਲੇ ਵਿਸਰ ਜਾਂਦੇ ਨੀ,
ਲੁਕ-ਲੁਕ ਬਹਿੰਦੇ ਨੀ।
ਜ਼ੋਰੋ ਦੇ ਓਹਲੇ ਨੀ,
ਕੁੱਛਾਂ ਦਾ ਕੂੜਾ ਨੀ।
ਛੱਪੜਾਂ ਦੇ ਡੱਡੂ ਨੀ,
ਕਮਲਾ ਵੀਰੜੇ ਤੇਰੇ।
**ਨਾਨਕੀਆਂ:**
ਵੇਲੇ ਦੀ ਵੇਲੇ ਹਾਜਰ ਹੁੰਦੇ ਨੀ,
ਕਾਜ ਰਚਾਉਂਦੇ ਨੀ।
ਭਾਈਆਂ ਦੇ ਮੋਹਰੀ ਨੀ,
ਕਮਲਾ ਵੀਰੜੇ ਤੇਰੇ ਨੀ।

ਰਾਓ ਰਾਣੀ ਦੀਏ ਨਾਨੀ,
ਭਨਾਉਣੀਆਂ ਦੇ ਨੀ।
ਭਨਾਉਣੀਆਂ ਲੈ ਨੀ,
ਭਨਾਉਣੀਆਂ ਦੇ ਨੀ।
ਰਾਓ ਰਾਣੀ ਦੀਏ ਦਾਦੀ,
ਭਨਾਉਣੀਆਂ ਲੈ ਨੀ।
ਭਨਾਉਣੀਆਂ ਦੇ ਨੀ,
ਭਨਾਉਣੀਆਂ ਲੈ ਨੀ।
ਰਾਓ ਰਾਣੀ ਦੀਏ ਚਾਚੀ,
ਭਨਾਉਣੀਆਂ ਲੈ ਨੀ।
ਭਨਾਉਣੀਆਂ ਦੇ ਨੀ।
ਭਨਾਉਣੀਆਂ ਲੈ ਨੀ।

ਅੱਧਰੀ ਰਾਤ ਦੁਪਹਿਰੇ ਨੀ
ਮਾਮਾ ਕਾਹੇ ਨੂੰ ਆਇਆ?
ਅੰਮਾ ਤਾਂ ਇਹਦੀ ਉਧਲ ਗਈ ਜੀ
ਓਹਨੂੰ ਵੇਚਣ ਆਇਆ।
ਸਾਰਾ ਦੁਆਬਾ ਫਿਰ ਆਇਆ ਜੀ
ਮੁੱਲ ਕਿਸੇ ਨਾ ਪਾਇਆ।
ਮੁੱਲ ਤਾਂ ਪਾਇਆ ਸਾਡੇ 'ਆਤਮਾ ਰਾਮ ਨੇ'
ਜੀ ਕੁੱਲ ਡੂਢ ਰੁਪਈਆ।
ਡੂਢ ਰੁਪਈਆ ਖੋਟਾ ਜੀ
ਕਿਸੇ ਕੰਮ ਨਾ ਆਇਆ।

**ਦਾਦਕੀਆਂ ਵਲੋਂ ਨਾਨਕੀਆਂ ਦੀ ਸੇਲ ਵੀ ਲਗਾਈ ਜਾਂਦੀ ਹੈ:**

ਹਰ ਮਾਲ ਲਾਟਰੀ, ਢਾਈ ਆਨੇ।

ਆਹ ਤੱਕਲਾ ਸੂਆ, ਢਾਈ ਆਨੇ।
ਆਹ ਮੁੰਡੇ ਦੀ ਭੂਆ, ਢਾਈ ਆਨੇ।
ਇਹਦਾ ਸੂਟ ਵੀ ਸੂਹਾ, ਢਾਈ ਆਨੇ।
ਇਹ ਬੜੀ ਮਜਾਜਣ, ਢਾਈ ਆਨੇ।
ਬੜਾ ਮਾਲ ਕੀਮਤੀ, ਢਾਈ ਆਨੇ।
ਇਹ ਫਿਰ ਨਾ ਲੱਭਣੀ, ਢਾਈ ਆਨੇ।
ਇਹ ਅੱਜ ਦਾ ਦਿਨ ਹੈ, ਢਾਈ ਆਨੇ।
ਬਈ ਲੈ ਲਓ, ਲੈ ਲਓ, ਢਾਈ ਆਨੇ।
ਚੁੱਕ ਲਓ, ਚੁੱਕ ਲਓ, ਢਾਈ ਆਨੇ।



ਅੱਜ ਸੇਲ ਲੱਗੀ ਹੈ, ਢਾਈ ਆਨੇ।
ਬਈ ਸੇਲ ਲੱਗੀ ਹੈ, ਢਾਈ ਆਨੇ।
ਬਈ ਲੈ ਲਓ, ਲੈ ਲਓ, ਢਾਈ ਆਨੇ।
ਚੁੱਕ ਲਓ, ਚੁੱਕ ਲਓ, ਢਾਈ ਆਨੇ।
ਸਭ ਕਰਦਾਂ, ਚਾਕੂ, ਢਾਈ ਆਨੇ।
ਬਈ ਮੁੰਡੇ ਦਾ ਮਾਮਾ, ਢਾਈ ਆਨੇ।
ਇਹਦਾ ਲਾਲ ਪਜਾਮਾ, ਢਾਈ ਆਨੇ।
ਬੜਾ ਸ਼ਾਹੂਕਾਰ ਹੈ, ਢਾਈ ਆਨੇ।
ਨਾਲ ਮੋਟਰਕਾਰ ਹੈ, ਢਾਈ ਆਨੇ।
ਇਹ ਵੱਡੀ ਸਾਮੀ, ਢਾਈ ਆਨੇ।
ਬਈ ਲੈ ਲਓ, ਲੈ ਲਓ, ਢਾਈ ਆਨੇ।
ਚੁੱਕ ਲਓ, ਚੁੱਕ ਲਓ, ਢਾਈ ਆਨੇ।

ਬੜਾ ਵਧੀਆ ਮੌਕਾ, ਢਾਈ ਆਨੇ।
ਹਰ ਮਾਲ ਮਿਲੇਗਾ, ਢਾਈ ਆਨੇ।
ਆਹ ਕੱਪੀ, ਗਲਾਸੀ, ਢਾਈ ਆਨੇ।
ਆਹ ਮੁੰਡੇ ਦੀ ਮਾਸੀ, ਢਾਈ ਆਨੇ।
ਇਹਦੇ ਨੈਣ ਸ਼ਰਾਬੀ, ਢਾਈ ਆਨੇ।
ਇਹਦਾ ਸੂਟ ਕੋਕਾ ਕੋਲਾ, ਢਾਈ ਆਨੇ।
ਇਹ ਨਿਰਾ ਪਟੋਲਾ, ਢਾਈ ਆਨੇ।
ਇਹ ਫਿਰ ਨਹੀਂ ਮਿਲਣੀ, ਢਾਈ ਆਨੇ।
ਇਹ ਅੱਜ ਦਾ ਦਿਨ ਹੈ, ਢਾਈ ਆਨੇ।
ਬਈ ਲੈ ਲਓ, ਲੈ ਲਓ, ਢਾਈ ਆਨੇ।
ਚੁੱਕ ਲਓ, ਚੁੱਕ ਲਓ, ਢਾਈ ਆਨੇ।

ਬਈ ਸੇਲ ਲੱਗੀ ਹੈ, ਢਾਈ ਆਨੇ।

ਆਹ ਰੇਬ ਪਜਾਮੀ, ਢਾਈ ਆਨੇ।
ਆਹ ਮੁੰਡੇ ਦੀ ਮਾਮੀ, ਢਾਈ ਆਨੇ।
ਇਹਦੀ ਜੁੱਤੀ ਪੰਜਾਬੀ, ਢਾਈ ਆਨੇ।
ਇਹ ਨਿਰੀ ਮੁਰਗਾਬੀ, ਢਾਈ ਆਨੇ।
ਤੁਸੀਂ ਸੁਣ ਲਓ ਸਾਰੇ, ਢਾਈ ਆਨੇ।
ਕਈ ਆਸ਼ਕ ਮਾਰੇ, ਢਾਈ ਆਨੇ।
ਬਈ ਲੈ ਜਾਓ, ਲੈ ਜਾਓ, ਢਾਈ ਆਨੇ।
ਓਏ ਕੋਈ ਤਾਂ ਲੈ ਜਾਓ, ਢਾਈ ਆਨੇ।

ਚਲੋ ਹਾਫ਼ ਰੇਟ 'ਤੇ, ਢਾਈ ਆਨੇ।
ਬਈ ਸੇਲ ਲੱਗੀ ਹੈ, ਢਾਈ ਆਨੇ।
ਬਈ ਲੈ ਲਓ, ਲੈ ਲਓ, ਢਾਈ ਆਨੇ।
ਚੁੱਕ ਲਓ, ਚੁੱਕ ਲਓ, ਢਾਈ ਆਨੇ।
ਹਰ ਮਾਲ ਮਿਲੇਗਾ, ਢਾਈ ਆਨੇ।
ਹਰ ਮਾਲ ਲਾਟਰੀ, ਢਾਈ ਆਨੇ।
ਚੁੱਕ ਲਓ, ਚੁੱਕ ਲਓ, ਢਾਈ ਆਨੇ।
ਬਈ ਲੈ ਲਓ, ਲੈ ਲਓ, ਢਾਈ ਆਨੇ।

ਹਾਏ ਓਏ ਸਾਲਿਆ ਪੈਸਿਆ,
ਮੈਂ ਮਸੀਂ ਮਸੀਂ ਜੋੜਿਆ ਸੀ।
ਹਾਏ ਓਏ ਸਾਲਿਆ ਪੈਸਿਆ,
ਮੈਂ ਮੂਨਕਾਂ ਆਣ ਵਿਛੋੜਿਆ ਸੀ।



**ਸੈਂਤ ਦੀ ਰਸਮ (ਗ੍ਰਹਿ ਸ਼ਾਂਤ ਕਰਨ ਦੀ ਰਸਮ) ਅਤੇ ਗੀਤ**

ਨਾਨਕੀ ਸ਼ੱਕ ਦੇ ਨਾਲ ਹੀ ਸੈਂਤ ਦੀ ਰਸਮ ਹੁੰਦੀ ਸੀ। ਪਹਿਲਾਂ ਵਿਆਹ ਕੁੰਡਲੀ ਜਾਂ ਟੇਵਾ ਮਿਲਾ ਕੇ ਕੀਤੇ ਜਾਂਦੇ ਸਨ ਅਤੇ ਅੱਜ ਵੀ ਕੀਤੇ ਜਾ ਰਹੇ ਹਨ। ਜੋਤਿਸ਼ ਦੇ ਹਿਸਾਬ ਨਾਲ ਹਰ ਇਨਸਾਨ ਦੀ ਜਿੰਦਗੀ ਨੂੰ ਨੌਂ ਗ੍ਰਹਿ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਗ੍ਰਹਿਆਂ ਦੇ ਬੁਰੇ ਪ੍ਰਭਾਵ ਤੋਂ ਬਚਣ ਲਈ ਜਾਂ ਇਨ੍ਹਾਂ ਗ੍ਰਹਿਆਂ ਦੀ ਸ਼ਾਂਤੀ ਲਈ ਵਿਧੀ ਪੂਰਵਕ ਪੂਜਾ (ਉਪਾਅ) ਕੀਤੀ ਜਾਂਦੀ ਸੀ। ਇਸ ਨੂੰ ਸੈਂਤ ਦੀ ਰਸਮ ਕਿਹਾ ਜਾਂਦਾ ਸੀ। ਇਸ ਰਸਮ ਦਾ ਸਾਰਾ ਖਰਚ ਵੀ ਨਾਨਕਿਆਂ ਦੇ ਹਿੱਸੇ ਆਉਂਦਾ ਸੀ। ਮਾਮਿਆਂ ਵਲੋਂ ਪੰਡਿਤ ਨੂੰ ਬੁਲਾਇਆ ਜਾਂਦਾ। ਉਹ ਗਊ ਦੇ ਗੋਹੇ ਦਾ ਪੋਚਾ ਲਗਾ ਕੇ, ਚੌਕ ਪੂਰ ਕੇ, ਚੌਂਕ ਦੇ ਉਪਰ ਫੱਟੀ ਰੱਖਦਾ। ਇਸ ਚੌਕੀ ਉਪਰ ਕੁੜੀ ਨੂੰ ਬੈਠਣ ਲਈ ਕਿਹਾ ਜਾਂਦਾ। ਮਾਮਿਆਂ ਵਲੋਂ ਪੰਡਿਤ ਨੂੰ ਦਾਨ-ਪੁੰਨ ਦਿੱਤਾ ਜਾਂਦਾ। ਇਸ ਰਸਮ ਦਾ ਮੰਤਵ ਵਿਆਹ ਦੇ ਨਿਰ ਵਿਘਨ ਸੰਪੂਰਨ ਹੋਣ ਅਤੇ ਦੋਵਾਂ ਪਰਿਵਾਰਾਂ ਦੀ ਕੁਸ਼ਲ-ਮੰਗਲਤਾ ਲਈ ਪ੍ਰਾਰਥਨਾ ਕਰਨਾ ਸੀ। ਇਹ ਰਸਮ ਵੀ ਇਕ ਤਰ੍ਹਾਂ ਨਾਲ ਨਾਨਕਿਆਂ ਵਲੋਂ ਆਪਣੇ ਧੀ-ਜਵਾਈ ਦੀ ਆਰਥਿਕ ਮਦਦ ਸੀ। ਸੈਂਤ ਦੀ ਰਸਮ ਹੁਣ ਤਕਰੀਬਨ ਲੋਪ ਹੋ ਗਈ ਹੈ।

**ਸੈਂਤ ਦੀ ਰਸਮ ਦੇ ਗੀਤ:**

ਸੈਂਤ ਕਰੇਂਦਿਆ ਬਾਹਮਣਾ,
ਤੈਨੂੰ ਕੀ ਵੇ ਲੋੜੀਦਾ?
ਜੀਵੇ ਮੇਰੀ ਜਜਮਾਨਣੀ,
ਗਊਆਂ ਗੋਹਾ ਲੋੜੀਦਾ।

ਗਊਆਂ ਦੇ ਦਾਨ ਤਾਂ ਪੰਡਿਤ ਲੈਂਦੇ,
ਧੀਆਂ ਦੇ ਦਾਨ ਜਵਾਈ।
ਵੇ ਰੰਗ ਰੱਤੜਿਆ ਕਾਨ੍ਹਾ,
ਧੀਆਂ ਦੇ ਦਾਨ ਜਵਾਈ।

ਇਸ ਗੀਤ ਤੋਂ ਸਪਸ਼ਟ ਹੈ ਕਿ ਉਸ ਵਕਤ ਘਰਾਂ ਦੇ ਵਿਹੜੇ ਪੱਕੇ ਨਾ ਹੋਣ ਕਰਕੇ ਥਾਂ ਸੁੱਚਾ ਕਰਨ ਲਈ ਗਊ ਦੇ ਗੋਹੇ ਦਾ ਪੋਚਾ ਲਾਇਆ ਜਾਂਦਾ ਹੋਵੇਗਾ। ਪੰਡਿਤ ਮੰਤਰ ਪੜ੍ਹਨੇ ਸ਼ੁਰੂ ਕਰਦਾ। ਇਸੇ ਦੌਰਾਨ ਨਿਮਨ ਲਿਖਤ ਗੀਤ ਗਾਏ ਜਾਂਦੇ:

**ਨਾਨਕੀਆਂ:**
ਆਊ ਮਾਮਾ ਬੈਠ ਪਟੜੀ
ਖੋਲ੍ਹ ਗਠੜੀ
ਨੱਥ ਚੂੜੇ ਦਾ ਦਾਨ ਕਰੇਂਦਿਆ।
**ਦਾਦਕੀਆਂ:**
ਆਊ ਚਾਚਾ ਬੈਠ ਪਟੜੀ
ਖੋਲ੍ਹ ਗਠੜੀ
ਗਊਆਂ ਦਾ ਦਾਨ ਕਰੇਂਦਿਆ।

ਆਊ ਤਾਇਆ ਬੈਠ ਪਟੜੀ
ਖੋਲ੍ਹ ਗਠੜੀ
ਗਊਆਂ ਦਾ ਦਾਨ ਕਰੇਂਦਿਆ।

ਸੈਂਤ ਦਾ ਵੇਲਾ ਹੁਣ ਹੋਇਆ,
ਵੀਰਾ ਕਿਥੇ ਕੁ ਹੋਈ ਦੇਰ?
ਕੀ ਭਾਬੋ ਵਰਜਿਆ ਵੀਰਾ,
ਕੀ ਭਾਬੋ ਮੋੜਿਆ ਵੀਰਾ?
ਵੀਰਾ ਕਿਸ ਨੇ ਰੱਖਿਆ ਘੇਰ?
ਵੀਰਾ ਕਿਥੇ ਕੁ ਹੋਈ ਦੇਰ?
ਭੈਣੇ!
ਨਾ ਤੇਰੀ ਭਾਬੋ ਵਰਜਿਆ,
ਨਾ ਤੇਰੀ ਭਾਬੋ ਮੋੜਿਆ।
ਨਾ ਰੱਖਿਆ ਕਿਸੇ ਵੀ ਘੇਰ,
ਗਊ ਖਰੀਦਣ ਮੈਂ ਗਿਆ,
ਭੈਣੇ! ਓਥੇ ਈ ਹੋ ਗਈ ਦੇਰ।

ਦੂਰਾਂ ਤੋਂ ਮੇਰਾ ਮਾਮਾ ਆਇਆ
ਸਾਰੀ ਸੈਂਤ ਸੰਵਾਰਦਾ।
ਨੇੜੇ ਤੋਂ ਮੇਰਾ ਚਾਚਾ ਆਇਆ
ਸਾਰੀ ਸੈਂਤ ਵਿਗਾੜਦਾ।

ਮਾਮਾ ਕਹਿੰਦਾ ਸੈਂਤ ਮੇਰੀ,
ਚਾਚਾ ਕਹਿੰਦਾ ਮੈਂ ਨਾ ਦੇਣੀ।
ਦੋਆਂ ਦਾ ਝਗੜਾ ਪੈ ਗਿਆ,
ਬੋਲ ਬੀਬੀ, ਬੋਲ ਕੰਨਿਆਂ।
ਤੋੜ ਝਗੜਾ, ਤੇਰਾ ਤੋੜਿਆ ਟੁੱਟਣਾ।

ਪਰ੍ਹੇ ਹੋ ਕੇ ਡਿਗ ਚਾਚਾ
ਸੈਂਤ ਮੇਰੇ ਮਾਮੇ ਦੀ।
(ਨਾਨਕੀਆਂ ਵਲੋਂ ਗਾਇਆ ਜਾਂਦਾ ਸੀ)।
ਪਰ੍ਹੇ ਹੋ ਕੇ ਡਿਗ ਮਾਮਾ
ਸੈਂਤ ਮੇਰੇ ਚਾਚੇ ਦੀ।
(ਦਾਦਕੀਆਂ ਵਲੋਂ ਗਾਇਆ ਜਾਂਦਾ ਸੀ)।

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ

ਪਿਛਲੇ ਲੇਖ ਵਿਚ ਅਸੀਂ ਵਾਦ ਜਾਂ ਬਾਦ ਦੀ ਗੱਲ ਕੀਤੀ ਸੀ ਅਤੇ ਇਸ ਦੇ ਨਾਲ ਹੀ ਅਜਿਹੇ ਤਰਕ ਨੂੰ ਅੱਗੇ ਲੈ ਜਾਣ ਵਾਲੇ ਵਿਅਕਤੀ, ਜਿਸ ਨੂੰ ਬਾਣੀ ਵਿਚ ਵਾਦੀ ਜਾਂ ਬਾਦੀ ਕਿਹਾ ਗਿਆ ਹੈ, ਦਾ ਵੀ ਜ਼ਿਕਰ ਕੀਤਾ ਸੀ। ਇਸ ਲੇਖ ਵਿਚ ਅਸੀਂ ਬਾਦ/ਵਾਦ ਦੇ ਉਲਟ ਖੋਜ ਅਤੇ ਅਜਿਹੇ ਤਰਕ ਨੂੰ ਅੱਗੇ ਲੈ ਜਾਣ ਵਾਲੇ ਵਿਅਕਤੀ ਦੀ ਗੱਲ ਕਰਾਂਗੇ ਜਿਸ ਨੂੰ ਸਿੱਖ ਧਰਮ-ਚਿੰਤਨ ਵਿਚ ਖੋਜੀ ਕਿਹਾ ਗਿਆ ਹੈ। ਖੋਜ ਸ਼ਬਦ ਸੰਸਕ੍ਰਿਤ ਦੇ ਸ਼ਬਦ ਸ਼ੋਧ ਤੋਂ ਬਣਿਆ ਹੈ ਜਿਸ ਦਾ ਅਰਥ ਹੈ, ਸ਼ੁਧ ਕਰਨਾ, ਸਾਫ ਕਰਨਾ, ਠੀਕ ਕਰਨਾ, ਸਹੀ ਕਰਨਾ/ਥਾਂ ਸਿਰ ਕਰਨਾ; ਅਤੇ ਸ਼ਬਦ ਸ਼ੋਧਕ ਦਾ ਅਰਥ ਹੈ ਸਾਫ ਕਰਨ ਵਾਲਾ, ਠੀਕ ਕਰਨ ਵਾਲਾ, ਸਹੀ ਜਾਂ ਥਾਂ ਸਿਰ ਕਰਨ ਵਾਲਾ। ਸ਼ਬਦ ਸ਼ੋਧਨਾ ਦਾ ਪੰਜਾਬੀ ਰੂਪ ਹੈ, ਖੋਜਨਾ ਜਿਸ ਦਾ ਅਰਥ ਆਮ ਤੌਰ 'ਤੇ ਨਿਰਮਲ ਕਰਨਾ, ਨਿਰੀਖਣ ਕਰਨਾ, ਪੜਤਾਲ ਕਰਨਾ, ਲੱਭਣਾ ਕੀਤਾ ਜਾਂਦਾ ਹੈ।

ਪਿਛਲੇ ਲੇਖ ਵਿਚ ਗੱਲ ਕੀਤੀ ਗਈ ਸੀ ਕਿ ਗਿਆਨ ਪ੍ਰਾਪਤੀ ਦੇ ਦੋ ਪੱਖ ਹਨ-ਬਾਦ ਜਾਂ ਵਾਦ ਅਤੇ ਖੋਜ। ਜਿਸ ਤਰ੍ਹਾਂ ਇਸ ਦੇ ਸੰਸਕ੍ਰਿਤ ਵਿਚ ਅਰਥਾਂ ਤੋਂ ਸੰਕੇਤ ਮਿਲਦਾ ਹੈ, ਸ਼ਬਦ ਸ਼ੋਧ ਜਾਂ ਖੋਜ ਇਸ ਦਾ ਹਾਂ-ਮੁਖੀ ਪੱਖ ਹੈ ਜਦਕਿ ਵਾਦ ਜਾਂ ਬਾਦ ਇਸ ਦਾ ਨਾਂਹ-ਮੁਖੀ ਪੱਖ ਹੈ ਜੋ ਕਿਸੇ ਤਣ-ਪੱਤਣ ਨਹੀਂ ਲਾਉਂਦਾ। ਇਸ ਤਰ੍ਹਾਂ ਸੱਚੇ ਜਾਂ ਸਤਿ ਦੇ ਗਿਆਨ ਦੇ ਜਗਿਆਸੂ ਨੂੰ ਸਿੱਖ ਧਰਮ-ਚਿੰਤਨ ਵਿਚ ਖੋਜੀ ਕਿਹਾ ਗਿਆ ਹੈ। ਖੋਜ ਸਤਿ ਦੀ ਭਾਲ ਜਾਂ ਜਗਿਆਸਾ ਹੈ, ਸਤਿ ਤੱਕ ਪਹੁੰਚਣ ਦੀ ਯਾਤਰਾ ਹੈ। ਗੁਰੂ ਨਾਨਕ ਸਾਹਿਬ ਨੇ ਰਾਗ ਮਲਾਰ ਵਿਚ ਖੋਜ ਨੂੰ ਆਤਮ ਚੀਨਣ ਕਿਹਾ ਹੈ। ਅਸੀਂ ਪਹਿਲਾਂ ਵੀ ਇਸ ਤੱਥ ਦਾ ਜ਼ਿਕਰ ਆਮ ਕਰਦੇ ਰਹੇ ਹਾਂ ਕਿ ਸਿੱਖ ਧਰਮ ਚਿੰਤਨ ਵਿਚ ਗੁਰੂ ਦਾ ਬਹੁਤ ਹੀ ਅਹਿਮ ਸਥਾਨ ਹੈ ਕਿਉਂਕਿ ਗੁਰੂ ਦੇ ਰਾਹੀਂ ਹੀ ਮਨੁੱਖ ਨੂੰ ਸੱਚ ਤੇ ਝੂਠ, ਭਲੇ ਤੇ ਬੁਰੇ ਅਤੇ ਠੀਕ ਤੇ ਗਲਤ ਦੀ ਸੋਝੀ ਹੁੰਦੀ ਹੈ। ਇੱਥੇ ਵੀ ਗੁਰੂ ਨਾਨਕ ਸਾਹਿਬ ਗੁਰੂ ਨੂੰ ਸੰਬੋਧਿਤ ਹਨ ਕਿ ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ ਕਿਉਂਕਿ ਗੁਰੂ ਮਿਹਰ ਕਰਦਾ ਹੈ ਤਾਂ ਉਸ ਦੀ ਮਿਹਰ ਸਦਕਾ ਮੇਰੀ ਸੁਰਤਿ ਭਗਤੀ ਅਤੇ ਸੇਵਾ ਵਿਚ ਲੱਗੀ ਰਹਿੰਦੀ ਹੈ, ਪੂਰਨ ਅਨੰਦ ਵਿਚ ਟਿਕ ਕੇ ਮਨ ਉਸ ਅਕਾਲ ਪੁਰਖ ਦੇ ਗੁਣ ਗਾਉਂਦਾ ਹੈ (ਗੁਣਾਂ ਦਾ ਗਾਇਨ ਕਰਕੇ ਹੀ ਉਨ੍ਹਾਂ ਨੂੰ ਆਪਣੇ ਵਿਅਕਤੀਤਵ ਵਿਚ ਵਸਾਇਆ ਜਾ ਸਕਦਾ ਹੈ ਜੋ ਕਿ ਮਨੁੱਖ ਦੀ ਸਭ ਤੋਂ ਵੱਡੀ ਲੋੜ ਹੈ)। ਗੁਰੂ ਦੇ ਲੜ ਲੱਗਿਆਂ ਹੀ, ਉਸ ਦੀ ਸ਼ਰਨ ਪੈ ਕੇ ਹੀ ਮਨੁੱਖ ਇਸ ਗੱਲ 'ਤੇ ਵਿਚਾਰ ਕਰਦਾ ਹੈ ਕਿ ਉਹ ਅਕਾਲ ਪੁਰਖ ਨਾਲ, ਉਸ ਦੇ ਗੁਣਾਂ ਨਾਲ ਸਦੀਵੀ ਸਾਂਝ ਬਣਾਵੇ ਅਤੇ ਇਸ ਸਾਂਝ ਨੂੰ ਸਦਾ ਬਣਾਈ ਰੱਖੇ।

ਗੁਰੂ ਇਸ ਗੱਲ ਦੇ ਸਮਰੱਥ ਹੈ ਕਿ ਉਹ ਮਨੁੱਖ ਨੂੰ ਬਾਣੀ ਨਾਲ ਜੋੜ ਕੇ, ਸ਼ਬਦ ਨਾਲ ਜੋੜ ਕੇ ਮਨੁੱਖ ਦਾ ਜੀਵਨ ਸੰਵਾਰੇ। ਜਿਹੜਾ ਮਨੁੱਖ ਜੀਵਨ ਨੂੰ ਸੰਵਾਰਨ, ਉਸ ਦੇ ਗੁਣਾਂ ਨੂੰ ਖੋਜਣ ਵਾਲਾ ਹੈ, ਉਹ ਮਨੁੱਖ ਆਤਮਕ ਉਚਾਈਆਂ ਨੂੰ ਪ੍ਰਾਪਤ ਕਰ ਲੈਂਦਾ ਹੈ, ਪਰ ਇਸ ਦੇ ਉਲਟ ਬਿਰਤੀ ਵਾਲਾ ਮਨੁੱਖ ਮਾਇਆਵੀ ਭਗੜਿਆਂ ਵਿਚ ਰੁੱਝ ਕੇ ਆਪਣੇ ਆਤਮਕ ਜੀਵਨ ਨੂੰ ਖਰਾਬ ਕਰ ਲੈਂਦਾ ਹੈ। ਤ੍ਰਿਸ਼ਨਾ ਵਿਚ ਫਸਣ ਵਾਲਾ ਮਨੁੱਖ ਮੂਰਖ ਹੁੰਦਾ ਹੈ ਅਤੇ ਕਿਉਂਕਿ ਉਹ ਕੋਸ਼ਿਸ਼ ਨਹੀਂ ਕਰਦਾ ਕਿ ਆਤਮ-ਚੀਨਣ ਕਰਕੇ ਅਸਲੀਅਤ ਤੱਕ ਪਹੁੰਚੇ। ਜਿੱਥੇ ਆਤਮ-ਚੀਨਣ ਹੁੰਦਾ ਹੈ, ਆਪੇ ਦੀ ਵਿਚਾਰ ਹੁੰਦੀ ਹੈ, ਉਥੇ ਮਨੁੱਖ ਵਿਕਾਰਾਂ ਤੋਂ ਬਚ ਜਾਂਦਾ ਹੈ ਕਿਉਂਕਿ ਉਸ ਨੂੰ ਗੁਰੂ ਰਾਹੀਂ ਆਪਣੇ ਜੀਵਨ ਨੂੰ ਵਿਕਾਰਾਂ ਤੋਂ ਬਚਾਉਣ ਦਾ ਰਸਤਾ ਪਤਾ ਲੱਗ ਜਾਂਦਾ ਹੈ ਅਤੇ ਅਜਿਹੇ ਮਨੁੱਖ ਦੀ ਸਹਾਇਤਾ ਲਈ ਅਕਾਲ ਪੁਰਖ ਆਪ ਸਹਾਈ ਹੁੰਦਾ ਹੈ ਕਿਉਂਕਿ ਉਹ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ ਜੋ ਮਨੁੱਖ ਨੂੰ ਤਾਰਨ ਦੇ ਸਮਰੱਥ ਹੈ:

> ਸੇਵਾ ਸੁਰਤਿ ਰਹਸਿ ਗੁਣ ਗਾਵਾ
> ਗੁਰਮੁਖਿ ਗਿਆਨੁ ਬੀਚਾਰਾ॥
> ਖੋਜੀ ਉਪਜੈ ਬਾਦੀ ਬਿਨਸੈ
> ਹਉ ਬਲਿ ਬਲਿ ਗੁਰ ਕਰਤਾਰਾ॥
> ਹਮ ਨੀਚ ਹੋਤੇ ਹੀਣਮਤਿ ਝੂਠੇ
> ਤੂ ਸਬਦਿ ਸਵਾਰਣਹਾਰਾ॥
> ਆਤਮ ਚੀਨਿ ਤਹਾ ਤੂ ਤਾਰਣ
> ਸਚੁ ਤਾਰੇ ਤਾਰਣਹਾਰਾ॥੩॥
> (ਪੰਨਾ ੧੨੫੫)

ਬਾਦੀ ਅਤੇ ਖੋਜੀ ਇਨ੍ਹਾਂ ਦੋ ਸੰਕਲਪਾਂ 'ਤੇ ਵਿਚਾਰ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਖੋਜੀ ਨੂੰ ਰਚਨਾਤਮਕ ਵਿਅਕਤੀ 'ਖੋਜੀ ਉਪਜੈ' ਕਿਹਾ ਹੈ। ਉਪਜੈ ਸ਼ਬਦ ਵੀ ਸੰਸਕ੍ਰਿਤ ਦੇ ਸ਼ਬਦ 'ਉਪਜਣ' ਤੋਂ ਆਇਆ ਹੈ ਜਿਸ ਦਾ ਅਰਥ ਹੈ, ਵਾਧਾ ਕਰਨਾ, ਬੁੱਧੀ ਦਾ ਵਿਕਾਸ ਕਰਨਾ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਰਤੋਂ ਜਿਸ ਤਰ੍ਹਾਂ ਹੋਈ ਹੈ, ਉਸ ਅਨੁਸਾਰ ਇਸ ਦਾ ਅਰਥ ਪੈਦਾ ਕਰਨਾ ਵੀ ਬਣਦਾ ਹੈ। ਖੋਜੀ ਦਾ ਅਰਥ ਵਿਅਕਤੀਗਤ ਨਹੀਂ ਹੈ, ਇਸ ਦਾ ਅਰਥ ਪੂਰਨ ਥੀਣ ਵਾਸਤੇ ਇੱਕ ਤਰ੍ਹਾਂ ਦੀ ਬ੍ਰਹਿਮੰਡੀ ਪ੍ਰੇਰਨਾ ਹੈ। ਖੋਜੀ ਨੂੰ ਗੁਰੂਆਂ ਨੇ ਗੁਰਮੁਖਿ ਕਿਹਾ ਹੈ। ਗੁਰਮੁਖਿ ਦਾ ਆਦਰਸ਼ ਗਿਆਨ ਦੀ ਜਗਿਆਸਾ ਕਰਨਾ ਅਤੇ ਉਸ 'ਤੇ ਵਿਚਾਰ ਕਰਨਾ ਹੈ, ਮਨਣ ਕਰਨਾ ਹੈ। ਖੋਜੀ ਆਪਣੇ ਗਿਆਨ ਨੂੰ ਦੂਸਰਿਆਂ ਨਾਲ ਵੰਡਦਾ ਹੈ ਅਤੇ ਇਸ ਗਿਆਨ ਨੂੰ ਦੂਸਰਿਆਂ ਦੀ ਸੇਵਾ ਲਈ ਕਰਮ ਕਰਨ ਤੇ ਭਲਾ ਕਰਨ ਲਈ ਵਰਤਦਾ ਹੈ। ਸੇਵਾ ਇੱਥੇ ਕੋਈ ਬਾਹਰੋਂ ਲੱਦਿਆ ਹੋਇਆ ਫਰਜ਼ ਨਹੀਂ ਹੈ ਬਲਕਿ ਉਸ ਦੇ ਅੰਤ੍ਰੀਵੀ ਅਨੁਭਵ ਅਤੇ ਵਿਕਾਸ ਦਾ ਨਤੀਜਾ ਹੈ। ਉਹ ਆਪਣੀ ਦ੍ਰਿਸ਼ਟੀ ਅਤੇ ਸੁਰਤਿ ਨੂੰ ਸ਼ਬਦ ਰਾਹੀਂ ਸੰਵਾਰਨ ਦਾ ਕਾਰਜ ਵੀ ਕਰਦਾ ਹੈ। ਇਸ ਕਿਸਮ ਦੀ ਜਗਿਆਸਾ ਅਤੇ ਖੋਜ ਹੀ ਫਲਦਾਇਕ ਹੁੰਦੀ ਹੈ। ਇਹ ਵਿਚਾਰਸ਼ੀਲ ਅਤੇ ਸਹੀ ਸੇਧ ਵਿਚ ਕੀਤੀ ਖੋਜ ਹੈ। ਸੁਰਤਿ ਡੂੰਘਈ ਵਿਚ ਸੋਚਣਾ, ਧਿਆਨ ਲਾਉਣਾ ਅਤੇ ਉਚੀ ਚੇਤੰਨਤਾ, ਸੋਝੀ ਦੇ ਅਰਥਾਂ ਵਿਚ ਹੈ। ਸੁਰਤਿ ਬਹੁ-ਪਰਤੀ ਸੰਕਲਪ ਹੈ। ਇਹ ਵੀ ਕਿਹਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਮਨੁੱਖ ਨੂੰ ਇਹ ਵੀ ਦੱਸਦੀਆਂ ਹਨ ਕਿ ਬੁੱਧੀ ਵਾਦ ਰੂਪੀ ਤਰਕ ਤੋਂ ਪਾਸੇ ਹਟਾਉਣੀ ਚਾਹੀਦੀ ਹੈ ਅਤੇ ਆਪਣੇ ਮਨ ਨੂੰ ਸ਼ਬਦ ਵਿਚ ਇਸ ਤਰ੍ਹਾਂ ਰੰਗਣਾ ਚਾਹੀਦਾ ਹੈ ਕਿ ਅਕਾਲ ਪੁਰਖ ਦਾ ਸੱਚਾ ਦ੍ਰਿਸ਼ ਉਸ ਦੀ ਸੁਰਤਿ ਵਿਚ ਸਾਫ ਅਤੇ ਸਪੱਸ਼ਟ ਹੋ ਜਾਵੇ।

ਗੁਰੂ ਅਮਰਦਾਸ ਜੀ ਨੇ ਭਾਵੇਂ ਖੋਜੀ ਸ਼ਬਦ ਸਿੱਧੇ ਰੂਪ ਵਿਚ ਨਹੀਂ ਵਰਤਿਆ ਪਰ ਉਨ੍ਹਾਂ ਨੇ 'ਬਾਦੀ' ਦੇ ਸਬੰਧ ਵਿਚ ਗੱਲ ਕਰਦਿਆਂ 'ਖੋਜ' ਸ਼ਬਦ ਵਰਤਿਆ ਹੈ। ਗੁਰੂ ਅਮਰਦਾਸ ਅਨੁਸਾਰ ਵਿਅਕਤੀ ਗੁਰੂ ਦੇ ਸ਼ਬਦ ਰਾਹੀਂ, ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਉਚੇ ਗਿਆਨ ਦੀ ਜਗਿਆਸਾ ਕਰ ਸਕਦਾ ਹੈ ਅਤੇ ਗਿਆਨ ਪ੍ਰਾਪਤ ਕਰ ਸਕਦਾ ਹੈ। ਇਹ ਸੰਭਵ ਹੈ ਕਿਉਂਕਿ ਮਨੁੱਖ ਵਿਚ ਇਸ ਦੀ ਬੇਅੰਤ ਸਮਰੱਥਾ ਹੈ ਕਿ ਉਹ ਗੁਰੂ ਰਾਹੀਂ ਅਕਾਲ ਪੁਰਖ ਦੀ ਮਿਹਰ ਸਦਕਾ ਨਾਮ-ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਦੀ ਇਹ ਕਾਇਆ, ਇਹ ਸਰੀਰ ਗੁਰੂ ਦੇ ਸ਼ਬਦ ਨਾਲ ਰੰਗਿਆ ਹੋਇਆ ਹੈ ਅਤੇ ਉਸ ਸਦੀਵੀ ਹਸਤੀ ਅਕਾਲ ਪੁਰਖ ਦੇ ਨਾਮ ਨਾਲ ਪ੍ਰੇਮ ਕਰਦਾ ਹੈ, ਉਸ ਮਨੁੱਖ ਦੇ ਸਰੀਰ ਵਿਚੋਂ ਗੁਰੂ ਦੇ ਸ਼ਬਦ ਰਾਹੀਂ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ ਅਤੇ ਉਸ ਦਾ ਸਰੀਰ ਵਿਕਾਰਾਂ ਦੀ ਮੈਲ ਦੇ ਧੋਤੇ ਜਾਣ ਨਾਲ ਸੋਨੇ ਵਾਂਗ ਨਿਰਮਲ ਅਤੇ ਸ਼ੁਧ ਹੋ ਜਾਂਦਾ ਹੈ। ਇਸ ਤਰ੍ਹਾਂ ਜਿਹੜਾ ਸਰੀਰ ਅਕਾਲ ਪੁਰਖ ਦੇ ਨਾਮ ਰੂਪੀ ਅੰਮ੍ਰਿਤ ਜਲ ਨਾਲ ਸਦੀਵੀ ਭਰਿਆ ਰਹਿੰਦਾ ਹੈ, ਉਹ ਸਰੀਰ ਪਵਿੱਤਰ ਹੈ ਪਰ ਇਹ ਨਾਮ ਜਲ ਮਨੁੱਖ ਨੂੰ ਗੁਰੂ ਦੇ ਸ਼ਬਦ ਰਾਹੀਂ ਗੁਰੂ ਦੇ ਸ਼ਬਦ 'ਤੇ ਵਿਚਾਰ ਕੀਤਿਆਂ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਜਿਹੜੇ ਮਨੁੱਖ ਆਪਣੇ ਸਰੀਰ, ਆਪਣੀ ਕਾਇਆ ਅੰਦਰ ਹੀ ਉਸ ਅਕਾਲ ਪੁਰਖ ਨੂੰ ਲੱਭਦੇ ਹਨ, ਉਸ ਦੀ ਖੋਜ ਕਰਦੇ ਹਨ (ਬਾਣੀ ਅਨੁਸਾਰ ਉਹ ਅਕਾਲ ਪੁਰਖ ਜੋਤਿ ਸਰੂਪ ਹੋ ਕੇ ਮਨੁੱਖ ਦੇ ਅੰਦਰ ਵੱਸ ਰਿਹਾ ਹੈ), ਉਨ੍ਹਾਂ ਦਾ ਉਸ ਅਕਾਲ ਪੁਰਖ ਨਾਲ ਮੇਲ ਹੋ ਜਾਂਦਾ ਹੈ। ਇਸ ਦੇ ਉਲਟ ਜਿਹੜੇ ਆਪਣੇ ਭੇਖ ਜਾਂ ਗਿਆਨ ਦੇ ਅਹੰਕਾਰ ਵਿਚ ਉਸ ਅਕਾਲ ਪੁਰਖ ਨੂੰ ਬਾਹਰ ਲੱਭਦੇ ਹਨ, ਉਹ ਆਪਣੀ ਆਤਮਕ ਮੌਤ ਸਹੇੜ ਲੈਂਦੇ ਹਨ। ਜਿਹੜੇ ਮਨੁੱਖ ਗੁਰੂ ਦੇ ਸ਼ਬਦ ਦੇ ਪ੍ਰੇਮ ਵਿਚ, ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਪਰਮਾਤਮ ਭਗਤੀ ਵਿਚ ਲੱਗੇ ਰਹਿੰਦੇ ਹਨ, ਉਸ ਦੀ ਸੇਵਾ ਕਰਦੇ ਹਨ ਉਹ ਉਸ ਨਾਲ ਮਿਲਾਪ ਪ੍ਰਾਪਤ ਕਰ ਲੈਂਦੇ ਹਨ ਪਰ ਜਿਹੜੇ ਮਨੁੱਖ ਵਾਦ-ਵਿਵਾਦ ਵਿਚ ਪਏ ਰਹਿੰਦੇ ਹਨ, ਉਹ ਆਤਮਕ ਤੌਰ 'ਤੇ ਮਰ ਜਾਂਦੇ ਹਨ। ਇਸ ਲਈ ਅਸਲੀ ਜੋਗੀ (ਜਿਸ ਨੇ ਪਰਮਾਤਮਾ ਨਾਲ ਮੇਲ ਪ੍ਰਾਪਤ ਕਰ ਲਿਆ ਹੋਵੇ) ਉਹ ਹੈ, ਜੋ ਅਕਾਲ ਪੁਰਖ ਨਾਲ ਜੁੜਿਆ ਹੋਇਆ ਹੈ, ਜਿਸ ਨੇ ਆਪਣੇ ਅੰਦਰੋਂ ਗੁਰੂ ਦੇ ਸ਼ਬਦ ਰਾਹੀਂ ਹਉਮੈ, ਤ੍ਰਿਸ਼ਨਾ ਆਦਿ ਵਿਕਾਰਾਂ ਨੂੰ ਖਤਮ ਕਰ ਦਿੱਤਾ ਹੈ, ਜੋ ਉਤਮ ਗਿਆਨ ਤੇ ਵਿਚਾਰ ਕਰਦਾ ਹੈ, ਇਸ ਬ੍ਰਹਿਮੰਡ ਦੇ ਮੂਲ ਅਕਾਲ ਪੁਰਖ ਦੇ ਗੁਣਾਂ 'ਤੇ ਵਿਚਾਰ ਕਰਕੇ ਉਸ ਨਾਲ ਸਾਂਝ ਬਣਾਉਂਦਾ ਹੈ, ਗੁਣਾਂ ਨੂੰ ਆਪਣੇ ਅੰਦਰ ਵਸਾਉਂਦਾ ਹੈ:

> ਕਾਇਆ ਕੰਚਨੁ ਸਬਦੇ ਰਾਤੀ
> ਸਾਚੇ ਨਾਇ ਪਿਆਰੀ॥
> ਕਾਇਆ ਅੰਮ੍ਰਿਤਿ ਰਹੀ ਭਰਪੂਰੇ
> ਪਾਈਐ ਸਬਦਿ ਵੀਚਾਰੀ॥
> ਜੋ ਪ੍ਰਭੁ ਖੋਜਹਿ ਸੇਈ ਪਾਵਹਿ
> ਹੋਰਿ ਫੂਟਿ ਮੂਏ ਅਹੰਕਾਰੀ॥
> ਬਾਦੀ ਬਿਨਸਹਿ ਸੇਵਕ ਸੇਵਹਿ
> ਗੁਰ ਕੈ ਹੇਤਿ ਪਿਆਰੀ॥
> ਸੋ ਜੋਗੀ ਤਤੁ ਗਿਆਨੁ ਬੀਚਾਰੇ
> ਹਉਮੈ ਤ੍ਰਿਸਨਾ ਮਾਰੀ॥ (ਪੰਨਾ ੯੧੧)

ਗੁਰੂ ਰਾਮਦਾਸ ਜੀ ਨੇ ਸ਼ਬਦ 'ਖੋਜੀ' ਅਤੇ ਇਸ ਵਿਚ ਨਿਹਤ ਸੰਕਲਪ ਵੱਲ ਸੰਕੇਤ ਕੀਤਾ ਹੈ। ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਖੋਜ ਦਾ ਸਬੰਧ ਮਨੁੱਖ ਦੇ ਸਰੀਰ ਅਤੇ ਮਨ-ਦੋਵਾਂ ਨਾਲ ਹੈ। ਇਹ ਗਿਆਨ ਮਨੁੱਖ ਨੇ ਆਪਣੇ ਗਿਆਨ ਇੰਦ੍ਰਿਆਂ ਰਾਹੀਂ ਪ੍ਰਾਪਤ ਕਰਨਾ ਹੈ ਅਤੇ ਫਿਰ ਉਸ ਨੂੰ ਆਪਣੇ ਮਨ ਨਾਲ, ਬੁੱਧੀ ਨਾਲ ਆਤਮਸਾਤ ਕਰਨਾ ਹੈ, ਫਿਰ ਇਹ ਗਿਆਨ ਮਨੁੱਖ ਦੇ ਮਨ ਤੇ ਤਨ ਦਾ ਹਿੱਸਾ ਬਣਦਾ ਹੈ ਅਤੇ ਉਸ ਨੂੰ ਅਕਾਲ ਪੁਰਖ ਦਾ ਅਨੁਭਵ ਹੁੰਦਾ ਹੈ। ਗੁਰੂ ਰਾਮਦਾਸ ਜੀ ਵੀ ਮਨੁੱਖ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਅਕਾਲ ਪੁਰਖ ਮਨੁੱਖ ਦੇ ਮਨ, ਤਨ ਅਤੇ ਪ੍ਰਾਣਾਂ ਵਿਚ ਵੱਸ ਰਿਹਾ ਹੈ। ਕੋਈ ਉਸ ਦਾ ਰਸਤਾ ਦੱਸਣ ਵਾਲਾ ਚਾਹੀਦਾ ਹੈ ਭਾਵ ਉਸ ਨੂੰ ਪਾਉਣ ਦਾ ਜਾਂ ਅਨੁਭਵ ਕਰਨ ਦਾ ਰਸਤਾ ਕਿਹੜਾ ਹੈ? ਇਹ ਗੁਰੂ ਤੋਂ ਪਤਾ ਲੱਗਦਾ ਹੈ।

ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਮੈਂ ਆਪਣੇ ਮਨ ਅਤੇ ਤਨ-ਦੋਵਾਂ ਦੀ ਖੋਜ ਕਰਦਾ ਹਾਂ ਤਾਂ ਕਿ ਮੈਂ ਉਸ ਨੂੰ ਮਿਲ ਸਕਾਂ। ਇਹ ਖੋਜ ਪੂਰੀ ਕਿਸ ਤਰ੍ਹਾਂ ਹੁੰਦੀ ਹੈ? ਸਤਿ ਸੰਗਤਿ ਵਿਚ ਜਾ ਕੇ ਇਸ ਨੂੰ ਖੋਜ ਸਕੀਦਾ ਹੈ ਕਿਉਂਕਿ ਬਾਣੀ ਅਨੁਸਾਰ ਸਤਿ ਸੰਗਤਿ ਵਿਚ ਅਕਾਲ ਪੁਰਖ ਦਾ ਨਿਵਾਸ ਹੈ। ਸਤਿ ਸੰਗਤ ਤੋਂ ਮਨੁੱਖ ਨੂੰ ਉਸ ਨੂੰ ਪਾਉਣ ਦਾ ਰਸਤਾ ਪਤਾ ਲੱਗਦਾ ਹੈ। ਗੁਰੂ ਰਾਮਦਾਸ ਅਨੁਸਾਰ ਖੋਜ ਦਾ ਆਦਰਸ਼ ਉਚਾ ਗਿਆਨ ਪ੍ਰਾਪਤ ਕਰਨਾ ਹੈ ਜੋ ਮਨੁੱਖ ਨੂੰ ਅਕਾਲ ਪੁਰਖ ਵੱਲ ਲੈ ਜਾਵੇ।

ਗਿਆਨ ਦੀ ਇਹ ਖੋਜ ਵਿਅਕਤੀਗਤ ਕਾਰਜ ਨਹੀਂ ਹੈ ਬਲਕਿ ਸੰਗਤੀ ਯਤਨ ਹੈ। ਸਤਿ ਦਾ ਖੋਜੀ ਦੂਸਰਿਆਂ ਅਰਥਾਤ ਸਤਿ ਸੰਗਤਿ ਦੀ ਮਦਦ ਲੈਂਦਾ ਹੈ। ਇਹ ਸਾਂਝਾ ਯਤਨ ਹੈ ਜਿਸ ਵਿਚ ਦੂਸਰਿਆਂ ਦੀਆਂ ਕੋਸ਼ਿਸ਼ਾਂ ਵੀ ਸ਼ਾਮਲ ਹਨ। 'ਭਾਲਿ ਭਾਲਾਈ' ਦਾ ਸਬੰਧ ਸਵੈ ਨਾਲ ਅਤੇ ਸੰਗਤ-ਦੋਵਾਂ ਨਾਲ ਹੈ। ਇਸੇ ਲਈ ਸਿੱਖ ਧਰਮ ਏਕਾਂਤਕ ਧਰਮ ਨਹੀਂ, ਸੰਗਤੀ ਹੈ:

> ਮਧੁਸੂਦਨ ਮੇਰੇ ਮਨ ਤਨ ਪ੍ਰਾਨਾ॥
> ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ॥
> ਕੋਈ ਸਜਣੁ ਸੰਤੁ ਮਿਲੈ ਵਡਭਾਗੀ
> ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ॥੧॥
> ਹਉ ਮਨੁ ਤਨੁ ਖੋਜੀ ਭਾਲਿ ਭਾਲਾਈ॥
> ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ॥
> ਮਿਲਿ ਸਤਿਸੰਗਤਿ ਖੋਜੁ ਦਸਾਈ
> ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥੨॥
> (ਪੰਨਾ ੯੪)

ਗੁਰੂ ਅਰਜਨ ਦੇਵ ਜੀ ਨੇ ਖੋਜ 'ਤੇ ਚਰਚਾ ਬਹੁਤ ਵਿਸਥਾਰ ਵਿਚ ਚਰਚਾ ਕੀਤੀ ਹੈ। ਉਨ੍ਹਾਂ ਨੇ ਇਸ ਸ਼ਬਦ ਦੀ ਵਰਤੋਂ ਦੋ ਸੰਦਰਭਾਂ ਵਿਚ ਕੀਤੀ ਹੈ; ਇਕ ਹੈ, ਲਧਮ ਭਾਵ ਲੱਭ ਲੈਣਾ, ਖੋਜ ਲੈਣਾ। ਦੂਸਰਾ, ਉਜੜ ਅਤੇ ਉਜੜ ਦਾ ਸਬੰਧ ਤਬਾਹੀ ਨਾਲ ਹੈ, ਖਤਮ ਹੋ ਜਾਣ ਨਾਲ ਹੈ। ਗੁਰੂ ਅਰਜਨ ਦੇਵ ਜੀ ਨੇ ਭਾਵੇਂ 'ਖੋਜੀ' ਦਾ ਉਲਟ ਸ਼ਬਦ ਬਾਦੀ ਨਹੀਂ ਵਰਤਿਆ ਪਰ ਅਸੀਂ ਦੇਖ ਚੁੱਕੇ ਹਾਂ ਕਿ ਇਸ ਦਾ ਇੱਕ ਪੱਖ ਬਾਦ ਵੀ ਹੈ। ਮਨੁੱਖ ਆਪਣੀਆਂ ਅਸਲੀ ਸੰਭਾਵਨਾਵਾਂ ਨੂੰ ਗੁਆ ਸਕਦਾ ਹੈ ਅਗਰ ਉਹ ਮਹਿਜ ਆਪਣੇ ਇੰਦ੍ਰਿਆਵੀ ਗਿਆਨ 'ਤੇ ਹੀ ਨਿਰਭਰ ਕਰੇਗਾ ਕਿਉਂਕਿ ਇਹ ਗਿਆਨ ਸੀਮਤ ਹੁੰਦਾ ਹੈ। ਪ੍ਰੰਤੂ ਜੇ ਉਹ ਆਪਣੇ ਗਿਆਨ ਨੂੰ ਆਪਣੀ ਉਚ ਬੁੱਧੀ ਨਾਲ ਇੰਦ੍ਰਿਆਂ ਤੋਂ ਅੱਗੇ ਲੈ ਜਾਂਦਾ ਹੈ ਤਾਂ ਉਹ ਉਚਾ ਗਿਆਨ ਪ੍ਰਾਪਤ ਕਰ ਸਕਦਾ ਹੈ, ਜਿਸ ਨੂੰ ਖੋਜ ਕਹਿੰਦੇ ਹਨ। ਇੱਥੇ ਗੁਰੂ ਅਰਜਨ ਦੇਵ ਇੱਕ ਰਸਤਾ ਸੁਝਾਉਂਦੇ ਹਨ ਅਤੇ ਉਹ ਰਸਤਾ ਗੁਰੂ ਦਾ ਰਸਤਾ ਹੈ। ਗੁਰੂ ਗਿਆਨ ਦਾ ਜਗਿਆਸੂ ਵੀ ਹੈ ਭਾਵ ਗਿਆਨ ਦੀ ਖੋਜ ਵੀ ਕਰਦਾ ਹੈ ਅਤੇ ਗਿਆਨ ਦੇ ਰਸਤੇ 'ਤੇ ਤੋਰਨ ਵਾਲਾ ਵੀ ਹੈ।

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਖੋਜੀ (ਗੁਰੂ) ਪਾਸੋਂ ਮੈਨੂੰ ਪਤਾ ਲੱਗ ਗਿਆ ਹੈ, ਖੋਜ ਮਿਲ ਗਈ ਹੈ ਕਿ ਮੇਰੀ ਖੇਤੀ ਕਿਸ ਨੇ ਉਜਾੜੀ ਹੈ। ਭਾਵ ਗੁਰੂ ਪਾਸੋਂ ਮੈਨੂੰ ਪਤਾ ਲੱਗ ਗਿਆ ਹੈ ਕਿ ਕੀਤੇ ਹੋਏ ਬੁਰੇ ਕਰਮ ਅਰਥਾਤ ਪਾਪ-ਕਰਮ ਕਿਸ ਤਰ੍ਹਾਂ ਮੇਰੀ ਖੇਤੀ ਨੂੰ ਉਜਾੜਦੇ ਹਨ। ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ ਹੈ ਕਿ ਤੂੰ ਮਾਲਕ ਨੇ ਮੇਰੀ ਖੇਤੀ ਨੂੰ ਗੁਰੂ ਰੂਪੀ ਸਹਾਇਤਾ ਦੇ ਕੇ ਵਾੜ ਦੇ ਦਿੱਤੀ ਹੈ ਜਿਸ ਨਾਲ ਮੇਰੀ ਖੇਤੀ ਬਚ ਗਈ ਹੈ ਅਤੇ ਹੁਣ ਉਜੜੇਗੀ ਨਹੀਂ:

> ਖੋਜੀ ਲਧਮੁ ਖੋਜੁ ਛਡੀਆ ਉਜਾੜਿ॥
> ਤੈ ਸਹਿ ਦਿਤੀ ਵਾੜਿ
> ਨਾਨਕ ਖੇਤੁ ਨ ਛਿਜਈ॥੨॥ (ਪੰਨਾ ੫੨੧)

ਗੁਰੂ ਅਰਜਨ ਦੇਵ ਅਨੁਸਾਰ ਅਜਿਹੀ ਖੋਜ ਦਾ ਮਾਧਿਅਮ ਸਤਿ ਪੁਰਸ਼ਾਂ ਦੀ ਸੰਗਤ ਅਰਥਾਤ ਸਤਿ ਸੰਗਤਿ ਹੈ। ਇਥੇ ਗੁਰੂ ਸਾਹਿਬ ਨੇ ਗਿਆਨ ਨੂੰ ਰਤਨ ਕਿਹਾ ਹੈ ਜੋ ਬਹੁਤ ਕੀਮਤੀ ਹੁੰਦਾ ਹੈ ਅਤੇ ਜਿਸ ਨੂੰ ਪ੍ਰਾਪਤ ਕਰਨ ਵਿਚ ਸੰਤਾਂ ਭਾਵ ਗੁਰਮੁਖਾਂ ਦੀ ਸੰਗਤ ਸਹਾਈ ਹੁੰਦੀ ਹੈ। ਉਨ੍ਹਾਂ ਨੇ ਮਾਧਿਅਮ ਦੀ ਗੱਲ ਕਰਦਿਆਂ ਅੱਗੇ ਕਿਹਾ ਹੈ ਕਿ ਮਾਧਿਅਮ ਉਹ ਹੀ ਆਹਲਾ ਜਾਂ ਸਹੀ ਹੈ ਜੋ ਮਨੁੱਖ ਨੂੰ ਸੱਚੇ ਗਿਆਨ ਵੱਲ ਲੈ ਕੇ ਜਾਂਦਾ ਹੈ ਤੇ ਉਨ੍ਹਾਂ ਅਨੁਸਾਰ ਇਹ ਮਾਧਿਅਮ ਸਤਿ ਸੰਗਤਿ ਹੈ, ਗੁਰਮੁਖਾਂ ਦੀ, ਭਲੇ ਪੁਰਸ਼ਾਂ ਦੀ ਸੰਗਤ ਹੈ:

> ਭਇਆ ਸਮਾਹੜਾ
> ਹਰਿ ਰਤਨੁ ਵਿਸਾਹਾ ਰਾਮ॥
> ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ॥
> ਮਿਲੇ ਸੰਤ ਪਿਆਰੇ
> ਦਇਆ ਧਾਰੇ ਕਥਹਿ ਅਕਥ ਬੀਚਾਰੋ॥
> ਇਕ ਚਿਤਿ ਇਕ ਮਨਿ ਧਿਆਇ ਸੁਆਮੀ
> ਲਾਇ ਪ੍ਰੀਤਿ ਪਿਆਰੋ॥ (ਪੰਨਾ ੯੮੫)

ਇਸ ਸੰਖੇਪ ਚਰਚਾ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਿੱਖ ਧਰਮ ਚਿੰਤਨ ਅਨੁਸਾਰ ਸੱਚ ਦੀ ਜਗਿਆਸਾ ਅਤੇ ਸੱਚੇ ਗਿਆਨ ਦੀ ਜਗਿਆਸਾ ਕੀਤੀ ਗਈ ਹੈ ਜਿਸ ਦੇ ਸਿੱਟੇ ਰਚਨਾਤਮਕ ਨਿਕਲਦੇ ਹਨ। ਅਜਿਹੇ ਗਿਆਨ ਲਈ ਮਨੁੱਖ ਨੂੰ ਉਤਸ਼ਾਹਿਤ ਵੀ ਕੀਤਾ ਗਿਆ ਹੈ ਅਤੇ ਅਜਿਹੇ ਗਿਆਨ ਦੀ ਸ਼ਲਾਘਾ ਵੀ ਕੀਤੀ ਗਈ ਹੈ। ਜੋ ਗਿਆਨ ਖੜੋਤ ਵਿਚ ਹੈ ਅਤੇ ਮਨੁੱਖ ਨੂੰ ਭਰਮ-ਮੁਕਤਿ ਨਹੀਂ ਕਰਦਾ, ਉਸ ਦੇ ਸ਼ੰਕਿਆਂ ਨੂੰ ਦੂਰ ਨਹੀਂ ਕਰਦਾ, ਕਿਸੇ ਉਸਾਰੂ ਪਾਸੇ ਨਹੀਂ ਲਗਾਉਂਦਾ, ਅਜਿਹੇ ਗਿਆਨ ਤੋਂ ਮਨੁੱਖ ਨੂੰ ਪ੍ਰਹੇਜ ਕਰਨ ਦੀ ਸਲਾਹ ਦਿੱਤੀ ਗਈ ਹੈ, ਜਿਸ ਨੂੰ ਬਾਣੀ ਵਿਚ ਬਾਦ ਜਾਂ ਵਾਦ ਕਿਹਾ ਗਿਆ ਹੈ।

# ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੩**

> ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ॥
> ਪੂਰੈ ਸਤਿਗੁਰਿ ਦੀਆ ਦਿਖਾਇ॥
> ਅਪੁਨੇ ਸਤਿਗੁਰ ਕਉ ਸਦ ਬਲਿ ਜਾਈ॥
> ਗੁਰ ਕਿਰਪਾ ਤੇ ਹਰਿ ਮੰਨਿ ਵਸਾਈ॥੧॥
> ਸੇ ਧਨਵੰਤ ਹਰਿ ਨਾਮਿ ਲਿਵ ਲਾਇ॥
> ਗੁਰਿ ਪੂਰੈ ਹਰਿ ਧਨੁ ਪਰਗਾਸਿਆ
> ਹਰਿ ਕਿਰਪਾ ਤੇ
> ਵਸੈ ਮਨਿ ਆਇ॥ਰਹਾਉ॥
> ਅਵਗੁਣ ਕਾਟਿ ਗੁਣ ਰਿਦੈ ਸਮਾਇ॥
> ਪੂਰੇ ਗੁਰ ਕੈ ਸਹਜਿ ਸੁਭਾਇ॥
> ਪੂਰੇ ਗੁਰ ਕੀ ਸਾਚੀ ਬਾਣੀ॥
> ਸੁਖ ਮਨ ਅੰਤਰਿ ਸਹਜਿ ਸਮਾਣੀ॥੨॥
> ਏਕੁ ਅਚਰਜੁ ਜਨ ਦੇਖਹੁ ਭਾਈ॥
> ਦੁਬਿਧਾ ਮਾਰਿ ਹਰਿ ਮੰਨਿ ਵਸਾਈ॥
> ਨਾਮੁ ਅਮੋਲਕੁ ਨ ਪਾਇਆ ਜਾਇ॥
> ਗੁਰ ਪਰਸਾਦਿ ਵਸੈ ਮਨਿ ਆਇ॥੩॥
> ਸਭ ਮਹਿ ਵਸੈ ਪ੍ਰਭੁ ਏਕੋ ਸੋਇ॥
> ਗੁਰਮਤੀ ਘਟਿ ਪਰਗਟੁ ਹੋਇ॥
> ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥
> ਨਾਨਕ ਨਾਮੁ ਮਿਲੈ ਮਨੁ ਮਾਨਿਆ॥੪॥

ਸਤਿਗੁਰੂ ਅਮਰਦਾਸ ਜੀ ਆਖਦੇ ਹਨ- ਹੇ ਭਾਈ! ਇਹ ਨਾਮ ਧਨ ਦਾ ਖਜ਼ਾਨਾ ਕਦੇ ਵੀ ਮੁੱਕਣ ਵਾਲਾ ਨਹੀਂ, ਨਾ ਹੀ ਇਹ ਖਰਚਿਆਂ ਮੁੱਕਦਾ ਹੈ ਤੇ ਨਾ ਹੀ ਗੁਆਚਦਾ ਹੈ; ਪੂਰੈ ਸਤਿਗੁਰਿ ਦੀਆ ਦਿਖਾਇ, ਇਸ ਧਨ ਦੀ ਇਹ ਸਿਫਤ ਮੈਨੂੰ ਪੂਰੇ ਗੁਰੂ ਨੇ ਦਿਖਾ ਦਿਤੀ ਹੈ; ਅਪੁਨੇ ਸਤਿਗੁਰ ਕਉ ਸਦ ਬਲਿ ਜਾਈ, ਮੈਂ ਆਪਣੇ ਮਿਹਰਬਾਨ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ, ਬਲਿਹਾਰੀ ਜਾਂਦਾ ਹਾਂ, ਭਾਈ! ਗੁਰੂ ਦੀ ਕਿਰਪਾ ਨਾਲ ਹੀ ਨਾਮ ਧਨ ਨੂੰ ਮਨ ਵਿਚ ਵਸਾਉਂਦਾ ਹਾਂ।

> ਸੇ ਧਨਵੰਤ ਹਰਿ ਨਾਮਿ ਲਿਵ ਲਾਇ॥
> ਗੁਰਿ ਪੂਰੈ ਹਰਿ ਧਨੁ ਪਰਗਾਸਿਆ
> ਹਰਿ ਕਿਰਪਾ ਤੇ
> ਵਸੈ ਮਨਿ ਆਇ॥ਰਹਾਉ॥

ਗੁਰਦੇਵ ਪਿਤਾ ਜੀ 'ਰਹਾਉ' ਵਾਲੀ ਪੰਕਤੀ ਵਿਚ ਉਪਦੇਸ਼ ਕਰਦੇ ਆਖਦੇ ਹਨ- ਹੇ ਭਾਈ! ਅਸਲ ਵਿਚ ਉਹ ਮਨੁੱਖ ਹੀ ਧਨਵੰਤ, ਭਾਵ ਸ਼ਾਹ ਹਨ ਜਿਨ੍ਹਾਂ ਦੇ ਹਿਰਦੇ ਵਿਚ ਪੂਰੇ ਗੁਰੂ ਨੇ ਉਸ ਪ੍ਰਭੂ ਪਰਮਾਤਮਾ ਦੇ ਨਾਮ ਦਾ ਧਨ ਪਰਗਟ ਕਰ ਦਿਤਾ ਹੈ; ਹੇ ਭਾਈ! ਉਹ ਮਨੁੱਖ ਮਿਹਰਬਾਨ ਪ੍ਰਭੂ ਦੇ ਨਾਮ ਵਿਚ ਸੁਰਤ ਜੋੜ ਕੇ ਆਤਮਿਕ ਜੀਵਨ ਦੇ ਸ਼ਾਹ ਬਣ ਗਏ, ਪਰ ਇਹ ਨਾਮ ਵੀ ਪ੍ਰਭੂ ਕਿਰਪਾ ਨਾਲ ਹੀ ਮਨ ਵਿਚ ਵਸਦਾ ਹੈ।

> ਅਵਗੁਣ ਕਾਟਿ ਗੁਣ ਰਿਦੈ ਸਮਾਇ॥
> ਪੂਰੇ ਗੁਰ ਕੈ ਸਹਜਿ ਸੁਭਾਇ॥
> ਪੂਰੇ ਗੁਰ ਕੀ ਸਾਚੀ ਬਾਣੀ॥
> ਸੁਖ ਮਨ ਅੰਤਰਿ ਸਹਜਿ ਸਮਾਣੀ॥੨॥

ਗੁਰਦੇਵ ਜੀ ਆਖਦੇ ਹਨ- ਗੁਰੂ ਸ਼ਰਨ ਆਏ ਮਨੁੱਖ ਦੇ ਔਗੁਣ ਦੂਰ ਕਰ ਕੇ ਪ੍ਰਭੂ ਦੀ ਸਿਫਤਿ ਸਾਲਾਹ ਦੇ ਗੁਣ ਉਸ ਦੇ ਅੰਦਰ ਵਸਾ ਦਿੰਦਾ ਹੈ; ਹੇ ਭਾਈ! ਪੂਰੇ ਗੁਰੂ ਦੀ ਉਸ ਸਦਾ ਅਟੱਲ ਰਹਿਣ ਵਾਲੇ ਪ੍ਰਭੂ ਦੀ ਸਿਫਤਿ ਸਾਲਾਹ ਵਾਲੀ ਬਾਣੀ ਮਨੁੱਖ ਦੇ ਮਨ ਵਿਚ ਆਤਮਿਕ ਅਨੰਦ ਦੇ ਹੁਲਾਰੇ ਪੈਦਾ ਕਰ ਦਿੰਦੀ ਹੈ। ਉਸ ਮਿਹਰਬਾਨ ਪ੍ਰਭੂ ਦੀ ਸਿਫਤਿ ਸਾਲਾਹ ਵਾਲੀ ਬਾਣੀ ਦੀ ਬਰਕਤ ਨਾਲ ਆਤਮਾ ਅਡੋਲਤਾ ਵਿਚ ਸਮਾਈ ਰਹਿੰਦੀ ਹੈ।

> ਏਕੁ ਅਚਰਜੁ ਜਨ ਦੇਖਹੁ ਭਾਈ॥
> ਦੁਬਿਧਾ ਮਾਰਿ ਹਰਿ ਮੰਨਿ ਵਸਾਈ॥
> ਨਾਮੁ ਅਮੋਲਕੁ ਨ ਪਾਇਆ ਜਾਇ॥
> ਗੁਰ ਪਰਸਾਦਿ ਵਸੈ ਮਨਿ ਆਇ॥੩॥

ਸਤਿਗੁਰੂ ਪਿਤਾ ਜੀ ਆਖਦੇ ਹਨ- ਹੇ ਭਾਈ ਜਨੋ! ਇਕ ਹੈਰਾਨ ਕਰ ਦੇਣ ਵਾਲਾ ਤਮਾਸ਼ਾ ਵੇਖੋ; ਪੂਰਾ ਗੁਰੂ ਮਨੁੱਖ ਦੇ ਅੰਦਰੋਂ ਦੁਬਿਧਾ, ਭਾਵ ਮੇਰ-ਤੇਰ ਮਾਰ ਕੇ ਮਿਹਰਬਾਨ ਪ੍ਰਭੂ ਦਾ ਨਾਮ ਉਸ ਦੇ ਮਨ ਵਿਚ ਵਸਾ ਦਿੰਦਾ ਹੈ;, ਹੇ ਭਾਈ! ਪਰਮਾਤਮਾ ਦਾ ਨਾਮ ਅਮੋਲਕ ਹੈ, ਕਿਸੇ ਦੁਨਿਆਵੀ ਕੀਮਤ ਨਾਲ ਖਰੀਦਿਆ ਨਹੀਂ ਜਾ ਸਕਦਾ। ਗੁਰੂ ਕੀ ਮਿਹਰ ਨਾਲ ਮਨ ਵਿਚ ਆ ਵੱਸਦਾ ਹੈ।

> ਸਭ ਮਹਿ ਵਸੈ ਪ੍ਰਭੁ ਏਕੋ ਸੋਇ॥
> ਗੁਰਮਤੀ ਘਟਿ ਪਰਗਟੁ ਹੋਇ॥
> ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥
> ਨਾਨਕ ਨਾਮੁ ਮਿਲੈ ਮਨੁ ਮਾਨਿਆ॥੪॥

ਅਖੀਰ ਵਿਚ ਗੁਰਦੇਵ ਆਖਦੇ ਹਨ- ਹੇ ਭਾਈ! ਉਹ ਮਿਹਰਬਾਨ ਪ੍ਰਭੂ ਭਾਵੇਂ ਆਪ ਹੀ ਸਭਨਾਂ ਵਿਚ ਵਾਸਾ ਕਰਦਾ ਹੈ, ਪਰ ਗੁਰੂ ਦੀ ਮੱਤ ਉਤੇ ਤੁਰਿਆਂ ਹੀ ਮਨੁੱਖ ਦੇ ਹਿਰਦੇ ਵਿਚ ਪਰਗਟ ਹੁੰਦਾ ਹੈ। ਹੇ ਨਾਨਕ! ਆਤਮਿਕ ਅਡੋਲਤਾ ਵਿਚ ਜਿਸ ਮਨੁੱਖ ਨੇ ਉਸ ਮਿਹਰਬਾਨ ਪ੍ਰਭੂ ਨਾਲ ਡੂੰਘੀ ਸਾਂਝ ਪਾ ਕੇ ਉਸ ਨੂੰ ਹਿਰਦੇ ਵਿਚ ਵਸਾ ਲਿਆ ਹੈ, ਉਸ ਨੂੰ ਪ੍ਰਭੂ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ ਤੇ ਉਸ ਦਾ ਮਨ ਪ੍ਰਭੂ ਨਾਲ ਪਤੀਜ ਜਾਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

## ਸੰਪਾਦਕ ਦੀ ਡਾਕ

# ਪੂਰਵ ਨਿਰਧਾਰਤ ਵਿਚਾਰ ਬਨਾਮ ਬਹਿਸ

'ਪੰਜਾਬ ਟਾਈਮਜ਼' ਵਿਚੋਂ ਦਲਜੀਤ ਅਮੀ ਕਾਫੀ ਅਰਸੇ ਤੋਂ ਗੈਰਹਾਜ਼ਰ ਹੈ। ਉਸ ਦੀ ਲਿਖਤ ਤੋਂ ਬਿਨਾ ਲਗਦਾ ਹੈ ਜਿਵੇਂ ਅਖਬਾਰ ਕੁਝ ਊਣਾ ਰਹਿ ਗਿਆ ਹੋਵੇ। ਖਤ ਇਸ ਲਈ ਲਿਖ ਰਹੀ ਹਾਂ ਕਿ ਹਰਿੰਦਰ ਸਿੰਘ ਮਹਿਬੂਬ ਅਤੇ ਸੁਰਜੀਤ ਪਾਤਰ ਦੀ ਸ਼ਾਇਰੀ 'ਤੇ ਕਾਫੀ ਬਹਿਸ ਹੋ ਗਈ ਹੈ; ਚੰਗਾ ਹੋਇਆ, ਇਹ ਬਹਿਸ ਸਮਾਪਤ ਕਰ ਦਿਤੀ ਗਈ ਹੈ।

ਬਹਿਸ ਦੇ ਲੇਖਕਾਂ ਨੂੰ ਚਾਹੀਦਾ ਹੈ, ਹੁਣ ਕਿਸੇ ਹੋਰ ਵਿਸ਼ੇ 'ਤੇ ਲਿਖ ਲੈਣ। ਦੋਵੇਂ ਕਾਫੀ ਸਮਝਦਾਰ, ਸਿਆਣੇ ਅਤੇ ਸਾਹਿਤ ਦੇ, ਖਾਸ ਕਰ ਕੇ ਉਤਰ-ਆਧੁਨਿਕਤਾਵਾਦ ਦੇ 'ਧੁਨੰਤਰ ਵੈਦ' ਹਨ। ਜਦੋਂ ਕਿਸੇ ਸਾਹਿਤ, ਦਰਸ਼ਨ ਜਾਂ ਵਿਸ਼ੇ 'ਤੇ ਵਿਚਾਰ-ਚਰਚਾ ਪੂਰਵ ਨਿਰਧਾਰਤ ਵਿਚਾਰਾਂ ਜਾਂ ਨਿਰਣਿਆਂ ਨੂੰ ਮਨ ਵਿਚ ਰੱਖ ਕੇ ਕੀਤੀ ਜਾਂਦੀ ਹੈ ਤਾਂ ਉਹ ਵਿਚਾਰ-ਚਰਚਾ ਨਾ ਰਹਿ ਕੇ ਵਾਦ-ਵਿਵਾਦ ਬਣ ਜਾਂਦੀ ਹੈ। ਸਿੱਟਾ ਕੋਈ ਨਹੀਂ ਨਿਕਲਦਾ। ਇਹ ਉਹ ਅਵਸਥਾ ਹੁੰਦੀ ਹੈ ਜਿਸ ਨੂੰ ਭਾਈ ਗੁਰਦਾਸ ਨੇ 'ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ' ਆਖਿਆ ਹੈ। ਮੈਂ ਹਰਿੰਦਰ ਸਿੰਘ ਮਹਿਬੂਬ ਅਤੇ ਸੁਰਜੀਤ ਪਾਤਰ-ਦੋਵਾਂ ਦਾ ਬਹੁਤ ਸਤਿਕਾਰ ਕਰਦੀ ਹਾਂ। ਮਹਿਬੂਬ ਸਾਹਿਬ ਦੀਆਂ ਪੁਸਤਕਾਂ 'ਸਹਿਜੇ ਰਚਿਓ ਖਾਲਸਾ' ਅਤੇ 'ਝਨਾਂ ਦੀ ਰਾਤ' ਦੇ ਰਿਲੀਜ਼ ਸਮਾਰੋਹਾਂ ਵਿਚ ਹਿੱਸਾ ਵੀ ਪਾਇਆ ਹੈ ਅਤੇ ਆਪਣੇ ਘਰੇ ਮਹਿਬੂਬ ਤੇ ਉਨ੍ਹਾਂ ਦੇ ਦੋਸਤਾਂ ਨੂੰ ਸੱਦ ਕੇ ਜਸ਼ਨ ਵੀ ਮਨਾਏ ਹਨ। ਮੇਰਾ ਕਿਸੇ ਵੀ ਬਹਿਸ ਵਿਚ ਪੈਣ ਦਾ ਕੋਈ ਇਰਾਦਾ ਨਹੀਂ, ਪਰ ਬਹਿਸ ਵਿਚ ਕੁਝ ਅਜਿਹੇ ਨੁਕਤੇ ਸਾਹਮਣੇ ਆਏ ਹਨ ਜੋ ਸਿੱਖ ਧਰਮ ਦੀ ਵਿਦਿਆਰਥਣ ਹੋਣ ਦੇ ਨਾਤੇ ਮੈਨੂੰ ਰੜਕਦੇ ਹਨ।

ਗੁਰੂ ਨਾਨਕ ਦਾ ਹਿੰਦੂ ਧਰਮ ਜਾਂ ਅੱਜ ਕੱਲ੍ਹ ਆਮ ਵਰਤੇ ਜਾਂਦੇ ਸ਼ਬਦ 'ਬ੍ਰਾਹਮਣਵਾਦ' ਤੋਂ ਸਭ ਤੋਂ ਪਹਿਲਾ ਅਤੇ ਵੱਡਾ ਡੀਪਾਰਚਰ/ਵਖਰੇਵਾਂ ਵਰਣ ਆਸ਼ਰਮ ਧਰਮ ਦੇ ਸਿਧਾਂਤ ਨੂੰ ਰੱਦ ਕਰਨਾ ਅਤੇ ਅਕਾਲ ਪੁਰਖ ਨੂੰ ਇੱਕੋ ਇੱਕ ਪਰਮ ਹਸਤੀ ਮੰਨਦਿਆਂ ਸਾਰੇ ਮਨੁੱਖਾਂ ਨੂੰ ਇੱਕ ਅਕਾਲ ਪੁਰਖ ਤੋਂ ਪੈਦਾ ਹੋਏ ਮੰਨ ਕੇ 'ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥' ਦੇ ਸਿਧਾਂਤ ਅਨੁਸਾਰ ਜਾਤ-ਪਾਤ ਨੂੰ ਰੱਦ ਕਰਨਾ ਹੈ। ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਇਸ ਸਿਧਾਂਤ ਨੂੰ ਅੱਗੇ ਲੈ ਕੇ ਗਏ ਅਤੇ ਇਸ ਦੇ ਅਮਲੀ ਪ੍ਰਕਾਸ਼ਨ ਲਈ ਸੰਗਤ, ਲੰਗਰ, ਧਰਮਸਾਲ/ਗੁਰਦੁਆਰਾ ਦੀ ਸਥਾਪਨਾ ਕੀਤੀ। ਇਸ ਦਾ ਸਿਖਰ ਗੁਰੂ ਗੋਬਿੰਦ ਸਿੰਘ ਵੱਲੋਂ ਖਾਲਸਾ ਸਾਜਣ ਅਤੇ ਪੰਜ ਪਿਆਰਿਆਂ ਵਿਚ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਵਿਚੋਂ ਸਿੰਘ ਸਜਾਉਣਾ ਅਤੇ ਇਕ ਬਾਟੇ ਵਿਚੋਂ ਅੰਮ੍ਰਿਤ ਛਕਾਉਣਾ ਸੀ। ਇਸ ਲਈ ਸਿੱਖ ਹੋ ਕੇ ਇਹ ਕਹਿਣਾ ਕਿ ਪਾਤਰ ਅਤੇ ਅਵਤਾਰ ਸਿੰਘ ਦੀ ਇਕੋ ਜਾਤ ਹੈ, ਇਹ ਕਿਸ ਕਿਸਮ ਦੇ ਸਿੱਖ ਹਾਂ ਅਸੀਂ? ਦੂਜੀ ਗੱਲ, 'ਬ੍ਰਾਹਮਣਵਾਦ' ਨੇ ਸਿੱਖ ਧਰਮ ਦੀ ਮੁਖਾਲਫਤ ਦਾ ਵੱਡਾ ਨੁਕਤਾ ਲਿਆ ਹੀ ਵਰਣ ਆਸ਼ਰਮ ਧਰਮ ਨੂੰ ਨਾ ਮੰਨਣਾ ਹੈ।... ਤੇ ਅਸੀਂ ਸਿੱਖ ਕੀ ਕਰ ਰਹੇ ਹਾਂ? ਸਭ ਤੋਂ ਵੱਧ ਧੱਜੀਆਂ ਗੁਰੂ ਦੇ ਇਸ ਪਹਿਲੇ ਸਿਧਾਂਤ ਦੀਆਂ ਹੀ ਉਡਾ ਰਹੇ ਹਾਂ। ਅਸੀਂ ਅੱਜ ਗੁਰੂ ਦੇ ਸਿੱਖ ਨਾ ਹੋ ਕੇ ਹੋਰ ਹਰ ਤਰ੍ਹਾਂ ਦੇ ਸਿੱਖ ਹਾਂ; ਮਸਲਨ, ਜੱਟ, ਭਾਪੇ, ਖੱਤਰੀ, ਆਹਲੂਵਾਲੀਏ, ਰਾਮਗੜ੍ਹੀਏ, ਲੁਬਾਣੇ, ਸੈਣੀ, ਕੰਬੋ, ਰਮਦਾਸੀਏ, ਰੰਘਰੇਟੇ ਵਗੈਰਾ ਵਗੈਰਾ। ਇਹੀ ਨਹੀਂ ਗੁਰਦੁਆਰੇ, ਵਿਦਿਅਕ ਸੰਸਥਾਵਾਂ ਸਭ ਹੀ ਇਨ੍ਹਾਂ ਨਾਂਵਾਂ ਥੱਲੇ ਉਸਾਰੀਆਂ ਹੋਈਆਂ ਹਨ। ਇਹ ਰੁਝਾਨ ਚੁਰਾਸੀ ਤੋਂ ਬਾਅਦ ਘਟਣਾ ਚਾਹੀਦਾ ਸੀ, ਪਰ ਦੁੱਗਣਾ-ਚੌਗਣਾ ਵਧ ਗਿਆ ਹੈ।

ਗੁਰੂ ਗੋਬਿੰਦ ਸਿੰਘ ਨੇ ਤਾਂ ਪੱਕੀ ਤਰ੍ਹਾਂ ਜਾਤ-ਪਾਤ ਦਾ ਨਾਸ ਕੀਤਾ ਸੀ ਤੇ ਅਸੀਂ ਇਸ ਦਾ ਜ਼ਿਕਰ ਕਰ ਕੇ ਆਪਣੇ ਆਪ ਨੂੰ ਵਿਦਵਾਨ ਕਹਾਉਂਦੇ ਹਾਂ। ਹਰਪਾਲ ਸਿੰਘ ਨੇ ਠੀਕ ਕਿਹਾ ਹੈ, "ਜਦੋਂ ਬਹਿਸ ਅਧੀਨ ਵਿਸ਼ਾ ਪੰਜਾਬ, ਸਿੱਖੀ ਅਤੇ ਸਿੱਖ ਇਤਿਹਾਸ ਹੋਵੇ ਤਾਂ ਸਿੱਖ ਚਿੰਤਨ ਨੂੰ ਕਸਵੱਟੀ ਵੱਜੋਂ ਵਰਤਣਾ ਕਿਵੇਂ ਅਣਉਚਿਤ ਹੋਇਆ?" ਸੰਨੀ ਮਲਹਾਂਸ ਨੇ ਲਿਖਿਆ ਹੈ, "ਪ੍ਰਭਸ਼ਰਨਬੀਰ ਦੇ ਉਤਰ ਵਿਚ ਅਵਤਾਰ ਨੇ ਦੂਸਰਾ ਪ੍ਰਤੀਕਰਮ ਦਿੱਤਾ ਜਿਸ ਵਿਚ ਉਹਨੇ ਮਹਿਬੂਬ ਦੀ ਸ਼ਾਇਰੀ, ਪਿਛੋਕੜ ਤੇ ਸ਼ਖਸੀਅਤ ਦੀ ਆਲੋਚਨਾ ਕੀਤੀ, ਜਿਸ ਦੀ ਸੁਰ ਤਿੱਖੀ ਸੀ ਤੇ ਤੀਜੇ ਪ੍ਰਤੀਕਰਮ ਤੱਕ ਪਹੁੰਚਦਿਆਂ ਤਿਖੇਰੀ ਹੀ ਨਹੀਂ, ਬੇਸੁਰੀ ਹੋ ਗਈ।" ਇਹ ਇਲਜ਼ਾਮ ਇਕੱਲੇ ਅਵਤਾਰ ਸਿੰਘ 'ਤੇ ਹੀ ਨਹੀਂ ਲੱਗਦਾ, ਪ੍ਰਭਸ਼ਰਨਬੀਰ ਸਿੰਘ ਉਤੇ ਵੀ ਉਨਾ ਹੀ ਲੱਗਦਾ ਹੈ। ਉਸ ਨੇ ਸੁਰਜੀਤ ਪਾਤਰ 'ਤੇ ਜਿਹੜੇ ਫੁੱਲ ਵਰਸਾਏ ਹਨ, ਸੰਨੀ ਮਲਹਾਂਸ ਨੂੰ ਜੇ ਨਜ਼ਰ ਆਏ ਹਨ ਤਾਂ ਉਨ੍ਹਾਂ ਦਾ ਵੀ ਖੁਲਾਸਾ ਕਰ ਦਿੰਦਾ। ਦੋਵਾਂ ਦੀ ਸੁਰ ਵਿਚ ਕੋਈ ਫਰਕ ਨਹੀਂ। ਉਸ ਨੂੰ ਵੀ ਪਾਤਰ ਕਵੀ ਨਾਲੋਂ ਵੱਧ ਮਾਨਸਿਕ ਰੋਗੀ ਜ਼ਿਆਦਾ ਨਜ਼ਰ ਆਉਂਦਾ ਹੈ।

ਮੈਂ ਕੋਈ ਕਵੀ ਨਹੀਂ, ਇਸ ਲਈ ਬਹੁਤਾ ਕੁਝ ਨਹੀਂ ਕਹਿ ਸਕਦੀ, ਪਰ ਜਿੰਨਾ ਕੁ ਅਹਿਸਾਸ ਹੈ ਜਾਂ ਪਤਾ ਹੈ, ਉਸ ਅਨੁਸਾਰ ਕਵਿਤਾ ਜ਼ਬਰਦਸਤੀ ਨਹੀਂ ਲਿਖੀ ਜਾਂਦੀ, ਇਹ ਕਵੀ ਦੇ ਅਨੁਭਵ ਵਿਚੋਂ ਨਿਕਲਦੀ ਜਾਂ ਕਹਿ ਲਉ ਉਤਰਦੀ ਹੈ। ਚੁਰਾਸੀ ਦਾ ਵਰਤਾਰਾ ਇਕ-ਪਾਸੜ ਨਹੀਂ ਹੈ, ਇਸ ਦੀਆਂ ਕਈ ਪਰਤਾਂ ਹਨ। ਇਕ ਪਰਤ ਉਹ ਹੈ ਜੋ ਮਹਿਬੂਬ ਜਾਂ ਪ੍ਰਭਸ਼ਰਨਬੀਰ ਨੇ ਹੰਢਾਈ ਹੈ। ਇਸ ਦੀ ਦੂਜੀ ਪਰਤ ਵੀ ਹੈ ਜੋ ਪਾਤਰ ਜਾਂ ਆਮ ਲੋਕਾਂ ਨੇ ਹੰਢਾਈ ਹੈ। ਪਾਤਰ ਦੀਆਂ ਇਨ੍ਹਾਂ ਦੋ ਪੰਕਤੀਆਂ 'ਤੇ ਬੜਾ ਵਾ-ਵੇਲਾ ਉਠਾਇਆ ਹੈ- 'ਮਾਤਮ, ਹਿੰਸਾ, ਖੌਫ, ਬੇਵਸੀ ਤੇ ਅਨਿਆਂ; ਇਹ ਨੇ ਅੱਜ ਕੱਲ੍ਹ ਮੇਰੇ ਦਰਿਆਵਾਂ ਦੇ ਨਾਂ।' ਇਸ ਵਿਚ ਕਿਸ ਬਿਮਾਰ ਮਾਨਸਿਕਤਾ ਵਾਲੀ ਕਿਹੜੀ ਗੱਲ ਹੈ? ਜਦੋਂ ਕਿਸੇ ਦਾ ਪੁੱਤ ਪੁਲਿਸ ਹੱਥੋਂ ਮਰਦਾ ਸੀ, ਤਾਂ ਕੀ ਉਸ ਘਰ ਵਿਚ ਮਾਤਮ ਨਹੀਂ ਸੀ ਹੁੰਦਾ? ਖਾਸ ਕਰ ਕੇ ਜਦੋਂ ਕੋਈ ਬੇਕਸੂਰ ਮਰਦਾ ਸੀ? ਜਦੋਂ ਬੱਸਾਂ ਵਿਚੋਂ ਕੱਢ ਕੇ ਲੋਕਾਂ ਨੂੰ ਮਾਰਿਆ ਜਾਂਦਾ ਜਾਂ ਸੁੱਤੇ ਪਿਆਂ 'ਤੇ ਅਸਾਲਟਾਂ ਨਾਲ ਵਾਰ ਹੁੰਦੇ ਸਨ, ਜਬਰੀ ਪਨਾਹ ਲੈਣ ਵਾਲੇ ਘਰਾਂ ਦੀਆਂ ਬੁੱਢੀਆਂ ਔਰਤਾਂ ਨੂੰ ਦਸੰਬਰ ਦੇ ਮਹੀਨੇ ਘਰ ਦੀਆਂ ਛੱਤਾਂ 'ਤੇ ਬੈਠ ਕੇ ਘਰ ਵੱਲ ਆਉਂਦੇ ਰਾਹ 'ਤੇ ਨਿਗ੍ਹਾ ਰੱਖਣ ਲਈ ਕਿਹਾ ਜਾਂਦਾ ਤਾਂ ਕਿ ਪੁਲਿਸ ਦੀ ਬਿੜਕ ਰੱਖਣ, ਉਸ ਨੂੰ ਹਿੰਸਾ ਨਹੀਂ ਤਾਂ ਕਿਹੜਾ ਨਾਮ ਦਿੱਤਾ ਜਾਵੇਗਾ? ਲੋਕ ਖੌਫਜ਼ਦਾ ਅਤੇ ਬੇਵਸ ਸਨ, ਕਿਉਂਕਿ ਪਤਾ ਹੀ ਨਹੀਂ ਸੀ ਲਗਦਾ ਕਿ ਕਦੋਂ ਆ ਕੇ ਖਾੜਕੂਆਂ ਦੇ ਭੇਸ ਵਿਚ ਰਾਤ ਨੂੰ ਕੋਈ ਦਰਵਾਜ਼ਾ ਖੜਕਾਵੇਗਾ ਅਤੇ ਫਿਰੌਤੀ, ਲੰਗਰ, ਗੱਡੀ ਜਾਂ ਰਾਤ ਰਹਿਣਾ ਮੰਗੇਗਾ ਅਤੇ ਦਿਨ ਚੜ੍ਹਦੇ ਨੂੰ ਪੁਲਿਸ ਆ ਘੇਰੇਗੀ ਕਿ ਤੁਸੀਂ ਪਨਾਹ ਦਿਤੀ ਹੈ। ਜਿਨ੍ਹਾਂ ਲੋਕਾਂ ਨੂੰ ਅਜਿਹਾ ਦੂਹਰਾ ਸੰਤਾਪ ਝੱਲਣਾ ਪਿਆ, ਉਨ੍ਹਾਂ ਨੂੰ ਇਕ ਵਾਰ ਪੁੱਛ ਕੇ ਤਾਂ ਵੇਖੋ? ਘਰਾਂ ਵਿਚ ਸੱਥਰ ਇਕੱਲੀ ਪੁਲਿਸ ਨੇ ਨਹੀਂ ਵਿਛਾਏ, ਦੂਜੇ ਪਾਸੇ ਤੋਂ ਵੀ ਬਥੇਰੇ ਘਰ ਉਜਾੜੇ ਗਏ। ਇਸ ਨੂੰ ਇਹ ਕਹਿ ਕੇ ਨਹੀਂ ਟਾਲਿਆ ਜਾ ਸਕਦਾ ਕਿ ਯੁੱਧ ਵਿਚ ਸਭ ਜਾਇਜ਼ ਹੁੰਦਾ ਹੈ, ਕਿਉਂਕਿ ਸਾਡੇ ਗੁਰੂ ਨੇ 'ਯੁੱਧ' ਦੀ ਨੈਤਿਕਤਾ ਬਹੁਤ ਸਪਸ਼ਟ ਸ਼ਬਦਾਂ ਵਿਚ ਨਿਰਧਾਰਤ ਕੀਤੀ ਹੋਈ ਹੈ ਅਤੇ ਗੁਰੂ ਦੇ ਸਿਦਕੀ ਸਿੱਖ ਇਸ ਦੀ ਵੱਡੇ ਤੋਂ ਵੱਡੇ ਸੰਕਟ ਸਮੇਂ ਵੀ ਪਾਲਣਾ ਕਰਦੇ ਆਏ ਹਨ। ਤਸਵੀਰ ਦੇ ਦੋਵੇਂ ਪਾਸੇ ਹੁੰਦੇ ਹਨ। ਪੰਜਾਬ ਦੇ ਸਾਧਾਰਨ ਆਵਾਮ ਨੇ ਇਸ ਸਭ ਕੁਝ ਨੂੰ ਪਿੰਡੇ 'ਤੇ ਹੰਢਾਇਆ ਹੈ। ਜੇ ਕਵੀ ਨੇ ਇਸ ਅਹਿਸਾਸ ਨੂੰ ਪ੍ਰਗਟ ਕੀਤਾ ਹੈ ਤਾਂ ਉਹ ਨਿਰਾਸ਼ਾਵਾਦੀ ਕਿਵੇਂ ਹੋਇਆ?

ਮੈਂ ਗੁਰੂ ਨਾਨਕ ਦੇ ਬਾਬਰ ਦੇ ਹਮਲੇ ਸਬੰਧੀ ਉਚਾਰੇ ਸ਼ਬਦ 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ' ਦੀ ਗੱਲ ਨਹੀਂ ਕਰਾਂਗੀ, ਕਿਉਂਕਿ ਗੁਰੂ ਦੀ ਤੁਲਨਾ ਕਰਨ ਦੀ ਅਵੱਗਿਆ ਮੈਂ ਨਹੀਂ ਕਰ ਸਕਦੀ, ਪਰ ਕੁਲਵੰਤ ਸਿੰਘ ਗਰੇਵਾਲ (ਮੈਂ ਉਨ੍ਹਾਂ ਦਾ ਵੀ ਬਹੁਤ ਸਤਿਕਾਰ ਕਰਦੀ ਹਾਂ) ਦੀ ਪੰਕਤੀ ਹੈ- 'ਬੂੰਦ ਬੂੰਦ ਤਰਸ ਗਏ ਅਸੀਂ ਪੁੱਤ ਦਰਿਆਵਾਂ ਦੇ।' ਇਸ ਵਿਚ ਉਹ ਤਤਕਾਲੀਨ ਅਵਸਥਾ ਨੂੰ ਬਿਆਨ ਕਰ ਰਿਹਾ ਹੈ। ਜੇ ਉਸ ਦੇ ਇਸ ਬੰਦ ਨੂੰ ਚੁੱਕ ਕੇ ਇਸ 'ਤੇ ਕੋਈ ਖਾਹਮਖਾਹ ਨਿਰਾਸ਼ਾਵਾਦ ਦਾ ਠੱਪਾ ਲਾ ਦੇਵੇ ਤਾਂ ਇਹ ਬੰਦੇ ਦੀ ਆਪਣੀ ਮਾਨਸਿਕਤਾ ਜਾਂ ਨਜ਼ਰੀਆ ਹੈ। ਇਸੇ ਤਰ੍ਹਾਂ ਪਾਤਰ ਨੇ ਬਹਿਸ ਅਧੀਨ ਪੰਕਤੀਆਂ ਵਿਚ ਉਸ ਸਮੇਂ ਦੇ ਹਾਲਾਤ ਨੂੰ ਦਰਿਆਵਾਂ ਦੇ ਜ਼ਰੀਏ ਚਿਤਰਿਆ ਹੈ, ਇਹ ਕੋਈ ਨਾ-ਬਖਸ਼ਣ ਯੋਗ ਗੁਨਾਹ ਨਹੀਂ ਹੈ। ਵਰਤਮਾਨ ਸਮੇਂ ਵਿਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਸੁੱਕ ਗਿਆ ਹੈ; ਦਰਿਆ ਪੰਜਾਬ ਦੀ ਜ਼ਮੀਨ ਦੀ ਪਿਆਸ ਬੁਝਾਉਣ ਦੀ ਥਾਂ ਰੇਤ-ਮਾਫੀਆ ਦੀਆਂ ਤਿਜੋਰੀਆਂ ਭਰਨ ਦਾ ਸਾਧਨ ਬਣ ਗਏ ਹਨ; ਧਰਤੀ ਹੇਠਲਾ ਪਾਣੀ ਮੁੱਕ ਚੱਲਿਆ ਹੈ; ਪੰਜਾਬ ਦੀ ਮਿੱਟੀ, ਹਵਾ, ਪਾਣੀ ਸਭ ਗੰਧਲਾ ਹੋ ਗਿਆ ਹੈ; ਨੌਜਵਾਨ ਪੀੜ੍ਹੀ ਨਸ਼ਿਆਂ ਨਾਲ ਮਰ ਰਹੀ ਹੈ; ਕਿਸਾਨ ਕਰਜ਼ਾਈ ਹੋ ਕੇ ਖੁਦਕਸ਼ੀਆਂ ਕਰ ਰਹੇ ਹਨ; ਗੁਰੂ ਵਰੋਸਾਏ ਵਿਦਵਾਨ ਚੜ੍ਹਦੀ ਕਲਾ ਵਿਚ ਰਹਿਣ ਵਾਲੇ, ਸਰਬੱਤ ਦੇ ਭਲੇ ਦੀਆਂ ਅਰਦਾਸਾਂ ਕਰਨ ਵਾਲੇ ਇਸ ਖਾਤਰ ਕੀ ਕਰ ਰਹੇ ਹਨ? ਜੇ ਕੋਈ ਕਵੀ ਕੱਲ੍ਹ ਨੂੰ ਇਸ ਦਾ ਜ਼ਿਕਰ ਕਰੇਗਾ ਤਾਂ ਉਹ ਬਿਮਾਰ ਮਾਨਸਿਕਤਾ ਦਾ ਮਾਲਕ ਹੋਵੇਗਾ? ਮੇਰੇ ਛੋਟੇ ਵੀਰੋ! ਇਸ ਤੋਂ ਪਹਿਲਾਂ ਕਿ ਕੋਈ ਇਸ 'ਤੇ ਕਵਿਤਾ ਰਚੇ, ਇਸ ਨੂੰ ਸੰਭਾਲੋ। ਪਾਤਰ ਨੇ ਤਾਂ ਇਹ ਵੀ ਕਿਹਾ ਹੈ:

ਜੇ ਆਈ ਪੱਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਹੁਣ ਇਸ ਵਿਚ ਨਿਰਾਸ਼ਾਵਾਦ ਵਾਲੀ ਕਿਹੜੀ ਗੱਲ ਹੈ, ਇਸ ਵਿਚੋਂ ਆਸ਼ਾਵਾਦ ਮੇਰੇ ਵਰਗੇ ਸਾਧਾਰਨ ਵਿਅਕਤੀ ਨੂੰ ਵੀ ਮਹਿਸੂਸ ਹੁੰਦਾ ਹੈ। ਵਿਗਿਆਨ ਤੇ ਧਰਮ ਵਿਚ ਕੋਈ ਵਿਰੋਧਾਭਾਸ ਨਹੀਂ, ਕਿਉਂਕਿ ਦੋਵਾਂ ਦਾ 'ਏਰੀਆ ਆਫ ਉਪਰੇਸ਼ਨ' ਯਾਨਿ ਅਮਲ ਦਾ ਖੇਤਰ ਵੱਖਰਾ ਵੱਖਰਾ ਹੈ। ਮਹਿਬੂਬ ਦੀ ਕਵਿਤਾ ਦਾ ਖੇਤਰ ਅਲੱਗ ਹੈ ਅਤੇ ਪਾਤਰ ਦਾ ਅਲੱਗ। ਇਸ ਲਈ ਤੁਲਨਾ ਕਰਨੀ ਕਿਉਂ ਜ਼ਰੂਰੀ ਹੋ ਗਈ? ਪ੍ਰਭਸ਼ਰਨਬੀਰ ਸਿੰਘ ਨੇ ਲਿਖਿਆ ਹੈ, 'ਸ਼ੰਕਰ ਨੇ ਅਦ੍ਵੈਤ ਵੇਦਾਂਤ ਦਾ ਫਲਸਫਾ ਦਿਤਾ ਜਿਸ ਦੇ ਦੋ ਮੁੱਖ ਆਧਾਰ ਹਨ। ਪਹਿਲਾ ਕੇਵਲ ਬ੍ਰਾਹਮਣ ਹੀ ਸੱਚ ਹੈ...' ਅਤੇ ਦੂਜਾ 'ਬ੍ਰਹਮਸੂਤਰ ਭਾਸ਼ਯ; ਜੋ ਭਦਰਾਇਣ ਰਿਸ਼ੀ ਦੇ ਬ੍ਰਹਮਸੂਤਰਾਂ ਦੀ ਵਿਆਖਿਆ ਹੈ।' ਜਿੰਨਾ ਕੁ ਮੈਨੂੰ ਇਸ ਬਾਰੇ ਪਤਾ ਹੈ, ਉਸ ਅਨੁਸਾਰ ਸ਼ੰਕਰ ਨੇ 'ਬ੍ਰਹਮ' ਦਾ ਸੰਕਲਪ ਦਿਤਾ ਹੈ ਜਿਸ ਨੂੰ ਉਹ 'ਸੱਚ' ਮੰਨਦਾ ਹੈ। ਸ਼ਾਇਦ ਅੰਗਰੇਜ਼ੀ ਤੋਂ ਅਨੁਵਾਦ ਕਰਦਿਆਂ ਇਸ ਨੂੰ ਭੁਲੇਖੇ ਨਾਲ 'ਬ੍ਰਾਹਮਣ' ਲਿਖ ਦਿਤਾ ਹੈ, ਪ੍ਰਭਸ਼ਰਨਬੀਰ ਸਿੰਘ ਨੇ। 'ਬ੍ਰਹਮ' ਵੇਦਾਂਤ ਦਰਸ਼ਨ ਦਾ ਇਕ ਸੰਕਲਪ ਹੈ ਤੇ 'ਬ੍ਰਾਹਮਣ' ਵਰਣ ਵੰਡ ਵਿਚ ਸਭ ਤੋਂ ਉਪਰਲਾ ਵਰਣ ਜਾਂ ਜਾਤੀ ਮੰਨੀ ਗਈ ਹੈ ਅਤੇ ਹਰ ਇਕ ਵੇਦ ਦੇ ਚਾਰ ਭਾਗ ਮੰਨੇ ਜਾਂਦੇ ਹਨ-ਵੇਦ ਸੰਹਿਤਾ, ਆਰਣਿਕ ਗ੍ਰੰਥ, ਬ੍ਰਾਹਮਣ ਗ੍ਰੰਥ ਅਤੇ ਉਪਨਿਸ਼ਦ। ਇਸ ਤਰ੍ਹਾਂ 'ਬ੍ਰਾਹਮਣ ਗ੍ਰੰਥ' ਵੇਦਾਂ ਦਾ ਭਾਗ ਵੀ ਹਨ। ਜਿਸ ਨੇ 'ਬ੍ਰਹਮ ਸੂਤਰ' ਦੀ ਰਚਨਾ ਕੀਤੀ ਹੈ, ਉਸ ਨੂੰ ਆਮ ਤੌਰ 'ਤੇ ਵਾਦਰਾਇਣ ਜਾਂ ਬਾਦਰਾਇਣ ਰਿਸ਼ੀ ਕਰ ਕੇ ਜਾਣਿਆ ਜਾਂਦਾ ਹੈ; ਭਦਰਾਇਣ ਨਹੀਂ। ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਜੇ ਕੋਈ ਨੁਕਤਾ ਕਿਸੇ ਨੂੰ ਠੀਕ ਲਗਦਾ ਹੈ ਤਾਂ ਅਪਨਾ ਲਵੇ; ਨਹੀਂ ਠੀਕ ਲਗਦਾ ਤਾਂ ਛੱਡ ਦੇਵੇ, ਪਰ ਦੋ ਕਵੀਆਂ ਨੂੰ ਧੂਹੀ ਫਿਰਨ ਦੀ ਗੱਲ ਹੁਣ ਛੱਡ ਦੇਣੀ ਚਾਹੀਦੀ ਹੈ। ਪਾਤਰ ਦਾ ਹੀ ਬੰਦ ਹੈ:

ਮੈਂ ਹੀ ਮੈਂ ਜਦ ਕਿਹਾ ਤਾਂ ਖਾਮੋਸ਼ੀ ਤਣੀ
ਰੁੱਖ ਲੱਗੇ ਧੁਖਣ, ਪੌਣ ਧੂੰਆਂ ਬਣੀ।
ਜਦ ਮੈਂ ਆਪਾਂ ਕਿਹਾ, ਪੱਤੇ ਬਣ ਗਏ ਸੁਰਾਂ
ਹੋਈ ਜੰਗਲ ਦੇ ਵਿਚ ਕੂਹੂਕ-ਕੂਹੂਕ।

ਤੇ ਗੁਰੂ ਸਾਹਿਬਾਨ ਨੇ ਹਉਮੈ ਨੂੰ 'ਦੀਰਘ ਰੋਗੁ' ਕਿਹਾ ਹੈ।

**-ਗੁਰਨਾਮ ਕੌਰ**
**ਸਾਬਕਾ ਮੁਖੀ,**
**ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਅਰਥ ਦਾ ਅਨਰਥ

ਪ੍ਰੋ. ਅਵਤਾਰ ਸਿੰਘ ਅਤੇ ਪ੍ਰੋ. ਹਰਪਾਲ ਸਿੰਘ ਦੇ ਪ੍ਰਤੀਕਰਮ ਪੜ੍ਹ ਕੇ ਨਿਰਾਸ਼ਾ ਹੋਈ। ਦੋ ਗੱਲਾਂ ਮਨ 'ਚ ਆਈਆਂ। ਸੋਚਿਆ, ਇਹ ਕਿਸ ਕਿਸਮ ਦੀ ਬਹਿਸ ਹੈ? ਇਉਂ ਤਾਂ ਕਚਹਿਰੀਆਂ 'ਚ ਵਕੀਲ ਕਰਦੇ ਹੁੰਦੇ ਨੇ; ਜਿਥੇ ਮਕਸਦ ਸੱਚ ਦੀ ਤਲਾਸ਼ ਨਹੀਂ ਹੁੰਦਾ, ਸਗੋਂ ਸਾਰਾ ਜ਼ੋਰ ਇਕ ਦੂਸਰੇ ਨੂੰ ਹਰਾਉਣ 'ਤੇ ਲੱਗਿਆ ਹੁੰਦਾ ਹੈ। ਗੁਰਬਾਣੀ 'ਚ ਅਕੀਦਾ ਰੱਖਣ ਵਾਲੇ ਵਿਦਵਾਨ ਪ੍ਰੋਫੈਸਰ ਵੀ ਇਸ ਕਿਸਮ ਦੀ ਬਹਿਸ ਕਰ ਸਕਦੇ ਨੇ, ਇਹਦੀ ਆਸ ਨਹੀਂ ਸੀ। ਸੋਚ ਆਈ, ਮਨਾ ਇਸ ਅਖਾੜੇ ਵਿਚ, ਜਿਥੇ ਪ੍ਰੋਫੈਸਰ ਫਰੀ-ਸਟਾਈਲ ਕੁਸ਼ਤੀ ਲੜ ਰਹੇ ਹੋਣ, ਤੈਂ ਕਿਉਂ ਵੜਨਾ ਸੀ!

ਮੈਂ ਭਲਾ ਆਪਣੇ ਲੇਖ ਵਿਚ ਕੀ ਕਿਹਾ ਸੀ? ਮੈਂ ਕਿਹਾ ਸੀ, ਆਪਣੇ ਲੇਖ ਵਿਚ ਪ੍ਰਭਸ਼ਰਨਬੀਰ ਸਿੰਘ ਨੇ ਆਧਾਰਹੀਣ ਫਤਵਾ ਸੁਣਾ ਦਿਤਾ ਹੈ ਕਿ ਸੁਰਜੀਤ ਪਾਤਰ ਦੀ ਸ਼ਾਇਰੀ, ਰੋਗੀ ਮਨ ਦੀ ਉਪਜ ਹੈ। ਇਹ ਅਵਿਗਿਆਨਕ ਪਹੁੰਚ ਹੈ। ਸਿਰਫ ਇਕ ਬੰਦ ਲੈ ਕੇ ਕਿਸੇ ਦੀ ਸਮੁੱਚੀ ਰਚਨਾ ਨੂੰ ਨਿੰਦ ਦੇਣਾ ਅਨਿਆਂ ਹੈ। ਅਵਤਾਰ ਸਿੰਘ ਨੂੰ ਮੈਂ ਬਸ ਇੰਨਾ ਹੀ ਕਿਹਾ ਕਿ ਉਹਨੂੰ ਚਾਹੀਦਾ ਸੀ ਪਾਤਰ ਦੀ ਕਵਿਤਾ ਵਿਚੋਂ ਕੁਝ ਹਵਾਲੇ ਦੇ ਕੇ ਪ੍ਰਭਸ਼ਰਨਬੀਰ ਦੀ ਦਲੀਲ ਕੱਟ ਦਿੰਦਾ। ਦੱਸ ਦਿੰਦਾ, ਉਹਦੀ ਰਾਇ ਸਹੀ ਨਹੀਂ। ਕਿਸੇ ਹੱਦ ਤੱਕ ਉਹਨੇ ਇਉਂ ਕੀਤਾ ਵੀ, ਪਰ ਫਿਰ ਉਹ ਆਵੇਸ਼ ਵਿਚ ਗਲਤ ਰਾਹੇ ਪੈ ਗਿਆ ਤੇ ਪ੍ਰਭਸ਼ਰਨਬੀਰ ਉਤੇ ਜਾਤੀਵਾਦੀ ਹੋਣ ਦਾ ਦੋਸ਼ ਮੜ੍ਹ ਦਿਤਾ। ਅਵਤਾਰ ਸਿੰਘ ਅਨੁਸਾਰ, ਪ੍ਰਭਸ਼ਰਨਬੀਰ ਦੀ ਮਹਿਬੂਬ ਅਤੇ ਪਾਤਰ ਬਾਰੇ ਰਾਇ ਜਾਤੀ ਭਾਵ ਵਿਚੋਂ ਪੈਦਾ ਹੋਈ ਸੀ। ਇਹ ਵੀ ਇਕ ਬੇਬੁਨਿਆਦ ਤੇ ਅਪ੍ਰਸੰਗਿਕ ਦੋਸ਼ ਸੀ ਜੀਹਦਾ ਸਿੱਟਾ ਇਹ ਨਿਕਲਿਆ ਕਿ ਸਾਰੀ ਚਰਚਾ ਹੀ ਲੀਹੋਂ ਲਹਿ ਗਈ।

ਜਿਹੜੇ ਅਰਥ ਇਨ੍ਹਾਂ ਦੋਹਾਂ ਸੱਜਣਾਂ ਨੇ ਮੇਰੇ ਲੇਖ ਦੇ ਕੱਢੇ, ਉਹ ਅਨਰਥਕ ਹਨ। ਜੋ ਮੈਂ ਕਿਹਾ, ਉਹਦੇ ਐਨ ਉਲਟ ਮੈਨੂੰ ਹੀ ਜਾਤੀਵਾਦੀ ਬਣਾ ਧਰਿਆ! ਨਿਰਪੱਖ ਲੇਖ ਦੀ ਜੜ੍ਹ ਵੱਢ ਦਿੱਤੀ।

**-ਸੰਨੀ ਮਲਹਾਂਸ**

## ਵਿਅੰਗ

# ਕੁੱਤਾ ਬੋਲ ਪਿਆ

ਹਰ ਰੋਜ਼ ਵਾਂਗ ਸਵੇਰੇ ਧਰਮ ਸਿੰਘ ਹੱਥ ਖੂੰਡੀ ਫੜ੍ਹ ਸੈਰ ਕਰਨ ਨਿਕਲ ਤੁਰਿਆ। ਖੂੰਡੀ ਉਹ ਕੁੱਤੇ-ਬਿੱਲੇ ਕਰਕੇ ਹੱਥ 'ਚ ਰੱਖਦਾ, ਨਾ ਜਾਣੀਏ ਰਾਹ 'ਚ ਲੱਤਾਂ ਨੂੰ ਆਣ ਪਏ। ਵੈਸੇ ਵੀ ਉਹਨੂੰ ਕੁੱਤੇ ਤੋਂ ਸ਼ੁਰੂ ਤੋਂ ਹੀ ਨਫਰਤ ਸੀ। ਅੱਜ ਥੋੜ੍ਹਾ ਤੇਜ਼ ਤੁਰਨਾ ਸ਼ੁਰੂ ਕੀਤਾ ਕਿਉਂਕਿ ਵਾਪਸ ਆ ਪੋਤੇ ਨੂੰ ਛੋਟੀ ਸਕੂਲ ਛੱਡ ਕੇ ਆਉਣਾ ਸੀ। ਆਪਣੇ ਘਰ ਤੋਂ ਤੀਸਰੇ ਘਰ ਦੇ ਗੇਟ ਅੱਗੋਂ ਲੰਘਣ ਲੱਗਿਆਂ, ਗੇਟ ਅੰਦਰੋਂ ਕੁੱਤਾ ਰੋਜ਼ ਵਾਂਗ ਪੂਰਾ ਜ਼ੋਰ ਲਾ ਭੌਂਕਣ ਲੱਗਾ, ਐਂ ਲੱਗਦਾ ਸੀ ਫੈਂਸ ਤੋੜ ਬਾਹਰ ਆ ਜਾਵੇਗਾ। ਧਰਮ ਸਿੰਘ ਨੇ ਆਪਣੀ ਖੂੰਡੀ ਉਸ ਵੱਲ ਵਧਾ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਲੱਤਾਂ ਚੁੱਕ ਚੁੱਕ ਖੱਬੇ-ਸੱਜੇ ਦੌੜਦਾ ਭੌਂਕਣ ਲੱਗਾ।

ਅਚਾਨਕ ਅੱਜ ਪਤਾ ਨਹੀਂ ਕਿਉਂ ਧਰਮ ਸਿੰਘ ਨੂੰ ਗੁੱਸਾ ਆ ਗਿਆ। ਉਸ ਝੁੱਕ ਕੇ ਜ਼ਮੀਨ ਤੋਂ ਛੋਟਾ ਜਿਹਾ ਪੱਥਰ ਚੁੱਕਿਆ ਤੇ ਕੁੱਤੇ ਨੂੰ ਮਾਰਨ ਤੋਂ ਪਹਿਲਾਂ ਉਸ ਇਧਰ-ਉਧਰ ਵੇਖਿਆ।

"ਰੁਕ ਜਾ, ਰੁਕ ਜਾ ਬੰਦਿਆ!" ਇਕ ਆਵਾਜ਼ ਗੂੰਜੀ।

ਧਰਮ ਸਿੰਘ ਨੇ ਸੁਣ ਕੇ ਸੋਚਿਆ, "ਹੈਂ ਇਹ ਕੌਣ?"

ਉਸ ਚੁਫੇਰੇ ਨਜ਼ਰ ਮਾਰੀ, ਉਥੇ ਤਾਂ ਕੋਈ ਵੀ ਨਹੀਂ ਸੀ! ਉਸ ਸਵਾਲ ਕੀਤਾ "ਕੌਣ ਆ?"

ਜਵਾਬ ਵਿਚ ਉਸ ਨੂੰ ਆਵਾਜ਼ ਆਈ, "ਮੈਂ, ਮੈਂ ਕੁੱਤਾ! ਆਹ ਤੇਰੇ ਸਾਹਮਣੇ ਖੜ੍ਹਾਂ!" ਉਹ ਤ੍ਰਭਕ ਗਿਆ। ਫਿਰ ਥੋੜਾ ਕਾਇਮ ਹੋ ਬੋਲਿਆ, "ਕੁੱਤਾ ਏਂ ਤਾਂ ਭੌਂਕ!" ਉਸ ਨੂੰ ਸਾਖਸ਼ਾਤ ਮਹਿਸੂਸ ਹੋਇਆ, ਕੁੱਤਾ ਉਹਦੇ ਸਾਹਮਣੇ ਮਨੁੱਖ ਬਣ ਖੜ੍ਹਾ ਬੋਲ ਰਿਹਾ ਸੀ।



"ਵਾਹ ਬੰਦਿਆ ਵਾਹ! ਵੇਖ ਆਪਣੀ ਜ਼ੁਬਾਨ। ਖੈਰ! ਸਾਨੂੰ ਕਿਉਂ ਰੱਖਦੇ ਓ ਘਰਾਂ 'ਚ? ਮਨੁੱਖ ਮਨੁੱਖ ਕੋਲੋਂ ਡਰਦਾ ਏ, ਆਦਮ ਜਾਤ ਇਕ-ਦੂਜੇ ਦੀ ਵਫਾਦਾਰ ਨਹੀਂ। ਅੱਜ ਮੈਂ ਤੇਰੇ ਨਾਲ ਕੁਝ ਗੱਲਾਂ ਕਰਨੀਆਂ, ਹੈ ਸੱਚੀਆਂ ਪਰ ਕੌੜੀਆਂ। ਅਸੀਂ ਹਾਂ ਜਾਤ ਦੇ ਕੁੱਤੇ, ਆਦਿ ਤੋਂ ਹੁਣ ਤੱਕ ਮਾਲਕ ਦੇ ਵਫਾਦਾਰ, ਜਿਸ ਮਾਲਕ ਨੇ ਸਾਨੂੰ ਰੱਖਿਆ, ਖਾਣ ਨੂੰ ਦਿੱਤਾ ਤੇ ਪਿਆਰ ਕੀਤਾ, ਅਸੀਂ ਉਸ ਨਾਲ ਮਰਦੇ ਦਮ ਤੱਕ ਵਫਾਦਾਰੀ ਨਿਭਾਈ। ...ਤੇ ਤੁਸੀਂ? ਜਿਸ ਥਾਲੀ 'ਚ ਖਾਂਦੇ ਓ, ਉਸੇ 'ਚ ਛੇਕ ਕਰਦੇ ਓ। ਸਾਨੂੰ ਕੋਈ ਫਰੇਬ, ਮੱਕਾਰ, ਧੋਖਾ ਕਰਨਾ ਨਹੀਂ ਆਉਂਦਾ, ਅਸੀਂ ਅੰਦਰੋਂ-ਬਾਹਰੋਂ ਇਕੋ ਜਿਹੇ ਹਾਂ, ਅਸੀਂ ਵਕਤ ਨਾਲ ਬਦਲਦੇ ਨਹੀਂ, ਸਾਡਾ ਮਾਲਕ ਝਿੜਕਦਾ ਹੈ, ਸੋਟੀ ਵੀ ਮਾਰ ਦਿੰਦਾ ਹੈ, ਅਸੀਂ ਚੀਕਦੇ ਹਾਂ, ਮਾਲਕ ਦੇ ਪੈਰਾਂ 'ਚ ਲੰਮੇ ਪੈ ਜਾਂਦੇ ਹਾਂ, ਉਹਦੇ ਪੈਰ ਚੱਟਦੇ ਹਾਂ, ਪੂਛ ਹਿਲਾਉਂਦੇ ਹਾਂ। ਕਈ ਵਾਰੀ ਮਾਲਕ ਜ਼ਿਆਦਾ ਗੁੱਸੇ ਹੋਵੇ, ਘਰੋਂ ਬਾਹਰ ਵੀ ਕੱਢ ਦਿੰਦਾ ਹੈ, ਪਰ ਅਸੀਂ ਮਾਲਕ ਦਾ ਦਰ ਨਹੀਂ ਛੱਡਦੇ, ਉਹਦੇ ਬੂਹੇ ਅੱਗੇ ਬੈਠੇ ਰਹਿੰਦੇ ਹਾਂ। ਕੁੱਤੇ ਹਾਂ, ਵਫਾਦਾਰ ਅੱਜ ਵੀ, ਜਦੋਂ ਤੱਕ ਦੁਨੀਆਂ ਹੈ, ਰਹਾਂਗੇ! ਹੁਣ ਤੂੰ ਦੱਸ, ਆਦਮ ਦੇ ਬੱਚੇ, ਸ੍ਰਿਸ਼ਟੀ ਦੀ ਸਭ ਤੋਂ ਸਮਝਦਾਰ ਪੈਦਾਇਸ਼! ਆਪਣੇ ਸੁੱਖਾਂ ਲਈ ਦੁਨੀਆਂ ਦਾ ਵਾਤਾਵਰਣ ਨਰਕ ਬਣਾ ਰਿਹੈਂ, ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਬਾਰੂਦ ਦੇ ਢੇਰ ਇਕੱਠੇ ਕਰ ਰਿਹੈਂ। ਤੂੰ ਤਾਂ ਇਕ ਦਿਨ ਇਹਦੇ ਨਾਲ ਤਬਾਹ ਹੋਣਾ, ਸਾਨੂੰ ਵੀ ਕਰੇਂਗਾ। ਦੱਸ ਤੂੰ ਕਿਸ ਦਾ ਵਫਾਦਾਰ ਹੈਂ? ਆਪਣੇ ਨਿਜੀ ਫਾਇਦੇ ਲਈ ਤੂੰ ਅੱਜ ਕੁਝ ਵੀ ਕਰਨ ਲਈ ਤਿਆਰ ਏਂ। ਤੂੰ ਰੋਜ਼ ਵਫਾਦਾਰੀ ਬਦਲਦਾ ਏਂ, ਜਦੋਂ ਤੈਨੂੰ ਮਤਲਬ ਹੋਵੇ ਤਾਂ ਗਧਾ ਵੀ ਬਾਪ, ਜਿੰਨੀ ਮਰਜ਼ੀ ਤਰੱਕੀ ਕਰ ਲਏਂ, ਤੇਰੀਆਂ ਟੈਨਸ਼ਨਾਂ ਉਨੀਆਂ ਹੀ ਵਧਣਗੀਆਂ, ਤੂੰ ਦਿਨ ਦਿਨ ਭੱਜ ਰਿਹਾ ਏਂ, ਤੇਰੀ ਜ਼ੁਬਾਨ ਜ਼ਹਿਰ ਉਗਲਦੀ ਹੈ, ਦਿਲ ਤੇਰੇ 'ਚ ਖੋਟਾਂ-ਨਫਰਤਾਂ ਤੇ ਦਿਮਾਗ ਤੇਰੇ 'ਚ ਹੰਕਾਰ, ਹਉਮੈ! ਵਫਾਦਾਰੀ ਕਿਹੜੇ ਖਾਨੇ 'ਚ ਪਾਏਂਗਾ?

ਮੈਂ ਤੇਰੀ ਵਫਾਦਾਰੀ ਦੀ ਇਕ ਮਿਸਾਲ ਜ਼ਰੂਰ ਦਿਆਂਗਾ, ਉਹ ਵੀ ਆਪਣੇ ਜਾਨਵਰ ਭਰਾ ਦੀ। ਕੋਈ ਸਮਾਂ ਸੀ, ਗਾਂ ਦਾ ਜੀਅ ਯਾਨਿ ਬਲਦ ਤੇਰੀ ਰੋਜ਼ਮੱਰਾ ਜ਼ਿੰਦਗੀ 'ਚ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਸੀ, ਜਿਹੜੀ ਗਾਂ ਵੱਛਾ ਜੰਮਦੀ, ਤੂੰ ਉਹਦੀ ਸੇਵਾ ਐਂ ਕਰਦਾ ਜਿਵੇਂ ਤੁਹਾਡੇ ਮਾਂ ਪੁੱਤ ਜੰਮਦੀ। ਹੁਣ ਤੈਨੂੰ ਵੱਛੇ ਦੀ ਨਹੀਂ, ਵੱਛੀ ਦੀ ਲੋੜ ਹੈ ਕਿਉਂਕਿ ਵੱਛਾ ਤੇਰੇ ਕੰਮ ਦਾ ਨਹੀਂ ਰਿਹਾ, ਤੂੰ ਉਹਦੇ ਪ੍ਰਤੀ ਵਫਾਦਾਰੀ ਬਦਲ ਲਈ। ਜੰਮਦੇ ਨੂੰ ਆਵਾਰਾ ਛੱਡ ਦਿੰਨਾਂ ਬਿਨਾ ਉਹਦੀ ਮਾਂ ਦਾ ਦੁੱਧ ਚੁੰਘਣ ਤੋਂ। ਤੈਨੂੰ ਹੁਣ ਵੱਛੇ ਦਾ ਨਹੀਂ, ਵੱਛੀ ਦਾ ਫਾਇਦਾ, ਦੁੱਧ ਜੋ ਚਾਹੀਦਾ ਏ। ਆਦਮ ਦੇ ਬੱਚੇ ਤੂੰ ਕਿਸ ਦਾ ਵਫਾਦਾਰ ਹੈਂ? ਮਤਲਬ ਮੁਤਾਬਿਕ ਤੂੰ ਰਿਸ਼ਤੇ ਬਦਲ ਲੈਨਾਂ ਏਂ। ਸੋ ਮੈਨੂੰ ਆਪਣੀ ਵਫਾਦਾਰੀ ਨਿਭਾਉਣ ਦੇ, ਮੈਂ ਏਸੇ ਤਰ੍ਹਾਂ ਭੌਂਕਾਂਗਾ ਰੋਜ਼, ਮੈਨੂੰ ਰੋੜਾ ਮਾਰਨ ਦੀ ਕੋਸ਼ਿਸ਼ ਨਾ ਕਰੀਂ।"

'ਹੈ ਮਿਸਟਰ ਸਿੰਘ' ਦੀ ਆਵਾਜ਼ ਨੇ ਧਰਮ ਸਿੰਘ ਦੀ ਬਿਰਤੀ ਤੋੜੀ। ਦੂਰੋਂ ਉਸ ਵੇਖਿਆ ਘਰ ਦਾ ਮਾਲਕ ਵਿਕਟਰ ਗੇਟ ਵੱਲ ਆ ਰਿਹਾ ਸੀ ਤੇ ਕੁੱਤਾ ਦੌੜ ਉਹਦੀਆਂ ਲੱਤਾਂ ਨੂੰ ਚੰਬੜ ਲਾਡ ਕਰਨ ਲੱਗਾ।

"ਮਿਸਟਰ ਸਿੰਘ, ਇਹ ਸਿਰਫ ਭੌਂਕਦਾ ਏ, ਵੱਢਦਾ ਨਹੀਂ!"

"ਹਾਂ ਹਾਂ, ਵਫਾਦਾਰ ਏ ਨਾ, ਤਾਂ ਹੀ!" ਕਹਿ ਧਰਮ ਸਿੰਘ ਮਣਾਂਮੂੰਹੀਂ ਦਿਲ 'ਤੇ ਬੋਝ ਲੈ ਬਿਨਾ ਸੈਰ ਕਰਿਆਂ ਘਰ ਮੁੜ ਗਿਆ।

**-ਚਰਨਜੀਤ ਸਿੰਘ ਸਾਹੀ**
**ਫੋਨ: 317-430-6545**

# ਗੋਰੀ ਦੀਆਂ ਝਾਂਜਰਾਂ ਵਾਲਾ ਨੰਦ ਲਾਲ ਨੂਰਪੁਰੀ

***ਨੰਦ ਲਾਲ ਨੂਰਪੁਰੀ (ਜੂਨ 1906-13 ਮਈ 1966) ਵਰਗਾ ਪੰਜਾਬੀ ਗੀਤਕਾਰ ਅਜੇ ਤੱਕ ਕੋਈ ਹੋਰ ਨਹੀਂ। ਉਹਦੇ ਕਈ ਗੀਤ ਅੱਜ ਲੋਕ ਗੀਤਾਂ ਦਾ ਦਰਜਾ ਹਾਸਲ ਕਰ ਚੁੱਕੇ ਹਨ। ਉਹਦੇ ਗੀਤਾਂ ਦੀ ਰਵਾਨੀ ਦੱਸਦੀ ਹੈ ਕਿ ਮੇਲ੍ਹਦੇ ਸ਼ਬਦ ਕਿਸ ਨੂੰ ਆਖਦੇ ਹਨ। ਨੂਰਪੁਰੀ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜਲੰਧਰ ਵੱਸਦੇ ਕਹਾਣੀਕਾਰ ਜਿੰਦਰ ਨੇ ਉਸ ਦੇ ਗੁਆਂਢੀਆਂ ਅਤੇ ਹੋਰ ਸੱਜਣਾਂ-ਮਿੱਤਰਾਂ ਤੋਂ ਪੁੱਛਾਂ ਲੈ ਕੇ ਨੰਦ ਲਾਲ ਨੂਰਪੁਰੀ ਦਾ ਇਹ ਚਿੱਤਰ ਘੜਿਆ ਹੈ। ਇਸ ਵਿਚ ਨੂਰਪੁਰੀ ਦੀ ਜ਼ਿੰਦਗੀ ਦੇ ਕੁਝ ਪੱਖ ਉਭਰੇ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਜਲੰਧਰ ਦੇ ਮਾਡਲ ਟਾਊਨ ਮੈਂ 1983 ਵਿਚ ਆਉਣਾ ਸ਼ੁਰੂ ਕੀਤਾ ਸੀ। ਮੇਰੇ ਵੱਡੇ ਤਾਏ ਦੇ ਮੁੰਡੇ ਪਿਆਰਾ ਲਾਲ ਤੇ ਵੱਡੀ ਕੁੜੀ ਵਿਦਿਆਵਤੀ ਨੇ ਇਥੇ ਆਪਣੇ ਮਕਾਨ ਬਣਾਏ ਸਨ। ਅਸੀਂ 1986 ਵਿਚ ਮਕਾਨ ਲਈ ਥਾਂ ਖਰੀਦੀ। 1988 ਵਿਚ ਅੱਧੇ ਕੁ ਅਤੇ 1992 ਵਿਚ ਇਥੇ ਪੂਰੇ ਵਸ ਗਏ। ਕਦੇ-ਕਦਾਈਂ ਮੈਥੋਂ ਕੋਈ ਨੰਦ ਲਾਲ ਨੂਰਪੁਰੀ ਬਾਰੇ ਪੁੱਛ ਲੈਂਦਾ। ਖਾਸ ਕਰ ਕੇ ਉਸ ਖੂਹ ਬਾਰੇ ਜਿਸ ਵਿਚ ਉਸ ਨੇ ਛਾਲ ਮਾਰ ਕੇ ਖੁਦਕੁਸ਼ੀ ਕੀਤੀ ਸੀ। ਮੈਂ ਇਕ-ਦੋਹ ਕੋਲੋਂ ਪੁੱਛਿਆ ਤਾਂ ਇਹੋ ਦੱਸਿਆ ਗਿਆ ਕਿ ਸਿੰਘ ਸਭਾ ਗੁਰਦੁਆਰੇ ਨੇੜੇ ਪੈਂਦੇ ਪਾਰਕ ਵਿਚ ਉਹ ਖੂਹ ਹੈਗਾ ਸੀ, ਹੁਣ ਪੂਰ ਦਿੱਤਾ ਹੈ। ਮੇਰਾ ਕੁਲੀਗ ਰਾਮ ਪ੍ਰਕਾਸ਼



**ਜਿੰਦਰ**
**ਫੋਨ: +91-98148-03254**

ਅਖਬਾਰਾਂ ਲਈ ਕੰਮ ਕਰਦਾ ਸੀ। ਉਸ ਵੀ ਇਸੇ ਥਾਂ ਦਾ ਦੱਸਿਆ ਸੀ। ਮੈਂ ਨੂਰਪੁਰੀ ਬਾਰੇ ਬਹੁਤਾ ਨਹੀਂ, ਐਨਾ ਕੁ ਜਾਣਦਾ ਸੀ ਕਿ ਉਸ ਨੇ ਬਹੁਤ ਵਧੀਆ ਗੀਤ ਲਿਖੇ ਹਨ। ਬਚਪਨ ਵਿਚ ਮੈਂ ਇਹ ਗੀਤ ਕਈ ਗਾਇਕਾਂ ਦੀ ਆਵਾਜ਼ ਵਿਚ ਸੁਣੇ ਸਨ। ਲੋਕ ਬੜੀ ਰੀਝ ਨਾਲ ਸੁਣਦੇ ਸਨ। ਕਈ ਗੀਤ ਲੋਕ ਗੀਤ ਬਣ ਗਏ ਹਨ:

ਚੰਨ ਵੇ ਕਿ ਸ਼ੌਂਕਣ ਮੇਲੇ ਦੀ
ਪੈਰ ਧੋ ਕੇ ਝਾਂਜਰਾਂ ਪਾਉਂਦੀ
ਮੇਲਦੀ ਆਉਂਦੀ ਕਿ ਸ਼ੌਂਕਣ ਮੇਲੇ ਦੀ।

---

ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ।
ਗਲੀਆਂ ਦੇ ਵਿਚ ਡੰਡ ਪੌਂਦੀਆਂ ਗਈਆਂ।

---

ਮੈਨੂੰ ਦਿਓਰ ਦੇ ਵਿਆਹ ਵਿਚ
ਨੱਚ ਲੈਣ ਦੇ।
ਜਿਹਨੂੰ ਝੂਠ-ਝੂਠ ਕਹਿੰਦੇ ਨੇ
ਹੋ ਸੱਚ ਲੈਣ ਦੇ।

---

ਕਾਹਨੂੰ ਵੇ ਪਿੱਪਲਾ ਖੜ-ਖੜ ਲਾਈ ਆ
ਵੇਖ ਛਰਾਟੇ ਪੌਣ ਦੇ
ਅਜੇ ਜਵਾਨੀ ਓਦਰੀ ਓਦਰੀ
ਸੱਜਣਾਂ ਨੂੰ ਘਰ ਔਣ ਦੇ।

---

ਘੁੰਡ ਕੱਢ ਲੈ ਪਤਲੀਏ ਨਾਰੇ,
ਸਹੁਰਿਆਂ ਦਾ ਪਿੰਡ ਆ ਗਿਆ।
ਤੇਰੇ ਰੂਪ ਦੇ ਪੈਣ ਲਿਸ਼ਕਾਰੇ
ਕਿ ਸਹੁਰਿਆਂ ਦਾ ਪਿੰਡ ਆ ਗਿਆ।

ਇਹ ਗੀਤ ਵਿਆਹਾਂ ਤੇ ਹੋਰ ਫੰਕਸ਼ਨਾਂ ਵਿਚ ਅਕਸਰ ਸੁਣੇ ਜਾਂਦੇ। ਮੁਟਿਆਰਾਂ ਨੱਚਦੀਆਂ-ਗਾਉਂਦੀਆਂ। ਵੱਡੀ ਉਮਰ ਦੀਆਂ ਔਰਤਾਂ ਉਨ੍ਹਾਂ ਦਾ ਸਾਥ ਦਿੰਦੀਆਂ। ਸਪੀਕਰਾਂ ਦਾ ਇਹ ਸ਼ਿੰਗਾਰ ਸਨ। ਇਨ੍ਹਾਂ ਦੀ ਵਾਰ-ਵਾਰ ਫਰਮਾਇਸ਼ ਹੁੰਦੀ।

ਜਦੋਂ ਮੈਥੋਂ ਨੰਦ ਲਾਲ ਨੂਰਪੁਰੀ ਬਾਰੇ ਕੁਝ ਵੀ ਨਾ ਦੱਸ ਹੁੰਦਾ ਤਾਂ ਮੈਨੂੰ ਨਮੋਸ਼ੀ ਹੁੰਦੀ। ਕੋਈ ਮਿਹਣਾ ਮਾਰਦਾ, "ਕਮਾਲ ਦਾ ਬੰਦਾ ਤੂੰ ਵੀ। ਐਡਾ ਵੱਡਾ ਸ਼ਾਇਰ। ਉਹਨੂੰ ਸਾਰੀ ਦੁਨੀਆਂ ਜਾਣਦੀ। ਤੈਨੂੰ ਉਸ ਦੇ ਘਰਦਿਆਂ ਬਾਰੇ ਕੁਝ ਨ੍ਹੀਂ ਪਤਾ।" ਕਈ ਹੋਰ ਤਿੱਖੀ ਆਰ ਲਾਉਂਦਾ, "ਉਹ ਵੀ ਸੁਨਿਆਰਾ ਸੀ। ਤੇਰਾ ਜਾਤ ਭਰਾ।" ਮੈਨੂੰ ਜਾਤਾਂ-ਪਾਤਾਂ ਦਾ ਖਿਲਾਰਾ ਤੰਗ ਕਰਦਾ। ਮੈਂ ਆਪਣੇ ਆਪ ਤੋਂ ਪੁੱਛਦਾ, ਕੀ ਲੇਖਕ ਦੀ ਵੀ ਕੋਈ ਜਾਤ ਹੁੰਦੀ ਹੈ? ਜੁਆਬ ਨਾਂਹ ਵਿਚ ਮਿਲਦਾ। ਮੈਂ ਭਾਸ਼ਾ ਵਿਭਾਗ ਪੰਜਾਬ ਦੀ ਪੰਜਾਬੀ ਲੇਖਕ ਡਾਇਰੈਕਟਰੀ (2006) ਅਤੇ ਪੰਜਾਬੀ ਲੇਖਕ ਕੋਸ਼ (ਸੰਪਾਦਕ ਪ੍ਰੀਤਮ ਸਿੰਘ, 2006) ਦੇ ਪੰਨੇ ਫਰੋਲੇ। ਮੈਨੂੰ ਉਸ ਬਾਰੇ ਕੋਈ ਐਂਟਰੀ ਨਾ ਮਿਲੀ। ਹੈ ਨਾ ਕਮਾਲ! ਪੰਜਾਬੀ ਲੇਖਕਾਂ ਦੇ ਕੋਸ਼ ਵਿਚ ਨੰਦ ਲਾਲ ਨੂਰਪੁਰੀ ਦਾ ਨਾਂ ਹੀ ਨਾ ਹੋਵੇ। ਮੈਨੂੰ ਇਸ ਗੱਲ ਨੇ ਹੈਰਾਨ ਪ੍ਰੇਸ਼ਾਨ ਕੀਤਾ। ਐਡੇ ਵੱਡੇ ਲੇਖਕ ਨਾਲ ਇਹ ਕਿਹੋ ਜਿਹਾ ਵਿਹਾਰ ਸੀ। ਕੀ ਇਹ ਉਸ ਬਾਰੇ ਅਣਜਾਣ ਸਨ? ਜਾਂ ਜਾਣ ਬੁੱਝ ਕੇ ਇੰਜ ਕੀਤਾ ਗਿਆ? ਲੱਲੂ-ਪੰਜੂ ਲੇਖਕਾਂ ਦੇ ਨਾਂਵਾਂ ਦੀਆਂ ਐਂਟਰੀਆਂ ਹਨ। ਨੰਦ ਲਾਲ ਨੂਰਪੁਰੀ ਤਾਂ ਵੱਡਾ ਸ਼ਾਇਰ ਹੈ। ਉਸ ਦੀ ਦੇਣ ਨੂੰ ਕਿੰਦਾਂ ਭੁਲਾਇਆ ਜਾ ਸਕਦਾ, ਅਸੰਭਵ। ਜਦੋਂ ਵੀ ਕਵਿਤਾ ਤੇ ਗੀਤਾਂ ਦੀ ਗੱਲ ਚੱਲੇਗੀ, ਉਹ ਮੋਹਰਲੀ ਕਤਾਰ ਵਿਚ ਖੜ੍ਹੇਗਾ।

ਫਿਰ ਇਕ ਘਟਨਾ ਵਾਪਰੀ। ਮੇਰੇ ਦੋਸਤ ਨਾਲੋਂ ਵੱਧ ਭਰਾ, ਨਰਿੰਦਰ ਪਾਲ ਸਿੰਘ ਕੰਗ ਦੀ ਮਾਤਾ ਜੀ ਦੀ ਮੌਤ ਵੇਲੇ... ਮੈਂ ਉਨ੍ਹਾਂ ਦੇ ਘਰ ਸੱਥਰ 'ਤੇ ਬੈਠ ਜਾਂਦਾ ਸੀ। ਬਾਪੂ ਜੀ ਕਸ਼ਮੀਰ ਸਿੰਘ ਕੰਗ ਨੇ ਵੀ ਨੰਦ ਲਾਲ ਨੂਰਪੁਰੀ ਦੀਆਂ ਕੁਝ ਗੱਲਾਂ ਦੱਸੀਆਂ। ਮੈਨੂੰ ਲੱਗਿਆ, ਹੁਣ ਕੰਮ ਸੁਖਾਲਾ ਹੋ ਗਿਆ। ਮਾਤਾ ਜੀ ਦੇ ਭੋਗ ਪਿਛੋਂ ਮੈਂ ਇਕ ਦਿਨ ਬਾਪੂ ਜੀ ਕੋਲ ਜਾ ਬੈਠਾ। ਉਨ੍ਹਾਂ ਦੱਸਿਆ ਕਿ ਨੰਦ ਲਾਲ ਨੂਰਪੁਰੀ 1947 ਵਿਚ ਪਾਕਿਸਤਾਨੋਂ ਉਜੜ ਕੇ ਆਇਆ ਸੀ। ਉਹ ਬੀ-ਬਲਾਕ ਦੇ ਮਕਾਨ ਨੰਬਰ 56 ਵਿਚ ਕਿੰਨੇ ਸਾਲ ਕਿਰਾਏਦਾਰ ਰਿਹਾ। ਫਿਰ ਮਕਾਨ ਮਾਲਕਾਂ ਨਾਲ ਝਗੜਾ ਹੋ ਗਿਆ। ਕੇਸ ਚੱਲਿਆ। ਉਹ ਹਾਰ ਗਿਆ। ਉਹ ਆਪਣੀ ਬੇਟੀ ਕੋਲ ਮਕਾਨ ਨੰਬਰ 16-ਏ ਬਲਾਕ ਵਿਚ ਚਲਾ ਗਿਆ। ਉਹ ਉਨ੍ਹਾਂ ਤੋਂ ਸ਼ਰਾਬ ਲਈ ਕਈ ਵਾਰ ਉਧਾਰ ਪੈਸੇ ਲੈ ਗਿਆ। ਕਈ ਵਾਰ ਘਰ ਲਈ ਆਟਾ ਵੀ। ਉਹ ਸ਼ਰਾਬ ਪੀ ਕੇ ਬਹੁਤ ਰੌਲਾ ਪਾਉਂਦਾ ਤੇ ਉਨ੍ਹਾਂ ਨੂੰ ਕਈ ਵਾਰ ਉਹਨੂੰ ਰੋਕਣਾ ਪੈਂਦਾ। ਉਹ ਪੈਸੇ ਸਿਰਫ ਆਪਣੇ ਜਾਣਕਾਰਾਂ ਜਾਂ ਨੇੜੇ ਦੇ ਘੇਰੇ ਵਿਚੋਂ ਹੀ ਮੰਗਦਾ ਸੀ। ਕਿਸੇ ਅਫਸਰ ਜਾਂ ਮੰਤਰੀ ਅੱਗੇ ਉਸ ਕਦੇ ਹੱਥ ਨਹੀਂ ਸੀ ਅੱਡਿਆ।

ਬਾਪੂ ਜੀ ਡੀ.ਸੀ. ਦਫਤਰ ਵਿਚ ਲੱਗੇ ਰਹੇ ਸਨ। ਮੈਂ ਪੁੱਛਿਆ ਕਿ ਜਲੰਧਰ ਵਿਚ ਹੋਏ ਇਕ ਪ੍ਰੋਗਰਾਮ ਵਿਚ ਨੰਦ ਲਾਲ ਨੂਰਪੁਰੀ ਨੇ ਕਿਸੇ ਗੱਲ 'ਤੇ ਤਕਰਾਰ ਹੋਣ 'ਤੇ ਡੀ.ਸੀ. ਨੂੰ ਕਿਹਾ ਸੀ, "ਜਾ ਓਇ ਵੱਡਿਆ ਡੀਸੀਆ, ਇਥੇ ਪੈਂਤੀ ਸੌ ਆਏ। ਪੈਂਤੀ ਸੌ ਹੋਰ ਆਉਣਗੇ। ਨੂਰਪੁਰੀ ਰੋਜ਼-ਰੋਜ਼ ਨ੍ਹੀਂ ਜੰਮਦੇ। ਇਹ ਗੱਲ ਭਾਵੇਂ ਪੰਜਾਹ ਸਾਲਾਂ ਬਾਅਦ ਪਰਖ ਲਈਂ।" ਬਾਪੂ ਜੀ ਦੀ ਉਮਰ 82 ਸਾਲਾਂ ਤੋਂ ਜ਼ਿਆਦਾ ਸੀ। ਉਹ ਆਪਣੀ ਦਾੜ੍ਹੀ ਖੁਰਕਣ ਲੱਗ ਪਏ, ਐਦਾਂ ਜਿੱਦਾਂ ਉਸ ਘਟਨਾ ਨੂੰ ਯਾਦ ਕਰ ਰਹੇ ਹੋਣ। ਫਿਰ ਬੋਲੇ, "ਮੈਨੂੰ ਇਹ ਗੱਲ ਨ੍ਹੀਂ ਪਤਾ। ਇਕ ਹੋਰ ਵੱਡੀ ਗੱਲ ਹੋਈ ਸੀ। ਭਾਸ਼ਾ ਵਿਭਾਗ, ਜਲੰਧਰ ਨੇ ਵੱਡਾ ਕਵੀ ਦਰਬਾਰ ਕਰਵਾਇਆ। ਮੁੱਖ ਮਹਿਮਾਨ ਉਦੋਂ ਦਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਸੀ। ਨੂਰਪੁਰੀ ਪੂਰੇ ਸਰੂਰ ਵਿਚ ਸੀ। ਬਿਨਾ ਪੀਤਿਆਂ ਉਹ ਗਾ ਹੀ ਨ੍ਹੀਂ ਸਕਦਾ ਸੀ। ਇਹ ਤਾਂ ਮੈਨੂੰ ਯਾਦ ਨ੍ਹੀਂ ਕਿ ਉਸ ਨੇ ਕਿਹੜੀ ਕਵਿਤਾ ਬੋਲੀ, ਐਨਾ ਯਾਦ ਆ ਕਿ ਜਿੰਨਾ ਚਿਰ ਉਹ ਬੋਲਦਾ ਰਿਹਾ, ਲੋਕਾਂ ਸਾਹ ਰੋਕੀ ਰੱਖੇ। ਕਵਿਤਾ ਖਤਮ ਹੋਈ ਤਾਂ ਐਨੀਆਂ ਤਾੜੀਆਂ ਵੱਜੀਆਂ ਕਿ ਦੂਰ-ਦੂਰ ਤੱਕ ਰੁੱਖਾਂ 'ਤੇ ਬੈਠੇ ਪੰਛੀ ਵੀ ਉਡ ਗਏ। ਕੈਰੋਂ ਨੇ ਖੁਸ਼ ਹੋ ਕੇ ਨੂਰਪੁਰੀ ਨੂੰ ਸੌ ਦਾ ਨੋਟ ਦਿੱਤਾ। ਸ਼ਾਬਾਸ਼ ਦਿੱਤੀ। ਨੂਰਪੁਰੀ ਨੇ ਨੋਟ ਦੇ ਟੋਟੇ-ਟੋਟੇ ਕਰ ਕੇ ਕੈਰੋਂ ਵੱਲ ਸੁੱਟੇ ਤੇ ਗੁੱਸੇ 'ਚ ਬੋਲਿਆ, 'ਓਏ ਕੈਰੋਂ, ਤੂੰ ਮੇਰਾ ਮੁੱਲ ਸੌ ਰੁਪਏ ਪਾਇਆ।' ਕੈਰੋਂ ਨੇ ਹੱਤਕ ਮਹਿਸੂਸ ਕੀਤੀ। ਵਿਚਕਾਰੋਂ ਹੀ ਉਠ ਕੇ ਚਲਾ ਗਿਆ।"

ਨੰਦ ਲਾਲ ਨੇ ਆਪਣਾ ਤਖੱਲਸ ਆਪਣੇ ਜੱਦੀ ਪਿੰਡ ਨੂਰਪੁਰ ਦੇ ਨਾਂ 'ਤੇ ਰੱਖਿਆ। ਉਸ ਦਾ ਜਨਮ ਪਾਕਿਸਤਾਨ ਦੇ ਜ਼ਿਲ੍ਹੇ ਲਾਇਲਪੁਰ (ਹੁਣ ਫੈਸਲਾਬਾਦ) 'ਚ ਜੂਨ 1906 ਵਿਚ ਬਿਸ਼ਨ ਸਿੰਘ ਦੇ ਘਰ ਹੋਇਆ। ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਮੈਟ੍ਰਿਕ ਕੀਤੀ। ਡਾ. ਗੁਰਮੁਖ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਸਕੂਲ ਮਾਸਟਰ ਲੱਗ ਕੇ ਆਪਣੇ ਘਰ ਦਾ ਖਰਚ ਤੋਰਨਾ ਸ਼ੁਰੂ ਕੀਤਾ, ਪਰ ਉਸ ਦਾ ਮਨ ਇਸ ਕਿੱਤੇ ਵਿਚ ਨਾ ਲੱਗਾ। ਛੇਤੀ ਹੀ ਉਸ ਸਕੂਲ ਮਾਸਟਰੀ ਛੱਡ ਦਿੱਤੀ। ਉਹ ਛੇ ਫੁੱਟ ਲੰਬਾ ਤੇ ਤਕੜੇ ਜਿਸਮ ਵਾਲਾ ਸੀ। ਉਸ ਦੀ ਡੀਲ-ਡੌਲ ਨੇ ਪੁਲਿਸ ਅਫਸਰਾਂ ਨੂੰ ਪ੍ਰਭਾਵਿਤ ਕੀਤਾ। ਉਸ ਨੂੰ ਏ. ਐਸ. ਆਈ. ਭਰਤੀ ਕਰ ਲਿਆ। ਉਹ ਬੜਾ ਕਾਮਯਾਬ ਥਾਣੇਦਾਰ ਬਣਿਆ। ਚੋਰ ਉਚੱਕੇ ਉਸ ਤੋਂ ਭੈਅ ਖਾਂਦੇ। ਬੀਕਾਨੇਰ ਵਿਚ ਉਹ ਛੋਟਾ ਥਾਣੇਦਾਰ ਸੀ। ਉਥੇ ਕਿਸੇ ਮੁਖਬਰ ਨੇ ਦੱਸਿਆ ਕਿ ਕੁਝ ਲੋਕ ਸ਼ਰਾਬ ਦੀ ਭੱਠੀ ਲਾਈ ਨਾਜਾਇਜ਼ ਸ਼ਰਾਬ ਕੱਢ ਰਹੇ ਸਨ। ਪੁਲਿਸ ਅਫਸਰ ਨੇ ਉਸ ਨੂੰ ਇਸ ਭੱਠੀ 'ਤੇ ਛਾਪਾ ਮਾਰਨ ਅਤੇ ਮੁਲਜ਼ਮਾਂ ਨੂੰ ਫੜਨ ਲਈ ਭੇਜਿਆ। ਵਿਗੜੇ ਜ਼ਿਮੀਂਦਾਰਾਂ ਨੇ ਪੁਲਿਸ ਪਾਰਟੀ 'ਤੇ ਹਮਲਾ ਕੀਤਾ। ਮੁਕਾਬਲੇ ਵਿਚ ਪੁਲਿਸ ਦੀਆਂ ਗੋਲੀਆਂ ਨਾਲ ਤਿੰਨ ਜ਼ਿਮੀਂਦਾਰ ਮਾਰੇ ਗਏ। ਬਾਕੀਆਂ ਨੂੰ ਪੁਲਿਸ ਨੇ ਫੜ ਲਿਆ। ਬਹਾਦਰੀ ਭਰੇ ਇਸ ਕਾਰਨਾਮੇ ਦੀ ਅੰਗਰੇਜ਼ ਅਫਸਰਾਂ ਨੇ ਬੜੀ ਸਿਫਤ ਕੀਤੀ। ਉਸ ਨੂੰ ਇਸ ਬਹਾਦਰੀ ਲਈ ਤਮਗੇ ਨਾਲ ਸਨਮਾਨਿਆ ਗਿਆ। ਇਥੋਂ ਹੀ ਉਸ ਦਾ ਵੀ ਮਨ ਉਦਾਸ ਹੋ ਗਿਆ। ਆਪਣੇ ਭਰਾਵਾਂ ਨੂੰ ਮਾਰ ਕੇ ਇਨਾਮ ਲੈਣਾ ਉਸ ਲਈ ਦੁਖਦਾਈ ਸੀ। ਉਸ ਨੇ ਪੁਲਿਸ ਦੀ ਨੌਕਰੀ ਨੂੰ ਲੱਤ ਮਾਰ ਦਿੱਤੀ ਤੇ ਘਰ ਆ ਗਿਆ।

ਦੀਵਾਨ ਚੰਦ ਉਰਫ ਸੰਤ ਜੀ (ਉਮਰ 80 ਸਾਲ) ਨੇ ਮੈਨੂੰ ਇਸ ਤੋਂ ਉਲਟ ਕਹਾਣੀ ਦੱਸੀ। ਜਦੋਂ ਨੂਰਪੁਰੀ ਥਾਣੇਦਾਰ ਸੀ ਤਾਂ ਉਸ ਕੋਲ ਇਕ ਕੇਸ ਆਇਆ। ਬਹੁਤ ਸੋਹਣੀ ਕੁੜੀ ਦੋ-ਤਿੰਨ ਵਾਰ ਥਾਣੇ ਆਈ। ਨੂਰਪੁਰੀ ਨੂੰ ਉਸ ਨਾਲ ਮੁਹੱਬਤ ਹੋ ਗਈ। ਉਹ ਇਕ-ਦੂਜੇ ਨੂੰ ਖਤ ਲਿਖਣ ਲੱਗੇ। ਪਹਿਲਾਂ ਉਹ ਕਿਸੇ ਹੋਰ ਦੇ ਸ਼ੇਅਰ ਲਿਖ ਕੇ ਭੇਜਦਾ ਰਿਹਾ। ਫਿਰ ਉਹ ਆਪ ਲਿਖਣ ਲੱਗਾ। ਇਹ ਸਿਲਸਿਲਾ ਕਾਫੀ ਚਿਰ ਚੱਲਿਆ। ਉਸ ਦਾ ਪਹਿਲਾਂ ਹੀ ਸੁਮਿਤਰਾ ਦੇਵੀ ਨਾਲ ਵਿਆਹ ਹੋ ਚੁਕਾ ਸੀ। ਕੁੜੀ ਕਿਤੇ ਹੋਰ ਵਿਆਹੀ ਗਈ। ਉਸ ਨੂੰ ਗਮ ਦਾ ਫੱਟ ਦੇ ਗਈ। ਮੁਹੱਬਤ ਦੇ ਅੱਲ੍ਹੇ ਜ਼ਖਮ ਤੰਗ ਕਰਨ ਲੱਗੇ। ਉਹ ਸ਼ੇਅਰੋ-ਸ਼ਾਇਰੀ ਕਰਨ ਲੱਗਾ। ਜਲਸਿਆਂ, ਗੁਰਪੁਰਬਾਂ, ਸਿਆਸੀ ਰੈਲੀਆਂ ਵਿਚ ਗੀਤ ਗਾਉਣ ਲੱਗਾ। ਫਿਰ ਤਾਂ ਚੱਲ ਸੋ ਚੱਲ ਲੱਗੀ ਰਹੀ। ਉਹ ਆਪਣੇ ਕਿਰਾਏ ਦੇ ਮਕਾਨ ਬੀ-ਬਲਾਕ, 56 ਤੋਂ ਸੌ ਕੁ ਫੁੱਟ ਦੂਰ, ਸੜਕ 'ਤੇ ਜਿਥੇ ਅੱਜ ਕੱਲ੍ਹ ਪੁਰਾਣੀ ਪਕੌੜਿਆਂ ਦੀ ਦੁਕਾਨ ਹੈ, ਰੁੱਖ ਹੇਠ ਮੰਜੀ ਡਾਹ ਕੇ ਬੈਠਾ ਰਹਿੰਦਾ। ਆਉਂਦੇ-ਜਾਂਦੇ ਲੋਕਾਂ ਨੂੰ ਦੇਖਦਾ ਤੇ ਗੀਤ-ਕਵਿਤਾਵਾਂ ਲਿਖਦਾ। ਸ਼ਰਾਬ ਮੁੱਕ ਜਾਂਦੀ ਤਾਂ ਕਦੇ ਪੈਦਲ ਤੇ ਕਦੇ ਸਾਈਕਲ 'ਤੇ ਜੋਤੀ ਚੌਕ ਕੋਲ ਪੈਂਦੇ ਠੇਕੇ ਤੋਂ ਬੋਤਲ ਲੈ ਆਉਂਦਾ। ਪੀਂਦਾ ਇਕੱਲਾ ਹੀ। ਬੜਾ ਦਬੰਗ ਬੰਦਾ ਸੀ। ਕਿਸੇ ਦੀ ਵੀ ਪਰਵਾਹ ਨਾ ਕਰਦਾ। ਉਸ ਦੀ ਤੋਰ 'ਚ ਸ਼ਹਿਨਸ਼ਾਹੀ ਅੰਦਾਜ਼ ਹੁੰਦਾ। ਐਦਾਂ ਜਿੱਦਾਂ ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ। ਆਲੇ-ਦੁਆਲੇ ਨੂੰ ਡੂੰਘੀ ਨਜ਼ਰ ਨਾਲ ਤਾੜਦਾ ਜਿੱਦਾਂ ਕੁਝ ਲੱਭ ਰਿਹਾ ਹੋਵੇ। ਪੜ੍ਹਦਾ ਬਹੁਤ ਸੀ, ਲਿਖਦਾ ਘੱਟ ਸੀ। ਜਦੋਂ ਕੋਈ ਮੁਟਿਆਰ ਸਹੁਰਿਆਂ ਦੇ ਜਾਂਦੀ ਜਾਂ ਪੇਕਿਆਂ ਤੋਂ ਆਉਂਦੀ, ਤਾਂ ਉਸ ਦੇ ਕੱਢੇ ਹੋਏ ਘੁੰਡ ਵਿਚੋਂ ਵੀ ਉਹ ਅੱਖਾਂ ਦੀ ਭਾਸ਼ਾ ਪਛਾਣ ਲੈਂਦਾ। ਉਹਨੂੰ ਉਹ ਬਹੁਤ ਚੰਗੀ ਲੱਗਦੀ। ਆਪਣੀਆਂ ਧੀਆਂ ਵਰਗੀ। ਅਸੀਸਾਂ ਦਿੰਦਾ, ਇਹ ਦਿਨ ਛੇਤੀ ਨਾ ਮੁੱਕਣ। ਇਨ੍ਹਾਂ ਵਿਚੋਂ ਹੀ ਆਪਣੇ ਗੀਤਾਂ ਦੇ ਮੁਖੜੇ ਲੱਭਦਾ। ਇਹ ਭਾਲ ਲੰਬੀ ਹੁੰਦੀ ਜਾਂਦੀ, ਪਰ ਉਹ ਨਾ ਥੱਕਦਾ, ਨਾ ਅੱਕਦਾ। ਉਹਨੇ ਕਿਹੜਾ ਕੋਈ ਕੰਮ ਕਰਨਾ ਸੀ। ਘਰ ਘਰਵਾਲੀ ਚਲਾਉਂਦੀ ਸੀ। ਉਹ ਤਾਂ ਆਪਣੀ ਹੀ ਦੁਨੀਆਂ ਵਿਚ ਰਹਿੰਦਾ। ਆਪਣੇ ਆਪ ਨਾਲ ਗੱਲਾਂ ਕਰਦਾ। ਆਪੇ ਸਵਾਲ ਤੇ ਆਪੇ ਜੁਆਬ ਦਿੰਦਾ। ਫਿਰ ਉਹ ਵਿਅਕਤੀਗਤ ਤੋਂ ਸਮੂਹਿਕ ਬਣ ਜਾਂਦਾ। ਸਟੇਜ 'ਤੇ ਛਾ ਜਾਂਦਾ। ਆਪਣੇ ਸਰੋਤਿਆਂ ਦੀ ਵਾਹ-ਵਾਹ ਨਾਲ ਸਰੂਰਿਆ ਜਾਂਦਾ। ਉਹਨੂੰ ਲੱਗਦਾ ਕਿ ਉਸ ਦੀ ਸਾਧਨਾ ਦਾ ਮੁੱਲ ਪੈ ਗਿਆ ਹੈ। ਕੁਝ ਪਲਾਂ ਬਾਅਦ ਉਸ ਦੀ ਭਟਕਣ ਫੇਰ ਜਾਗ ਪੈਂਦੀ। ਉਹ ਅਦਿੱਖ ਰਸਤਿਆਂ 'ਤੇ ਤੁਰ ਪੈਂਦਾ। ਉਹੀ ਰੁੱਖ, ਉਹੀ ਇਕੱਲ। ਉਹੀ ਗੜ੍ਹਕਾ। ਨੂਰਪੁਰੀ ਦੀਆਂ ਛੇ ਧੀਆਂ ਤੇ ਦੋ ਮੁੰਡੇ ਸਨ। ਵੱਡਾ ਪਰਿਵਾਰ ਅਕਸਰ ਤੰਗੀਆਂ ਕੱਟਦਾ। ਜੇ ਕਿਸੇ ਪ੍ਰੋਗਰਾਮ ਤੋਂ ਵਾਹਵਾ ਪੈਸੇ ਬਣ ਜਾਂਦੇ ਤਾਂ ਦਿਨ ਜਸ਼ਨਾਂ ਭਰੇ ਲੰਘਦੇ। ਅੱਗੇ-ਪਿਛੇ ਫਾਕੇ ਦੇ ਦਿਨ ਹੀ ਹੁੰਦੇ। ਉਨ੍ਹੀਂ ਦਿਨੀਂ ਉਸ ਦੇ ਗੀਤਾਂ ਦੀ ਤੂਤੀ ਬੋਲਦੀ ਸੀ। ਉਸ ਹਰ ਵਿਸ਼ੇ 'ਤੇ ਲਿਖਿਆ। 1962 ਦੀ ਚੀਨ ਦੀ ਲੜਾਈ ਮਗਰੋਂ ਉਸ ਕਈ ਗੀਤ ਲਿਖੇ:





*ਗੋਰੀ ਦੀਆਂ ਝਾਂਜਰਾਂ ਵਾਲਾ ਨੰਦ ਲਾਲ ਨੂਰਪੁਰੀ।*

ਓ ਦੁਨੀਆ ਦੇ ਬੰਦਿਓ ਪੂਜੋ,
ਉਨ੍ਹਾਂ ਨੇਕ ਇਨਸਾਨਾਂ ਨੂੰ,
ਦੇਸ਼ ਦੀ ਖਾਤਰ ਵਾਰ ਗਏ ਜੋ,
ਪਿਆਰੀਆਂ-ਪਿਆਰੀਆਂ ਜਾਨਾਂ ਨੂੰ।

---

ਮੈਂ ਵਤਨ ਦਾ ਸ਼ਹੀਦ ਹਾਂ,
ਮੇਰੀ ਯਾਦ ਭੁਲਾ ਦੇਣੀ,
ਮੇਰੇ ਖੂਨ ਦੀ ਇਕ ਪਿਆਲੀ,
ਕਿਸੇ ਪਿਆਸੇ ਨੂੰ ਪਿਲਾ ਦੇਣੀ।

ਨੂਰਪੁਰੀ ਦੇ ਸਮੇਂ ਵਿਚ ਸਟੇਜੀ ਕਵੀਆਂ ਦੀ ਤੂਤੀ ਬੋਲਦੀ ਸੀ। ਈਸ਼ਰ ਸਿੰਘ ਭਾਈਆ, ਕਰਤਾਰ ਸਿੰਘ ਬਲੱਗਣ, ਫਿਰੋਜ਼ਦੀਨ ਸ਼ਰਫ, ਵਿਧਾਤਾ ਸਿੰਘ ਤੀਰ, ਗੁਰਦੇਵ ਸਿੰਘ ਮਾਨ, ਗੁਰਦਿੱਤ ਸਿੰਘ ਕੁੰਦਨ ਕਵੀ ਦਰਬਾਰਾਂ ਦੀ ਸ਼ਾਨ ਹੁੰਦੇ। ਨੂਰਪੁਰੀ ਤਾਂ ਸਟੇਜ 'ਤੇ ਛਾ ਜਾਂਦਾ ਸੀ। ਛੇ ਫੁੱਟਾ ਲੰਬਾ ਸਰੀਰ, ਗੋਰਾ ਰੰਗ, ਭਰਵਾਂ ਮੂੰਹ ਤੇ ਸਿਰ 'ਤੇ ਲੜ ਛੱਡ ਕੇ ਬੰਨ੍ਹੀ ਪੱਗ। ਜਦੋਂ ਬੋਲ ਚੁੱਕਦਾ ਤਾਂ ਲੋਕ ਉਸ ਦੇ ਮੂੰਹ ਵੱਲ ਦੇਖਦੇ। ਚੁੱਪ-ਚਾਪ। ਗਾ ਕੇ ਹਟਦਾ, ਤਾੜੀਆਂ ਵਜਦੀਆਂ। ਨੋਟ ਵਾਰੇ ਜਾਂਦੇ ਤੇ ਹੇਠੋਂ ਆਵਾਜ਼ਾਂ ਆਉਂਦੀਆਂ, "ਬਸ, ਇਕ ਹੋਰ ਗੀਤ ਸੁਣਾਓ।" ਉਨਾ ਚਿਰ ਰੌਲਾ ਪੈਂਦਾ ਰਹਿੰਦਾ, ਜਿੰਨਾ ਚਿਰ ਉਹ ਉਠ ਕੇ ਖੜ੍ਹਾ ਨਾ ਹੋ ਜਾਂਦਾ। ਉਸ ਦੀ ਸਟੇਜ ਨੋਟਾਂ ਨਾਲ ਭਰ ਜਾਂਦੀ। ਉਸ ਨੇ ਪੰਜਾਬੀ ਬੋਲੀ ਨੂੰ ਨੂਰ ਪਰੀਆਂ, ਵੰਗਾਂ, ਜੀਉਂਦਾ ਪੰਜਾਬ, ਨੂਰਪੁਰੀ ਦੇ ਗੀਤ, ਸੁਗਾਤ, ਆਖਰੀ ਸੁਗਾਤ, ਚੰਗਿਆੜੇ ਤੇ ਪੰਜਾਬ ਬੋਲਿਆ ਆਦਿ ਕਾਵਿ-ਸੰਗ੍ਰਿਹ ਦਿੱਤੇ। ਉਹ ਲੋਕਾਂ ਦਾ ਸ਼ਾਇਰ ਸੀ, ਇਸੇ ਲਈ ਉਸ ਦੇ ਅਨੇਕ ਗੀਤ ਲੋਕ ਗੀਤ ਬਣ ਗਏ। ਕਈ ਗੀਤਾਂ ਦੀਆਂ ਸਤਰਾਂ ਲੋਕਾਂ ਨੂੰ ਅਜੇ ਵੀ ਯਾਦ ਹਨ, ਪਰ ਉਨ੍ਹਾਂ ਨੂੰ ਇਸ ਗੱਲ ਦਾ ਨਹੀਂ ਪਤਾ ਕਿ ਇਸ ਗੀਤ ਨੂੰ ਕਿਸ ਨੇ ਲਿਖਿਆ ਹੈ। ਦੀਪਕ ਜੈਤੋਈ ਦੇ ਜਗਤ ਪ੍ਰਸਿੱਧ ਗੀਤ 'ਆਹ ਲੈ ਮਾਏ ਸਾਂਭ ਕੁੰਜੀਆਂ, ਧੀਆਂ ਕਰ ਚਲੀਆਂ ਸਰਦਾਰੀ' ਵਾਂਗੂੰ ਨੂਰਪੁਰੀ ਦੇ ਗੀਤ ਵੀ ਲੋਕਾਂ ਦੇ ਅਚੇਤ ਮਨਾਂ ਵਿਚ ਘਰ ਕਰੀ ਬੈਠੇ ਹਨ।

83 ਸਾਲਾ ਰਾਮ ਚੰਦ ਤਨੇਜਾ ਨੇ ਦੱਸਿਆ, "ਜੋਤੀ ਚੌਕ ਕੋਲ, ਜਿਥੇ ਅੱਜ ਕੱਲ੍ਹ ਫਰੂਟਾਂ ਦੀਆਂ ਰੇੜ੍ਹੀਆਂ ਖੜ੍ਹੀਆਂ ਹੁੰਦੀਆਂ ਤੇ ਸਬਜ਼ੀ ਮੰਡੀ ਲੱਗਦੀ ਆ, ਇਥੇ 1934 ਵਿਚ ਤਹਿਸੀਲ ਦਾ ਦਫਤਰ ਬਣਿਆ ਸੀ। ਇਥੇ ਮੁਸ਼ਾਇਰੇ ਹੁੰਦੇ। ਨੂਰਪੁਰੀ ਕਵਿਤਾਵਾਂ ਸੁਣਾਉਂਦਾ। ਵਾਹਵਾ ਤਾੜੀਆਂ ਵੱਜਦੀਆਂ। ਕਈ ਵਾਰ ਉਹਨੂੰ ਕਈ ਆਪਣੇ ਘਰ ਵੀ ਲੈ ਜਾਂਦੇ, ਕਵਿਤਾਵਾਂ ਸੁਣਾਉਣ ਲਈ... ਆਹ ਜਿਥੇ ਅੱਜ ਕੱਲ੍ਹ ਦੁਸਹਿਰਾ ਗਰਾਊਂਡ ਬਣੀ ਆ ਨਾ, ਇਥੇ ਪਹਿਲਾਂ ਚਾਰਦੀਵਾਰੀ ਨ੍ਹੀਂ ਸੀ ਹੁੰਦੀ, ਮੈਦਾਨ ਸੀ। ਇਥੇ ਨੂਰਪੁਰੀ ਹਰ ਸਾਲ ਮੁਸ਼ਾਇਰਾ ਕਰਾਉਂਦਾ। ਸ਼ਰਾਬ ਬਹੁਤ ਪੀਂਦਾ ਸੀ, ਕੱਲਮ-ਕੱਲਾ। ਜਿੱਦਾਂ ਅੱਜ ਕੱਲ੍ਹ, ਸਰਕਾਰੀ ਦਫਤਰਾਂ ਵਿਚ ਬਿਨਾ ਵੱਢੀ ਲਏ ਕੋਈ ਬਾਬੂ ਅੱਖ ਨ੍ਹੀਂ ਮਿਲਾਉਂਦਾ, ਉਦਾਂ ਹੀ ਨੂਰਪੁਰੀ ਬਿਨਾ ਪੀਤੇ ਕਿਸੇ ਪ੍ਰੋਗਰਾਮ ਵਿਚ ਨ੍ਹੀਂ ਸੀ ਜਾਂਦਾ। ਉਹ ਖ਼ੁੱਦਾਰ ਸ਼ਖਸ ਸੀ। ਐਵੇਂ ਪੈਸਿਆਂ ਲਈ ਮਰੂੰ-ਮਰੂੰ ਨਾ ਕਰਦਾ। ਉਦੋਂ ਆਰੀਆ ਸਮਾਜ ਮੰਦਰ ਦੇ ਪਿਛਵਾੜੇ ਕੁੜੀਆਂ ਦਾ ਨਵਾਂ ਨਵਾਂ ਸਕੂਲ ਖੁੱਲ੍ਹਿਆ ਸੀ। ਉਹ ਅਕਸਰ ਉਥੇ ਜਾ ਕੇ ਬੈਠਦਾ। ਬੱਚੀਆਂ ਨੂੰ ਬਹੁਤ ਪਿਆਰ ਕਰਦਾ। ਉਹਨੇ ਕੁੜਤਾ ਪਾਇਆ ਹੁੰਦਾ। ਤੇੜ ਪਜਾਮਾ ਜਾਂ ਧੋਤੀ ਪਾਈ ਹੁੰਦੀ। ਪੱਗ ਦਾ ਸਟਾਇਲ ਸੁਆਮੀ ਦਇਆ ਨੰਦ ਵਰਗਾ। ਉਹ ਐਨਾ ਵੀ ਸ਼ਰਾਬੀ ਨਾ ਹੁੰਦਾ ਕਿ ਕਿਸੇ ਨਾਲੀ ਜਾਂ ਸੜਕ 'ਤੇ ਡਿੱਗਾ ਮਿਲਦਾ। ਉਹ ਤਾਂ ਕਿਸੇ ਨਾਢੂ ਖਾਨ ਦੀ ਪਰਵਾਹ ਨ੍ਹੀਂ ਸੀ ਕਰਦਾ। ਇਹੀ ਉਸ ਦਾ ਸੁਭਾਅ ਸੀ। ਬੜਾ ਗੜ੍ਹਕਾ ਸੀ ਉਸ ਦੀ ਆਵਾਜ਼ ਵਿਚ।"

ਜਲੰਧਰ ਵਿਚ ਉਸ ਦਾ ਨੇੜਲਾ ਦੋਸਤ, ਦੀਪਕ ਪਬਲਿਸ਼ਰਜ਼ ਵਾਲਾ ਚਰਨਜੀਤ ਪੁੰਜ ਉਸ ਬਾਰੇ ਲਿਖਦਾ ਹੈ ਕਿ ਮਨੁੱਖੀ ਜੀਵਨ ਦੇ ਮਨੋਰਥ ਨੂੰ ਨੂਰਪੁਰੀ ਨੇ ਕਦੇ ਵੀ ਆਪਣੀ ਜ਼ਿੰਦਗੀ ਦਾ ਉਦੇਸ਼ ਨਹੀਂ ਬਣਾਇਆ। ਉਹ ਤਾਂ ਵਾ-ਵਰੋਲੇ ਵਾਂਗੂੰ ਉਡਦਾ ਨੀਲੇ ਆਕਾਸ਼ਾਂ ਵਿਚੋਂ ਇਸ ਧਰਤੀ 'ਤੇ ਕਵੀ ਦੇ ਰੂਪ ਵਿਚ ਆਇਆ, ਆਪਣਾ ਆਪ ਦਿਖਾਇਆ, ਫਿਰ ਲੰਬੇ ਪੈਂਡੇ 'ਤੇ ਚਲਾ ਗਿਆ। ਨੂਰਪੁਰੀ ਨੇ ਕਦੇ ਭੁੱਲ ਕੇ ਵੀ ਇਸ ਗੱਲ ਦੀ ਪਰਵਾਹ ਨਹੀਂ ਸੀ ਕੀਤੀ ਕਿ ਦੁਨੀਆਂ ਉਸ ਨੂੰ ਕੀ ਸਮਝਦੀ ਹੈ। ਸੱਚ ਪੁੱਛੋ ਤਾਂ ਉਹ ਮਲੰਗ ਸੀ ਜਿਸ ਨੇ ਲੱਥੀ-ਚੜ੍ਹੀ ਤੋਂ ਬੇਪਰਵਾਹ ਹੋ ਕੇ ਖੁਸ਼ੀ ਦੀ ਤਰੰਗ ਵਿਚ ਨੰਗਾ ਨੱਚਣ ਤੋਂ ਵੀ ਸੰਕੋਚ ਨਹੀਂ ਕੀਤਾ। ਇਸ ਦੇ ਅੰਦਰ ਝਾਤ ਮਾਰਨ ਲਈ ਸ਼ਾਇਦ ਦੁਨੀਆਂ ਕੋਲ ਸਮਾਂ ਹੀ ਨਹੀਂ ਸੀ। ਇਸੇ ਲਈ ਉਹ ਦੁਨੀਆਂ ਵਿਚ ਰਹਿ ਕੇ ਵੀ ਦੁਨੀਆਂਦਾਰੀ ਤੋਂ ਬੇਵਾਸਤਾ ਰਿਹਾ। ਜੇ ਉਹ ਕੋਸ਼ਿਸ਼ ਵੀ ਕਰਦਾ ਤਾਂ ਵੀ ਦੁਨੀਆਂਦਾਰ ਨਹੀਂ ਸੀ ਬਣ ਸਕਦਾ; ਕਿਉਂ ਜੁ ਉਹ ਤਾਂ ਕਵੀ ਸੀ। ਉਸ ਦੇ ਸੁਭਾਅ ਵਿਚ ਮਲੰਗੀ ਸੀ, ਸ਼ਿਵ ਬਟਾਲਵੀ ਵਰਗੀ। ਲੇਖਕ ਲਈ ਮਲੰਗੀ ਹੋਣੀ ਵੀ ਚਾਹੀਦੀ ਹੈ। ਜਦੋਂ ਕੋਈ ਲੇਖਕ ਪੈਸਿਆਂ ਮਗਰ ਦੌੜਨ ਲੱਗ ਪੈਂਦਾ ਹੈ ਤਾਂ ਉਸ ਦੀਆਂ ਲਿਖਤਾਂ ਵਿਚ ਖੋਖਲਾਪਨ ਆ ਜਾਂਦਾ ਹੈ। ਨੂਰਪੁਰੀ ਨੂੰ ਲੋਕ ਸੰਪਰਕ ਵਿਭਾਗ ਅਤੇ ਰੇਡੀਓ ਸਟੇਸ਼ਨ ਵਾਲਿਆਂ ਰੈਗੂਲਰ ਪ੍ਰੋਗਰਾਮ ਦਿੱਤੇ।

ਇਕ ਵਾਰ ਭਾਸ਼ਾ ਵਿਭਾਗ ਪੰਜਾਬ ਨੇ ਉਸ ਨੂੰ ਸੇਲ ਡਿਪੂ ਦਾ ਇੰਚਾਰਜ ਲਾਇਆ। ਉਹ ਸਾਰਾ ਦਿਨ ਇਸ ਅਦਾਰੇ ਦੀਆਂ ਕਿਤਾਬਾਂ ਵੇਚਦਾ। ਸ਼ਾਮ ਨੂੰ ਇਨ੍ਹਾਂ ਪੈਸਿਆਂ ਨਾਲ ਦਾਰੂ ਪੀ ਛੱਡਦਾ। ਜਦੋਂ ਮਹੀਨੇ ਬਾਅਦ, ਵਿਕਰੀ ਦਾ ਹਿਸਾਬ-ਕਿਤਾਬ ਕੀਤਾ ਜਾਂਦਾ ਤਾਂ ਉਸ ਦੀ ਤਨਖਾਹ ਨਾਲੋਂ ਜ਼ਿਆਦਾ ਉਸ ਪਹਿਲਾਂ ਹੀ ਖਰਚੇ ਹੁੰਦੇ। ਸਰਕਾਰੀ ਦਫਤਰ ਸੀ। ਸਰਕਾਰੀ ਦਫਤਰਾਂ ਦੇ ਆਪਣੇ ਕਾਇਦੇ-ਕਾਨੂੰਨ ਹੁੰਦੇ ਹਨ। ਕਈ ਵਾਰ ਨਾਲਦਿਆਂ ਨੇ ਸਮਝਾਇਆ, ਪਰ ਇਕ ਕੰਨੋਂ ਸੁਣਿਆ ਤੇ ਦੂਜੇ ਕੰਨੋਂ ਕੱਢ ਸੁੱਟਿਆ ਵਾਲੀ ਗੱਲ ਹੀ ਰਹੀ। ਆਖਰ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਕੁਝ ਚਿਰ ਫਿਲਮਾਂ ਵਾਲਿਆਂ ਨੇ ਉਸ ਤੋਂ ਗੀਤ ਲਿਖਵਾਏ। ਮੰਗਤੀ, ਵਲਾਇਤ ਪਾਸ, ਖੇਡਣ ਦੇ ਦਿਨ ਚਾਰ ਆਦਿ ਫਿਲਮਾਂ ਦੇ ਗੀਤ ਕਾਫੀ ਚਰਚਿਤ ਹੋਏ। ਜਗਤ ਸਿੰਘ ਜੱਗੇ ਨਾਲ ਉਸ ਦੀ ਵਾਹਵਾ ਬਣਦੀ ਸੀ। ਜੱਗੇ ਨੇ ਉਸ ਦੇ ਲਿਖੇ ਅਨੇਕ ਗੀਤ ਗਾਏ। ਖੂਬ ਪੈਸੇ ਕਮਾਏ। ਜੱਗਾ ਅਮੀਰ ਹੁੰਦਾ ਗਿਆ। ਉਹ ਗਰੀਬ ਹੁੰਦਾ ਗਿਆ। ਮੁਹੰਮਦ ਰਫੀ, ਸੁਰਿੰਦਰ ਕੌਰ, ਨਰਿੰਦਰ ਬੀਬਾ, ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ, ਹਰਚਰਨ ਗਰੇਵਾਲ ਨੇ ਵੀ ਉਸ ਦੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ।

ਘਰ ਦੀਆਂ ਤੰਗੀਆਂ-ਤੁਰਸ਼ੀਆਂ, ਵਧਦੀ

**(ਬਾਕੀ ਅਗਲੇ ਸਫੇ 'ਤੇ)**

(ਪਿਛਲੇ ਸਫੇ ਤੋਂ ਜਾਰੀ)

ਉਮਰ ਅਤੇ ਨਿਰਾਸ਼ਾ ਵਿਚ ਗੋਡੇ-ਗੋਡੇ ਡੁੱਬੇ ਨੇ 13 ਮਈ 1966 ਨੂੰ ਖੂਹ ਵਿਚ ਛਾਲ ਮਾਰ ਦਿੱਤੀ। ਉਸ ਦੇ ਘਰ ਦੇ ਨੇੜੇ ਰਹਿੰਦੇ ਇੰਦਰਜੀਤ ਸਿੰਘ ਬਾਸੀ ਨੇ ਦੱਸਿਆ, "ਉਸ ਦਿਨ ਬੜੀ ਗਰਮੀ ਸੀ। ਅਸੀਂ ਬਾਹਰ ਮੰਜੇ ਡਾਹੇ ਹੋਏ ਸੀ। ਮੇਰੀ ਉਮਰ ਉਦੋਂ ਸੋਲਾਂ ਕੁ ਸਾਲ ਸੀ। ਸਾਨੂੰ ਤਾਂ ਉਦੋਂ ਹੀ ਪਤਾ ਲੱਗਾ ਜਦੋਂ ਧੜੱਮ ਦੀ ਆਵਾਜ਼ ਆਈ... ਉਸ ਦੇ ਗਲੇ ਵਿਚ ਬੜਾ ਰਸ ਸੀ। ਸਿੰਘ ਸਭਾ ਗੁਰਦੁਆਰੇ ਵਿਚ ਉਹ ਗੁਰਪੁਰਬ ਵਾਲੇ ਦਿਨ ਗੀਤ ਸੁਣਾਉਂਦਾ ਤਾਂ ਕਈ ਵਾਰ ਜਨਾਨੀਆਂ ਰੋ ਪੈਂਦੀਆਂ।"

ਕਿਥੇ ਮਾਤਾ ਤੋਰਿਆ  
ਅਜੀਤ ਤੇ ਜੁਝਾਰ ਨੂੰ  
ਵਿਹੜੇ ਦੀਆਂ ਰੌਣਕਾਂ  
ਤੇ ਮਹਿਲਾਂ ਦੀ ਬਹਾਰ ਨੂੰ  
ਜਿਨ੍ਹਾਂ ਦੀਆਂ ਚਾਈਂ ਚਾਈਂ  
ਘੋੜੀਆਂ ਸੀ ਗਾਈਆਂ  
ਸਿਹਰਿਆਂ ਦੇ ਨਾਲ ਜੋ ਸੀ  
ਸੋਹਣੀਆਂ ਸਜਾਈਆਂ  
ਸਿਹਰਿਆਂ ਦੇ ਵਿਚ ਹੈ ਸੀ  
ਗੁੰਦਣਾਂ ਪਿਆਰ ਨੂੰ  
ਕਿਥੇ ਮਾਤਾ ਤੋਰਿਆ...।

---

ਚੁੰਮ-ਚੁੰਮ ਰੱਖੋ ਨੀ  
ਇਹ ਕਲਗੀ ਜੁਝਾਰ ਦੀ,  
ਫੁੱਲਾਂ ਨਾਲ ਗੁੰਦੋ ਲੜੀ  
ਹੀਰਿਆਂ ਦੇ ਹਾਰ ਦੀ।

ਉਸ ਦੀ ਮੌਤ ਪਿਛੋਂ ਮੰਤਰੀ ਕੇਵਲ ਕ੍ਰਿਸ਼ਨ ਉਨ੍ਹਾਂ ਦੇ ਘਰੇ ਆਇਆ। ਮੰਤਰੀ ਨੇ ਘਰ ਅਲਾਟ ਕਰਵਾਇਆ। ਵੱਡੇ ਮੁੰਡੇ ਨੂੰ ਰੋਡਵੇਜ਼ ਵਿਚ ਮਕੈਨਿਕ ਦੀ ਨੌਕਰੀ ਦਿੱਤੀ। ਖੂਹ ਦੇ ਕੋਲ ਰਹਿੰਦੀ ਰਿਟਾਇਰਡ ਅਧਿਆਪਕਾ ਗੁਰਬਚਨ ਕੌਰ ਦੂਆ ਨੇ ਦੱਸਿਆ, "ਇਹੋ ਕੋਈ ਸਾਢੇ ਦਸ ਗਿਆਰਾਂ ਵਜੇ ਦਾ ਟਾਈਮ ਹੋਣਾ। ਮੈਂ ਬੈਠੀ ਪੜ੍ਹਦੀ ਸੀ ਜਦੋਂ ਆਵਾਜ਼ ਸੁਣੀ। ਐਦਾਂ ਲੱਗਾ ਜਿੱਦਾਂ ਕਿਸੇ ਨੇ ਖੂਹ 'ਚ ਕੋਈ ਪੱਥਰ ਸੁੱਟਿਆ ਹੋਵੇ। ਮੈਂ ਸਮਝਿਆ, ਕਿਸੇ ਮੁੰਡੇ ਨੇ ਕੋਈ ਵੱਡਾ ਪੱਥਰ ਖੂਹ ਵਿਚ ਸੁੱਟਿਆ ਹੋਣਾ। ਜਦੋਂ ਰੌਲਾ ਪਿਆ ਤਾਂ ਪਤਾ ਲੱਗਾ। ਸਵੇਰੇ ਸਕੂਲ ਜਾਂਦਿਆਂ ਮੈਂ ਪਾਣੀ ਵਿਚ ਪੁੱਠੀ ਪਈ ਲਾਸ਼ ਦੇਖੀ। ਨੂਰਪੁਰੀ ਜੀ ਨੇ ਚਿੱਟੀ ਕਮੀਜ਼ ਪਾਈ ਹੋਈ ਸੀ... ਉਨ੍ਹਾਂ ਦਾ ਬੜਾ ਰੋਹਬ ਸੀ। ਹੱਥ ਵਿਚ ਫੜੀ ਖੂੰਡੀ ਦੀ ਠੱਕ-ਠੱਕ ਨਾਲ ਜਦੋਂ ਉਹ ਖੰਗੂਰਾ ਮਾਰਦੇ ਤਾਂ ਕੋਈ ਕੁਸਕਦਾ ਨ੍ਹੀਂ ਸੀ। ਬੜੇ ਦਰਸ਼ਨੀ ਬਜ਼ੁਰਗ ਰਹੇ... ਮੈਂ ਆਪ ਦੇਖਿਆ, ਖੂਹ ਕੋਲ ਉਨ੍ਹਾਂ ਦੀ ਜੁੱਤੀ ਤੇ ਖੂੰਡਾ ਪਿਆ ਸੀ। ਉਦੋਂ ਖੂਹ ਨੇੜੇ ਵੱਡੀ ਟਾਹਲੀ ਹੁੰਦੀ ਸੀ। ਲਾਗੇ ਹੀ ਇਕ ਮਾਈ ਤੰਦੂਰ ਤਪਾਉਂਦੀ ਹੁੰਦੀ ਸੀ... ਮੈਨੂੰ ਉਨ੍ਹਾਂ ਦੇ ਗੀਤ ਦੇ ਬੋਲ ਅਜੇ ਵੀ ਯਾਦ ਆ...

ਜਾਦੂਗਰ ਨੇ ਖੇਲ੍ਹ ਰਚਾਇਆ,  
ਮਿੱਟੀ ਦਾ ਇਕ ਬੁੱਤ ਬਣਾਇਆ।  
ਫੁੱਲਾਂ ਵਾਂਗ ਹਸਾ ਕੇ ਉਸ ਨੂੰ,  
ਦੁਨੀਆਂ ਦੇ ਵਿਚ ਨਾਚ ਨਚਾਇਆ।"

ਉਨ੍ਹਾਂ ਦਾ ਇਕ ਹੋਰ ਗੀਤ ਬੜਾ ਮਸ਼ਹੂਰ ਹੁੰਦਾ ਸੀ:

ਵਸਦੇ ਅਨੰਦਪੁਰ ਨੂੰ  
ਛੱਡ ਚੱਲਿਆ ਕਲਗੀਆਂ ਵਾਲਾ।  
ਹਿੰਦ ਉਤੋਂ ਹੀਰੇ ਵਾਰ ਕੇ  
ਉਹ ਜੋ ਜਾਂਦਾ ਹਿੰਦ ਦਾ ਰਖਵਾਲਾ।

ਗੱਲਾਂ ਕਰਦਿਆਂ ਉਸ ਦਾ ਗਲ ਭਰ ਆਇਆ। ਉਸ ਦੱਸਿਆ ਕਿ ਨੂਰਪੁਰੀ ਦੇ ਦੋਵੇਂ ਮੁੰਡੇ ਇਥੇ ਨੇੜੇ ਹੀ ਰਹਿੰਦੇ ਸਨ। ਨੂਰਪੁਰੀ ਦੀ ਮੌਤ ਪਿਛੋਂ ਜਗਤ ਸਿੰਘ ਜੱਗੇ ਨੇ ਬਥੇਰੀਆਂ ਕੋਸ਼ਿਸ਼ਾਂ ਕੀਤੀਆਂ ਕਿ ਨੂਰਪੁਰੀ ਦੀ ਕੋਈ ਯਾਦਗਾਰ ਬਣਾਈ ਜਾਵੇ, ਪਰ ਨਾ ਹੀ ਸਰਕਾਰ ਅਤੇ ਨਾ ਹੀ ਕਿਸੇ ਸੰਸਥਾ ਨੇ ਉਸ ਦਾ ਹੱਥ ਫੜਿਆ। 2006 ਵਿਚ ਚੌਧਰੀ ਜਗਜੀਤ ਸਿੰਘ ਨੇ ਖੂਹ ਵਾਲੀ ਥਾਂ ਇਕ ਪੱਥਰ ਦਾ ਉਦਘਾਟਨ ਕੀਤਾ ਜਿਥੇ ਉਕਰਿਆ ਹੋਇਆ ਹੈ:


ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ  
ਨੰਦ ਲਾਲ ਨੂਰਪੁਰੀ ਸਮਾਰਕ  
ਦਾ ਨੀਂਹ-ਪੱਥਰ  
ਚੌਧਰੀ ਜਗਜੀਤ ਸਿੰਘ ਮਾਣਯੋਗ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ, ਕਿਰਤ ਤੇ ਰੁਜ਼ਗਾਰ, ਚੋਣਾਂ ਤੇ ਸੰਸਦੀ ਮਾਮਲੇ, ਪੰਜਾਬ ਨੇ 31.7.2006 ਨੂੰ ਆਪਣੇ ਕਰ ਕਮਲਾਂ ਨਾਲ ਰੱਖਿਆ।

ਉਸ ਦੀ ਮੌਤ ਮਗਰੋਂ ਉਸ ਦੇ ਦੋਵੇਂ ਮੁੰਡਿਆਂ ਸਤ ਕਰਤਾਰ ਤੇ ਸਤਿਨਾਮ ਨੇ ਉਸ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਘਰ ਵਿਚ ਪਾਠ ਰੱਖਣੇ ਸ਼ੁਰੂ ਕਰ ਦਿੱਤੇ। ਹਰ ਸਾਲ ਕਿਸੇ ਨਾ ਕਿਸੇ ਕਵੀ ਨੂੰ ਸੱਦ ਲਿਆ ਜਾਂਦਾ। ਇਕ ਵਾਰੀ ਚਰਨ ਸਿੰਘ ਸਫਰੀ ਵੀ ਆਇਆ। ਉਸ ਨੇ ਗੀਤ ਸੁਣਾਏ। ਚੰਗੇ ਪੈਸੇ ਬਣ ਗਏ। ਨਰਿੰਦਰਪਾਲ ਸਿੰਘ ਕੰਗ ਉਸ ਨੂੰ ਬੱਸ ਚੜ੍ਹਾਉਣ ਲਈ ਬੱਸ ਅੱਡੇ 'ਤੇ ਲੈ ਲਿਆ। ਅਜੇ ਰਵੀਦਾਸ ਚੌਕ ਟੱਪੇ ਸਨ ਕਿ ਸਫਰੀ ਨੇ ਕੰਗ ਨੂੰ ਕਿਹਾ, "ਯਾਰ ਦੋ ਮਿੰਟ ਰੁਕ। ਕੈਮ-ਸ਼ੈਮ ਹੋ ਲਵਾਂ।" ਉਹਨੇ ਗੁਰੂ ਤੇਗ ਬਹਾਦਰ ਨਗਰ ਤੋਂ ਅਧੀਆ ਲਿਆ। ਦੋ ਵੱਡੇ ਪੈਗ ਲਾਏ। ਸਰੂਰ ਵਿਚ ਆ ਕੇ ਦੱਸਣ ਲੱਗਾ, "ਨੂਰਪੁਰੀ ਨੇ ਆਪਣੀ ਕਦਰ ਆਪ ਘਟਾ ਲਈ ਸੀ... ਬਹੁਤੀ ਸ਼ਰਾਬ ਨੇ ਉਸ ਨੂੰ ਮਾਰ ਸੁੱਟਿਆ। ਉਸ ਵਰਗੇ ਕਵੀ ਰੋਜ਼-ਰੋਜ਼ ਨ੍ਹੀਂ ਜੰਮਦੇ। ਉਹ ਤਾਂ ਯੁੱਗ ਕਵੀ ਸੀ। ਮੁਸ਼ਾਇਰੇ ਲੁੱਟ ਕੇ ਲੈ ਜਾਂਦਾ। ਆਹ ਅੱਜ ਦੇ ਕਵੀਆਂ ਵਾਂਗੂੰ ਮੁਫਤ ਦੀ ਵਾਹ-ਵਾਹ ਮਗਰ ਨ੍ਹੀਂ ਦੌੜਦਾ ਸੀ। ਨਾ ਉਦੋਂ ਇਨ੍ਹਾਂ ਅਵਾਰਡਾਂ ਸ਼ਵਾਰਡਾਂ ਦੀ ਕੋਈ ਪਰਵਾਹ ਕਰਦਾ ਸੀ। ਉਹ ਤਾਂ ਲੋਕਾਂ ਦਾ ਸ਼ਾਇਰ ਸੀ। ਫਿਰ ਲੋਕਾਂ ਦੇ ਸ਼ਾਇਰ ਐਵੇਂ ਨ੍ਹੀਂ ਬਣਦੇ। ਇਹਦੇ ਲਈ ਘਰ ਬਾਹਰ ਤਿਆਗਣਾ ਪੈਂਦਾ। ਕਿਸੇ ਸੰਤ ਫਕੀਰ ਵਾਂਗੂੰ ਭਗਤੀ ਕਰਨੀ ਪੈਂਦੀ। ਸੰਤ ਫਕੀਰ ਆਪਣੇ ਪੀਰਾਂ ਦੀ ਦੁਨੀਆਂ ਵਿਚ ਗੁੰਮ ਰਹਿੰਦੇ ਨੇ ਤੇ ਸ਼ਾਇਰ ਆਪਣੇ ਸੁਪਨ ਸੰਸਾਰ ਵਿਚ। ਐਵੇਂ ਤਾਂ ਨ੍ਹੀਂ ਉਸ ਕਿਹਾ ਸੀ ਕਿ ਜਲੰਧਰ ਵਿਚ ਪੈਂਤੀ ਸੌ ਡੀਸੀ ਆਉਣਗੇ, ਨੰਦ ਲਾਲ ਨੂਰਪੁਰੀ ਕਿਸੇ ਨ੍ਹੀਂ ਬਣ ਜਾਣਾ। ਉਸ ਵਿਚ ਵੱਡੇ ਸ਼ਾਇਰ ਵਾਲੀ ਹਉਮੈ ਸੀ। ਇਹ ਹੋਣੀ ਵੀ ਚਾਹੀਦੀ ਆ। ਨੂਰਪੁਰੀ ਜ਼ਿੰਦਾਬਾਦ...।"

ਇਕ ਵਾਰ ਕੰਗ ਹੋਰਾਂ ਨੇ ਉਦਮ ਕਰ ਕੇ, ਮਾਡਲ ਹਾਊਸ ਦੀ ਦੁਸਹਿਰਾ ਗਰਾਊਂਡ ਵਿਚ ਉਸ ਦੀ ਯਾਦ ਵਿਚ ਫੰਕਸ਼ਨ ਕਰਵਾਇਆ। ਪ੍ਰੋ. ਟੀ.ਡੀ. ਜੋਸ਼ੀ ਨੇ ਪੇਪਰ ਪੜ੍ਹਿਆ। ਅਗਨੀਹੋਤਰੀ, ਗੁਰਦੀਪ ਤੇ ਚੰਦਰਕਾਂਤਾ ਨੇ ਨੂਰਪੁਰੀ ਦਾ ਕਲਾਮ ਗਾਇਆ। ਬਾਅਦ ਵਿਚ ਲੋਕਾਂ ਕੋਲੋਂ ਸਹਿਯੋਗ ਨਾ ਮਿਲਿਆ। ਕੋਈ ਹੋਰ ਪ੍ਰੋਗਰਾਮ ਨਾ ਹੋਇਆ।

ਕਿੰਨੇ ਸਾਲ ਮੈਨੂੰ ਉਹ ਖੂਹ ਵਾਲੀ ਥਾਂ ਨਹੀਂ ਲੱਭੀ। ਹੁਣ ਜਦੋਂ ਲੱਭੀ ਤਾਂ ਮੈਂ ਆਪਣੇ ਆਪ ਨੂੰ ਬਹੁਤ ਵਾਰ ਕੋਸਿਆ। ਕਸਤੂਰੀ ਹਲਵਾਈ ਦੀ ਦੁਕਾਨ ਕੋਲ ਸਾਲਾਨਾ ਜਗਰਾਤਾ ਹੁੰਦਾ ਜਾਂ ਕੋਈ ਹੋਰ ਵੱਡਾ ਪ੍ਰੋਗਰਾਮ, ਮੇਨ ਸੜਕ ਬੰਦ ਕਰ ਦਿੱਤੀ ਜਾਂਦੀ। ਪਿਛਾਂਹ ਦੀ ਵਲ ਪਾ ਕੇ ਘਈ ਬੇਕਰੀ ਕੋਲ ਦੀ ਮੇਨ ਸੜਕ 'ਤੇ ਜਾ ਹੁੰਦਾ। ਪਤਾ ਨਹੀਂ ਮੈਂ ਕਿੰਨੀ ਵਾਰ ਉਧਰੋਂ ਲੰਘਿਆ ਸੀ। ਮੇਰਾ ਤਾਂ ਇਸ ਪੱਥਰ ਵੱਲ ਧਿਆਨ ਹੀ ਨਹੀਂ ਸੀ ਗਿਆ। ਹੁਣ ਮੈਂ ਸਵੇਰੇ ਸੈਰ ਨੂੰ ਜਾਂਦਾ, ਵਾਪਸੀ 'ਤੇ ਮਹੀਨੇ ਵਿਚ ਦੋ ਚਾਰ ਵਾਰ ਉਧਰ ਦੀ ਜ਼ਰੂਰ ਲੰਘਦਾ ਹਾਂ। ਐਦਾਂ ਸੋਚ ਕੇ, ਜਿੱਦਾਂ ਮੇਰਾ ਕੋਈ ਵੱਡਾ ਵਡੇਰਾ ਇਥੇ ਦੱਬਿਆ ਪਿਆ ਹੈ। ਅਨੇਕ ਵਾਰ ਪੱਥਰ 'ਤੇ ਉਕਰੇ ਸ਼ਬਦ ਪੜ੍ਹੇ ਹਨ। ਇਕ ਦਿਨ ਮੈਂ ਉਧਰੋਂ ਲੰਘਿਆ ਤਾਂ ਕੰਧ ਉਪਰ ਅਰਿਸਟੋਕ੍ਰੇਟ ਦੀ ਖਾਲੀ ਬੋਤਲ ਪਈ ਸੀ। ਮੈਨੂੰ ਐਦਾਂ ਲੱਗਿਆ, ਜਿੱਦਾਂ ਨੂਰਪੁਰੀ ਨੇ ਇਹ ਬੋਤਲ ਖਾਲੀ ਕਰ ਕੇ ਰੱਖੀ ਹੋਵੇ ਤੇ ਉਹ ਅਜੇ ਵੀ ਗੁਣਗੁਣਾ ਰਿਹਾ ਹੋਵੇ:

ਏਥੋਂ ਉਡਾ ਜਾ ਭੋਲਿਆ ਪੰਛੀਆ,  
ਵੇ ਤੂੰ ਆਪਣੀ ਜਾਨ ਬਚਾ।  
ਏਥੇ ਘਰ ਘਰ ਫਾਹੀਆਂ ਗੱਡੀਆਂ,  
ਵੇ ਤੂੰ ਛੁਰੀਆਂ ਹੇਠ ਨਾ ਆ।



***ਉਸ ਦੇ ਸੁਭਾਅ ਵਿਚ ਮਲੰਗੀ ਸੀ। ਸ਼ਿਵ ਬਟਾਲਵੀ ਵਰਗੀ। ਲੇਖਕ ਲਈ ਮਲੰਗੀ ਹੋਣੀ ਵੀ ਚਾਹੀਦੀ ਹੈ। ਜਦੋਂ ਕੋਈ ਲੇਖਕ ਪੈਸਿਆਂ ਮਗਰ ਦੌੜਨ ਲੱਗ ਪੈਂਦਾ ਹੈ ਤਾਂ ਉਸ ਦੀਆਂ ਲਿਖਤਾਂ ਵਿਚ ਖੋਖਲਾਪਨ ਆ ਜਾਂਦਾ ਹੈ। ਨੂਰਪੁਰੀ ਨੂੰ ਲੋਕ ਸੰਪਰਕ ਵਿਭਾਗ ਅਤੇ ਰੇਡੀਓ ਸਟੇਸ਼ਨ ਵਾਲਿਆਂ ਰੈਗੂਲਰ ਪ੍ਰੋਗਰਾਮ ਦਿੱਤੇ। ਇਕ ਵਾਰ ਭਾਸ਼ਾ ਵਿਭਾਗ ਪੰਜਾਬ ਨੇ ਉਸ ਨੂੰ ਸੇਲ ਡਿਪੂ ਦਾ ਇੰਚਾਰਜ ਲਾਇਆ। ਉਹ ਸਾਰਾ ਦਿਨ ਇਸ ਅਦਾਰੇ ਦੀਆਂ ਕਿਤਾਬਾਂ ਵੇਚਦਾ। ਸ਼ਾਮ ਨੂੰ ਇਨ੍ਹਾਂ ਪੈਸਿਆਂ ਨਾਲ ਦਾਰੂ ਪੀ ਛੱਡਦਾ। ਜਦੋਂ ਮਹੀਨੇ ਬਾਅਦ, ਵਿਕਰੀ ਦਾ ਹਿਸਾਬ-ਕਿਤਾਬ ਕੀਤਾ ਜਾਂਦਾ ਤਾਂ ਉਸ ਦੀ ਤਨਖਾਹ ਨਾਲੋਂ ਜ਼ਿਆਦਾ ਉਸ ਪਹਿਲਾਂ ਹੀ ਖਰਚੇ ਹੁੰਦੇ... ਜਗਤ ਸਿੰਘ ਜੱਗੇ ਨਾਲ ਉਸ ਦੀ ਵਾਹਵਾ ਬਣਦੀ ਸੀ। ਜੱਗੇ ਨੇ ਉਸ ਦੇ ਲਿਖੇ ਅਨੇਕ ਗੀਤ ਗਾਏ। ਖੂਬ ਪੈਸੇ ਕਮਾਏ। ਜੱਗਾ ਅਮੀਰ ਹੁੰਦਾ ਗਿਆ। ਉਹ ਗਰੀਬ ਹੁੰਦਾ ਗਿਆ। ਮੁਹੰਮਦ ਰਫੀ, ਸੁਰਿੰਦਰ ਕੌਰ, ਨਰਿੰਦਰ ਬੀਬਾ, ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ, ਹਰਚਰਨ ਗਰੇਵਾਲ ਨੇ ਵੀ ਉਸ ਦੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ।***

# ਨੰਦ ਲਾਲ ਨੂਰਪੁਰੀ ਦੀਆਂ ਕੁਝ ਰਚਨਾਵਾਂ

## ਕਲਗੀ ਜੁਝਾਰ ਦੀ

ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ  
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ

ਜੰਗ ਵਿਚੋਂ ਲੜ ਕੇ ਸਿਪਾਹੀ ਮੇਰੇ ਆਣਗੇ  
ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ  
ਵਿਹੜੇ ਵਿਚ ਠਾਠਾਂ ਮਾਰੂ ਖੁਸ਼ੀ ਸੰਸਾਰ ਦੀ  
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

ਕੂਲੇ ਕੂਲੇ ਹੱਥ ਕਿਰਪਾਨਾਂ ਵਿਚ ਗੋਰੀਆਂ  
ਕੱਲ੍ਹ ਨੇ ਸਵੇਰ ਦੀਆਂ ਜੋੜੀਆਂ ਮੈਂ ਤੋਰੀਆਂ  
ਜਿਨ੍ਹਾਂ ਦਾ ਵਿਛੋੜਾ ਮੈਂ ਨਾ ਪਲ ਸੀ ਸਹਾਰਦੀ  
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

ਘੋੜੀਆਂ ਦੇ ਪੌੜ ਜਦੋਂ ਕੰਨਾਂ ਸੁਣੇ ਵੱਜਦੇ  
ਵੇਖਣ ਨੂੰ ਨੈਣ ਆਏ ਬੂਹੇ ਵੱਲ ਭੱਜਦੇ  
ਲਹੂ ਵਿਚ ਭਿੱਜੀ ਘੋੜੀ ਵੇਖੀ ਭੁੱਬਾਂ ਮਾਰਦੀ  
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

ਲੱਗੇ ਹੋਏ ਕਾਠੀ ਉਤੇ ਲਹੂ ਨੇ ਇਹ ਦੱਸਿਆ  
ਮਾਏਂ ਤੇਰਾ ਜੋੜਾ ਦਾਦੇ ਕੋਲ ਹੈ ਜਾ ਵੱਸਿਆ  
ਛੱਡ ਦੇ ਉਡੀਕ ਹੁਣ ਹੰਸਾਂ ਦੀ ਡਾਰ ਦੀ  
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ  
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।

---

## ਪਗੜੀ ਸੰਭਾਲ ਜੱਟਾ

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ,  
ਫਸਲਾਂ ਨੂੰ ਖਾ ਗਏ ਕੀੜੇ,  
ਤਨ 'ਤੇ ਨਹੀਂ ਤੇਰੇ ਲੀੜੇ  
ਭੁੱਖਾਂ ਨੇ ਖੂਨ ਨਿਚੋੜੇ, ਰੋਂਦੇ ਨੇ ਬਾਲ ਓਇ,  
ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਇ।

ਬਨਦੇ ਨੇ ਤੇਰੇ ਲੀਡਰ, ਰਾਜੇ ਤੇ ਖਾਨ ਬਹਾਦਰ  
ਤੈਨੂੰ ਤੇ ਖਾਵਣ ਖਾਤਿਰ, ਵਿਛਦੇ ਨੇ ਜਾਲ ਓਇ  
ਹਿੰਦ ਏ ਤੇਰਾ ਮੰਦਰ, ਇਸ ਦਾ ਪੁਜਾਰੀ ਤੂੰ,  
ਝੱਲੇਂਗਾ ਕਦੋਂ ਤੱਕ, ਆਪਣੀ ਖੁਮਾਰੀ ਤੂੰ,  
ਲੜਨੇ ਤੇ ਮਰਨੇ ਦੀ ਕਰ ਲੈ, ਤਿਆਰੀ ਤੂੰ,  
ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਇ।

ਸੀਨੇ ਉਤੇ ਖਾਵੇ ਤੀਰ, ਰਾਂਝਾ ਤੂੰ ਦੇਸ ਏ ਹੀਰ,  
ਸੰਭਲ ਕੇ ਚੱਲ ਤੂੰ ਵੀਰ, ਪਗੜੀ ਸੰਭਾਲ  
ਤੁਸੀਂ ਕਿਉਂ ਦੇਂਦੇ ਵੀਰੋ, ਬੇਗਾਰ ਓਇ  
ਹੋ ਕੇ ਇਕੱਠੇ ਵੀਰੋ, ਮਾਰੋ ਲਲਕਾਰ ਓਇ  
ਤਾਤੀ ਦੋ ਹੱਥ ਵਜੇ ਛਾਤੀਆਂ ਨੂੰ ਤਾਣਿ ਓਇ  
ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਇ।

---

## ਗੋਰੀ ਦੀਆਂ ਝਾਂਜਰਾਂ

ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ  
ਗਲੀਆਂ ਦੇ ਵਿਚ ਡੰਡ ਪੌਂਦੀਆਂ ਗਈਆਂ

ਅਥਰੀ ਜਵਾਨੀ ਗੱਲਾਂ ਫਿਰੇ ਦੱਸਦੀ  
ਮਾਹੀ ਗੁੱਸੇ ਹੋ ਗਿਆ ਨਾ ਗੱਲ ਵੱਸ ਦੀ  
ਰਾਹ ਜਾਂਦੇ ਰਾਹੀਆਂ ਨੂੰ ਸੁਣੌਂਦੀਆਂ ਗਈਆਂ  
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ

ਸਾਂਭੇ ਜਾਣ ਨਖਰੇ ਨਾ ਅੰਗ ਅੰਗ ਦੇ  
ਵੀਣੀ ਉਤੇ ਨਾਚ ਸੀ ਬਲੌਰੀ ਵੰਗ ਦੇ  
ਆਸ਼ਕਾਂ ਦੇ ਲਹੂ ਵਿਚ ਨ੍ਹਾਉਂਦੀਆਂ ਗਈਆਂ  
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ

ਕਾਲੇ ਜਹੇ ਦੁਪੱਟੇ ਨੇ ਕੀ ਪਾਇਆ ਨੇਰ ਨੀ  
ਘੁੰਡ ਵਿਚ ਨੈਣ ਉਹਦੇ ਲਏ ਘੇਰ ਨੀ  
ਮਿੱਤਰਾਂ ਦੇ ਦਿਲ ਧੜਕੌਂਦੀਆਂ ਗਈਆਂ  
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ

ਸਾਂਭ ਕੇ ਤੇ ਰੱਖ ਲੈ ਨਨਾਣੇ ਗੋਰੀਏ  
ਰੂਪ ਦਾ ਸ਼ਿੰਗਾਰ ਜਾਲੀਦਾਰ ਡੋਰੀਏ  
'ਨੂਰਪੁਰੀ' ਕੋਲੋਂ ਸ਼ਰਮੌਂਦੀਆਂ ਗਈਆਂ  
ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ।

---

## ਕੌਣ ਆਖੂ ਹੌਲਦਾਰਨੀ

ਕੌਣ ਆਖੂ ਹੌਲਦਾਰਨੀ,  
ਕਿਤੇ ਆਵੀਂ ਨਾ ਤੁੜਾ ਕੇ ਨਾਵਾਂ।  
ਹੌਲੀ ਜੇਹੀ ਬਾਰੀ ਖੋਲ੍ਹ ਕੇ  
ਵਾਜ਼ਾਂ ਦੇਂਦੀਆਂ ਗੋਰੀਆਂ ਬਾਹਵਾਂ।

ਇਕੋ ਪੁੱਤ ਲੰਬੜਾਂ ਦਾ  
ਕੱਲ੍ਹ ਪਾ ਕੇ ਵਰਦੀਆਂ ਲੰਘਿਆ।  
ਪੈਰਾਂ 'ਚ ਪਰੇਟ ਨੱਚਦੀ  
ਉਹਦਾ ਲਾਲੀਆਂ ਨੇ ਅੰਗ ਅੰਗ ਰੰਗਿਆ।  
ਮੋਢੇ ਤੇ ਬੰਦੂਕ ਵੇਖ ਕੇ  
ਵੇ ਮੈਂ ਵੈਰੀਆ ਨਿਗਰਦੀ ਜਾਵਾਂ।  
ਕੌਣ ਆਖੂ ਹੌਲਦਾਰਨੀ  
ਕਿਤੇ ਆਵੀਂ ਨਾ ਤੁੜਾ ਕੇ ਨਾਵਾਂ।

ਤੇਰੇ ਤੇ ਜਵਾਨੀ ਕਹਰ ਦੀ  
ਜਦੋਂ ਪਿਛਲੀ ਲੜਾਈ ਤੂੰ ਲੜਿਆ।  
ਵੱਡਾ ਸਾਹਿਬ ਦੇਵੇ ਥਾਪੀਆਂ  
ਤੇਰੇ ਅੱਗੇ ਨਾ ਸ਼ੇਰ ਕੋਈ ਅੜਿਆ।  
ਚਾਈਂ ਚਾਈਂ ਛੌਣੀਆਂ ਵਿਚੋਂ  
ਤੇਰਾ ਪੁਛਦੀ ਕਵਾਟਰ ਆਵਾਂ।  
ਕੌਣ ਆਖੂ ਹੌਲਦਾਰਨੀ  
ਕਿਤੇ ਆਵੀਂ ਨਾ ਤੁੜਾ ਕੇ ਨਾਵਾਂ।

ਤੇਰੀਆਂ ਉਡੀਕਾਂ ਵਿਚ ਵੇ  
ਚੋਰੀਂ ਪੇਕਿਆਂ ਤੋਂ ਚਿਠੀਆਂ ਮੈਂ ਪਾਈਆਂ।  
ਤੇਰੀਆਂ ਲੁਕੋ ਕੇ ਚਿੱਠੀਆਂ  
ਪੜ੍ਹੀਆਂ ਬੁਲ੍ਹਾਂ 'ਚ ਹੱਸਣ ਭਰਜਾਈਆਂ।  
ਮਿੰਨਤਾਂ ਦੇ ਨਾਲ ਮੰਗ ਕੇ,  
ਵੇ ਮੈਂ ਲਖ ਲਖ ਵਾਰ ਪੜ੍ਹਾਵਾਂ।  
ਕੌਣ ਆਖੂ ਹੌਲਦਾਰਨੀ  
ਕਿਤੇ ਆਵੀਂ ਨਾ ਤੁੜਾ ਕੇ ਨਾਵਾਂ।

ਇਕ ਵਾਰੀ ਲੈ ਕੇ ਛੁੱਟੀਆਂ  
ਜਦੋਂ ਪਿਛਲੇ ਵਰ੍ਹੇ ਤੂੰ ਆਇਆ।  
ਹੱਥਾਂ ਉਤੇ ਲਾ ਕੇ ਮਹਿੰਦੀਆਂ  
ਵੇ ਮੈਂ ਸੰਦਲੀ ਦੁਪੱਟਾ ਰੰਗਵਾਇਆ।  
ਅੱਧਾ ਅੱਧਾ ਘੁੰਡ ਕੱਢ ਕੇ  
ਸੌਹਰੇ ਸਾਹਮਣੇ ਨਾ ਖੁਲ੍ਹ ਕੇ ਬੁਲਾਵਾਂ।  
ਕੌਣ ਆਖੂ ਹੌਲਦਾਰਨੀ  
ਕਿਤੇ ਆਵੀਂ ਨਾ ਤੁੜਾ ਕੇ ਨਾਵਾਂ।

ਜੋਗੀਆਂ ਦੇ ਸਪ ਲੜ ਗਏ,  
ਸਪ ਰੰਗੀ ਜਾਂ ਕਮੀਜ਼ ਮੈਂ ਪਾਈ।  
ਦੇਸ਼ ਬੰਗਾਲ ਦੇ ਵਿਚੋਂ  
ਇਕ ਵਾਰੀ ਸੀ ਜੇਹੜੀ ਤੂੰ ਭਿਜਵਾਈ।  
ਪੁਛ ਤੂੰ ਹੀ 'ਨੂਰਪੁਰੀ' ਤੋਂ  
ਜੇਹੜਾ ਲਿਖਦਾ ਰਹਿਆ ਸਰਨਾਵਾਂ  
ਕੌਣ ਆਖੂ ਹੌਲਦਾਰਨੀ  
ਕਿਤੇ ਆਵੀਂ ਨਾ ਤੁੜਾ ਕੇ ਨਾਵਾਂ।

## ਪੁੰਨੂੰ

ਮੈਨੂੰ ਨੀਂਦ ਤੱਤੀ ਨੂੰ ਆ ਗਈ,  
ਵੇ ਮੈਂ ਸੌਂ ਗਈ ਸਹਿਜ ਸੁਭਾ।

ਵੇ ਮੈਂ ਲੁਟ ਲਈ ਪਿੰਡ ਦੇ ਪਾਹਰੂਆਂ,  
ਕਿਤੇ ਜੂਹ ਵਿਚ ਜਾਦੂ ਪਾ।

ਮੈਨੂੰ ਕੱਲੀ ਸਿੱਟ ਵੇ ਸ਼ੁਦਾਇਣ ਨੂੰ,  
ਮੇਰੇ ਰੋਂਦੇ ਛਡ ਗਿਆ ਚਾ।

ਕਿਤੇ ਤੇਰਾ ਕਚਾਵਾ ਟੁਟ ਪਵੇ,  
ਮੇਰੀ ਡਾਚੇ ਕੋਲ ਦੁਆ।

ਤੈਨੂੰ ਪਲ ਵਿਚ ਰੋੜ੍ਹ ਕੇ ਲੈ ਜਾਏ,  
ਮੇਰੇ ਹੰਝੂਆਂ ਦਾ ਦਰਿਆ।

ਵੇ ਤੇਰੀ ਡਾਚੀ ਨੂੰ ਲਭਦੀ ਮੈਂ ਫਿਰਾਂ,  
ਮਾਰੂ ਥਲ ਦੇ ਵਿਚ ਕੁਰਲਾ।

ਮੇਰੀ ਮਹਿੰਦੀ 'ਚੋਂ ਲੰਬਾਂ ਨਿਕਲੀਆਂ,  
ਗਈਆਂ ਪੈਰੀਂ ਛਾਲੇ ਪਾ।

ਲੱਖਾਂ ਸੂਰਜ ਚੜ੍ਹ ਪਏ ਰੇਤ 'ਚ,  
ਮੇਰਾ ਜੋਬਨ ਨਾ ਕਲਪਾ।

ਮੈਨੂੰ ਮੋਈ ਨੂੰ ਪੰਛੀ ਰੋਣਗੇ,  
ਉਤੇ ਕਫਨ ਪਰਾਂ ਦਾ ਪਾ।

ਇਹੋ ਵਾਜ ਆਵੇਗੀ ਕਬਰ 'ਚੋਂ,  
ਮੇਰਾ ਪੁੰਨੂੰ ਦਿਓ ਮਿਲਾ।

ਪੁੰਨੂੰ ਬਹਿਕੇ ਕਬਰ 'ਤੇ,  
ਅਜ ਰੁੰਨਾ ਜ਼ਾਰੋ ਜ਼ਾਰ।

ਨੀ ਤੂੰ ਉਠ ਬਹੁ ਹੰਝੂਆਂ ਵਾਲੀਏ,  
ਜ਼ਰਾ ਮੈਂ ਵਲ ਬਾਂਹ ਉਲਾਰ।

ਨੀ ਤੂੰ ਰੱਜ ਰੱਜ ਮੈਨੂੰ ਵੇਖ ਲੈ,  
ਅਜ ਰੱਜ ਰੱਜ ਕਰ ਲੈ ਪਿਆਰ।

ਮੈਨੂੰ ਇਕੋ ਰਾਤ ਨਾ ਭੁਲਦੀ,  
ਜਦੋਂ ਸੇਜੋਂ ਖੁਸ ਗਏ ਯਾਰ।

ਤੇਰਾ ਰੰਗਲਾ ਚੂੜਾ ਚੁੰਮ ਲਵਾਂ,  
ਜ਼ਰਾ ਮੈਂ ਵਲ ਬਾਂਹ ਉਲਾਰ।

ਮੈਨੂੰ ਦੱਸੀ ਰੋ ਰੋ ਪੰਛੀਆਂ,  
ਤੇਰੇ ਦਿਲ ਦੀ ਹਾਲ ਪੁਕਾਰ।

---

## ਮਾਹੀ ਮੇਰਾ ਗੁੱਸੇ ਗੁੱਸੇ

ਮੈਨੂੰ ਸੁੱਤਿਆਂ ਨੀਂਦ ਨਾ ਆਵੇ,  
ਨੀ ਮਾਹੀ ਮੇਰਾ ਗੁੱਸੇ ਗੁੱਸੇ।  
ਮੇਰਾ ਜੋਬਨ ਡੁਲ੍ਹ ਡੁਲ੍ਹ ਜਾਵੇ,  
ਨੀ ਮਾਹੀ ਮੇਰਾ ਗੁੱਸੇ ਗੁੱਸੇ।

ਗੋਰਾ ਰੰਗ ਤੇ ਸਰਬਤੀ ਅੱਖੀਆਂ,  
ਨੀ ਮੈਂ ਘੁੰਡ ਵਿਚ ਡੱਕ ਡੱਕ ਰੱਖੀਆਂ,  
ਮੈਨੂੰ ਤਾਹਨੇ ਦੇਂਦੀਆਂ ਸਖੀਆਂ-  
ਨੀ ਮਾਹੀ ਮੇਰਾ ਗੁੱਸੇ ਗੁੱਸੇ।

ਮੈਨੂੰ ਸੁੱਤਿਆਂ ਨੀਂਦ ਨਾ ਆਵੇ,  
ਨੀ ਮਾਹੀ ਮੇਰਾ ਗੁੱਸੇ ਗੁੱਸੇ।  
ਮੇਰਾ ਜੋਬਨ ਡੁਲ੍ਹ ਡੁਲ੍ਹ ਜਾਵੇ,  
ਨੀ ਮਾਹੀ ਮੇਰਾ ਗੁੱਸੇ ਗੁੱਸੇ।

ਔਹ ਕਾਲੀਆਂ ਬੱਦਲੀਆਂ ਆਈਆਂ,  
ਸਾਵਨ ਨੇ ਝੜੀਆਂ ਲਾਈਆਂ,  
ਮੈਂ ਫਿਰਦੀ ਹਾਂ ਵਾਂਗ ਸ਼ੁਦਾਈਆਂ-  
ਨੀ ਮਾਹੀ ਮੇਰਾ ਗੁੱਸੇ ਗੁੱਸੇ।

ਮੈਨੂੰ ਸੁੱਤਿਆਂ ਨੀਂਦ ਨਾ ਆਵੇ,  
ਨੀ ਮਾਹੀ ਮੇਰਾ ਗੁੱਸੇ ਗੁੱਸੇ।  
ਮੇਰਾ ਜੋਬਨ ਡੁਲ੍ਹ ਡੁਲ੍ਹ ਜਾਵੇ,  
ਨੀ ਮਾਹੀ ਮੇਰਾ ਗੁੱਸੇ ਗੁੱਸੇ।

---

## ਮਾਏ ਨੀ ਮੈਨੂੰ ਵਸ ਨਾ ਕਿਸੇ ਦੇ ਪਾ

ਇਸ ਦੁਨੀਆਂ ਦੇ ਨਵੇਂ ਤੁਲਾਵੇ  
ਇਸ ਦੁਨੀਆਂ ਦੇ ਨਵੇਂ ਬਪਾਰੀ  
ਇਸ ਦੁਨੀਆਂ ਦੀਆਂ ਖੇਡਾਂ ਨਵੀਆਂ  
ਇਸ ਦੁਨੀਆਂ ਦੇ ਨਵੇਂ ਖਿਡਾਰੀ  
ਮੈਂ ਕੀ ਜਾਣਾ ਕੀ ਰਾਹ ਜਾਣਾ  
ਨਾ ਕੋਈ ਮੈਨੂੰ ਚਾ  
ਮਾਏ ਨੀ ਮੈਨੂੰ ਵਸ ਨਾ ਕਿਸੇ ਦੇ ਪਾ...।



ਸੰਤ ਰਾਮ ਉਦਾਸੀ

# ਆਖਰੀ ਘੜੀਆਂ

## ਸੰਤ ਰਾਮ ਉਦਾਸੀ ਦਾ ਦੁਖਾਂਤ-4

*ਸੰਤ ਰਾਮ ਉਦਾਸੀ (20 ਅਪਰੈਲ 1939 ਤੋਂ 6 ਨਵੰਬਰ 1986) ਨੂੰ ਵਿਛੜਿਆਂ 30 ਸਾਲ ਬੀਤ ਗਏ ਹਨ, ਪਰ ਉਹਦੀਆਂ ਕਵਿਤਾਵਾਂ ਅਤੇ ਸ਼ਾਨਾਂਮੱਤਾ ਜੀਵਨ ਦੀ ਕਹਾਣੀ ਸਾਡੇ ਅੰਗ-ਸੰਗ ਹੈ। ਉਹ ਪੰਜਾਬੀ ਕਾਵਿ-ਜਗਤ ਦਾ ਅਹਿਮ ਹਸਤਾਖਰ ਹੈ। ਉਹਦੀਆਂ ਕਵਿਤਾਵਾਂ ਵਿਚ ਰੋਹ ਦੇ ਚੰਗਿਆੜੇ ਬਲਦੇ ਹਨ ਅਤੇ ਨਾਲ ਹੀ ਦਰਦ ਦੇ ਨੀਰ ਵਗਦੇ ਹਨ। ਦੱਬੇ-ਕੁਚਲੇ ਲੋਕਾਂ ਲਈ ਉਹਦੀਆਂ ਕਵਿਤਾਵਾਂ ਸੂਰਜ ਤੋਂ ਘੱਟ ਨਹੀਂ। ਪ੍ਰਿੰ. ਸਰਵਣ ਸਿੰਘ ਨੇ ਇਸ ਹਸਤੀ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਭੇਜਿਆ। ਪਹਿਲੀ ਕਿਸ਼ਤ ਪਰਿਵਾਰਕ ਪਿਛੋਕੜ, ਦੂਜੀ ਨਕਸਲੀ ਲਹਿਰ ਦੌਰਾਨ ਹੋਏ ਪੁਲਿਸ ਤਸ਼ੱਦਦ ਅਤੇ ਤੀਜੀ ਸ਼ਖਸੀਅਤ ਦੇ ਕੁਝ ਹੋਰ ਪੱਖਾਂ ਬਾਬਤ ਸੀ। ਐਤਕੀਂ ਚੌਥੀ ਤੇ ਆਖਰੀ ਕਿਸ਼ਤ ਵਿਚ ਉਸ ਦੇ ਜੀਵਨ ਦੀਆਂ ਆਖਰੀ ਘੜੀਆਂ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

1984 ਤੋਂ ਬਾਅਦ ਮੇਰਾ ਸੰਤ ਰਾਮ ਉਦਾਸੀ ਨਾਲ ਬਹੁਤਾ ਮੇਲ ਨਹੀਂ ਸੀ ਹੋਇਆ। ਉਂਜ ਉਹਦੀ ਖਬਰਸਾਰ ਮਿਲਦੀ ਰਹਿੰਦੀ। ਨਵੰਬਰ 1986 ਵਿਚ ਖਬਰ ਮਿਲੀ ਕਿ ਉਸ ਦਾ ਰੇਲ ਗੱਡੀ ਵਿਚ ਸਫ਼ਰ ਕਰਦਿਆਂ ਦੇਹਾਂਤ ਹੋ ਗਿਆ।

ਉਦਾਸੀ ਆਏ ਸਾਲ ਦਿੱਲੀ, ਕਾਨਪੁਰ, ਕਲਕੱਤੇ ਤੇ ਨੇਪਾਲ ਦੇ ਕਵੀ ਦਰਬਾਰਾਂ ਵਿਚ ਜਾਣ ਲੱਗ ਪਿਆ ਸੀ। ਅਗਲੇ ਮਾਣ ਨਾਲ ਸੱਦਦੇ ਤੇ ਮਾਣ-ਸਨਮਾਨ ਕਰਦੇ। 1984 ਵਿਚ ਦਿੱਲੀ ਦੇ ਸਿੱਖ ਕਤਲੇਆਮ ਪਿੱਛੋਂ ਲਾਲ ਕਿਲ੍ਹੇ ਦੇ ਕਵੀ ਦਰਬਾਰ ਦਾ ਸੱਦਾ ਆਇਆ ਤਾਂ ਪਹਿਲਾਂ ਉਹ ਦੁਚਿਤੀ ਵਿਚ ਪੈ ਗਿਆ, ਫਿਰ ਜੱਕੋ-ਤਕੀ ਵਿਚ ਚਲਾ ਗਿਆ। ਰੇਲ ਗੱਡੀ ਵਿਚ ਵਾਪਸ ਆਉਂਦਿਆਂ ਉਹਦੀ ਪੱਗ ਦਾੜ੍ਹੀ ਕਰ ਕੇ ਫਿਰਕੂ ਜਨੂੰਨੀਆਂ ਨੇ ਉਹਨੂੰ ਭੱਦੇ ਮਜ਼ਾਕ ਕੀਤੇ ਤੇ ਉਹਦੇ ਉਤੇ ਬੀੜੀਆਂ ਸੁੱਟੀਆਂ।



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਇਥੋਂ ਤਕ ਕਿ ਧੱਕਾ ਮਾਰ ਕੇ ਗੱਡੀ 'ਚੋਂ ਬਾਹਰ ਸੁੱਟ ਦਿਤਾ, ਪਰ ਉਸ ਦਾ ਬਚਾ ਹੋ ਗਿਆ। ਘਰ ਪੁੱਜ ਕੇ ਉਸ ਨੇ ਸਾਰੀ ਵਾਰਦਾਤ ਪਰਿਵਾਰ ਨੂੰ ਦੱਸੀ ਤੇ ਅੱਗੇ ਤੋਂ ਕਿਤੇ ਦੂਰ ਜਾਣੋ ਤੋਬਾ ਕਰ ਲਈ।

ਅਕਤੂਬਰ 1986 ਵਿਚ ਹਜ਼ੂਰ ਸਾਹਿਬ ਤੋਂ ਚਿੱਠੀ ਆ ਗਈ ਕਿ ਗੁਰਗੱਦੀ ਦਿਵਸ ਸਮਾਗਮਾਂ ਵਿਚ ਕਵੀ ਦਰਬਾਰ ਮਨਾ ਰਹੇ ਹਾਂ, ਪੁੱਜਣ ਲਈ ਸਹਿਮਤੀ ਭੇਜੋ। ਰੇਲ ਗੱਡੀ ਦੇ ਸਫ਼ਰ ਤੋਂ ਡਰਿਆ ਉਹ ਫਿਰ ਦੁਚਿਤੀ ਵਿਚ ਪੈ ਗਿਆ। ਇਕ ਪਾਸੇ ਸਫ਼ਰ ਵਿਚ ਅਣਹੋਣੀ ਹੋਣ ਦਾ ਡਰ, ਦੂਜੇ ਪਾਸੇ ਸਿੱਖ ਹੋਣ ਦੇ ਨਾਤੇ ਹਜ਼ੂਰ ਸਾਹਿਬ ਜਾਣ ਦੀ ਖਿੱਚ। ਆਖਰ ਉਸ ਨੇ ਸਹਿਮਤੀ ਭੇਜ ਦਿਤੀ।

ਸਮਾਗਮ ਪਹਿਲੀ ਨਵੰਬਰ ਤੋਂ ਸ਼ੁਰੂ ਹੋਣੇ ਸਨ ਤੇ ਕਵੀ ਦਰਬਾਰ 5 ਨੂੰ। ਇਕ ਦਿਨ ਉਸ ਨੇ ਰੱਜ ਕੇ ਸ਼ਰਾਬ ਪੀਤੀ ਅਤੇ ਪਤਨੀ ਨੂੰ ਕਿਹਾ, "ਮੈਂ ਹਜ਼ੂਰ ਸਾਹਿਬ ਜਾਣਾ ਤੇ ਉਦੋਂ ਤਕ ਸ਼ਰਾਬ ਨ੍ਹੀਂ ਪੀਣੀ। ਜੇ ਮੈਂ ਹੁਣ ਨਾ ਛੱਡੀ ਤਾਂ ਹਜ਼ੂਰ ਸਾਹਿਬ ਜਾ ਕੇ ਔਖਾ ਹੋਊਂ।" ਘਰਦੇ ਦੱਸਦੇ ਹਨ ਕਿ ਅੱਠ-ਨੌਂ ਦਿਨ ਉਹਨੇ ਸ਼ਰਾਬ ਨੂੰ ਹੱਥ ਨਾ ਲਾਇਆ। ਫਿਰ ਕਦੇ ਕਹਿ ਦਿੰਦਾ, ਜਾਣੈਂ... ਕਦੇ ਕਹਿ ਦਿੰਦਾ ਨਹੀਂ ਜਾਣਾ। ਜਾਣ ਦੀ ਤਿਆਰੀ ਹੋ ਗਈ। ਉਹਦੀ ਧੀ ਦੇ ਦੱਸਣ ਮੂਜਬ, ਉਹਦੇ ਤੁਰਨ 'ਚ ਅੱਧਾ ਕੁ ਘੰਟਾ ਰਹਿੰਦਾ ਸੀ ਕਿ ਅਚਾਨਕ ਕਹਿਣ ਲੱਗਾ, "ਬੇਟੇ ਸਾਰਾ ਸਮਾਨ ਬੈਗ 'ਚੋਂ ਕੱਢ ਦਿਓ, ਮੈਂ ਨ੍ਹੀਂ ਜਾਣਾ।" ਅਸਲ ਵਿਚ ਘਰ 'ਚ ਨਿੱਕੀ ਨਿੱਕੀ ਗੱਲ ਤੋਂ ਕਲੇਸ਼ ਰਹਿਣ ਲੱਗ ਪਿਆ ਸੀ। ਇਕ ਤਾਂ ਉਹ ਤੰਦਰੁਸਤ ਮਹਿਸੂਸ ਨਹੀਂ ਸੀ ਕਰ ਰਿਹਾ, ਦੂਜਾ ਦਿੱਲੀ ਤੋਂ ਹਰਿਆਣੇ ਵਿਚ ਦੀ ਪੰਜਾਬ ਮੁੜਦਿਆਂ ਰੇਲ ਗੱਡੀ ਵਿਚ ਹੋਇਆ ਦੁਰਵਿਹਾਰ ਸਤਾ ਰਿਹਾ ਸੀ। ਦਿੱਲੀਓਂ ਮੁੜ ਕੇ ਉਹ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਹਿੱਲ ਗਿਆ ਸੀ ਤੇ ਕਈ ਮਹੀਨਿਆਂ ਦੇ ਇਲਾਜ ਨਾਲ ਮਾੜਾ ਮੋਟਾ ਠੀਕ ਹੋਇਆ ਸੀ। ਨਵੰਬਰ 84 ਵਿਚ ਸਿੱਖ ਕਤਲੇਆਮ ਦੇ ਦਿੱਲੀ ਜਾ ਕੇ ਅੱਖੀਂ ਵੇਖੇ ਜ਼ਖਮ ਅਜੇ ਵੀ ਰਿਸਦੇ ਸਨ।

ਹਜ਼ੂਰ ਸਾਹਿਬ ਤੁਰਨ ਤੋਂ ਪਹਿਲਾਂ ਉਹ ਅੰਦਰ ਜਾ ਕੇ ਮੰਜੇ 'ਤੇ ਪੈ ਗਿਆ ਤੇ ਕਹਿਣ ਲੱਗਾ, "ਮੈਨੂੰ ਅੱਧੇ ਘੰਟੇ ਤਕ ਜਗਾ ਦੇਣਾ।" ਧੀ ਜਗਾਉਣ ਲਈ ਗਈ ਤਾਂ ਉਹ ਰੋ ਰਿਹਾ ਸੀ। ਧੀ ਨੇ ਪੁੱਛਿਆ, "ਪਾਪਾ ਜੀ ਕੀ ਹੋ ਗਿਐ?" ਕਹਿਣ ਲੱਗਾ, "ਬੇਟੇ! ਪਹਿਲਾਂ ਮੈਂ ਨੇਪਾਲ ਤੋਂ ਮਸਾਂ ਬਚ ਕੇ ਆਇਆਂ, ਹੁਣ ਪਤਾ ਨ੍ਹੀਂ ਕੀ ਹੋਊ? ਬੇਟੇ, ਮੇਰਾ ਘਰੋਂ ਜਾਣ ਨੂੰ ਦਿਲ ਨ੍ਹੀਂ ਕਰਦਾ।" ਧੀ ਨੇ ਪਾਣੀ ਫੜਾਇਆ। ਉਸ ਨੇ ਪਾਣੀ ਦੀਆਂ ਦੋ ਕੁ ਘੁੱਟਾਂ ਪੀਤੀਆਂ ਤੇ ਘੜੀ ਵੇਖ ਕੇ ਬੋਲਿਆ, "ਇਹ ਬੱਸ ਤਾਂ ਲੰਘ ਗਈ, ਮੈਂ ਅਗਲੀ ਬੱਸੇ ਜਾਊਂ, ਜਾਹ ਪੁੱਤ ਦੇਖ ਕੇ ਆ ਜਿਹੜੀ ਮਾਂਹ ਦੀ ਦਾਲ ਬਣਾਈ ਸੀ, ਉਹ ਪਈ ਐ?"

ਉਸ ਨੇ ਮਾਹਾਂ ਦੀ ਦਾਲ ਵਿਚ ਦੋ ਆਂਡੇ ਪੁਆ ਕੇ ਰੋਟੀ ਖਾਧੀ ਤੇ ਅਗਲੀ ਬੱਸ ਚੜ੍ਹ ਕੇ ਹਜ਼ੂਰ ਸਾਹਿਬ ਜਾਣ ਲਈ ਗੱਡੀ ਜਾ ਫੜੀ। ਘਰਦਿਆਂ ਨੂੰ ਪਤਾ ਨਹੀਂ ਸੀ ਕਿ ਕਵੀ ਦਰਬਾਰ 5 ਨਵੰਬਰ ਦੀ ਰਾਤ ਨੂੰ ਹੈ। ਉਹ ਸਮਝਦੇ ਸਨ, ਦੋ ਤਿੰਨ ਨਵੰਬਰ ਨੂੰ ਹੀ ਹੋ ਜਾਊ। 4 ਨਵੰਬਰ ਨੂੰ ਉਦਾਸੀ ਲਈ ਰੋਟੀ ਪਕਾ ਕੇ ਰੱਖੀ ਕਿ ਹੋ ਸਕਦੈ ਰਾਤ ਦੀ ਗੱਡੀ ਆ ਜਾਵੇ। 5 ਨਵੰਬਰ ਨੂੰ ਦਿਨੇ ਵੀ ਤੇ ਰਾਤ ਵੀ ਉਡੀਕਦੇ ਰਹੇ ਪਰ ਉਹ ਨਾ ਆਇਆ। 6 ਨਵੰਬਰ ਵੀ ਲੰਘ ਗਿਆ। 7 ਨਵੰਬਰ ਨੂੰ ਨਸੀਬ ਕੌਰ ਬੱਚਿਆਂ ਨੂੰ ਕਹਿਣ ਲੱਗੀ, "ਅੱਜ ਤਾਂ ਥੋਡੇ ਭਾਪੇ ਨੇ ਜ਼ਰੂਰ ਈ ਰਾਤ ਆਲੀ ਗੱਡੀ ਆ ਜਾਣੈ।"

ਧੀਆਂ ਨੇ ਭਿੰਡੀਆਂ ਬਣਾਈਆਂ ਜੋ ਉਨ੍ਹਾਂ ਦੇ ਭਾਪੇ ਨੂੰ ਪਸੰਦ ਸਨ। ਉਨ੍ਹਾਂ ਦੀ ਬੀਬੀ ਨੇ ਭਾਪੇ ਦੇ ਹਿੱਸੇ ਦਾ ਆਟਾ ਚੁੱਕ ਦੇਣ ਲਈ ਕਿਹਾ, "ਮੈਂ ਆਪੇ ਆਏ ਤੇ ਰੋਟੀ ਬਣਾ ਦੂੰ। ਤੁਸੀਂ ਸੌਂ ਜੋ।"

ਪਰ ਭਾਪਾ ਨਾ ਆਇਆ। ਭਾਪੇ ਦੇ ਆਉਣ ਦੀ ਥਾਂ ਅਗਲੇ ਦਿਨ ਤਾਰ ਆਈ ਕਿ ਸੰਤ ਰਾਮ ਉਦਾਸੀ ਮਨਵਾੜ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਵਿਚ ਮੁਰਦਾ ਪਾਇਆ ਗਿਆ। ਤਾਰ ਰੇਲਵੇ ਪੁਲਿਸ ਵੱਲੋਂ ਸੀ। ਅਗਲੇ ਦਿਨ ਮਨਵਾੜ ਦੇ ਗੁਰਦੁਆਰੇ ਤੇ ਹਜ਼ੂਰ ਸਾਹਿਬ ਤੋਂ ਵੀ ਤਾਰਾਂ ਆ ਗਈਆਂ। ਤਾਰ ਮਿਲਦੇ ਹੀ ਉਦਾਸੀ ਦਾ ਵੱਡਾ ਭਰਾ ਤੇ ਨਸੀਬ ਕੌਰ ਦਾ ਭਰਾ ਮਹਾਰਾਸ਼ਟਰ ਦੇ ਮਨਵਾੜ ਸਟੇਸ਼ਨ ਵੱਲ ਚੱਲ ਪਏ। ਕੋਈ ਆਖੇ, ਉਹਦਾ ਗੱਡੀ ਚੜ੍ਹਦੇ ਦਾ ਪੈਰ ਤਿਲ੍ਹਕ ਗਿਆ ਹੋਊ, ਕੋਈ ਕਹੇ ਕਿਸੇ ਨੇ ਮਾਰ'ਤਾ ਹੋਊ ਜਾਂ ਆਤਮਘਾਤ ਕਰ ਲਿਆ ਹੋਊ! ਜਿੰਨੇ ਮੂੰਹ ਉਨੀਆਂ ਗੱਲਾਂ।

ਉਦਾਸੀ ਜਿੰਨਾ ਗੌਲਣਯੋਗ ਕਵੀ ਸੀ, ਉਨੀ ਹੀ ਅਣਗੌਲੀ ਉਹਦੀ ਮੌਤ ਹੋਈ। ਇਥੋਂ ਤਕ ਕਿ ਉਹਦੀ ਦੇਹ ਵੀ ਉਹਦੇ ਘਰ, ਉਹਦੇ ਪਿੰਡ ਨਾ ਲਿਆਂਦੀ ਗਈ। ਤਰਕਸ਼ੀਲ ਭਾਵੇਂ ਕੁਝ ਵੀ ਕਹਿਣ ਕਿ ਦੇਹ ਤਾਂ ਮਿੱਟੀ ਹੁੰਦੀ ਹੈ, ਕਿਤੇ ਵੀ ਸਮੇਟ ਦਿਓ, ਕੋਈ ਫਰਕ ਨਹੀਂ ਪੈਂਦਾ, ਪਰ ਉਦਾਸੀ ਨਾਲ ਅਖੀਰ ਵਿਚ ਜੋ ਹੋਈ, ਉਸ ਤੋਂ ਸਾਡੇ ਮਹਾਂਪੁਰਸ਼ਾਂ ਤੇ ਕਾਮਰੇਡਾਂ ਦੀ ਮਾਨਸਿਕਤਾ ਦਾ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ। ਲੱਖਾਂ ਲੋਕਾਂ ਦਾ ਕਵੀ ਜਿਸ ਨੂੰ ਨਕਸਲੀਆਂ ਨੇ ਸਟੇਜਾਂ 'ਤੇ ਵਰਤਿਆ ਤੇ ਧਰਮੀਆਂ ਨੇ ਦੀਵਾਨਾਂ ਵਿਚ, ਮਰਨ ਪਿੱਛੋਂ ਉਹਦੀ ਲਾਸ਼ ਘਰ ਨਾ ਪੁਚਾ ਸਕੇ। ਬੇਗਾਨਿਆਂ ਨੇ ਤਾਂ ਉਸ ਨੂੰ ਅਣਗੌਲਿਆਂ ਕਰਨਾ ਹੀ ਸੀ, ਉਹਦੇ 'ਆਪਣਿਆਂ' ਨੇ ਵੀ ਘੱਟ ਨਹੀਂ ਗੁਜ਼ਾਰੀ!

70ਵਿਆਂ ਵਿਚ ਨਕਸਲਬਾੜੀਏ ਕਈ ਗਰੁੱਪਾਂ 'ਚ ਵੰਡੇ ਜਾਣ ਕਰ ਕੇ ਉਦਾਸੀ ਵੀ ਗਰੁੱਪਾਂ ਵਿਚ ਵੰਡਿਆ ਗਿਆ। ਜੇ ਉਹ ਇਕ ਗਰੁੱਪ ਦੀ ਸਟੇਜ 'ਤੇ ਜਾਂਦਾ ਤਾਂ ਦੂਜਾ ਗਰੁੱਪ ਬਦਖੋਹੀ ਕਰਦਾ। ਕਈ ਸਾਥੀ ਉਹਦੇ ਲਾਲ ਕਿਲ੍ਹੇ ਤੋਂ ਕਵਿਤਾਵਾਂ ਪੜ੍ਹਨ ਉਤੇ ਔਖੇ ਹੁੰਦੇ। ਕਈਆਂ ਨੂੰ ਵਿਆਹਾਂ ਤੇ ਅਨੰਦ ਕਾਰਜਾਂ ਉਤੇ ਉਹਦਾ ਗਾਉਣਾ ਚੰਗਾ ਨਾ ਲੱਗਦਾ। ਕਈ ਇਸ ਲਈ ਔਖੇ ਸਨ ਕਿ ਉਦਾਸੀ ਨੇ ਜੱਸੋਵਾਲ ਤੋਂ ਸਿੱਕਿਆਂ ਨਾਲ ਤੁਲਣ ਦਾ ਸਨਮਾਨ ਕਿਉਂ ਲਿਆ? ਘਰੇਲੂ ਸਮੱਸਿਆਵਾਂ ਵੱਖ ਸਨ। 1984 ਤੋਂ ਉਦਾਸੀ ਮਾਨਸਿਕ ਤੌਰ 'ਤੇ ਦੁਖੀ ਰਹਿਣ ਲੱਗ ਪਿਆ ਸੀ। 1984 ਦੇ ਦਿੱਲੀ ਦੰਗਿਆਂ ਨੇ ਉਸ ਨੂੰ ਨੀਮ ਪਾਗਲ ਕਰ ਦਿੱਤਾ ਸੀ। 70ਵਿਆਂ ਵਿਚ ਉਸ ਨੂੰ ਪੁਲਿਸ ਤਸ਼ੱਦਦ ਨਾਲ ਹੋਏ ਸਰੀਰਕ ਨੁਕਸਾਨ ਦਾ ਇਲਾਜ ਕਰਵਾਉਣਾ ਪਿਆ, ਅੱਖਾਂ ਦਾ ਖਾਸ ਕਰ ਕੇ। ਨਿਗ੍ਹਾ ਬਿਨਾ ਉਹਤੋਂ ਪੜ੍ਹਿਆ-ਪੜ੍ਹਾਇਆ ਨਹੀਂ ਸੀ ਜਾਂਦਾ। ਦਿੱਲੀ ਦੇ ਸਿੱਖ ਕਤਲੇਆਮ ਨੇ ਉਸ ਨੂੰ ਮਾਨਸਿਕ ਤੌਰ 'ਤੇ ਹਿਲਾ ਦਿੱਤਾ। ਉਤੋਂ ਸਾਥੀਆਂ ਅਤੇ ਘਰਦਿਆਂ ਦੇ ਤਾਅਨੇ-ਮਿਹਣੇ ਲੈ ਬੈਠੇ। ਇਸ ਸਟੇਜ 'ਤੇ ਉਦਾਸੀ ਨੂੰ ਪਿਆਰ, ਹਮਦਰਦੀ ਤੇ ਹੌਸਲੇ ਦੀ ਲੋੜ ਸੀ ਜੋ ਕਿਸੇ ਨੇ ਨਾ ਦਿੱਤਾ। ਖਿਝਿਆ ਖਪਿਆ ਉਹ ਸਭ ਕੁਝ ਛੱਡ ਛੁਡਾ ਕੇ ਭੱਜਣ ਤੇ ਮਨੋ-ਮਨੀ ਸੰਨਿਆਸੀ ਹੋ ਜਾਣ ਬਾਰੇ ਸੋਚਣ ਲੱਗ ਪਿਆ ਸੀ।

ਨਵੰਬਰ 1986 ਵਿਚ ਉਹ ਹਜ਼ੂਰ ਸਾਹਿਬ ਕਵੀ ਦਰਬਾਰ 'ਤੇ ਗਿਆ ਤਾਂ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ। ਉਸ ਵਕਤ ਉਹ ਮਹਿਲ ਕਲਾਂ ਬਲਾਕ ਦੇ ਪਿੰਡ ਖਾਲਾ ਦੇ ਪ੍ਰਾਇਮਰੀ ਸਕੂਲ ਦਾ ਮੁੱਖ ਅਧਿਆਪਕ ਸੀ। ਜੇ ਉਸ ਦੀ ਸਕੂਲ ਦੇ ਸੈਂਟਰ ਇੰਚਾਰਜ ਨੂੰ ਦਿੱਤੀ ਅਰਜ਼ੀ ਧਿਆਨ ਨਾਲ ਪੜ੍ਹੀਏ ਤਾਂ ਸਾਫ ਪਤਾ ਲੱਗ ਜਾਂਦਾ ਹੈ ਕਿ ਉਹ ਸਭ ਕਾਸੇ ਤੋਂ ਉਪਰਾਮ ਸੀ। ਲਿਖਿਆ ਸੀ, "ਸ਼ਾਇਦ ਮੈਂ ਮੁੜ ਕੇ ਵਾਪਸ ਨਾ ਆਵਾਂ, ਇਸ ਲਈ ਮੇਰੀ ਨੌਕਰੀ ਦੇ ਸਾਰੇ ਬੈਨੀਫਿਟ ਮੇਰੀ ਪਤਨੀ ਅਤੇ ਪਰਿਵਾਰ ਨੂੰ ਦਿੱਤੇ ਜਾਣ।"

ਕੁਝ ਲੋਕ ਉਦਾਸੀ ਦੀ ਮੌਤ ਨੂੰ ਲਿਓ ਤਾਲਸਤਾਏ ਦੀ ਮੌਤ ਵਾਂਗ ਵੇਖਦੇ ਹਨ। ਤਾਲਸਤਾਏ ਆਪਣੇ ਪਰਿਵਾਰ ਤੋਂ ਉਪਰਾਮ ਹੋ ਕੇ ਅਕਤੂਬਰ 1910 ਦੀ ਇਕ ਬਰਫੀਲੀ ਰਾਤ ਨੂੰ ਘਰੋਂ ਨਿਕਲ ਗਿਆ ਸੀ ਤੇ ਫਿਰ ਉਹਦੀ ਲਾਸ਼ ਹੀ ਘਰ ਆਈ ਸੀ, ਪਰ ਉਦਾਸੀ ਦੀ ਤਾਂ ਲਾਸ਼ ਵੀ ਘਰ ਨਾ ਆ ਸਕੀ। ਨਾਲੇ ਤਾਲਸਤਾਏ 90 ਸਾਲ ਜੀਅ ਕੇ ਮਰਿਆ, ਉਦਾਸੀ 47 ਸਾਲ ਹੀ ਜੀਅ ਸਕਿਆ।



***ਉਦਾਸੀ ਜਿੰਨਾ ਗੌਲਣਯੋਗ ਕਵੀ ਸੀ, ਉਨੀ ਹੀ ਅਣਗੌਲੀ ਉਹਦੀ ਮੌਤ ਹੋਈ। ਇਥੋਂ ਤਕ ਕਿ ਉਹਦੀ ਦੇਹ ਵੀ ਉਹਦੇ ਘਰ, ਉਹਦੇ ਪਿੰਡ ਨਾ ਲਿਆਂਦੀ ਗਈ। ਲੱਖਾਂ ਲੋਕਾਂ ਦਾ ਕਵੀ ਜਿਸ ਨੂੰ ਨਕਸਲੀਆਂ ਨੇ ਸਟੇਜਾਂ 'ਤੇ ਵਰਤਿਆ ਤੇ ਧਰਮੀਆਂ ਨੇ ਦੀਵਾਨਾਂ ਵਿਚ, ਮਰਨ ਪਿੱਛੋਂ ਉਹਦੀ ਲਾਸ਼ ਘਰ ਨਾ ਪੁਚਾ ਸਕੇ। ਬੇਗਾਨਿਆਂ ਨੇ ਤਾਂ ਉਸ ਨੂੰ ਅਣਗੌਲਿਆਂ ਕਰਨਾ ਹੀ ਸੀ, ਉਹਦੇ 'ਆਪਣਿਆਂ' ਨੇ ਵੀ ਘੱਟ ਨਹੀਂ ਗੁਜ਼ਾਰੀ! 70ਵਿਆਂ ਵਿਚ ਨਕਸਲਬਾੜੀਏ ਕਈ ਗਰੁੱਪਾਂ ਵਿਚ ਵੰਡੇ ਜਾਣ ਕਰ ਕੇ ਉਦਾਸੀ ਵੀ ਗਰੁੱਪਾਂ ਵਿਚ ਵੰਡਿਆ ਗਿਆ।***

ਚਲਾਣੇ ਤੋਂ ਕੁਝ ਘੰਟੇ ਪਹਿਲਾਂ ਉਦਾਸੀ ਨੇ ਜਿਸ ਸੱਜਣ ਨਾਲ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ, ਉਹ ਉਹਦਾ ਨਕਸਲਬਾੜੀ ਲਹਿਰ ਵੇਲੇ ਦਾ ਦੋਸਤ, ਢੁੱਡੀਕੇ ਕਾਲਜ ਦਾ ਪੁਰਾਣਾ ਵਿਦਿਆਰਥੀ ਗੁਰਚਰਨ ਸਿੰਘ ਸੰਘਾ ਸੀ। ਉਹ ਉਸ ਦੀ ਮਾਨਸਿਕ ਹਾਲਤ ਦਾ ਚਸ਼ਮਦੀਦ ਗਵਾਹ ਹੈ, ਜਾਂ ਫਿਰ ਡਾ. ਬਲਕਾਰ ਸਿੰਘ ਹੈ ਜਿਸ ਨਾਲ ਸਫਰ ਕਰਦਿਆਂ ਉਦਾਸੀ ਦੀ ਮੌਤ ਹੋਈ। ਦੋਵੇਂ ਬੰਦੇ ਜੀਂਦੇ ਜਾਗਦੇ ਹਨ ਅਤੇ ਉਨ੍ਹਾਂ ਨੇ ਉਦਾਸੀ ਦੇ ਅੰਤਲੇ ਸਮੇਂ ਦਾ ਕੁਝ ਵੇਰਵਾ ਵੀ ਕਲਮਬੱਧ ਕੀਤਾ ਹੈ।

ਗੁਰਚਰਨ ਸਿੰਘ ਸੰਘਾ ਨੇ ਆਪਣੇ ਲੇਖ 'ਲੋਕ ਕਵੀ ਸੰਤ ਰਾਮ ਉਦਾਸੀ ਦਾ ਅੰਤਲਾ ਸਮਾਂ' ਵਿਚ ਲਿਖਿਆ ਹੈ- ਗੱਲ 1972-73 ਦੀ ਹੈ ਜਦ ਸੰਤ ਰਾਮ ਉਦਾਸੀ ਲੋਕਾਂ ਦੇ ਦਿਲ ਦੀ ਆਵਾਜ਼ ਬਣ ਗਿਆ ਸੀ। ਉਸ ਨੇ ਨਾਹਰਾ ਦਿੱਤਾ ਸੀ, "ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ।" ਖੈਰ! ਮੇਰਾ ਵਿਸ਼ਾ ਉਸ ਦੀ ਕਵਿਤਾ ਨਹੀਂ। ਮੈਂ ਬਹੁਤ ਕੁਝ ਲਿਖ ਸਕਦਾ ਹਾਂ, ਉਸ ਦੀ ਜਵਾਨੀ ਦੇ ਦਿਨਾਂ ਬਾਰੇ, ਉਸ ਦੇ ਘਰ ਦੀ ਸਥਿਤੀ ਬਾਰੇ, ਉਸ ਦੇ ਕਲਮੀ ਸਫ਼ਰ ਬਾਰੇ ਅਤੇ ਇਸ ਤੋਂ ਕਿਤੇ ਵੱਧ ਉਸ ਸਮੇਂ ਬਾਰੇ ਜਦ ਉਸ ਨੇ ਜ਼ਿੰਦਗੀ ਦਾ ਮੋੜ ਕੱਟਦਿਆਂ ਆਪਣੇ ਆਪ ਨੂੰ ਨਕਸਲਬਾੜੀ ਲਹਿਰ ਨਾਲ ਜੋੜ ਕੇ ਆਪਣੇ ਪਿੰਡੇ 'ਤੇ ਜ਼ੁਲਮ ਤਸ਼ੱਦਦ ਝੱਲਣ ਲਈ ਆਪਣੇ ਆਪ ਨੂੰ ਤਿਆਰ ਕੀਤਾ ਸੀ। ਮੈਂ ਉਸ ਸਮੇਂ ਢੁੱਡੀਕੇ ਦੇ ਲਾਲਾ ਲਾਜਪਤ ਰਾਏ ਕਾਲਜ ਦਾ ਵਿਦਿਆਰਥੀ ਸੀ। ਨਵੇਂ ਸਿਰਜੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਸੀਂ ਵੀ ਇਸ ਲਹਿਰ ਦਾ ਹਿੱਸਾ ਬਣੇ। ਇਹ ਉਹ ਸਮਾਂ ਸੀ ਜਦ ਪੰਜਾਬ ਦੇ ਕਾਲਜਾਂ ਦੇ 90 ਫੀਸਦੀ ਵਿਦਿਆਰਥੀ ਇਸ ਲਹਿਰ ਦਾ ਹਿੱਸਾ ਬਣੇ।

ਸੰਘਾ ਦੱਸਦਾ ਹੈ- ਉਦਾਸੀ ਤੇ ਮੈਂ ਸਮੇਂ ਦੇ ਥਪੇੜਿਆਂ ਦਾ ਮੁਕਾਬਲਾ ਕਰਨ ਲਈ ਵੱਖਰੇ-ਵੱਖਰੇ ਰਾਹ ਚੁਣ ਬੈਠੇ, ਕਿਸੇ ਹੋਰ ਕ੍ਰਾਂਤੀ ਦੀ ਉਡੀਕ ਵਿਚ, ਕਿਉਂਕਿ ਸਾਡੇ ਸੁਪਨਿਆਂ ਦੀ ਲਹਿਰ ਫੇਲ੍ਹ ਹੋ ਗਈ ਸੀ। ਮੈਂ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਵੱਲੋਂ ਚਲਾਏ ਜਾ ਰਹੇ ਧਾਰਮਿਕ ਮਾਸਕ ਰਸਾਲੇ 'ਸੱਚਖੰਡ ਪੱਤਰ' ਦਾ ਸੰਪਾਦਕ ਬਣ ਗਿਆ, ਉਂਜ ਉਦਾਸੀ ਨਾਲ ਸੰਪਰਕ ਬਣਿਆ ਰਿਹਾ। ਅਸੀਂ ਬਾਘੇ ਪੁਰਾਣੇ ਸਾਹਿਤ ਸਭਾ ਦੀ ਮੀਟਿੰਗ ਵਿਚ ਮਿਲੇ। ਉਥੇ ਫੈਸਲਾ ਹੋਇਆ ਕਿ ਨਾਂਦੇੜ ਵਿਖੇ ਗੁਰਗੱਦੀ ਦਿਹਾੜੇ 'ਤੇ ਜਿਹੜਾ ਕਵੀ ਦਰਬਾਰ ਹੋ ਰਿਹਾ ਹੈ, ਉਸ ਵਿਚ ਉਦਾਸੀ ਵੀ ਜ਼ਰੂਰ ਸ਼ਾਮਲ ਹੋਵੇਗਾ। ਇਹ ਗੱਲ 1986 ਦੀ ਹੈ। ਮੈਂ ਇਸ ਵਾਰ ਉਸਾਰੂ ਸੋਚ ਵਾਲੇ ਕਵੀ, ਕਥਾਕਾਰ ਤੇ ਵਿਦਵਾਨ ਹੀ ਬੁਲਾਏ ਸਨ ਜਿਨ੍ਹਾਂ ਵਿਚ ਡਾ. ਬਲਕਾਰ ਸਿੰਘ ਵੀ ਸ਼ਾਮਲ ਸੀ।

ਪਹਿਲੀ ਨਵੰਬਰ 1986 ਤੋਂ ਇਹ ਪ੍ਰੋਗਰਾਮ ਸ਼ੁਰੂ ਹੋਏ। ਅਖੀਰਲੀ ਰਾਤ 5 ਨਵੰਬਰ ਨੂੰ ਬੜਾ ਕਵੀ ਦਰਬਾਰ ਹੋਇਆ ਜਿਸ ਵਿਚ ਉਦਾਸੀ ਬਾਜ਼ੀ ਲੈ ਗਿਆ। 17 ਕਵੀਆਂ ਵਿਚੋਂ ਉਹ ਇਕੱਲਾ ਹੀ ਸੀ ਜਿਸ ਨੂੰ ਸੰਗਤ ਦੀ ਪੁਰਜ਼ੋਰ ਫਰਮਾਇਸ਼ 'ਤੇ ਦੁਬਾਰਾ ਸੁਣਨ ਲਈ ਸਟੇਜ 'ਤੇ ਬੁਲਾਇਆ ਗਿਆ ਸੀ। ਉਸ ਨੂੰ ਸੁਣਨ ਲਈ ਸਰੋਤੇ ਰਾਤ ਦੇ ਦੋ ਵਜੇ ਤਕ ਬੈਠੇ ਰਹੇ। ਉਸ ਵਕਤ ਮੇਰੇ ਯਾਦ-ਚਿਤ ਵੀ ਨਹੀਂ ਸੀ ਕਿ ਇਹ ਆਵਾਜ਼ ਅੱਜ ਆਖਰੀ ਹੋਕਾ ਦੇ ਕੇ ਕੁਝ ਘੰਟਿਆਂ ਨੂੰ ਸਦਾ ਸਦਾ ਲਈ ਸ਼ਾਂਤ ਹੋ ਜਾਵੇਗੀ। ਕਵੀ ਦਰਬਾਰ ਤੋਂ ਬਾਅਦ ਮੈਂ ਅਤੇ ਉਦਾਸੀ 2:45 ਵਜੇ ਤੱਕ ਇਕੱਠੇ ਬੈਠੇ ਰਹੇ ਤੇ ਬਹੁਤ ਗੱਲਾਂ ਕੀਤੀਆਂ...।

'ਬਹੁਤ' ਗੱਲਾਂ ਦਾ ਵੇਰਵਾ ਦੇਣਾ ਸੰਘਾ ਮੁਨਾਸਬ ਨਹੀਂ ਸਮਝਦਾ।

**ਡਾ. ਬਲਕਾਰ ਸਿੰਘ ਦਾ ਬਿਆਨ:** ਸੰਤ ਰਾਮ ਉਦਾਸੀ ਨੇ ਜਿਉਂਦੇ ਜੀਅ ਹੀ ਬਹੁਤ ਸਾਰੇ ਬੰਧਨਾਂ ਤੋਂ ਮੁਕਤੀ ਹਾਸਲ ਕਰ ਲਈ ਸੀ, ਕਿਉਂਕਿ ਕਵਿਤਾ ਹੀ ਉਸ ਦਾ ਜੀਵਨ ਸੀ। ਉਸ ਨੇ ਕਵਿਤਾ ਲਿਖਣ ਨਾਲੋਂ ਹੰਢਾਈ ਵੱਧ ਸੀ... ਨਿਰਸੰਦੇਹ ਉਹ ਖੱਬੇ ਪੱਖੀ ਸੋਚ ਨਾਲ ਆਖਰੀ ਦਮ ਤੱਕ ਜੁੜਿਆ ਰਿਹਾ, ਪਰ ਇਸ ਸੋਚ ਨੂੰ ਵੀ ਉਸ ਨੇ ਆਪਣੀ ਕਲਾ 'ਤੇ ਭਾਰੂ ਨਹੀਂ ਹੋਣ ਦਿੱਤਾ। ਦਲਿਤ ਚੇਤਨਾ ਉਸ ਦਾ ਇਸ਼ਕ ਸੀ, ਕਿਉਂਕਿ ਇਹ ਦਰਦ ਉਸ ਨੇ ਹੱਡੀਂ ਹੰਢਾਇਆ ਸੀ ਅਤੇ ਦਲਿਤਾਂ ਪ੍ਰਤੀ ਤੜਫ ਦਾ ਹੱਲ ਉਸ ਨੇ ਖੱਬੇ ਪੱਖੀ ਸੋਚ ਵਿਚੋਂ ਸੰਭਵ ਹੁੰਦਾ ਪ੍ਰਵਾਨ ਕੀਤਾ ਹੋਇਆ ਸੀ।... ਇਤਫ਼ਾਕ ਹੈ ਕਿ ਜ਼ਿੰਦਗੀ ਦੇ ਆਖਰੀ ਪਲਾਂ ਵਿਚ ਉਸ ਕੋਲ ਕੇਵਲ ਮੈਂ ਹੀ ਸਾਂ। ਉਸ ਨੂੰ ਕਵੀ ਵਜੋਂ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੱਦਿਆ ਗਿਆ ਸੀ, ਤੇ ਮੈਂ ਵੀ ਉਥੇ ਲੈਕਚਰ ਦੇਣਾ ਸੀ। ਉਦਾਸੀ ਵਿਛੜਿਆਂ ਵਾਂਗ ਮੈਨੂੰ ਮਿਲਿਆ ਅਤੇ ਮੇਰੇ ਨਾਲ ਆਪਣੇ ਪਰਿਵਾਰ ਬਾਰੇ ਬਹੁਤ ਗੱਲਾਂ ਕਰਦਾ ਰਿਹਾ। ਉਹ ਸ਼ਿਕਾਇਤਾਂ ਨਾਲ ਭਰਿਆ ਪਿਆ ਸੀ ਅਤੇ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਟੁੱਟਿਆ ਹੋਇਆ ਸੀ। ਕਵੀ ਦਰਬਾਰ ਵਿਚ ਉਸ ਨੇ ਸਿੱਖੀ ਨਾਲ ਜੁੜੇ ਆਪਣੇ ਗੀਤਾਂ ਨੂੰ ਇੰਨਾ ਭਿੱਜ ਕੇ ਗਾਇਆ ਕਿ ਮੈਨੂੰ ਡਰ ਲੱਗਦਾ ਸੀ, ਕਿਤੇ ਇੰਨੀ ਉਚੀ ਸੁਰ ਉਸ ਦਾ ਸਰੀਰਕ ਨੁਕਸਾਨ ਨਾ ਕਰ ਦੇਵੇ? ਉਸ ਦੀ ਗਾਇਕੀ ਦਾ ਬਹੁਤ ਚੰਗਾ ਪ੍ਰਭਾਵ ਪਿਆ। ਉਹ ਆਪਣੇ ਸਾਥੀ ਕਵੀਆਂ ਨਾਲ ਠਹਿਰਿਆ ਹੋਇਆ ਸੀ, ਪਰ ਮੌਕਾ ਮਿਲਦਿਆਂ ਹੀ ਮੇਰੇ ਨਾਲ ਦੁਖ-ਸੁਖ ਫੋਲਣ ਲੱਗ ਪੈਂਦਾ। ਦੁਖ-ਸੁਖ ਫੋਲਣ ਦਾ ਜਜ਼ਬਾ ਇੰਨਾ ਹਾਵੀ ਸੀ ਕਿ ਉਹ ਆਪਾ-ਵਿਰੋਧੀ ਵੀ ਹੋ ਜਾਂਦਾ ਸੀ। ਲੱਗਦਾ ਸੀ ਜਿਵੇਂ ਉਸ ਦਾ ਭਰੋਸਾ ਟੁੱਟ ਗਿਆ ਹੋਵੇ। ਮਨ ਉਖੜਿਆ ਹੋਇਆ ਸੀ ਅਤੇ ਉਹ ਭਜੂੰ-ਭਜੂੰ ਕਰਦਾ ਸੀ। ਉਦਾਸੀ ਨੇ ਮੈਨੂੰ ਹੰਮ੍ਹੇ ਨਾਲ ਕਿਹਾ ਸੀ ਕਿ ਮੈਂ ਉਸ ਨੂੰ ਵਾਪਸੀ ਉਤੇ ਨਾਲ ਲੈ ਕੇ ਚੱਲਾਂ। ਮੈਂ ਸਮਝਾਇਆ ਕਿ ਉਹ ਕਵੀ ਦੋਸਤਾਂ ਨਾਲ ਹੀ ਆਵੇ, ਪਰ ਉਸ ਨੇ ਜਿਸ ਤਰ੍ਹਾਂ ਅਤੇ ਜਿਸ ਲਹਿਜੇ ਵਿਚ ਜ਼ਿੱਦ ਕੀਤੀ, ਉਸ ਨੂੰ ਮੈਂ ਟਾਲ ਨਾ ਸਕਿਆ। ਦੋ ਸੀਟਾਂ ਦੀ ਰਿਜ਼ਰਵੇਸ਼ਨ ਦਾ ਪ੍ਰਬੰਧ ਤਖਤ ਸਾਹਿਬ ਵੱਲੋਂ ਸ. ਗੁਰਚਰਨ ਸਿੰਘ ਸੰਘਾ ਨੇ ਕਰ ਲਿਆ।

ਮੈਂ ਤਿਆਰ ਹੋਣ ਤੋਂ ਪਹਿਲਾਂ ਉਦਾਸੀ ਨੂੰ ਜਗਾ ਆਇਆ ਸੀ, ਪਰ ਜਦੋਂ ਮੈਂ ਤਿਆਰ ਹੋ ਕੇ ਉਸ ਨੂੰ ਲੈਣ ਗਿਆ ਤਾਂ ਉਹ ਅਜੇ ਸੁੱਤਾ ਪਿਆ ਸੀ। ਸੁਭਾਅ ਮੁਤਾਬਿਕ ਤਾਂ ਮੈਨੂੰ ਚਲੇ ਜਾਣਾ ਚਾਹੀਦਾ ਸੀ, ਪਰ ਪਤਾ ਨਹੀਂ ਕਿਉਂ, ਮੈਂ ਉਸ ਨੂੰ ਉਠਾਇਆ ਅਤੇ ਗੱਡੀ ਨਿਕਲ ਜਾਣ ਦੀ ਸੰਭਾਵਨਾ ਬਾਰੇ ਤਾੜਨਾ ਕੀਤੀ। ਉਹ ਚਾਹ ਪੀਣੀ ਚਾਹੁੰਦਾ ਸੀ, ਪਰ ਮੈਂ ਉਸ ਨੂੰ ਸਟੇਸ਼ਨ 'ਤੇ ਜਾ ਕੇ ਚਾਹ ਪੀਣ ਲਈ ਮਨਾ ਲਿਆ। ਉਹ ਦਾਇਮੀ ਬਿਮਾਰਾਂ ਵਾਂਗ ਤਿਆਰ ਹੋਇਆ। ਰਿਕਸ਼ੇ ਵਿਚ ਬੈਠਣ ਵੇਲੇ ਮੈਨੂੰ ਪਤਾ ਲੱਗਾ ਕਿ ਉਸ ਨੇ ਰਾਤੀਂ ਸ਼ਰਾਬ ਪੀਤੀ ਸੀ ਅਤੇ ਟੋਟ ਕਰ ਕੇ ਵੀ ਉਸ ਦਾ ਹਾਲ ਮਾੜਾ ਸੀ। ਮੈਂ ਖਿਝ ਗਿਆ ਅਤੇ ਬੋਲਣਾ ਬਿਲਕੁਲ ਨਹੀਂ ਸੀ ਚਾਹੁੰਦਾ, ਪਰ ਉਦਾਸੀ ਚੁੱਪ ਰਹਿਣ ਵਾਸਤੇ ਤਿਆਰ ਨਹੀਂ ਸੀ। ਉਸ ਨੇ ਸਟੇਸ਼ਨ ਤੱਕ ਜਾਂਦਿਆਂ ਬਹੁਤ ਗੱਲਾਂ ਕੀਤੀਆਂ। ਮੈਨੂੰ ਉਦੋਂ ਵੀ ਚੇਤਾ ਨਹੀਂ ਸੀ ਕਿ ਉਸ ਨੇ ਕੀ ਕਿਹਾ, ਕਿਉਂਕਿ ਮੈਂ ਉਸ ਨੂੰ ਸੁਣ ਹੀ ਨਹੀਂ ਸੀ ਰਿਹਾ। ਗੱਡੀ ਕੁਝ ਲੇਟ ਸੀ ਅਤੇ ਉਥੇ ਉਦਾਸੀ ਨੇ ਫਿਰ ਆਪਣੇ ਝੋਰਿਆਂ ਅਤੇ ਸ਼ਿਕਵਿਆਂ ਦਾ ਕਿੱਸਾ ਛੋਹ ਲਿਆ...।

ਗੱਡੀ ਆਈ ਤਾਂ ਚੜ੍ਹਨ ਸਾਰ ਉਦਾਸੀ ਨੇ ਕਿਹਾ ਕਿ ਉਸ ਦਾ ਸੌਣ ਨੂੰ ਜੀਅ ਕਰਦੈ। ਉਪਰਲੀ ਸੀਟ 'ਤੇ ਬੈਠੇ ਇਕ ਯਾਤਰੂ ਨੂੰ ਉਦਾਸੀ ਦੇ ਬਿਮਾਰ ਹੋਣ ਦਾ ਬਹਾਨਾ ਲਾ ਕੇ ਮੈਂ ਸੀਟ ਦੇਣ ਲਈ ਕਿਹਾ ਤਾਂ ਉਹ ਮੰਨ ਗਿਆ। ਉਦਾਸੀ ਨੇ ਬੈਗ ਸਿਰਹਾਣੇ ਰੱਖਿਆ ਅਤੇ ਝੱਟ ਹੀ ਸੌਂ ਗਿਆ। ਉਸੇ ਹੀ ਡੱਬੇ ਵਿਚ 4-5 ਸਿੱਖ ਹੋਰ ਬੈਠੇ ਸਨ, ਮੈਂ ਉਨ੍ਹਾਂ ਕੋਲ ਜਾ ਬੈਠਾ। ਉਨ੍ਹਾਂ ਵਿਚ ਰੇਲਵੇ ਦਾ ਇਕ ਸੇਵਾ ਮੁਕਤ ਟੀ.ਟੀ. ਵੀ ਸੀ ਜੋ ਦੀਵਾਨ ਵਿਚ ਮੈਨੂੰ ਤੇ ਉਦਾਸੀ ਨੂੰ ਸੁਣ ਚੁੱਕਾ ਸੀ। ਸਫ਼ਰ ਦੌਰਾਨ ਦੀਵਾਨ ਦੀਆਂ ਗੱਲਾਂ ਚੱਲਦੀਆਂ ਰਹੀਆਂ। ਔਰੰਗਾਬਾਦ ਆਇਆ ਤਾਂ ਮੈਂ ਸੋਚਿਆ, ਉਦਾਸੀ ਨੂੰ ਚਾਹ ਪੁੱਛ ਲਵਾਂ। ਕੋਲ ਜਾ ਕੇ ਮੈਂ ਇਕ-ਦੋ ਆਵਾਜ਼ਾਂ ਮਾਰੀਆਂ, ਉਹ ਬੋਲਿਆ ਨਹੀਂ। ਮੈਂ ਸੁੱਤਾ ਸਮਝ ਕੇ ਚੁੱਪ ਕਰ ਗਿਆ। ਮਨਮਾੜ ਤੋਂ ਦੋ-ਤਿੰਨ ਸਟੇਸ਼ਨ ਪਹਿਲਾਂ ਮੈਂ ਉਦਾਸੀ ਨੂੰ ਜਗਾਉਣ ਦਾ ਮਨ ਬਣਾ ਕੇ ਫਿਰ ਆਵਾਜ਼ਾਂ ਮਾਰੀਆਂ। ਜਦੋਂ ਉਹ ਨਾ ਬੋਲਿਆ ਤਾਂ ਮੈਂ ਹਲੂਣ ਕੇ ਉਠਾਉਣ ਦੀ ਕੋਸ਼ਿਸ਼ ਕੀਤੀ। ਹੱਥ ਲਾਉਂਦਿਆਂ ਹੀ ਮੇਰੀਆਂ ਲੱਤਾਂ ਦੀ ਜਾਨ ਜਾਂਦੀ ਰਹੀ। ਮਰਨ ਤੋਂ ਪਹਿਲਾਂ ਮਰਨ ਦੀ ਇਹ ਘੜੀ ਅੱਜ ਵੀ ਮੇਰੇ ਅੰਦਰ ਕੰਬਣੀ ਛੇੜ ਜਾਂਦੀ ਹੈ। ਡੱਬੇ ਵਿਚ ਬਹੁਤ ਘੱਟ ਸਵਾਰੀਆਂ ਸਨ ਅਤੇ ਉਹ ਸਰਦਾਰ ਸਵਾਰੀਆਂ ਦੂਰ ਸਨ, ਪਰ ਮੇਰੇ ਵੱਲ ਉਨ੍ਹਾਂ ਦੀ ਨਿਗ੍ਹਾ ਸੀ। ਬਹੁਤ ਮੁਸ਼ਕਲ ਨਾਲ ਮੈਂ ਉਨ੍ਹਾਂ ਤੱਕ ਪਹੁੰਚਿਆ ਤੇ ਦੱਸਿਆ ਕਿ ਮੇਰੇ ਦੋਸਤ ਨੂੰ ਪਤਾ ਨਹੀਂ ਕੀ ਹੋ ਗਿਆ ਹੈ।

ਉਨ੍ਹਾਂ ਵਿਚੋਂ ਟੀ.ਟੀ. ਰਹਿ ਚੁੱਕਾ ਸਿੰਘ ਉਠ ਕੇ ਮੇਰੇ ਨਾਲ ਆਇਆ ਅਤੇ ਉਸ ਨੇ ਵੀ ਉਦਾਸੀ ਨੂੰ ਹਿਲਾ ਕੇ ਵੇਖਿਆ। ਪੁੱਛਣ ਲੱਗਾ, ਬਿਮਾਰ ਸਨ? ਮੈਂ ਦੱਸਿਆ ਕਿ ਅੱਜ ਤਾਂ ਠੀਕ ਸੀ, ਪਰ ਮੈਂ ਇਸ ਨੂੰ ਬਹੁਤ ਦੇਰ ਬਾਅਦ ਮਿਲਿਆ ਹਾਂ, ਮੈਨੂੰ ਬਹੁਤਾ ਪਤਾ ਨਹੀਂ। ਉਸ ਨੇ ਸਲਾਹ ਦਿੱਤੀ ਕਿ ਮੈਂ ਆਪਣੇ ਆਪ ਨੂੰ ਸੰਭਾਲਾਂ ਅਤੇ ਮਨਵਾੜ ਜਾ ਕੇ ਹੀ ਰਿਪੋਰਟ ਕਰਾਂ, ਕਿਉਂਕਿ ਛੋਟੇ ਸਟੇਸ਼ਨਾਂ

*(ਬਾਕੀ ਅਗਲੇ ਸਫੇ 'ਤੇ)*

ਉਤੇ ਪ੍ਰਬੰਧ ਬਹੁਤ ਘੱਟ ਹੁੰਦੇ ਹਨ ਅਤੇ ਇਹੋ ਜਿਹੇ ਕੇਸਾਂ ਵਿਚ ਖੱਜਲ-ਖੁਆਰੀ ਦੀ ਸੰਭਾਵਨਾ ਵੱਧ ਹੁੰਦੀ ਹੈ। ਉਦਾਸੀ ਦੇ ਮਰ ਜਾਣ ਦੇ ਸੱਚ ਨੇ ਮੇਰੀ ਸੋਚ ਜਾਮ ਕਰ ਦਿੱਤੀ ਸੀ। ਉਸੇ ਸਿੰਘ ਨੇ ਮੈਨੂੰ ਸਮਝਾਇਆ ਕਿ ਸਭ ਤੋਂ ਪਹਿਲਾਂ ਮੈਂ ਪੁਲਿਸ ਨੂੰ ਸੂਚਨਾ ਦਿਆਂ। ਉਸ ਨੇ ਇਹ ਯਕੀਨ ਵੀ ਦਿਵਾਇਆ ਕਿ ਪਰਦੇਸ ਦਾ ਮਾਮਲਾ ਹੈ, ਮਨਵਾੜ ਦੇ ਪਤਵੰਤੇ ਸਿੱਖਾਂ ਨੂੰ ਗੱਡੀ ਤੋਂ ਉਤਰਦਿਆਂ ਹੀ ਮਦਦ ਲਈ ਉਹ ਸੂਚਿਤ ਕਰੇਗਾ ਅਤੇ ਤਖਤ ਸਾਹਿਬ, ਨਾਂਦੇੜ ਦੇ ਪ੍ਰਬੰਧਕਾਂ ਨੂੰ ਵੀ ਇਸ ਘਟਨਾ ਬਾਰੇ ਦੱਸ ਦੇਵੇਗਾ। ਮਨਮਾੜ ਪਹੁੰਚਣ ਤੱਕ ਮੈਂ ਵੀ ਕੁਝ ਸੰਭਲ ਗਿਆ ਸੀ। ਸਟੇਸ਼ਨ 'ਤੇ ਫਿਰਦੇ ਸਿਪਾਹੀ ਨੂੰ ਮੈਂ ਦੱਸਿਆ, 'ਮੇਰੇ ਦੋਸਤ ਦੀ ਡੱਬੇ ਵਿਚ ਮੌਤ ਹੋ ਗਈ ਹੈ। ਮੈਨੂੰ ਪੁਲਿਸ ਦੀ ਮਦਦ ਦੀ ਲੋੜ ਹੈ।' ਸਿਪਾਹੀ ਨੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਮੈਂ ਉਸ ਨੂੰ ਆਪਣੀ ਪਛਾਣ ਕਰਵਾਈ ਅਤੇ ਹੌਸਲੇ ਨਾਲ ਕਿਹਾ ਕਿ ਆਪਣੇ ਅਫਸਰ ਨੂੰ ਸੂਚਨਾ ਦਿਉ ਅਤੇ ਲੋੜੀਂਦਾ ਪ੍ਰਬੰਧ ਕਰੋ। ਉਸ ਨੇ ਹੋਰ ਪੁਲਿਸ ਵਾਲੇ ਬੁਲਾ ਲਏ ਅਤੇ ਮੈਨੂੰ ਨਾਲ ਲੈ ਕੇ ਲਾਸ਼ ਡੱਬੇ ਵਿਚੋਂ ਉਤਾਰ ਕੇ ਸਟੇਸ਼ਨ 'ਤੇ ਬਣੇ ਥਾਣੇ ਵਿਚ ਲੈ ਗਏ। ਤੀਹ ਕੁ ਸਾਲ ਦੇ ਇੰਸਪੈਕਟਰ ਨੇ ਮੈਨੂੰ ਪਾਣੀ ਪਿਆਇਆ, ਚਾਹ ਪੁੱਛੀ ਅਤੇ ਹੌਸਲਾ ਰੱਖਣ ਲਈ ਕਿਹਾ। ਇੰਨੇ ਨਾਲ ਹੀ ਮੇਰੀ ਜਾਨ ਵਿਚ ਜਾਨ ਆ ਗਈ, ਕਿਉਂਕਿ ਪੁਲਿਸ ਅਫਸਰ ਦਾ ਇਹ ਵਤੀਰਾ ਮੇਰੇ ਲਈ ਬਿਲਕੁਲ ਓਪਰਾ ਸੀ।

...ਮੈਂ ਬਰਨਾਲੇ ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਦੁਕਾਨ 'ਤੇ ਪਹੁੰਚਿਆ। ਉਥੇ ਸਾਹਿਤ ਸਭਾ ਦੀ ਮੀਟਿੰਗ ਹੋ ਰਹੀ ਸੀ। ਪੁਰਾਣੇ ਦੋਸਤ ਮੈਨੂੰ ਦੇਖ ਖੁਸ਼ ਹੋ ਗਏ, ਪਰ ਛੇਤੀ ਹੀ ਮੇਰੀਆਂ ਉਡੀਆਂ ਹਵਾਈਆਂ ਦਾ ਸਬੱਬ ਪੁੱਛਿਆ। ਭਰੇ ਮਨ ਨਾਲ ਸੱਚ ਬਿਆਨ ਕਰ ਦਿੱਤਾ। ਉਨ੍ਹਾਂ ਉਦਾਸੀ ਦੇ ਘਰਦਿਆਂ ਨੂੰ ਸੂਚਿਤ ਕਰਨ ਦਾ ਜ਼ਿੰਮਾ ਲੈ ਲਿਆ ਸੀ। ਮੈਂ ਮੁੜ ਕੇ ਇਸ ਘਟਨਾ ਨਾਲ ਸਬੰਧਤ ਕਿਸੇ ਵੀ ਕੜੀ ਦੀ ਪੜਤਾਲ ਦਾ ਹੌਸਲਾ ਨਹੀਂ ਕੀਤਾ, ਕਿਉਂਕਿ ਇਸ ਘਟਨਾ ਨੂੰ ਬਿਨਾ ਪੜਤਾਲ ਕੀਤਿਆਂ ਅਰਥ ਦਿੱਤੇ ਜਾਣ ਦੀਆਂ ਖਬਰਾਂ ਅਖਬਾਰਾਂ ਵਿਚ ਛਪਣ ਲੱਗ ਪਈਆਂ ਸਨ। ਇਹ ਸੱਚ ਹੈ ਕਿ ਉਦਾਸੀ ਦੇ ਅੰਤਲੇ ਪਲਾਂ ਵਿਚ ਮੈਂ ਉਸ ਦੇ ਕੰਮ ਵੀ ਨਹੀਂ ਆ ਸਕਿਆ, ਕਿਉਂਕਿ ਉਸ ਨੇ ਮੌਕਾ ਹੀ ਨਹੀਂ ਦਿੱਤਾ। ਬੇਗਾਨੀ ਧਰਤੀ 'ਤੇ ਉਦਾਸੀ ਦੇ ਚਲ ਵਸਣ ਨਾਲ ਜੁੜੇ ਪ੍ਰਸ਼ਨਾਂ ਦੀ ਕੋਈ ਲੋੜ ਹੀ ਨਹੀਂ ਹੈ, ਕਿਉਂਕਿ ਮੈਂ ਤਾਂ ਪਾਟੀ ਹੋਈ ਮਾਨਸਿਕਤਾ ਅਤੇ ਸ਼ਿਕਵਿਆਂ ਨਾਲ ਭਰੇ ਉਦਾਸੀ ਨੂੰ ਨਾਲ ਲਿਆ ਰਿਹਾ ਸੀ...।

ਡਾ. ਬਲਕਾਰ ਸਿੰਘ ਮੁਤਾਬਕ, ਉਸ ਸਮੇਂ ਲਾਸ਼ ਪੰਜਾਬ ਲਿਆਉਣਾ ਸੰਭਵ ਨਾ ਹੋਣ ਕਰ ਕੇ ਫੈਸਲਾ ਉਥੇ ਹੀ ਸਸਕਾਰ ਕਰਨ ਦਾ ਉਥੇ ਹਾਜ਼ਰ ਲੋਕਾਂ ਨੇ ਹੀ ਲੈ ਲਿਆ ਸੀ। ਮੈਂ ਨਿੱਜੀ ਤੌਰ 'ਤੇ ਲਾਸ਼ ਨੂੰ ਪੰਜਾਬ ਲਿਆਉਣਾ ਚਾਹੁੰਦਾ ਸੀ, ਪਰ ਇਸ ਵਾਸਤੇ ਲੋੜੀਂਦੀਆਂ ਸਹੂਲਤਾਂ ਦੀ ਸੰਭਾਵਨਾ ਨਾ ਹੋਣ ਕਰ ਕੇ ਮੈਂ ਜ਼ਿੱਦ ਨਾ ਕੀਤੀ।

**ਗੁਰਚਰਨ ਸਿੰਘ ਸੰਘਾ ਦਾ ਬਿਆਨ:** ਮੈਂ ਧੰਨਵਾਦੀ ਹਾਂ ਸ. ਮੋਹਨ ਸਿੰਘ (ਟੀ.ਟੀ.) ਦਾ ਜਿਸ ਨੇ ਆਪਣੀ ਜ਼ਿੰਮੇਵਾਰੀ 'ਤੇ ਆਪਣੀ ਜ਼ਾਮਨੀ ਦੇ ਕੇ ਉਦਾਸੀ ਦਾ ਸਰੀਰ ਮਨਮਾੜ ਵਿਖੇ ਉਤਰਵਾਇਆ ਅਤੇ ਆਪਣੀ ਜ਼ਿੰਮੇਵਾਰੀ 'ਤੇ ਹੀ ਰੇਲਵੇ ਕੋਲੋਂ ਮੁਕਤ ਕਰਵਾਇਆ ਅਤੇ ਆਪ ਨਾਲ ਹੋ ਕੇ ਗੁਰਦੁਆਰਾ ਬੰਦੀ ਛੋੜ (ਪਾਤਸ਼ਾਹੀ ਦਸਵੀਂ) ਮਨਮਾੜ ਵਿਖੇ ਪੁੱਜਦਾ ਕਰ ਕੇ ਫਿਰ ਪ੍ਰਬੰਧਕਾਂ ਪਾਸੋਂ ਨਾਂਦੇੜ ਫੋਨ ਕਰਵਾਇਆ। ਜਦ ਮੈਨੂੰ ਫੋਨ ਮਿਲਿਆ, ਮੈਂ ਉਸ ਰਾਤ ਹੋਣ ਵਾਲੀ ਪ੍ਰੈਸ ਕਾਨਫਰੰਸ ਅਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਦੇ ਉਦਘਾਟਨ ਦੀ ਤਿਆਰੀ ਵਿਚ ਸਾਂ। ਪਾਠਕੋ ਤੁਸੀਂ ਸਮਝ ਸਕਦੇ ਹੋਵੋਗੇ, ਇਕ ਪਾਸੇ ਏਡਾ ਸਮਾਗਮ ਜੋ ਲਗਾਤਾਰ ਅੱਠ ਦਿਨ ਚਲਦਾ ਹੈ, ਉਸ ਦਾ ਸੰਚਾਲਨ ਤੇ ਦੂਜੇ ਪਾਸੇ ਜਿਗਰੀ ਯਾਰ ਦੀ ਮੌਤ ਦਾ ਸੁਨੇਹਾ ਜਿਸ ਦਾ ਮ੍ਰਿਤਕ ਸਰੀਰ ਵੀ 400 ਕਿਲੋਮੀਟਰ ਦੂਰ ਪਿਆ ਹੋਵੇ, ਤਾਂ ਮੇਰੀ ਸਰੀਰਕ ਤੇ ਮਾਨਸਿਕ ਹਾਲਤ ਕਿਹੋ ਜਿਹੀ ਹੋਵੇਗੀ? ਖੈਰ! ਮੈਨੂੰ ਲੋੜ ਸੀ ਤੁਰੰਤ ਫੈਸਲਾ ਲੈਣ ਦੀ। ਅਸਾਂ ਪ੍ਰਬੰਧਕਾਂ ਨੇ ਪਹਿਲਾ ਫੈਸਲਾ ਲਿਆ ਕਿ ਪੰਜਾਬ ਤੋਂ 2000 ਮੀਲ ਦੂਰ ਇਸ ਸਮਾਗਮ ਵਿਚ ਕੋਈ ਖਲਲ ਨਾ ਪਵੇ, ਸੋ ਉਦਾਸੀ ਦੀ ਮੌਤ ਬਾਰੇ ਕਿਸੇ ਨੂੰ ਵੀ ਕੁਝ ਨਾ ਦੱਸਿਆ ਜਾਵੇ। ਦੂਜਾ ਫੈਸਲਾ ਸੀ, ਉਦਾਸੀ ਦੇ ਸਰੀਰ ਦਾ ਪੋਸਟ ਮਾਰਟਮ ਜ਼ਰੂਰ ਕਰਵਾਇਆ ਜਾਵੇ। ਤੀਜਾ ਫੈਸਲਾ ਸੀ ਕਿ ਉਦਾਸੀ ਦੇ ਸਰੀਰ ਨੂੰ ਕੋਈ ਆਂਚ ਨਹੀਂ ਆਉਣੀ ਚਾਹੀਦੀ, ਇਸ ਲਈ ਘਰ ਦੀ ਸਥਿਤੀ ਅਤੇ ਗੁਰਦੁਆਰਾ ਬੋਰਡ ਦੀ ਬੇਵਸੀ (ਬੇਵਸੀ ਇਹ ਕਿ ਉਸ ਵੇਲੇ ਇਹ ਇਲਾਕਾ ਹਿੰਦੁਸਤਾਨ ਦਾ ਸਭ ਤੋਂ ਪਛੜਿਆ ਇਲਾਕਾ ਸੀ ਜਿਥੇ ਗੱਡੀ ਰਾਹੀਂ ਪੰਜਾਬ ਪਹੁੰਚਣ 'ਤੇ 50-52 ਘੰਟੇ ਲੱਗਦੇ ਸਨ, ਹੋਰ ਕੋਈ ਸਾਧਨ ਨਹੀਂ ਸੀ) ਕਰ ਕੇ ਉਦਾਸੀ ਦਾ ਦਾਹ ਸਸਕਾਰ ਮਨਵਾੜ ਵਿਖੇ ਹੀ ਕੀਤਾ ਜਾਵੇ, ਪਰ ਮਨਮਾੜ ਕਮੇਟੀ ਇਸ ਕੰਮ ਲਈ ਕੋਈ ਜ਼ਿੰਮੇਵਾਰੀ ਚਾਹੁੰਦੀ ਸੀ ਜੋ ਮੈਂ ਲਿਖਤੀ ਤੌਰ 'ਤੇ ਆਪਣੇ ਵੱਲੋਂ ਦੇ ਦਿੱਤੀ। ਚੌਥਾ ਫੈਸਲਾ ਇਹ ਕਿ ਉਦਾਸੀ ਲੋਕ ਕਵੀ ਹੈ, ਉਸ ਨੂੰ ਗੁਰਦੁਆਰਾ ਬੋਰਡ ਵੱਲੋਂ ਪੂਰਾ ਸਨਮਾਨ ਦਿੱਤਾ ਜਾਵੇ। ਇਸ ਲਈ ਸੱਚਖੰਡ ਦੇ ਪੰਜ ਪਿਆਰੇ ਸਾਹਿਬਾਨ ਮਨਮਾੜ ਜਾਣਗੇ ਤੇ ਤਖਤ ਵੱਲੋਂ ਪੁਸ਼ਾਕ ਤੇ ਦੁਸ਼ਾਲਾ ਭੇਟ ਕੀਤਾ ਜਾਵੇਗਾ। ਤੈਅ ਕੀਤਾ ਗਿਆ ਕਿ ਗੁਰਦੁਆਰਾ ਬੋਰਡ ਦੇ ਸੁਪਰਡੈਂਟ ਸ. ਇੰਦਰ ਸਿੰਘ ਮਨਮਾੜ ਜਾਣਗੇ ਤੇ ਬੋਰਡ ਦੇ ਨੁਮਾਇੰਦੇ ਵਜੋਂ ਅੰਗੀਠੇ ਨੂੰ ਅਗਨ ਭੇਟ ਕਰਨਗੇ। ਅਸੀਂ ਰਾਜਿੰਦਰ ਸਿੰਘ ਛਾਬੜਾ (ਫਿਰੋਜ਼ਪੁਰ ਛਾਉਣੀ) ਦੀ ਡਿਊਟੀ ਲਾਈ ਜੋ ਇਸ ਕਵੀ ਦਰਬਾਰ ਵਿਚ ਸ਼ਾਮਲ ਸਨ ਤੇ ਮੇਰੇ ਮਿੱਤਰ ਹੋਣ ਕਾਰਨ ਇਕ ਦਿਨ ਰੁਕ ਗਏ ਸਨ, ਉਹ ਉਦਾਸੀ ਦੇ ਘਰ ਜਾ ਕੇ ਸਾਰਾ ਹਾਲ-ਹਵਾਲ ਦੱਸਣਗੇ ਤੇ ਪਰਿਵਾਰ ਦਾ ਧੀਰਜ ਧਰਾਉਣਗੇ। ਅਸੀਂ ਪੀ.ਟੀ.ਆਈ. ਦੇ ਮਾਧਿਆਮ ਨਾਲ ਅਜੀਤ ਅਖਬਾਰ ਨੂੰ ਫੋਨ ਕਰ ਕੇ ਉਦਾਸੀ ਦੀ ਮੌਤ ਦੀ ਖਬਰ ਭੇਜੀ, ਪਰ ਸਾਧਨ ਅਧੂਰੇ ਹੋਣ ਕਾਰਨ ਇਸ ਖਬਰ ਦਾ ਮੂੰਹ ਮੱਥਾ ਹੀ ਵਿਗੜ ਗਿਆ। ਅਸੀਂ ਡਾ. ਬਲਕਾਰ ਸਿੰਘ ਨੂੰ ਉਸੇ ਵੇਲੇ ਹੀ ਤਾਕੀਦ ਕਰ ਦਿੱਤੀ ਸੀ ਕਿ ਉਹ ਤੁਰੰਤ ਉਦਾਸੀ ਦੇ ਘਰ ਜਾ ਕੇ ਦੱਸ ਦੇਵੇ, ਪਰ ਜਦ ਤਕ ਡਾ. ਬਲਕਾਰ ਸਿੰਘ ਪਟਿਆਲਾ ਅਤੇ ਪਟਿਆਲੇ ਤੋਂ ਉਦਾਸੀ ਦੇ ਪਿੰਡ ਪੁੱਜਦਾ, ਤਦ ਤਕ ਅਖਬਾਰ ਦੀ ਗਲਤ ਖਬਰ ਨੇ ਮਾਹੌਲ ਵਿਗਾੜ ਦਿੱਤਾ ਸੀ। ਇਸੇ ਕਰ ਕੇ ਡਾ. ਬਲਕਾਰ ਸਿੰਘ ਸਿਰਫ ਬਰਨਾਲੇ ਖਬਰ ਪਹੁੰਚਾ ਕੇ ਹੀ ਵਾਪਸ ਆ ਗਿਆ, ਪਰ ਜਜ਼ਬਾਤੀ ਲੋਕਾਂ ਨੇ ਉਸ ਦੇ ਘਰ ਪਹੁੰਚ ਕੇ ਵੀ ਉਸ ਨਾਲ ਧੱਕਾ-ਮੁੱਕੀ ਕੀਤੀ।

ਅਸੀਂ ਛੇਵਾਂ ਫੈਸਲਾ ਇਹ ਲਿਆ ਸੀ ਕਿ ਉਦਾਸੀ ਦੇ ਫੁੱਲ ਨਾਂਦੇੜ ਲਿਆਂਦੇ ਜਾਣ, ਤਖਤ ਸਾਹਿਬ ਉਪਰ ਅਖੰਡ ਪਾਠ ਕਰਵਾ ਕੇ ਅੰਤਮ ਅਰਦਾਸ ਤਖਤ ਸਾਹਿਬ ਵਿਖੇ ਹੀ ਕੀਤੀ ਜਾਵੇ ਅਤੇ ਭੋਗ ਤਕ ਉਦਾਸੀ ਦਾ ਪਰਿਵਾਰ ਸੱਦ ਲਿਆ ਜਾਵੇ। ਉਸ ਵਕਤ ਪਿੰਡ ਤਕ ਫੋਨ ਨਹੀਂ ਪਹੁੰਚੇ ਸਨ, ਇਸ ਲਈ ਤਾਰ ਤੇ ਰਜਿਸਟਰਡ ਪੱਤਰ ਹੀ ਭੇਜਿਆ ਗਿਆ।

ਜਿਹੜੇ ਲੋਕ ਉਦਾਸੀ ਦੇ ਚਲਾਣੇ 'ਤੇ ਸ਼ੱਕ ਕਰਦੇ ਹਨ, ਉਹ ਠੀਕ ਨਹੀਂ। ਉਸ ਦੀ ਮੌਤ ਅਚਨਚੇਤ ਹੋਈ। ਜੋ ਉਸ ਸਮੇਂ ਦੇ ਹਾਲਾਤ ਸਨ, ਮਾਹੌਲ ਸੀ ਤੇ ਸਾਧਨ ਸਨ, ਅਸੀਂ ਉਸ ਮੁਤਾਬਕ ਆਪਣੇ ਵਿਤੋਂ ਵੱਧ ਯਤਨ ਕੀਤਾ ਹੈ। ਜੋ ਲੋਕ ਕਹਿੰਦੇ ਹਨ ਕਿ ਉਦਾਸੀ ਦਾ ਸਰੀਰ ਪੰਜਾਬ ਉਨ੍ਹਾਂ ਦੇ ਘਰ ਲਿਆਉਣਾ ਚਾਹੀਦਾ ਸੀ, ਉਨ੍ਹਾਂ ਨੂੰ ਹਾਲਾਤ ਮੁਤਾਬਕ ਗੱਲ ਕਰਨੀ ਚਾਹੀਦੀ ਹੈ। ਮੈਥੋਂ ਬਗੈਰ ਗੁਰਦੁਆਰਾ ਬੋਰਡ ਵਿਚ ਉਦਾਸੀ ਨੂੰ ਕੋਈ ਨਹੀਂ ਸੀ ਜਾਣਦਾ। ਇਸ ਲਈ ਜੋ ਵੀ ਕੀਤਾ ਗਿਆ, ਉਹ ਮੇਰੀ ਪਹਿਲਕਦਮੀ 'ਤੇ ਕੀਤਾ ਗਿਆ।

**ਡਾ. ਬਲਕਾਰ ਸਿੰਘ ਦਾ ਕੱਢਿਆ ਤੱਤ:** ਅੱਜ ਮੈਨੂੰ ਲੱਗਦਾ ਹੈ ਕਿ ਉਦਾਸੀ ਅੰਤਾਂ ਦਾ ਬਿਮਾਰ ਸੀ ਅਤੇ ਉਸ ਨੂੰ ਤੀਮਾਰਦਾਰੀ ਦੀ ਲੋੜ ਸੀ। ਇਸ ਪਾਸੇ ਧਿਆਨ ਦੇਣ ਦੀ ਥਾਂ ਮੈਨੂੰ ਲੱਗਦਾ ਹੈ ਕਿ ਉਸ ਦੀ ਵਿਦਰੋਹੀ ਸੁਰ ਨਾਲ ਸੰਤੁਸ਼ਟ ਹੋਣ ਵਾਲਿਆਂ ਨੇ ਉਸ ਨੂੰ ਰੱਜ ਕੇ ਨਹੀਂ ਜਿਉਣ ਦਿੱਤਾ। ਸ਼ਾਇਦ ਉਦਾਸੀ ਵਰਗੇ ਫੜਫੜਾਉਂਦੇ ਜਿਉੜਿਆਂ ਦਾ ਇਹੀ ਅੰਤ ਹੁੰਦਾ ਰਿਹਾ ਹੈ ਅਤੇ ਹੁੰਦਾ ਰਹਿਣਾ ਹੈ। ਮੈਨੂੰ ਇਸ ਅਣਹੋਣੀ ਮੌਤ ਦਾ ਕਾਵਿਕ ਪ੍ਰਸੰਗ ਵੀ ਨਜ਼ਰ ਆਉਂਦਾ ਹੈ, ਪਰ ਪ੍ਰਸ਼ਨਾਂ ਦੇ ਘੇਰੇ ਵਿਚ ਕਾਵਿਕ ਪ੍ਰਸੰਗ ਦੀ ਉਸਾਰੀ ਸੰਭਵ ਨਹੀਂ ਹੈ। ਮੈਨੂੰ ਨਹੀਂ ਸੀ ਪਤਾ ਕਿ ਨਿੱਘਾ ਦੋਸਤ ਦਮ ਤੋੜਨ ਤੋਂ ਪਹਿਲਾਂ ਮੇਰੇ ਕੋਲ ਅੰਦਰ ਫੋਲਣ ਲਈ ਬਿਹਬਲ ਹੈ। ਉਸ ਨੂੰ ਧਿਆਨ ਨਾਲ ਨਾ ਸੁਣਨ ਦਾ ਮੈਨੂੰ ਅਫਸੋਸ ਹੈ, ਪਰ ਉਸ ਦੀ ਲਾਸ਼ ਦੀ ਸੰਭਾਲ ਦਾ ਇਸ ਨਾਲੋਂ ਚੰਗਾ ਪ੍ਰਬੰਧ ਸੰਭਵ ਨਹੀਂ ਸੀ। ਉਸ ਹਾਲਤ ਵਿਚ ਜੋ ਕੁਝ ਸੰਭਵ ਸੀ, ਉਹ ਸੰਤ ਰਾਮ ਉਦਾਸੀ ਲਈ ਕੀਤਾ ਗਿਆ ਸੀ।

**ਉਦਾਸੀ ਦੀ ਵੱਡੀ ਧੀ ਇਕਬਾਲ ਕੌਰ ਦਾ ਇਤਰਾਜ਼:** ਉਨ੍ਹਾਂ ਦੇ ਜਿਉਂਦਿਆਂ ਜਿਵੇਂ ਸਾਨੂੰ ਉਨ੍ਹਾਂ ਦਾ ਕੋਈ ਭੇਤ ਨਹੀਂ ਸੀ ਆਇਆ, ਉਸੇ ਤਰ੍ਹਾਂ ਹੀ ਉਨ੍ਹਾਂ ਦੀ ਮੌਤ ਸਾਡੇ ਲਈ ਬੁਝਾਰਤ ਬਣ ਚੁੱਕੀ ਹੈ। ਪਤਾ ਨਹੀਂ, ਉਨ੍ਹਾਂ ਦਾ ਇਸ ਤਰ੍ਹਾਂ ਚੁੱਪ-ਚੁਪੀਤੇ ਤੁਰ ਜਾਣਾ ਕੁਦਰਤ ਨੂੰ ਕਿਉਂ ਚੰਗਾ ਲੱਗਾ ਸੀ। ਅਜਿਹੀ ਮੌਤ 'ਤੇ ਮੈਨੂੰ ਗਿਲਾ ਵੀ ਹੈ ਤੇ ਬੇਭਰੋਸਗੀ ਵੀ। ਲਾਵਾਰਸ ਬਣ ਕੇ ਗੁਰਦੁਆਰੇ ਵਿਚ ਦਫ਼ਨਾਏ ਜਾਣਾ ਤੇ ਲਾਸ਼ ਦੇ ਦੀਦਾਰ ਤਕ ਨਾ ਹੋਣੇ, ਇਸ ਬਾਰੇ ਮੈਨੂੰ ਜ਼ਿੰਦਗੀ 'ਤੇ ਆਖਰੀ ਦਮ ਤਕ, ਪਾਪਾ ਜੀ 'ਤੇ ਵੀ, ਤੇ ਕੁਦਰਤ 'ਤੇ ਵੀ ਇਤਰਾਜ਼ ਰਹੇਗਾ।

**ਉਦਾਸੀ ਦੇ ਵੱਡੇ ਭਰਾ ਗੁਰਦਾਸ ਸਿੰਘ ਘਾਰੂ ਦੀ ਲਿਖਤ:** ਮੈਂ ਪਿੰਡ ਜਗਮਲੇਰੇ ਤੋਂ ਇਕ ਮਹੀਨੇ ਲਈ 'ਨਕਸਲਬਾੜੀ ਲਹਿਰ ਦੇ ਬਹੁਤ ਸਾਰੇ ਸਾਥੀ' ਨਾਵਲ ਪੂਰਾ ਕਰਨ ਵਾਸਤੇ ਇਕ ਦੋਸਤ ਕੋਲ ਪੰਜਾਬ ਆਇਆ ਹੋਇਆ ਸੀ। 5 ਨਵੰਬਰ 1986 ਨੂੰ ਮੇਰਾ ਨਾਵਲ ਪੂਰਾ ਹੋ ਗਿਆ ਸੀ। ਇਨਕਲਾਬੀ ਕੇਂਦਰ ਵੱਲੋਂ 9 ਨਵੰਬਰ 1986 ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਅਜਲਾਸ ਹੋਣਾ ਸੀ। ਮੈਂ ਵੀ ਇਸ ਵਿਚ ਸ਼ਾਮਲ ਹੋਣਾ ਸੀ। ਮੈਂ 9 ਨਵੰਬਰ ਨੂੰ ਪਹਿਲੀ ਬੱਸ ਫੜ ਕੇ 10 ਵਜੇ



***ਜਿਹੜੇ ਲੋਕ ਉਦਾਸੀ ਦੇ ਚਲਾਣੇ 'ਤੇ ਸ਼ੱਕ ਕਰਦੇ ਹਨ, ਉਹ ਠੀਕ ਨਹੀਂ। ਉਸ ਦੀ ਮੌਤ ਅਚਨਚੇਤ ਹੋਈ। ਜੋ ਉਸ ਸਮੇਂ ਦੇ ਹਾਲਾਤ ਸਨ, ਮਾਹੌਲ ਸੀ ਤੇ ਸਾਧਨ ਸਨ, ਅਸੀਂ ਉਸ ਮੁਤਾਬਕ ਆਪਣੇ ਵਿਤੋਂ ਵੱਧ ਯਤਨ ਕੀਤਾ ਹੈ। ਜੋ ਲੋਕ ਕਹਿੰਦੇ ਹਨ ਕਿ ਉਦਾਸੀ ਦਾ ਸਰੀਰ ਪੰਜਾਬ ਉਨ੍ਹਾਂ ਦੇ ਘਰ ਲਿਆਉਣਾ ਚਾਹੀਦਾ ਸੀ, ਉਨ੍ਹਾਂ ਨੂੰ ਹਾਲਾਤ ਮੁਤਾਬਕ ਗੱਲ ਕਰਨੀ ਚਾਹੀਦੀ ਹੈ। ਮੈਥੋਂ ਬਗੈਰ ਗੁਰਦੁਆਰਾ ਬੋਰਡ ਵਿਚ ਉਦਾਸੀ ਨੂੰ ਕੋਈ ਨਹੀਂ ਸੀ ਜਾਣਦਾ। ਇਸ ਲਈ ਜੋ ਵੀ ਕੀਤਾ ਗਿਆ, ਉਹ ਮੇਰੀ ਪਹਿਲਕਦਮੀ 'ਤੇ ਕੀਤਾ ਗਿਆ।***

ਦੇ ਕਰੀਬ ਜਲੰਧਰ ਪਹੁੰਚ ਗਿਆ। ਛੋਟੇ ਭਾਈ, ਗੁਰਦੇਵ ਸਿੰਘ ਕੋਇਲ ਦੇ ਘਰ ਰੋਟੀ-ਪਾਣੀ ਖਾ ਕੇ ਦੇਸ਼ ਭਗਤ ਯਾਦਗਾਰ ਹਾਲ ਪਹੁੰਚਿਆ। ਚਲਦੇ ਅਜਲਾਸ ਦੌਰਾਨ ਮੈਨੂੰ ਦੁਖਦਾਈ ਖਬਰ ਸੁਣਾਉਣ ਵਾਸਤੇ ਗੁਰਦੇਵ ਸਿੰਘ ਕੋਇਲ ਆ ਗਿਆ- "ਭਾਈ ਸਾਹਿਬ ਆਪਾਂ ਪਿੰਡ ਰਾਏਸਰ ਜਾਣਾ ਹੈ, ਸੰਤ ਰਾਮ ਦਾ ਐਕਸੀਡੈਂਟ ਹੋ ਗਿਆ।"

ਮੈਨੂੰ ਇਹ ਸੁਣ ਕੇ ਚੱਕਰ ਆ ਗਿਆ। ਮੈਂ ਆਪਣੇ ਆਪ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਕਿੰਨਾ ਚਿਰ ਮੈਨੂੰ ਗੱਲ ਨਾ ਆਈ। ਗੁਰਦੇਵ ਨੇ ਫਿਰ ਮੈਨੂੰ ਹਲੂਣਾ ਦੇ ਕੇ ਕਿਹਾ, "ਉਠ ਬਾਈ, ਆਪਾਂ ਛੇਤੀ ਜਾਣਾ ਹੈ।" ਮੈਂ ਥੋੜ੍ਹਾ ਜਿਹਾ ਹੌਸਲਾ ਕਰ ਕੇ ਆਪਣੇ ਸਰੀਰ ਨੂੰ ਸਾਂਭ ਲਿਆ। ਮੈਂ ਆਖਿਆ, "ਠਹਿਰ ਜਾ ਜ਼ਰਾ, ਭਾਅ ਜੀ ਗੁਰਸ਼ਰਨ ਸਿੰਘ ਨੂੰ ਦੱਸ ਦੇਵਾਂ।" ਮੈਂ ਭਾਅ ਗੁਰਸ਼ਰਨ ਸਿੰਘ ਨੂੰ ਆਖਿਆ, "ਭਾਅ ਜੀ, ਅਸੀਂ ਦੋਵੇਂ ਰਾਏਸਰ ਜਾ ਰਹੇ ਹਾਂ। ਸੰਤ ਰਾਮ ਦਾ ਐਕਸੀਡੈਂਟ ਹੋ ਗਿਆ ਹੈ।" ਭਾਅ ਜੀ ਸੁਣ ਕੇ ਇਕ ਵਾਰ ਚੁੱਪ ਕਰ ਗਏ। ਮੈਂ ਸਟੇਜ ਤੋਂ ਹੇਠਾਂ ਉਤਰਨ ਲੱਗਿਆ ਤਾਂ ਮੈਨੂੰ ਕੋਲ ਸੱਦ ਕੇ ਆਖਿਆ, "ਘਾਰੂ ਜੀ ਤੁਸੀਂ ਛੇਤੀ ਜਾਵੋ, ਉਸ ਨੂੰ ਲੁਧਿਆਣੇ ਲੈ ਆਣਾ, ਮੈਂ ਵੀ ਕੱਲ੍ਹ ਲੁਧਿਆਣੇ ਹੋਵਾਂਗਾ। ਮੈਂ ਆਪੇ ਪਤਾ ਕਰ ਲਵਾਂਗਾ।... ਮੈਨੂੰ ਜਾਂਦੇ ਹੀ ਟੈਲੀਫੋਨ ਜ਼ਰੂਰ ਕਰ ਦਿਉ।"

ਅਸੀਂ ਗੁਰਦੇਵ ਦੇ ਘਰ ਆ ਗਏ। ਪਿੰਡ ਰਾਏਸਰ ਤੋਂ ਪੰਡਿਤ ਮੋਹਨ ਲਾਲ ਸ਼ਰਮਾ ਸਾਨੂੰ ਲੈਣ ਵਾਸਤੇ ਆਇਆ ਸੀ। ਅਸੀਂ ਛੇਤੀ ਹੀ ਬੱਸ ਸਟੈਂਡ ਪਹੁੰਚ ਗਏ... ਘਰ ਆ ਕੇ ਹੀ ਪਤਾ

***ਡਾ. ਬਲਕਾਰ ਸਿੰਘ ਅਨੁਸਾਰ, ਉਦਾਸੀ ਅੰਤਾਂ ਦਾ ਬਿਮਾਰ ਸੀ ਅਤੇ ਉਸ ਨੂੰ ਤੀਮਾਰਦਾਰੀ ਦੀ ਲੋੜ ਸੀ। ਇਸ ਪਾਸੇ ਧਿਆਨ ਦੇਣ ਦੀ ਥਾਂ ਮੈਨੂੰ ਲੱਗਦਾ ਹੈ ਕਿ ਉਸ ਦੀ ਵਿਦਰੋਹੀ ਸੁਰ ਨਾਲ ਸੰਤੁਸ਼ਟ ਹੋਣ ਵਾਲਿਆਂ ਨੇ ਉਸ ਨੂੰ ਰੱਜ ਕੇ ਨਹੀਂ ਜਿਉਣ ਦਿੱਤਾ। ਸ਼ਾਇਦ ਉਦਾਸੀ ਵਰਗੇ ਫੜਫੜਾਉਂਦੇ ਜਿਉੜਿਆਂ ਦਾ ਇਹੀ ਅੰਤ ਹੁੰਦਾ ਰਿਹਾ ਹੈ ਅਤੇ ਹੁੰਦਾ ਰਹਿਣਾ ਹੈ। ਮੈਨੂੰ ਇਸ ਅਣਹੋਣੀ ਮੌਤ ਦਾ ਕਾਵਿਕ ਪ੍ਰਸੰਗ ਵੀ ਨਜ਼ਰ ਆਉਂਦਾ ਹੈ, ਪਰ ਪ੍ਰਸ਼ਨਾਂ ਦੇ ਘੇਰੇ ਵਿਚ ਕਾਵਿਕ ਪ੍ਰਸੰਗ ਦੀ ਉਸਾਰੀ ਸੰਭਵ ਨਹੀਂ ਹੈ। ਮੈਨੂੰ ਨਹੀਂ ਸੀ ਪਤਾ ਕਿ ਨਿੱਘਾ ਦੋਸਤ ਦਮ ਤੋੜਨ ਤੋਂ ਪਹਿਲਾਂ ਮੇਰੇ ਕੋਲ ਅੰਦਰ ਫੋਲਣ ਲਈ ਬਿਹਬਲ ਹੈ। ਉਸ ਨੂੰ ਧਿਆਨ ਨਾਲ ਨਾ ਸੁਣਨ ਦਾ ਮੈਨੂੰ ਅਫਸੋਸ ਹੈ, ਪਰ ਉਸ ਦੀ ਲਾਸ਼ ਦੀ ਸੰਭਾਲ ਦਾ ਇਸ ਨਾਲੋਂ ਚੰਗਾ ਪ੍ਰਬੰਧ ਸੰਭਵ ਨਹੀਂ ਸੀ। ਉਸ ਹਾਲਤ ਵਿਚ ਜੋ ਕੁਝ ਸੰਭਵ ਸੀ, ਉਹ ਸੰਤ ਰਾਮ ਉਦਾਸੀ ਲਈ ਕੀਤਾ ਗਿਆ ਸੀ।***

ਲੱਗਿਆ ਕਿ ਉਦਾਸੀ ਦੀ ਹਜ਼ੂਰ ਸਾਹਿਬ ਮੌਤ ਹੋ ਗਈ ਹੈ। ਉਥੋਂ ਤਾਰ ਆਈ ਹੈ... ਅਜੇ ਘਰ ਵਿਚ ਵੱਡਾ ਮੁੰਡਾ ਇਕਬਾਲ ਨਹੀਂ ਸੀ ਆਇਆ। ਸਾਰੀ ਰਾਤ ਮੁੰਡੇ ਕੁੜੀਆਂ ਨੂੰ ਰੋਂਦੇ ਨਿਕਲ ਗਈ। ਦਿਨ ਚੜ੍ਹਦਿਆਂ ਸਾਰ ਰਿਸ਼ਤੇਦਾਰ ਇਕੱਠੇ ਹੋ ਗਏ। ਮਾਸਟਰ ਹਮੀਰ ਸਿੰਘ ਤੇ ਹਰਜੀਤ ਸਿੰਘ ਨੇ ਬਰਨਾਲਾ ਐਸ.ਡੀ.ਐਮ. ਤੋਂ ਹਜ਼ੂਰ ਸਾਹਿਬ ਜਾਣ ਵਾਸਤੇ ਪਛਾਣ ਪੱਤਰ ਬਣਵਾ ਦਿੱਤਾ।

ਮੈਂ ਉਦਾਸੀ ਦੇ ਵੱਡੇ ਲੜਕੇ ਇਕਬਾਲ ਸਿੰਘ ਬੱਲੀ ਨੂੰ ਆਪਣੇ ਨਾਲ ਹਜ਼ੂਰ ਸਾਹਿਬ ਲਿਜਾਣਾ ਚਾਹੁੰਦਾ ਸੀ ਅਤੇ ਉਦਾਸੀ ਦਾ ਕਿਰਿਆ ਕਰਮ ਮੁੰਡੇ ਹੱਥੋਂ ਕਰਵਾਉਣਾ ਚਾਹੁੰਦਾ ਸੀ। ਉਦਾਸੀ ਦੇ ਘਰ ਵਾਲੀ ਨਸੀਬ ਕੌਰ ਨੇ ਮੇਰੀ ਬੇਨਤੀ ਨਾ ਮੰਨੀ। ਜ਼ਿਦ ਕਰਦੀ ਨੇ ਆਪਣਾ ਵੱਡਾ ਭਾਈ ਕਾਕੂ ਮੇਰੇ ਨਾਲ ਤੋਰ ਦਿੱਤਾ।

ਕਾਕੂ ਸਿੰਘ ਅਫੀਮ ਖਾਂਦਾ ਸੀ। ਦਿੱਲੀ ਜਾ ਕੇ ਅਫੀਮ ਤੋਂ ਬਗੈਰ ਗੱਡੀ ਨਹੀਂ ਸੀ ਚੜ੍ਹਦਾ। ਆਖਦਾ ਸੀ, ਮੈਂ 24 ਘੰਟੇ ਅਫੀਮ ਤੋਂ ਬਗ਼ੈਰ ਨਹੀਂ ਬਚ ਸਕਦਾ। ਅਖੀਰ ਦਿੱਲੀ ਦੇ ਬਾਜ਼ਾਰ ਵਿਚੋਂ ਅਫੀਮ ਲੈਣ ਵਾਸਤੇ ਚਲਾ ਗਿਆ। ਬੰਬੇ ਨੂੰ ਜਾਣ ਵਾਲੀ ਪੰਜਾਬ ਮੇਲ ਨਿਕਲ ਗਈ, ਅਖੀਰ ਸਾਨੂੰ ਸ਼ਾਰਦਾ ਐਕਸਪ੍ਰੈਸ ਚੜ੍ਹਨਾ ਪਿਆ। 24 ਘੰਟਿਆਂ ਬਾਅਦ ਅਸੀਂ ਮਨਵਾੜ ਸਟੇਸ਼ਨ ਪਹੁੰਚੇ। ਉਥੋਂ ਗੁਰਦੁਆਰੇ ਚਲੇ ਗਏ।

ਗੁਰਦੁਆਰੇ ਸਾਡੀ ਉਡੀਕ ਹੋ ਰਹੀ ਸੀ... ਇੰਨੇ ਨੂੰ ਭਾਈ ਮੋਹਨ ਸਿੰਘ ਆ ਗਏ ਜਿਨ੍ਹਾਂ ਨੇ ਉਦਾਸੀ ਦੀ ਚਿਤਾ ਨੂੰ ਅਗਨੀ ਦਿਖਾਈ ਸੀ। ਭਾਈ ਮੋਹਨ ਸਿੰਘ ਨੇ ਹਮਦਰਦੀ ਪ੍ਰਗਟਾਉਂਦਿਆਂ ਡਾਢੇ ਦੁੱਖ ਨਾਲ ਦੱਸਿਆ, "ਭਾਈ ਘਾਰੂ ਸਾਹਿਬ, ਭਾਈ ਸੰਤ ਰਾਮ ਉਦਾਸੀ ਦੀ ਦੇਹ ਦਾ ਸਤਿਕਾਰ ਨਾਲ ਇਸ਼ਨਾਨ ਕਰਾਇਆ ਗਿਆ ਸੀ। ਹਜ਼ੂਰ ਸਾਹਿਬ ਤੋਂ ਸਸਕਾਰ ਕਰਨ ਵਾਸਤੇ ਪੰਜ ਪਿਆਰੇ ਆਏ ਸਨ। ਸੱਚਖੰਡ ਤੋਂ ਅੰਮ੍ਰਿਤ ਲੈ ਕੇ ਮਨਵਾੜ ਗੁਰਦੁਆਰਾ ਸਾਹਿਬ ਆਏ। ਮਨਵਾੜ ਦੇ ਸਾਰੇ ਪੰਜਾਬੀਆਂ ਨੂੰ ਬੁਲਾ ਕੇ ਅਰਥੀ ਸਜਾਈ ਗਈ ਸੀ। ਰਾਮ ਬਾਗ ਸ਼ਮਸ਼ਾਨ ਘਾਟ ਤੱਕ ਸੰਗਤਾਂ ਕੀਰਤਨ ਕਰਦੀਆਂ ਗਈਆਂ ਸਨ। ਪਹਿਲਾਂ ਡੈੱਡ ਬਾਡੀ ਨੂੰ ਅੰਮ੍ਰਿਤ ਛਕਾਇਆ ਗਿਆ ਸੀ। ਤਿੰਨ ਸਿੰਘਾਂ ਦੇ ਵਾਰੀ-ਵਾਰੀ ਅਰਦਾਸ ਕਰਨ ਪਿੱਛੋਂ ਭਾਈ ਉਦਾਸੀ ਜੀ ਦੀ ਚਿਖਾ ਨੂੰ ਮੈਂ ਅਗਨੀ ਦਿਖਾਈ ਸੀ... ਸਾਨੂੰ ਰੇਲਵੇ ਵਾਲਿਆਂ ਤੋਂ ਉਦਾਸੀ ਦੀ ਡੈੱਡ ਬਾਡੀ 55 ਘੰਟਿਆਂ ਬਾਅਦ ਮਿਲੀ। ਪੋਸਟ ਮਾਰਟਮ ਨਾਲ ਬਾਡੀ ਬਿਲਕੁਲ ਖਰਾਬ ਹੋ ਗਈ ਸੀ। ਉਹ ਕਿਸੇ ਵੀ ਹਾਲਤ ਵਿਚ ਪੰਜਾਬ ਨਹੀਂ ਸੀ ਪਹੁੰਚ ਸਕਦੀ। ਇਸ ਕਰ ਕੇ ਸਾਧ ਸੰਗਤ ਨੇ ਇਥੇ ਹੀ ਸਸਕਾਰ ਕਰਨ ਦਾ ਮਤਾ ਪਾਸ ਕਰ ਦਿੱਤਾ। ਅਸੀਂ ਆਪ ਜੀ ਦੀ ਉਡੀਕ ਵਿਚ ਅੰਗੀਠਾ ਨਹੀਂ ਫੋਲਿਆ। ਅਸੀਂ ਆਪ ਦੇ ਹੁਕਮ ਨਾਲ ਜੋ ਆਖੋਗੇ, ਉਸੇ ਤਰ੍ਹਾਂ ਕਰਾਂਗੇ। ਅੱਜ ਆਪਾਂ ਫੁੱਲ ਚੁਗਣ ਜਾਵਾਂਗੇ। ਪ੍ਰੋਫੈਸਰ ਜੋਗਿੰਦਰ ਸਿੰਘ ਨੂੰ ਆ ਲੈਣ ਦੇਵੋ।"

... ਸਾਰੇ ਵੀਰ ਫੁੱਲ ਚੁਗਣ ਵਾਸਤੇ ਮੇਰੇ ਨਾਲ ਮੜ੍ਹੀਆਂ ਤੱਕ ਗਏ... ਸਾਰੇ ਸੱਜਣ ਸਾਡੇ ਨਾਲ ਸਟੇਸ਼ਨ ਤਕ ਗਏ। ਹਜ਼ੂਰ ਸਾਹਿਬ ਜਾਣ ਵਾਲੀ ਗੱਡੀ ਤਿਆਰ ਖੜ੍ਹੀ ਸੀ।... ਅਸੀਂ ਇਕ ਵਜੇ ਦੇ ਕਰੀਬ ਹਜ਼ੂਰ ਸਾਹਿਬ ਪਹੁੰਚ ਗਏ। ਮੈਂ ਆਪਣੀ ਖਾਹਿਸ਼ ਪਹਿਲਾਂ ਫੁੱਲ ਪਾਉਣ ਦੀ ਦੱਸੀ। ਫਿਰ ਸੱਚਖੰਡ ਵਿਚ ਸਪਤਾਹ ਪਾਠ ਕਰਾਉਣ ਦੀ ਇੱਛਾ ਦੱਸੀ। ਇਹ ਸਾਡੀ ਮਾਂ ਦਾ ਆਦੇਸ਼ ਸੀ।

ਉਦਾਸੀ ਦੇ ਫੁੱਲਾਂ ਦੀ ਪ੍ਰਾਤ ਲੈ ਕੇ, ਉਤੇ ਅੰਮ੍ਰਿਤ ਛਿੜਕ ਕੇ, ਰੁਮਾਲ ਨਾਲ ਢਕ ਕੇ, ਪੰਜ ਪਿਆਰਿਆਂ ਨਾਲ ਅਸੀਂ ਗੋਦਾਵਰੀ ਨਦੀ 'ਚ ਫੁੱਲ ਤਾਰ ਆਏ। ਫਿਰ ਨਗੀਨਾ ਘਾਟ ਗੁਰਦੁਆਰੇ ਦੇਗ ਕਰਵਾਈ। ਸੱਚਖੰਡ ਗੁਰਦੁਆਰਾ ਸਾਹਿਬ ਵਿਖੇ ਸਪਤਾਹ ਪਾਠ ਰਖਵਾ ਦਿੱਤਾ। ਮੈਂ ਕਿਰਿਆ ਕਰਮ ਤੋਂ ਵਿਹਲਾ ਹੋਇਆ ਤਾਂ ਮੈਨੂੰ ਗੁਰਚਰਨ ਸਿੰਘ ਸੰਘਾ ਨੇ 'ਸੱਚਖੰਡ ਪੱਤਰ' ਦੇ ਦਫ਼ਤਰ ਬੁਲਾ ਲਿਆ। ਮੇਰੇ ਨਾਲ ਉਦਾਸੀ ਦਾ ਦੁੱਖ ਸਾਂਝਾ ਕਰਦਿਆਂ ਆਖਿਆ- ਭਾਈ ਘਾਰੂ ਜੀ, ਉਦਾਸੀ ਮੇਰੇ ਗਲ ਲੱਗ ਕੇ ਰੋਇਆ ਸੀ। ਇਉਂ ਰੋਇਆ ਜਿਵੇਂ ਬਹੁਤ ਚਿਰਾਂ ਤੋਂ ਵਿਛੜਿਆ ਹੋਵੇ। ਮੈਨੂੰ ਆਖਿਆ- 'ਸੰਘੇ ਬਾਈ, ਆਪਾਂ ਬਹੁਤ ਚਿਰਾਂ ਬਾਅਦ ਮਿਲੇ ਹਾਂ। ਆਪਾਂ ਰੱਜ ਕੇ ਗੱਲਾਂ ਕਰਨੀਆਂ ਹਨ। ਮੈਂ ਘਰ ਦੀ ਜ਼ਿੰਦਗੀ ਤੋਂ ਤੰਗ ਆ ਗਿਆ ਹਾਂ।' ਮੈਂ ਆਖਿਆ- 'ਉਦਾਸੀ ਹੁਣ ਢਾਈ ਵੱਜ ਗਏ ਹਨ। ਹੁਣ ਆਪਾਂ ਨੂੰ ਆਰਾਮ ਕਰਨਾ ਚਾਹੀਦਾ ਹੈ। ਆਪਾਂ ਸਵੇਰੇ ਗੱਲਾਂ ਕਰਾਂਗੇ।' ਉਦਾਸੀ ਨੇ ਫਿਰ ਆਖਿਆ- 'ਨਹੀਂ ਬਾਈ ਜੀ ਨਹੀਂ, ਅੱਜ ਵਰਗਾ ਮੌਕਾ ਫੇਰ ਨਹੀਂ ਮਿਲੇਗਾ... ਮੈਂ ਘਰ ਤੋਂ ਸੰਨਿਆਸ ਲੈਣਾ ਚਾਹੁੰਦਾ ਹਾਂ।'

ਇਸ ਤੋਂ ਬਾਅਦ ਘਾਰੂ ਅਤੇ ਕਾਕੂ ਹਜ਼ੂਰ ਸਾਹਿਬ ਤੋਂ ਉਸੇ ਗੱਡੀ ਵਿਚ ਚੜ੍ਹ ਕੇ ਮਨਵਾੜ ਪੁੱਜੇ ਜਿਸ ਵਿਚ ਕੁਝ ਦਿਨ ਪਹਿਲਾਂ ਉਦਾਸੀ ਦੀ ਮੌਤ ਹੋਈ ਸੀ। ਮਨਵਾੜ ਦੇ ਗੁਰਦੁਆਰੇ ਵਿਚ ਪ੍ਰੋ. ਜੋਗਿੰਦਰ ਸਿੰਘ ਹੋਰੀਂ ਉਨ੍ਹਾਂ ਨੂੰ ਉਡੀਕ ਰਹੇ ਸਨ। ਉਥੋਂ ਉਹ ਰੇਲਵੇ ਪੁਲਿਸ ਕੋਲੋਂ ਉਦਾਸੀ ਦੀਆਂ ਜਾਮਾ ਤਲਾਸ਼ੀ ਵੇਲੇ ਸੰਭਾਲੀਆਂ ਵਸਤਾਂ ਲੈਣ ਚਲੇ ਗਏ। ਮੈਜਿਸਟ੍ਰੇਟ ਦੇ ਸਾਹਮਣੇ ਪੁਲਿਸ ਨੇ ਵਸਤਾਂ ਦੇ ਦਿੱਤੀਆਂ ਜਿਨ੍ਹਾਂ ਦੀ ਵਸੂਲੀ ਵਜੋਂ ਗੁਰਦੇਵ ਸਿੰਘ ਘਾਰੂ ਨੇ ਦਸਤਖਤ ਕਰ ਦਿੱਤੇ। ਉਨ੍ਹਾਂ ਵਸਤਾਂ ਵਿਚ 1300 ਰੁਪਏ, ਘੜੀ, ਦਸਤਾਰ, ਜ਼ੁਰਾਬਾਂ, ਰੁਮਾਲ, ਕਾਲੀ ਐਨਕ, ਬੁਸ਼ਰਟ, ਪੀਲਾ ਪਰਨਾ, ਦੋ ਪਜਾਮੇ, ਕਪੜੇ ਦਾ ਬੈਗ, ਰੋਟੀ ਵਾਲਾ ਡੱਬਾ ਤੇ ਹਵਾਈ ਚੱਪਲ ਸੀ। ਘਾਰੂ ਹੋਰੀਂ ਪਿੰਡ ਪਰਤੇ ਤਾਂ ਮਾਸਟਰ ਹਮੀਰ ਸਿੰਘ, ਹਰਜੀਤ ਸਿੰਘ ਤੇ ਹੋਰ ਲੋਕ ਉਦਾਸੀ ਦਾ ਅਫਸੋਸ ਕਰਨ ਆਏ। ਉਨ੍ਹਾਂ ਦੇ ਸਾਹਮਣੇ ਸਾਰਾ ਸਮਾਨ ਗਿਣ ਕੇ ਘਾਰੂ ਨੇ ਉਦਾਸੀ ਦੀ ਪਤਨੀ ਨਸੀਬ ਕੌਰ ਦੀ ਝੋਲੀ ਪਾ ਦਿੱਤਾ। ਮਾਤਾ ਦੇ ਸਾਹਮਣੇ ਵੀ ਸਮਾਨ ਗਿਣਾਇਆ ਗਿਆ। ਐਨਕ ਅਤੇ ਰੁਮਾਲ ਵੱਡੇ ਭਾਈ ਘਾਰੂ ਨੇ ਨਿਸ਼ਾਨੀ ਵਜੋਂ ਆਪਣੇ ਕੋਲ ਰੱਖ ਲਏ।

ਉਦਾਸੀ ਦੇ ਦੇਹਾਂਤ ਸਮੇਂ ਪੰਜਾਬ ਵਿਚ ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਸੀ। ਰਾਏਸਰ ਬਰਨਾਲੇ ਦੇ ਹਲਕੇ ਵਿਚ ਸੀ। ਉਦਾਸੀ ਦੇ ਭੋਗ ਉਤੇ ਨਕਸਲੀ ਲਹਿਰ 'ਚ ਸ਼ਾਮਲ ਰਿਹਾ ਉਦਾਸੀ ਦਾ ਪ੍ਰਸ਼ੰਸਕ, ਸਹਿਕਾਰਤਾ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ ਮੁੱਖ ਮੰਤਰੀ ਦੇ ਨੁਮਾਇੰਦੇ ਵਜੋਂ ਸ਼ਰਧਾਂਜਲੀ ਦੇਣ ਆਇਆ। ਉਸ ਨੇ ਐਲਾਨ ਕੀਤਾ ਕਿ ਰਾਏਸਰ ਪਿੰਡ ਦੇ ਸਕੂਲ ਦਾ ਨਾਂ ਉਦਾਸੀ ਦੇ ਨਾਂ ਉਤੇ ਰੱਖਿਆ ਜਾਵੇਗਾ, ਪਰ ਇਹ ਮਾਮਲਾ ਫਾਈਲਾਂ ਵਿਚ ਹੀ ਦੱਬਿਆ ਗਿਆ। ਅਖੀਰ ਪੱਚੀ ਸਾਲਾਂ ਬਾਅਦ ਸੰਤ ਰਾਮ ਉਦਾਸੀ ਦਾ ਨਾਂ ਸਕੂਲ ਨਾਲ ਜੋੜਿਆ ਜਾ ਸਕਿਆ।

**ਉਦਾਸੀ ਦੇ ਇਕ ਦੋਸਤ ਦੀ ਟਿੱਪਣੀ:** ਜਦੋਂ ਕੋਈ ਉਦਾਸੀ ਵਰਗਾ ਵਿਸ਼ੇਸ਼ ਬੰਦਾ ਤੁਰ ਜਾਂਦਾ ਹੈ ਤਾਂ ਸ਼ੁਭਚਿੰਤਕ ਇਸ ਨੂੰ 'ਬੇਵਕਤੀ ਮੌਤ' ਆਖ ਕੇ ਸੋਗ ਜ਼ਾਹਰ ਕਰਦੇ ਹਨ ਤੇ ਕਹਿੰਦੇ ਹਨ ਕਿ ਇਹਦਾ ਘਾਟਾ ਪੂਰਾ ਹੋਣਾ ਅਸੰਭਵ ਹੈ, ਪਰ ਮੌਤ ਦੇ ਕਾਰਨਾਂ ਵੱਲ ਧਿਆਨ ਨਹੀਂ ਦਿੰਦੇ। ਉਦਾਸੀ ਦੀ ਮੌਤ ਦੇ ਕਾਰਨਾਂ ਵਿਚ ਨਕਸਲਬਾੜੀਆਂ ਦਾ ਖਿੰਡ ਕੇ ਖੱਖੜੀਆਂ ਕਰੇਲੇ ਹੋ ਜਾਣਾ, ਵੱਖ-ਵੱਖ ਗਰੁਪਾਂ ਵੱਲੋਂ ਉਦਾਸੀ ਨੂੰ ਮਾਨਸਿਕ ਤਸੱਲੀ ਦੇਣ ਦੀ ਬਜਾਏ ਉਹਦੀ ਆਪਣੇ ਵੱਲ ਖਿੱਚ ਧੂਹ ਕਰਨੀ, ਉਦਾਸੀ ਦਾ ਬਾਈਕਾਟ ਕਰ ਦੇਣਾ ਮੁੱਖ ਕਾਰਨ ਹਨ। ਉਦਾਸੀ ਵੱਲੋਂ ਜਮਾਤੀ ਦੁਸ਼ਮਣਾਂ ਅਤੇ ਉਨ੍ਹਾਂ ਵੱਲੋਂ ਉਦਾਸੀ ਦਾ ਵਿਰੋਧ ਕਰਨਾ ਤਾਂ ਬਨਦਾ ਸੀ। ਅਫਸੋਸ, ਉਹਦੀ 'ਆਪਣੀ ਜਮਾਤ' ਦੇ ਹੀ ਸਾਥੀਆਂ ਨੇ ਉਹਦਾ ਅੰਨ੍ਹਾ ਵਿਰੋਧ ਕੀਤਾ ਅਤੇ ਉਸ ਨੂੰ ਮੌਤ ਦੇ ਅੰਨ੍ਹੇ ਖੂਹ ਵੱਲ ਧੱਕ ਦਿੱਤਾ!

ਅਜਿਹੀ ਹੋਣੀ ਸੀ ਕੰਮੀਆਂ ਦੇ ਇਨਕਲਾਬੀ ਲੋਕ ਕਵੀ ਦੀ!... ਕਾਸ਼! ਇਨਕਲਾਬ ਨੂੰ ਪਰਨਾਏ ਇਸ ਲੋਕ ਕਵੀ ਨੂੰ ਉਹਦੇ ਹੀ ਸਾਥੀ ਝੇਡਾਂ ਨਾ ਕਰਦੇ, ਤੋਹਮਤਾਂ ਨਾ ਲਾਉਂਦੇ, ਬਦਖੋਈ ਨਾ ਕਰਦੇ ਅਤੇ 'ਲੋਕ ਕਵੀ' ਦੀ ਥਾਂ 'ਨੋਟ ਕਵੀ' ਤੇ 'ਲਹੂ ਭਿੱਜੇ ਬੋਲਾਂ' ਵਾਲਾ ਕਵੀ ਕਹਿਣ ਦੀ ਥਾਂ 'ਸ਼ਰਾਬ ਭਿੱਜੇ ਬੋਲਾਂ' ਵਾਲਾ 'ਵਿਕਿਆ ਕਵੀ' ਨਾ ਕਹਿੰਦੇ ਤਾਂ ਸੰਭਵ ਹੈ, ਉਹ ਵੱਧ ਵਰ੍ਹੇ ਜੀਂਦਾ ਅਤੇ ਹੋਰ ਲਿਖਦਾ ਤੇ ਗਾਉਂਦਾ।

ਪੰਜਾਬੀ ਦੇ ਇਸ ਲੋਕ ਕਵੀ ਕੋਲ ਕੋਈ ਦੁਨਿਆਵੀ ਜਾਇਦਾਦ ਨਹੀਂ ਸੀ ਜਿਸ ਦੀ ਉਹ ਵਸੀਅਤ ਕਰਦਾ। ਫਿਰ ਵੀ ਉਸ ਨੇ ਦੋ ਵਾਰ 'ਵਸੀਅਤ' ਲਿਖੀ:

ਮੇਰੀ ਮੌਤ 'ਤੇ ਰੋਇਓ,
ਮੇਰੀ ਸੋਚ ਨੂੰ ਬਚਾਇਓ। ***(ਸਮਾਪਤ)***

## ਤਵਾਰੀਖ-ਏ-ਗਦਰ

*'ਗਦਰ' ਅਖਬਾਰ ਦਾ ਪਹਿਲਾ ਅੰਕ (9 ਦਸੰਬਰ 1913 ਵਾਲਾ) ਅਸੀਂ ਛਾਪ ਚੁੱਕੇ ਹਾਂ। 'ਗਦਰ' ਪਹਿਲੀ ਨਵੰਬਰ 1913 ਨੂੰ ਸ਼ੁਰੂ ਕੀਤਾ ਗਿਆ ਸੀ। ਉਦੋਂ ਉਰਦੂ ਵਿਚ ਤਿੰਨ ਪਰਚੇ ਹੀ ਛਪੇ ਸਨ। ਪਰਚੇ ਦੀ ਮੰਗ ਇੰਨੀ ਵਧੀ ਕਿ ਬਿਜਲੀ ਨਾਲ ਚੱਲਣ ਵਾਲੀ ਨਵੀਂ ਮਸ਼ੀਨ ਲਿਆ ਕੇ ਲਾਈ ਗਈ ਅਤੇ ਪੰਜਾਬੀ ਦਾ ਪਹਿਲਾ ਪਰਚਾ 9 ਦਸੰਬਰ 1913 ਨੂੰ ਛਾਪਿਆ ਗਿਆ। ਇਹ ਪਰਚਾ ਕਰਤਾਰ ਸਿੰਘ ਸਰਾਭਾ, ਰਘੁਵਰ ਦਿਆਲ ਗੁਪਤਾ, ਬਾਬਾ ਹਰਨਾਮ ਸਿੰਘ ਟੁੰਡੀਲਾਟ ਅਤੇ ਉਨ੍ਹਾਂ ਦੇ ਸਾਥੀਆਂ ਦੀ ਕਰੜੀ ਘਾਲਣਾ ਨਾਲ ਛਾਪਿਆ ਗਿਆ। ਹਫਤਾਵਾਰ ਅਖਬਾਰ ਹੋਣ ਕਰ ਕੇ ਇਸ ਦੇ ਪੰਜਾਬੀ ਦੂਜੇ ਅੰਕ ਦੀ ਤਰੀਕ 16 ਦਸੰਬਰ 1913 ਬਣਦੀ ਸੀ, ਪਰ ਲਾਲਾ ਹਰਦਿਆਲ (ਜੋ ਪਰਚੇ ਦੇ ਬਾਨੀ ਸੰਪਾਦਕ ਸਨ) ਨੇ 16 ਦਸੰਬਰ ਵਾਲਾ ਪਰਚਾ 23 ਦਸੰਬਰ ਨੂੰ ਛਾਪਣ ਲਈ ਕਿਹਾ, ਕਿਉਂਕਿ 23 ਦਸੰਬਰ 1912 ਨੂੰ ਕ੍ਰਾਂਤੀਕਾਰੀ ਗਰੁੱਪ ਵੱਲੋਂ ਵਾਇਸਰਾਇ ਉਤੇ ਬੰਬ ਸੁੱਟਿਆ ਗਿਆ ਸੀ। ਇਸ ਵਰ੍ਹੇਗੰਢ ਮੌਕੇ 'ਗਦਰ' ਦਾ ਇਹ ਦੂਜਾ ਪੰਜਾਬੀ ਅੰਕ 23 ਦਸੰਬਰ 1913 ਨੂੰ ਛਾਪਿਆ ਗਿਆ। ਪਰਚੇ ਦੇ ਸਫਾ 3 ਦੇ ਕਾਲਮ ਇਕ ਉਤੇ ਇਸ ਘਟਨਾ ਦਾ ਬਿਰਤਾਂਤ ਛਾਪਿਆ ਗਿਆ। ਪੰਜਾਬੀ ਦਾ ਤੀਜਾ ਅੰਕ 30 ਦਸੰਬਰ 1913 ਨੂੰ ਛਪਿਆ ਸੀ। 1913 ਵਿਚ ਦਸੰਬਰ ਮਹੀਨੇ ਦੇ ਇਨ੍ਹਾਂ ਤਿੰਨ ਅੰਕਾਂ ਤੋਂ ਬਾਅਦ, ਬਾਕੀ ਅਖਬਾਰ ਹਰ ਹਫਤੇ ਛਪਦਾ ਰਿਹਾ। ਇਸ ਵਾਰ ਪੰਜਾਬੀ 'ਗਦਰ' ਦੇ 23 ਦਸੰਬਰ 1913 ਵਾਲੇ ਅੰਕ ਦੇ ਪਹਿਲੇ ਚਾਰ ਸਫੇ ਛਾਪ ਰਹੇ ਹਾਂ। ਇਹ ਸਾਰੀ ਸਮੱਗਰੀ ਸਾਨੂੰ 'ਪੰਜਾਬ ਟਾਈਮਜ਼' ਦੇ ਸਾਥੀ ਕਸ਼ਮੀਰ ਸਿੰਘ ਕਾਂਗਣਾ (ਬੇਕਰਜ਼ਫੀਲਡ, ਫੋਨ ਨੰਬਰ: 661-331-5651) ਨੇ ਮੁਹੱਈਆ ਕਰਵਾਈ ਹੈ। -ਸੰਪਾਦਕ*

# ਗਦਰ ਦਾ ਦੂਜਾ ਪੰਜਾਬੀ ਅੰਕ

**ਸਰਕਾਰ ਅੰਗਰੇਜ਼ੀ ਦੀਆਂ ਔਕੜਾਂ:** 1905 ਤੋਂ ਅੰਗਰੇਜ਼ੀ ਸਰਕਾਰ ਤਰ੍ਹਾਂ ਤਰ੍ਹਾਂ ਦੀਆਂ ਔਕੜ ਵਿਚ ਫਸੀ ਹੋਈ ਹੈ। ਇਹ ਮੌਤ ਤੋਂ ਪਹਿਲਾਂ ਬਿਮਾਰੀ ਹੈ। ਏਸ ਰੋਗ ਦਾ ਕੋਈ ਇਲਾਜ ਨਹੀਂ, ਹੁਣ ਦਿਨੋ ਦਿਨ ਇਸ ਗਵਰਨਮਿੰਟ ਦੀ ਹਾਲਤ ਵਿਗੜਦੀ ਜਾਂਦੀ ਹੈ। ਕੋਈ ਜੁਗਤ ਨਹੀਂ ਚਲੂਗੀ, ਸਗੋਂ ਜਿੰਕੂ ਕੋਈ ਚਿਕੜ ਵਿਚ ਹੱਥ ਪੈਰ ਮਾਰਦਾ ਹੈ। ਤਿਓਂ ਉਸ ਦੇ ਵਿਚ ਧਸਦਾ ਜਾਂਦਾ ਹੈ। ਏਸ ਤਰ੍ਹਾਂ ਜਿਹੜੀ ਚਾਲ ਅੰਗਰੇਜ਼ ਚਲਦੇ ਹਨ, ਉਹ ਹੀ ਉਲਟੀ ਪੈਂਦੀ ਹੈ। ਹੁਣ ਏਸ ਅਣਹੋਏ ਕੰਮ 'ਤੇ ਏਹ ਸ਼ਲੋਕ ਯਾਦ ਆਉਂਦਾ ਹੈ:

ਮੰਦੀ ਕਿਸਮਤ ਅਸਾਂ ਦੀ, ਮੰਦੇ ਸਾਡੇ ਭਾਗ
ਜਿਓਂ ਜਿਓਂ ਪਾਣੀ ਪਾਈਏ ਤਿਵ ਤਿਵ ਲਾਗੇ ਆਗ।

ਸੋਚਣਾ ਚਾਹੀਏ ਕਿ ਏਹ ਔਕੜਾਂ ਕੀ ਕੀ ਹਨ। ਏਨਾਂ ਤੋਂ ਨਿਕਲ ਜਾਣ ਨੂੰ ਸਰਕਾਰ ਕੀ ਜੁਗਤਾਂ ਕਰਦੀ ਹੈ ਅਤੇ ਕਿਉਂ ਇਹ ਜੁਗਤਾਂ ਨਕੰਮੀਆਂ ਜਾਂਦੀਆਂ ਹਨ। ਇਕ ਤਾਂ ਮੁਲਖ ਵਿਚ ਕੌਮੀ ਪਾਰਟੀ ਦਾ ਸਿਰ ਚੁਕਣਾ। ਕੌਮੀ ਪਾਰਟੀ ਓਸ ਜਥੇ ਦਾ ਨਾਂਓ ਹੈ ਜਿਹੜਾ ਗ਼ਦਰ ਦੀ ਤਿਆਰੀ ਕਰਦਾ ਹੈ। ਅਖਬਾਰ ਛਾਪਦਾ ਹੈ। ਕਿਤਾਬਾਂ ਲਿਖਦਾ ਹੈ। ਉਪਦੇਸ਼ਕ ਤਿਆਰ ਕਰਦਾ ਹੈ। ਰਿਆਸਤਾਂ ਵਿਚੋਂ ਖਰਾਬੀਆਂ ਦੂਰ ਕਰਾਉਂਦਾ ਹੈ। ਫੌਜ, ਕਾਲਜਾਂ ਵਿਚ ਜੁਆਨ ਭਰਤੀ ਕਰਾਉਂਦਾ ਹੈ। ਦੂਜੇ ਦੇਸ਼ਾਂ ਵਿਚ ਰਾਜਨੀਤੀ ਸਿਖਣ ਦੇ ਕਾਰਨ ਵਿਦਿਆਰਥੀ ਭੇਜਦਾ ਹੈ। ਇਸੇ ਤਰ੍ਹਾਂ ਦੀ ਤਿਆਰੀ ਤੋਂ ਛੇਤੀ ਗ਼ਦਰ ਹੋਵੇਗਾ। ਜਿਸ ਦੇ ਮਗਰੋਂ ਅੰਗਰੇਜ਼ਾਂ ਦੀ ਹਡੀ ਭੀ ਹਿੰਦੋਸਤਾਨ ਵਿਚ ਨਹੀਂ ਮਿਲੂਗੀ। ਇਸ ਕੌਮੀ ਪਾਰਟੀ ਨੇ ਪਹਿਲਾਂ ਦੇਸ਼ ਵਿਚ ਸੁਦੇਸ਼ੀ ਦਾ ਪ੍ਰਚਾਰ ਕੀਤਾ। ਫੇਰ ਕੌਮੀ ਪਾਠਸ਼ਾਲਾ ਤੇ ਮਹਾਂ ਵਿਦਿਆਲੇ ਬਣਾਏ ਤੇ ਅਖਬਾਰ ਚਲਾਏ। ਹੁਣ ਬਾਹਰ ਦੇ ਦੇਸ਼ ਵਿਚ ਖੁਲਮ ਖੁਲ੍ਹਾ ਕੰਮ ਚਲਾ ਰਹੀ ਹੈ। ਅਤੇ ਦੇਸ਼ ਵਿਚ ਭੀ ਛੁਪ ਕੇ ਪਰਚਾਰ ਕਰ ਰਹੀ ਹੈ। ਜੇ ਇਕ ਜੁਗਤ ਕਿਤੇ ਗ਼ਲਤ ਹੋ ਜਾਂਦੀ ਹੈ ਤਾਂ ਝਟ ਮਕੜੀ ਵਾਂਗ ਦੂਜਾ ਜਾਲਾ ਬੁਣ ਦਿੰਦੀ ਹੈ। ਜੇਕਰ ਇਕ ਰਾਹ ਬੰਦ ਹੋ ਜਾਂਦਾ ਹੈ ਤਾਂ ਕੀੜੀ ਵਾਂਗ ਦੂਜਾ ਰਾਹ ਕੱਢ ਲੈਂਦੀ ਹੈ। ਏਹ ਪਾਰਟੀ ਹੁਣ ਏਤਨੀ ਵਧ ਗਈ ਹੈ ਕਿ ਹਵਾ ਦੇ ਵਾਂਗ ਹਰ ਦਿਸ਼ਾ ਵਿਚ ਫੈਲ ਗਈ ਹੈ। ਸ਼ਹਿਰਾਂ-ਪਿੰਡਾਂ ਵਿਚ, ਪਾਠਸ਼ਾਲਾਂ-ਮਹਾਂ ਵਿਦਿਆਲਿਆਂ 'ਚ, ਰਿਆਸਤਾਂ ਵਿਚ, ਗਲ ਕੀ, ਹਰ ਥਾਂ ਏਸ ਦੇ ਪ੍ਰੇਮੀ ਖੜੇ ਹਨ। ਲੰਦਨ, ਪੈਰਸ ਵਿਚ, ਜਨੇਵਾ, ਨਿਊ ਯਾਰਕ ਵਿਚ, ਸਾਨ ਫਰਾਂਸਿਸਕੋ, ਵੈਨਕੋਵਰ ਵਿਚ, ਲੈਟਨ ਫੀਜੀ ਵਿਚ, ਸਭ ਥਾਂ ਇਸ ਦੇ ਭਗਤ ਸੱਚੇ ਦਿਲ ਨਾਲ ਏਸ ਦੀ ਸੇਵਾ ਕਰਦੇ ਹਨ। ਏਹ ਅਖਬਾਰ ਗ਼ਦਰ ਭੀ ਏਸ ਪਾਰਟੀ ਦਾ ਇਕ ਹਲਕਾਰਾ ਹੈ।

ਏਸ ਕੌਮੀ ਪਾਰਟੀ ਵਿਚ ਮੁਸਲਮਾਨ ਭੀ ਪਹਿਲਾਂ ਤੇ ਨਾਲ ਹੀ ਚਲੇ ਆਉਂਦੇ ਹਨ। ਪਰ ਹੁਣ ਏਨੇ ਦੇ ਜੁਆਨ ਅਣਗਿਣਤ ਏਸ ਪਾਰਟੀ ਵਿਚ ਭਰਤੀ ਹੁੰਦੇ ਜਾਂਦੇ ਹਨ। ਏਸ ਤੋਂ ਗਵਰਮਿੰਟ ਨੂੰ ਬੜੀ ਘਬਰਾਹਟ ਲੱਗੀ ਹੋਈ ਹੈ। ਪਿਛਲੇ ਦੋ ਸਾਲਾਂ ਵਿਚ ਮੁਸਲਮਾਨ ਜਵਾਨਾਂ ਨੇ ਗੁਲਾਮੀ ਤੇ ਡਰਾਕਲਪੁਣੇ ਨੂੰ ਦੂਰ ਕਰਕੇ ਅਜ਼ਾਦੀ ਦੇ ਅਸੂਲਾਂ ਨੂੰ ਫੜਿਆ ਹੈ ਅਤੇ ਹੁਣ ਉਹ ਭੀ ਗ਼ਦਰ ਦੀ ਖਾਤਰ ਦਿਲ ਤੋਂ ਜਾਨ ਸੇ ਹਾਜ਼ਰ ਹਨ। ਏਸ ਔਖ ਨੇ ਗਵਰਮਿੰਟ ਦਾ ਕਾਜ ਹੋਰ ਵੀ ਜ਼ਿਆਦਾ ਸਖਤ ਕਰ ਦਿੱਤਾ ਹੈ। ਅਗੇ ਤਾਂ ਥੋੜੇ ਜਿਹੇ ਹਿੰਦੂ ਮੁਸਲਮਾਨ ਹੀ ਬਰਖਿਲਾਫ਼ ਸਨ। ਪਰ ਹੁਣ ਤਾਂ ਸਾਰੇ ਮੁਸਲਮਾਨ ਹੀ ਏਧਰ ਆਉਣ ਲਗੇ ਹਨ।

ਦੂਜੇ ਹੁਣ ਕੌਮੀ ਪਾਰਟੀ ਦੇ ਨਾਲ ਹੀ ਇਕ ਬੰਬ ਬਣਾਉਣ ਤੇ ਮਾਰਨ ਵਾਲਾ ਜਥਾ ਵੀ ਨਿਕਲ ਆਇਆ ਹੈ। ਜਿਸ ਦੀ ਤਾਕਤ ਮਈ 1908 ਤੋਂ ਦਿਖਾਈ ਦਿੰਦੀ ਹੈ। ਏਸ ਟੋਲੀ ਨੇ ਅੱਡ ਗਵਰਮਿੰਟ ਦਾ ਦਮ ਨੱਕ ਵਿਚ ਕਰ ਦਿੱਤਾ ਹੈ। ਕੌਮੀ ਪਾਰਟੀ ਤਾਂ ਅੱਗੇ ਹੀ ਛੇਤੀ ਗ਼ਦਰ ਕਰਨ ਦੀ ਤਿਆਰੀ ਕਰਦੀ ਹੈ। ਪਰ ਏਸ ਟੋਲੀ ਨੇ ਹੁਣ ਤੋਂ ਹੀ ਦੁਸ਼ਮਣ ਤੇ ਵਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਏਸ ਜਥੇ ਵਿਚ ਬੰਗਾਲ, ਮਹਾਂਰਾਸ਼ਟਰ, ਮਦਰਾਸ, ਪੰਜਾਬ ਤੇ ਹੋਰ ਸੂਬਿਆਂ ਦੇ ਜੁਆਨ ਹੁਣ ਏਸ ਸਾਲ ਵਿਚ ਕਈ ਵਾਰੀ ਆਪਨੇ ਹੱਥ ਦਿਖਾਉਂਦੇ ਹਨ। ਏਨਾਂ ਦਾ ਇਹ ਅਸੂਲ ਹੈ ਕਿ ਅੰਗਰੇਜ਼ੀ ਅਫਸਰਾਂ ਨੂੰ ਮਾਰ ਕੇ ਖਿਲਕਤ ਮੇਂ ਹਿੰਮਤ ਪੈਦਾ ਕਰ ਦੇਈਏ ਅਤੇ ਏਸ ਤੋਂ ਗਵਰਮਿੰਟ ਦਾ ਬੰਦੋਬਸਤ ਢਿਲਾ ਪੈ ਜਾਂਦਾ ਹੈ। ਅਫਸਰ ਤੇ ਉਨ੍ਹਾਂ ਦੀ ਪੂਛ ਕੰਬਣ ਲਗ ਪੈਂਦੀ ਹੈ। ਇਹ ਜਵਾਨ ਕਹਿੰਦੇ ਹਨ ਕਿ ਤੁਰਤ ਦਾਨ ਮਹਾਂ ਕਲਿਆਣ। ਗਦਰ ਤਾਂ ਜਦ ਹੋਊ ਤਦ ਹੀ ਹੋਊ ਪਰ ਅਸੀ ਤਾਂ ਆਪਣਾ ਧਰਮ ਪੂਰਾ ਕਰੀਏ। ਰੂਸ ਵਿਚ ਵੀ ਅਜਿਹੀ ਟੋਲੀ ਬੜੇ ਚਿਰ ਤੋਂ ਹੈ। 31 ਮਾਰਚ 1981 ਵਿਚ ਉਨ੍ਹਾਂ ਨੇ ਰੂਸ ਦੇ ਬਾਦਸ਼ਾਹ ਨੂੰ ਬੰਬ ਨਾਲ ਮਾਰ ਦਿਤਾ ਸੀ। ਇਸ ਤੋਂ ਬਾਅਦ ਹੋਰ ਵੀ ਕਈ ਅਜਿਹੇ ਕੰਮ ਹੋਏ ਹਨ। ਥਰੀ ਕਾਫ਼, ਟਰੀਪੌਟ ਤੇ ਸਟੋਲੀਪਨ ਨਾਵੇਂ ਜ਼ਾਲਮ ਅਫਸਰਾਂ ਨੂੰ ਦੇਸ਼ ਭਗਤਾਂ ਨੇ ਮਾਰ ਖਪਾਇਆ। ਇਸ ਤਰ੍ਹਾਂ ਹਿੰਦੋਸਤਾਨ ਵਿਚ ਭੀ ਪਰਹਾਰਕ ਦਲ ਪੈਦਾ ਹੋ ਗਿਆ ਹੈ। ਜੇ ਕੌਮੀ ਪਾਰਟੀ ਨੂੰ ਪ੍ਰਚਾਰਕ ਦਲ ਕਹੀਏ ਤਾਂ ਏਸ ਛੋਟੀ ਟੋਲੀ ਨੂੰ ਪਰਹਾਰਕ ਦਲ ਕਹਿਣਾ ਚਾਹੀਦਾ ਹੈ (ਪਰਹਾਰ ਦਾ ਮਤਲਬ ਸੱਟ ਮਾਰਨਾ ਹੈ)। ਇਸ ਜਥੇ ਦੇ ਵਿਰੁਧ ਵੀ ਗਵਰਮਿੰਟ ਦੀ ਚਾਲ ਕੁਛ ਨਹੀਂ ਕਰ ਸਕੀ। 2 ਮਈ 1908 ਨੂੰ ਖੁਦੀ ਰਾਮ ਬੋਸ ਤੇ ਪਰਫਲ ਚਾਕੀ ਨੇ ਮੁਜ਼ੱਫਰਪੁਰ ਵਿਚ ਬੰਬ ਸੁਟਿਆ। ਫੇਰ ਕਦੇ ਕਦੇ ਬੰਬ ਤੇ ਪਸਤੌਲਾਂ ਨਾਲ ਕਈ ਜਿਲਿਆਂ ਵਿਚ ਅੰਗਰੇਜ਼ ਅਫਸਰ ਮਾਰੇ ਗਏ। ਮਦਰਾਸ ਵਿਚ ਵੇਸ਼ ਤੇ ਬੰਬਈ ਵਿਚ ਜੈਕਸਨ ਤੇ ਲੰਦਨ ਵਿਚ ਕਰਜ਼ਨ ਵੈਲੀ ਇਕ ਦੂਜੇ ਦੇ ਮਗਰੋਂ ਏਸ ਟੋਲੀ ਨੇ ਗੋਲੀਆਂ ਵਿਨੇ। ਫੇਰ ਬੰਗਾਲ ਵਿਚ 1908 ਵਿਚ ਏਸ ਜਥੇ ਨੇ ਜੇਲ ਵਿਚ ਜਾ ਕੇ ਕਸਾਈ ਨੂੰ ਮਾਰਿਆ ਜਿਹੜਾ ਸਰਕਾਰ ਵੱਲੋਂ ਗਵਾਹ ਬਣ ਗਿਆ ਸੀ। ਏਸ ਦੇ ਮਾਰਨ ਵਾਲੇ ਘਨਈਆ ਲਾਲ ਦੱਤ ਦੀ ਅਰਥੀ ਲੋਕ ਬੜੀ ਮੁਹੱਬਤ ਤੇ ਇਜ਼ਤ ਨਾਲ ਮਰਗ ਘਾਟ ਤਾਈਂ ਲੈ ਕੇ ਗਏ ਤੇ ਇਸਤਰੀਆਂ ਨੇ ਬਰਤ ਰੱਖਿਆ ਅਤੇ ਏਸ ਦੀ ਸੁਆਹ ਨੂੰ ਲੋਕਾਂ ਨੇ ਘਰੀਂ ਲਿਆ ਕੇ ਸੋਨੇ ਤੇ ਚਾਂਦੀ ਦੇ ਭਾਂਡਿਆਂ ਵਿਚ ਰੱਖਿਆ। ਘਨਈਆ ਲਾਲ ਦੱਤ ਦੀ ਬਹਾਦਰੀ ਦਾ ਬੰਗਾਲੀ ਕੌਮ 'ਤੇ ਏਨਾ ਅਸਰ ਪਿਆ ਕਿ ਗਵਰਮਿੰਟ ਡਰ ਗਈ ਅਤੇ ਸਖਤ ਕਾਨੂੰਨ ਬਣਾਉਣ ਲੱਗ ਪਈ। ਅਖਬਾਰ ਤੇ ਜਲਸੇ ਬੰਦ ਕਰ ਦਿਤੇ। ਆਗੂ ਫੜ ਲਏ ਤੇ ਬੱਚਿਆਂ ਤਾਈਂ ਬੰਦੇ ਮਾਤਰਮ ਦੇ ਗਾਉਣ ਦੀ ਸਜ਼ਾ ਦਿਤੀ। ਗਵਰਮਿੰਟ ਨੇ ਗੁਸੇ ਵਿਚ ਕਿਹਾ ਕਿ ਨਾਓ ਨਿਸ਼ਾਨ ਨਹੀਂ ਛਡਾਂਗੇ ਅਤੇ ਸਖਤ ਕਨੂੰਨ ਦਾ ਹਥਿਆਰ ਲੈ ਕੇ ਘਰੋਂ ਚਲੀ।


ਪਰ ਹੁਣ ਇਹ ਗਵਰਮਿੰਟ ਬੜੀ ਔਖ ਵਿਚ ਹੈ। ਕਿਉਂਕਿ ਤਲਾਅ ਵਿਚ ਕੰਵਲ ਫੁੱਲ ਦੀ ਤਰ੍ਹਾਂ ਏਹ ਪਰਹਾਰ ਟੋਲੀ ਦਿਸਦੀ ਹੈ। ਏਸ ਦੇ ਕੰਮਾਂ ਤੋਂ ਮਲੂਮ ਹੁੰਦਾ ਹੈ ਕਿ ਏਹ ਹੁਣ ਅਟੱਲ ਹੋ ਗਈ ਹੈ। ਏਸ ਘਟਣਾ ਤਾਂ ਕੀ, ਦਿਨੋ ਦਿਨ ਵਧਦੀ ਜਾਂਦੀ ਹੈ। ਹੁਣ ਏਹ ਜਥਾ ਕੌਮੀ ਡਾਕੇ ਮਾਰ ਕੇ ਡਰਾਕਲ ਸ਼ਾਹੂਕਾਰਾਂ ਤੇ ਗਵਰਮਿੰਟ ਦੇ ਖਜ਼ਾਨੇ ਲੁਟ ਕੇ ਏਸ ਕੰਮ ਨੂੰ ਤੁਰਦਾ ਰੱਖਣ ਲੱਗ ਪਿਆ ਹੈ। ਗਵਰਮਿੰਟ ਦੀ ਤਸੀਲਾਂ ਲੁਟ ਕੇ ਪਰਜਾ ਦੇ ਫੈਦਾ ਦੀ ਖਾਤਰ ਲਾਇਆ ਜਾਂਦਾ ਹੈ। ਏਸ ਤਰ੍ਹਾਂ ਸਰਕਾਰ ਨੂੰ ਇਕ ਹੋਰ ਔਖ ਖੜੀ ਹੋ ਗਈ ਹੈ। ਪਰ ਕੁਛ ਬਸ ਨਹੀਂ ਜਾਂਦਾ ਕਿਉਂਕਿ ਅਖਬਾਰ ਬੰਦ ਤੇ ਆਗੂਆਂ ਨੂੰ ਕਾਲੇ ਪਾਣੀ ਕਰਨ ਤੋਂ ਮਗਰੋਂ ਵੀ ਇਹ ਪਰਹਾਰਕ ਟੋਲੀ ਘਟਾਂ ਦੇ ਵਿਚ ਬਿਜਲੀ ਵਾਂਗ ਆਪਣਾ ਮੂੰਹ ਦਿਖਾ ਹੀ ਜਾਂਦੀ ਹੈ। ਦੇਖੋ ਪਿਛਲੇ ਸਾਲ ਏਸ ਪਾਰਟੀ ਦਾ ਸਬੂਤ ਮਿਲਿਆ। ਜਿਸ ਤੋਂ ਗਵਰਮਿੰਟ ਹੁਣ ਤਾਈਂ ਪ੍ਰੇਸ਼ਾਨ ਹੈ। 23 ਦਸੰਬਰ 1912 ਨੂੰ ਜਦ ਵਾਇਸਰਾਇ ਬੜੀ ਸ਼ਾਨ-ਸ਼ੌਕਤ ਨਾਲ ਨਵੀਂ ਰਾਜਧਾਨੀ ਦਿੱਲੀ ਵਿਚ ਆਏ ਤਾਂ ਝਟ ਬਾਜ ਵਾਂਗ ਬੰਬ ਪਿਆ ਤੇ ਵਾਇਸਰਾਏ ਦੇ ਜ਼ਖ਼ਮ ਲੱਗੇ ਤੇ ਬੇਹੋਸ਼ ਹੋ ਗਿਆ ਅਤੇ ਦਵਾਨ ਦੀ ਥਾਂ ਹਸਪਤਾਲ ਲੈ ਜਾਣੇ ਪਏ। ਅਤੇ ਹੁਣ ਤੱਕ ਪੁਲਿਸ ਪਤਾ ਵੀ ਨਹੀਂ ਲਗਾ ਸਕੀ ਕਿ ਕਿਸ ਨੇ ਬੰਬ ਮਾਰਿਆ। ਨਾਲੇ ਲੱਖਾਂ ਆਦਮੀਆਂ ਦੀਆਂ ਅੱਖਾਂ ਅੱਗੇ ਏਹ ਬੰਬ ਪਿਆ। ਅਤੇ ਲੱਖਾਂ ਰੁਪਿਆ ਏਸ ਦਾ ਇਨਾਮ ਰੱਖਿਆ ਹੈ। ਇਕ ਸਾਲ ਹੋ ਗਿਆ, ਸੈਂਕੜੇ ਭੇਦੀਏ ਮਿਲ ਕੇ ਇਕ ਆਦਮੀ ਦਾ ਪਤਾ ਨਹੀਂ ਲਾ ਸਕੇ ਹਨ। ਏਸ ਕੰਮ ਤੋਂ ਸਰਕਾਰ ਦੇ ਦਬਦਬੇ ਨੂੰ ਧੱਬਾ ਲਗ ਗਿਆ ਹੈ। ਕਿਉਂਕਿ ਜਦ ਪਰਹਾਰਕ ਟੋਲੀ ਏਸ ਤਰ੍ਹਾਂ ਵਾਰ ਕਰ ਸਕਦੀ ਹੈ ਤਾਂ ਪਰਜਾ ਕਿਸ ਨੂੰ ਜਬਰਦਸਤ ਮੰਨੂਗੀ, ਗਵਰਮਿੰਟ ਨੂੰ, ਪਰਹਾਰਕ ਜਥੇ ਨੂੰ। ਰਾਜੇ ਮਹਾਰਾਜੇ ਬੰਬ ਖਾਂਦੇ ਵਾਇਸਰਾਇ ਦੀ ਇਜ਼ਤ ਕਰ ਸਕਦੇ ਹਨ। ਏਸ ਤੋਂ ਪੁਲਿਸ ਦੀ ਕਮਜ਼ੋਰੀ ਦਾ ਵੀ ਪਤਾ ਲਗ ਗਿਆ। ਗਵਰਮਿੰਟ ਹੁਣ ਹਾਥੀ ਦੀ ਥਾਂ ਵਾਇਸਰਾਇ ਨੂੰ ਪਾਲਕੀ ਵਿਚ ਬਿਠਾ ਕੇ ਜਲਸਾ ਤਾਂ ਨਹੀਂ ਕਰ ਸਕਦੀ। ਹੁਣ ਅੱਗੇ ਦਰਬਾਰ ਨੂੰ ਬੜੀ ਮੁਸ਼ਕਲ ਹੋਵੇਗੀ। ਏਸ ਬੰਬ ਨੇ ਗਵਰਮਿੰਟ ਦੀ ਜਗ ਵਿਚ ਡੌਂਡੀ ਪਿਟ ਦਿੱਤੀ ਹੈ। ਗਵਰਮਿੰਟ ਦੇ ਦੁਸ਼ਮਣਾਂ ਨੇ ਖੁਸ਼ੀ ਮਨਾਈ। ਅੱਜ ਦੇ ਦਿਨ ਇਸ ਬੰਬ ਨੂੰ ਪੂਰਾ ਸਾਲ ਹੋ ਗਿਆ ਹੈ। ਅਤੇ ਏਸ ਬੰਬ ਦੀ ਅਵਾਜ਼ ਸਾਰੀ ਦੁਨੀਆਂ ਵਿਚ ਗੂੰਜ ਉਠੀ ਹੈ ਅਤੇ ਬਾਹਰ ਦੇ ਅਖਬਾਰ ਬੋਲ ਉਠੇ ਕਿ ਹਿੰਦੋਸਤਾਨ ਦੀ ਗਵਰਮਿੰਟ ਵਿਚ ਕੀ ਨੁਕਸ ਹੈ। ਜਿਸ ਕਰਕੇ ਪਰਹਾਰਕ ਪਾਰਟੀ ਨਿਕਲ ਆਈ।

ਹੁਣ ਫੇਰ ਖਬਰ ਆਈ ਹੈ ਕਿ ਬੰਗਾਲ ਵਿਚ ਦੋ ਪੁਲਿਸ ਦੇ ਅਫਸਰ ਬਜ਼ਾਰ ਵਿਚ ਮਾਰ ਸੁਟੇ ਤੇ ਕੋਈ ਫੜਿਆ ਨਹੀਂ ਗਿਆ ਅਤੇ ਕਈ ਥਾਂ ਇਕ ਇਸ਼ਤਿਹਾਰ ਮਿਲਿਆ ਹੈ। ਜਿਸ ਉਤੇ ਲਿਖਿਆ ਹੈ ਕਿ ਮੈਂ ਉਹੀ ਹਾਂ ਜਿਸ ਨੇ ਦਿੱਲੀ ਬੰਬ ਮਾਰਿਆ ਸੀ ਅਤੇ ਹੁਣ ਪੁਲਿਸ ਦੇ ਅਫਸਰ ਨੂੰ ਮਾਰਿਆ ਹੈ। ਤੇ ਤੁਸਾਂ ਵਿਚ ਤਾਕਤ ਹੈ ਤਾਂ ਫੜ ਲਵੋ। ਏਸ ਤਰ੍ਹਾਂ ਪਰਹਾਰਕ ਪਾਰਟੀ ਨੇ ਗਵਰਮਿੰਟ ਦਾ ਦਮ ਨਕ ਵਿਚ ਕਰ ਦਿਤਾ ਹੈ।

ਏਹ ਚਾਲ ਦੇਖ ਕੇ ਕੌਮੀ ਪਾਰਟੀ ਕਹਿੰਦੀ ਹੈ ਕਿ ਗ਼ਦਰ ਬਹੁਤ ਛੇਤੀ ਹੋਣ ਵਾਲਾ ਹੈ। ਜਦ ਬਦਲ ਗਜਦੇ ਹਨ, ਬਿਜਲੀ ਚਮਕਦੀ ਹੈ ਤਾਂ ਅਕਲਮੰਦ ਆਦਮੀ ਸਮਝ ਜਾਂਦਾ ਹੈ ਕਿ ਬੜੇ ਜੋਰ ਨਾਲ ਬਰਖਾ ਹੋਵੇਗੀ। ਇਸੇ ਤਰ੍ਹਾਂ ਏਨਾਂ ਬਾਤਾਂ ਤੋਂ ਪਤਾ ਲੱਗਦਾ ਹੈ ਕਿ ਜਲਦੀ ਬੜੀ ਭਾਰੀ ਜੰਗ ਹੋਵੇਗੀ ਜੋ ਸਦੀਆਂ ਦਾ ਕੂੜਾ, ਮੈਲ ਸਫਾ ਕਰੇਗੀ। ਪੰਚਾਤੀ ਰਾਜ ਬਣੇਗਾ। ਇਸ ਤੁਫਾਨ ਵਿਚ ਅੰਗਰੇਜ਼ ਤੇ ਰਾਜੇ ਮਹਾਰਾਜੇ ਸਾਰੇ ਜ਼ਾਲਮ ਰਾਖ ਦੀ ਤਰ੍ਹਾਂ ਉਡ ਜਾਣਗੇ ਅਤੇ ਹਿੰਦੋਸਤਾਨ ਦੀ ਪਰਜਾ ਦੀ ਖਾਤਰ ਖੁਸ਼ੀ ਤੇ ਅਜ਼ਾਦੀ ਦੇ ਦਿਨ ਆਉਣਗੇ। ਇਸ ਸਭ ਗਦਰ ਦੀ ਖਾਤਰ ਸਭ ਭਾਈਆਂ ਨੂੰ ਕੋਸ਼ਿਸ ਕਰਨੀ ਚਾਹੀਦੀ ਹੈ ਅਤੇ ਹਰ ਤਰ੍ਹਾਂ ਇਸ ਗਦਰ ਦੀ ਮਦਦ ਕਰੇ। ਏਹੀ ਸਾਡਾ ਉਪਦੇਸ਼ ਹੈ।

**ਸਾਡਾ ਕੇਸਰੀ ਬਾਣਾ:** ਅੱਜ ਅਸੀਂ ਪਹਿਲੀ ਵਾਰ ਕੇਸਰੀ ਬਾਣਾ ਪਹਿਨ ਕੇ ਨਿਕਲੇ ਹਾਂ, ਹਿੰਦੋਸਤਾਨ ਦੀ ਤਵਾਰੀਖ਼ ਵਿਚ ਇਹ ਕੇਸਰੀ ਬਾਣਾ ਸ਼ਹੀਦਾਂ ਤੇ ਸੂਰਬੀਰਾਂ ਦਾ ਜਾਮਾ ਹੈ। ਅਸੀਂ ਰੰਗੇ ਕਾਗਜ ਪਰ ਪੱਤਰ ਭੇਜਦੇ ਹਾਂ। ਜਿਸ ਤੋਂ ਪਤਾ ਲਗ ਜਾਵੇ। ਅੱਜ ਏਸ ਨਵੀਂ ਸਜ ਧਜ ਨਾਲ ਸੂਰਮਾ ਗ਼ਦਰ ਨਿਕਲਿਆ ਹੈ ਅਤੇ ਪੁਕਾਰਦਾ ਹੈ ਕਿ ਓ ਸੂਰਮੇ ਵੀਰੋ! ਤੁਸੀ ਬੀ ਕੇਸਰੀ ਜਾਮਾ ਪਹਿਨ ਲਵੋ ਅਤੇ ਸੰਸਾਰ ਦੇ ਲਾਲਚ ਨੂੰ ਛਡ ਅੰਗਰੇਜ਼ਾਂ ਨਾਲ ਜੰਗ ਅਰੰਭ ਦੇਓ। ਬਹਾਦਰੀ ਦੀ ਅੱਗ ਨਾਲ ਏਸ ਪਾਪੀ ਡਰ ਨੂੰ ਸੁਆਹ ਕਰ ਦੇਵੋ। ਪੁਰਾਣੀ ਗੁਲਾਮੀ ਦੀ ਪੁਸ਼ਾਕ ਉਤਾਰ ਦੇਓ। ਅੱਜ ਤੋਂ ਸੂਰਬੀਰਤਾ ਦੀ ਨਦੀ ਵਿਚ ਇਸ਼ਨਾਨ ਕਰਕੇ ਮੁਲਕ ਦੀ ਮੈਲ ਧੋ ਦਿਓ। ਫੇਰ ਕੇਸਰੀ ਕਪੜੇ ਪਹਿਨ ਕੇ ਅਜ਼ਾਦੀ ਦੇ ਮੰਦਰ ਵਿਚ ਭੇਟ ਦਿਓ।

*(ਬਾਕੀ ਅਗਲੇ ਸਫੇ 'ਤੇ)*



*ਪੰਜਾਬੀ ਵਿਚ ਛਪੇ 'ਗਦਰ' ਅਖਬਾਰ ਦੇ ਦੂਜੇ ਅੰਕ ਦਾ ਪਹਿਲਾ ਸਫਾ ਅਤੇ (ਸੱਜੇ) ਇਸ ਪਹਿਲੇ ਸਫੇ ਦਾ ਹੂ-ਬ-ਹੂ ਉਤਾਰਾ।*

**ਜੇ ਚਿਤ ਪਰੇਮ ਖੇਲਣ ਦਾ ਚਾਓ। ਸਿਰ ਧਰ ਤਲੀ ਗਲੀ ਮੋਰੀ ਆਓ॥**

## .ਗਦਰ

**ਜਿਲਦ ਪੈਹਲੀ ਯੁਗੰਤਰ ਆਸ਼ਰਮ ਸਾਨ ਫਰਾਂਸਿਸਕੋ 23 ਦਸੰਬਰ 1913, ਨੰਬਰ ਦੂਜਾ**

**ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ**
**ਮੋਟੀਆਂ ਮੋਟੀਆਂ ਬਾਤਾਂ**

1. ਅੰਗਰੇਜ਼ ਹਰ ਸਾਲ 50 ਕਰੋੜ ਰੁਪੈਆ ਹਿੰਦੋਸਤਾਨ ਵਿਚੋਂ ਲੈ ਜਾਂਦੇ ਹਨ। ਏਸ ਕਰਕੇ ਏਨੇ ਗਰੀਬ ਹਾਂ ਕਿ ਪੰਜ ਪੈਸੇ ਦਿਹਾੜੀ ਮਿਲਦੀ ਹੈ।
2. ਜ਼ਮੀਨ ਦਾ ਮਾਮਲਾ ਸੌ ਵਿਚੋਂ 65 ਲੈ ਜਾਂਦੇ ਹਨ।
3. 24 ਕਰੋੜ ਆਦਮੀਆਂ ਦੀ ਪੜ੍ਹਾਈ ਤੇ ਪੌਣੇ 8 ਕਰੋੜ ਰੁਪਏ ਤੇ ਸਫਾਈ ਦੇ ਬੰਦੋਬਸਤ ਤੇ ਕੁੱਲ 2 ਕਰੋੜ ਰੁਪਏ ਖਰਚ ਕੀਤਾ ਜਾਂਦਾ ਹੈ। ਪਰ ਫੌਜ ਤੇ ਸਾਢੇ 29 ਕਰੋੜ।
4. ਅੰਗਰੇਜ਼ਾਂ ਦੇ ਰਾਜ ਵਿਚ ਕਾਲ ਵਧਦੇ ਜਾਂਦੇ ਹਨ ਅਤੇ ਦਸ ਬਰਸਾਂ ਵਿਚ ਦੋ ਕਰੋੜ ਆਦਮੀ ਮਰ ਗਏ ਸਨ।
5. ਪਲੇਗ ਨਾਲ ਸੌਲਾਂ ਬਰਸਾਂ ਵਿਚ 80 ਲੱਖ ਮਰ ਗਏ।
6. ਹਿੰਦੋਸਤਾਨ ਦੇ ਰਜਵਾੜਿਆਂ ਵਿਚ ਨਾਫਾਕ ਪਾ ਕੇ ਆਪਨਾ ਡਰ ਬਠਾਉਂਦੇ ਹਨ।
7. ਅੰਗਰੇਜ਼ਾਂ ਨੂੰ ਹਿੰਦੋਸਤਾਨੀ ਆਦਮੀਆਂ ਨੂੰ ਮਾਰ ਸੁਟਣ ਤੇ ਔਰਤਾਂ ਦੀ ਇਜ਼ਤ ਖਰਾਬ ਕਰਨ ਦੀ ਕੋਈ ਸਜ਼ਾ ਨਹੀਂ ਦਿਤੀ ਜਾਂਦੀ।
8. ਹਿੰਦੂ ਮੁਸਲਮਾਨਾਂ ਦੇ ਪੈਸੇ ਨਾਲ ਇਸਾਈ ਮਜ਼ਬ ਦੀ ਮਦਦ ਕੀਤੀ ਜਾਂਦੀ ਹੈ।
9. ਹਿੰਦੂ ਤੇ ਮੁਸਲਮਾਨਾਂ ਵਿਚ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।
10. ਹਿੰਦੋਸਤਾਨ ਦੇ ਰੂਪੈਏ ਨਾਲ, ਹਿੰਦੋਸਤਾਨੀਆਂ ਦੀਆਂ ਜਾਨਾਂ ਖਪਾ ਕੇ ਦੂਜੇ ਦੇਸ਼ਾਂ ਨਾਲ ਲਾਮ ਲਾਉਂਦੇ ਹਨ।
11. ਹਿੰਦੋਸਤਾਨ ਦੀ ਆਬਾਦੀ ਅੰਗਰੇਜ਼ੀ ਇਲਾਕੇ ਵਿਚ 24 ਕਰੋੜ ਤੇ ਰਿਆਸਤਾਂ ਵਿਚ 7 ਕਰੋੜ ਹੈ। ਅੰਗਰੇਜ਼ ਸਿਪਾਹੀ ਤੇ ਅਫਸਰ 79,614 ਤੇ ਵਲੰਟੀਅਰ 38948 ਹਨ।
12. 1857 ਦੇ ਗਦਰ ਨੂੰ 56 ਸਾਲ ਹੋ ਗਏ ਹਨ। ਦੂਜੇ ਗ਼ਦਰ ਦੀ ਛੇਤੀ ਲੋੜ।

**ਲੇਖਾਂ ਦੀ ਲੜੀ**


| ਲੇਖ | ਪਨ੍ਹਾਂ |
|---|---|
| 1. ਅੰਗਰੇਜ਼ੀ ਰਾਜ ਦੀਆਂ ਔਖੜਾਂ... | 2 |
| 2. ਸਾਡਾ ਕੇਸਰੀ ਬਾਣਾ... | 3 |
| 3. ਅੰਗਾਂ ਦੀ ਗੁਆਹੀ... | 4 |
| 4. ਤਵਾਰੀਖ ਗ਼ਦਰ 1857... | 5 |
| 5. ਬੈਂਤਾਂ... | 6 |
| 6. ਮਿਰਕਨ ਤੇ ਇੰਗਲੈਂਡ ਦੇ ਸਰਬੰਧ... | 7 |
| 7. ਛੋਟੇ ਡਾਕੂ ਦਾ ਬਕਵਾਸ... | 8 |
| 8. ਨੋਟ... | 8 |


______

ਖਤ ਪਤਰ ਤੇ ਮਾਇਆ ਦਾ ਦਾਨ ਹੇਠ ਲਿਖੇ ਖਤੇ ਤੇ ਭੇਜੋ।

ਸਕਤਰ ਯੁਗੰਤਰ ਆਸ਼ਰਮ।
ਸਾਨ ਫਰਾਂਸਿਸਕੋ
ਕੈਲੇਫੋਰਨੀਆ।
ਯੂਨਾਈਟਡ ਸਟੇਟਸ ਅਮਰੀਕਾ।

'The Secretary'
Yugantar Ashram
San Francisco (Cal) USA

# ਇਸਤਰੀ ਮਨੋਬਲ ਦੀ ਬਾਤ ਪਾਉਂਦੇ ਨਾਟਕ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਗੁਰਸ਼ਰਨ ਸਿੰਘ ਨਾਟ ਉਤਸਵ ਦਾ ਤੇਰ੍ਹਵਾਂ ਨਾਟਕ ਮੇਲਾ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਇਸਤਰੀ ਸ਼ਕਤੀ ਦੀਆਂ ਤਹਿਆਂ ਤੱਕ ਜਾਣ ਵਾਲਾ ਸੀ। ਇਸ ਪੰਜ ਰੋਜ਼ਾ ਉਤਸਵ ਦੀ ਖਾਸ ਵਿਲੱਖਣਤਾ ਇਹ ਸੀ ਕਿ ਅਨੀਤਾ ਸ਼ਬਦੀਸ਼, ਸੀਮਾ ਬਿਸਵਾਸ ਤੇ ਮਨਦੀਪ ਘਈ ਦੀ ਸੋਲੋ ਅਦਾਕਾਰੀ (ਮਨਬਚਨੀ) ਨੇ ਕ੍ਰਮਵਾਰ 'ਮਨ ਮਿੱਟੀ', 'ਸਟ੍ਰੀਟ ਪਤਰ' ਤੇ 'ਕੁਦੇਸਣ' ਨਾਂ ਦੇ ਨਾਟਕਾਂ ਵਿਚ ਇਸਤਰੀ ਜਾਤੀ ਦੇ ਵੱਖ-ਵੱਖ ਰੂਪਾਂ ਬਾਰੇ ਕਮਾਲ ਦੀ ਅਦਾਕਾਰੀ ਨਾਲ ਅਤਿਅੰਤ ਗੰਭੀਰ ਤੇ ਦਿਲ ਖਿਚਵਾਂ ਚਾਨਣਾ ਪਾਇਆ।



ਨਾਟਕ 'ਕੁਦੇਸਣ' ਦਾ ਇਕ ਦ੍ਰਿਸ਼

ਅਨੀਤਾ ਦੀ ਸੋਲੋ ਅਦਾਕਾਰੀ ਨੇ ਦਿੱਲੀ ਵਾਲੀ ਦਾਮਨੀ ਦੇ ਬਲਾਤਕਾਰ ਅਤੇ ਪਾਕਿਸਤਾਨ ਦੀ ਮੁਖਤਾਰ ਮਾਈ ਦੇ ਪਿੰਡ ਦੀ ਪੰਚਾਇਤ ਵੱਲੋਂ ਕੀਤੇ ਸਮੂਹਕ ਜਬਰ-ਜਨਾਹ ਵਰਗੀਆਂ ਅਮਾਨਵੀ ਤੇ ਵਹਿਸ਼ੀ ਘਟਨਾਵਾਂ ਨੂੰ ਇਸ ਤਰ੍ਹਾਂ ਲੀਰੋ ਲੀਰ ਕੀਤਾ ਕਿ ਦਰਸ਼ਕ ਦੰਗ ਰਹਿ ਗਏ। ਆਪਣੇ ਜੀਵਨ ਸਾਥੀ ਸਬਦੀਸ਼ ਦੀ ਲਿਖੀ ਇਹ ਪਟ-ਕਥਾ ਉਹ ਚੰਡੀਗੜ੍ਹ ਤੋਂ ਪਹਿਲਾਂ ਬਰਤਾਨੀਆ ਦੇ ਕਈ ਸ਼ਹਿਰਾਂ ਵਿਚ ਪੇਸ਼ ਕਰਕੇ ਨਾਮਣਾ ਖੱਟ ਚੁੱਕੀ ਹੈ। ਨਿਸ਼ਚੇ ਹੀ ਦਰਸ਼ਕਾਂ ਦੀਆਂ ਤਾੜੀਆਂ ਦੀ ਗੂੰਜ ਨੇ ਟੈਗੋਰ ਥੀਏਟਰ ਦੀਆਂ ਕੰਧਾਂ ਵੀ ਕੰਬਣ ਲਾ ਦਿੱਤੀਆਂ ਸਨ। ਓਧਰ ਪੰਜਾਬ ਨਾਟਸ਼ਾਲਾ ਅੰਮ੍ਰਿਤਸਰ ਵਾਲਿਆਂ ਦੇ 'ਕੁਦੇਸਣ' ਨਾਟਕ ਨੂੰ ਮਨਦੀਪ ਘਈ (ਗੰਗੋ) ਨੇ ਵੀ ਉਹ ਜ਼ੁਬਾਨ ਦਿੱਤੀ ਜਿਹੜੀ ਹਰ ਕਿਸੇ ਦੇ ਵੱਸ ਦਾ ਰੋਗ ਨਹੀਂ। ਬਿਹਾਰ ਦੀ ਜੰਮੀ ਜਾਈ ਗੰਗੋ ਨੂੰ ਉਸ ਦੇ ਮਾਪੇ ਪੈਸੇ ਦੇ ਲਾਲਚ ਵਿਚ ਮੱਝਾਂ ਗਾਈਆਂ ਦੇ ਭਾਅ ਪੰਜਾਬੀ ਸਿੱਖ ਨੂੰ ਵੇਚ ਦਿੰਦੇ ਹਨ ਤਾਂ ਉਹ ਵੀ ਉਸ ਦੀ ਕੁੱਖ ਤੋਂ ਮੁੰਡਾ ਪ੍ਰਾਪਤ ਹੋਣ ਪਿਛੋਂ ਉਸ ਨੂੰ ਉਦੂੰ ਵੀ ਘੱਟ ਮੁੱਲ ਉਤੇ ਅੱਗੇ ਕਿਸੇ ਮੁਸਲਿਮ ਦੇ ਲੜ ਲਾ ਦਿੰਦਾ ਹੈ ਤੇ ਉਹ ਅੱਗੇ ਹੋਰ ਵੀ ਘੱਟ ਪੈਸਿਆਂ ਵਿਚ ਕਿਸੇ ਇਸਾਈ ਦੇ ਲੜ। ਅੰਤ ਵਿਚ ਗੰਗਾ ਦੇ ਅੰਦਰਲੇ ਮਨ ਦੀ ਸੁਹਿਰਦਤਾ ਨੂੰ ਪਹਿਚਾਣਦਿਆਂ ਇੱਕ ਅਧਿਆਪਕ ਜੀਊੜਾ ਉਸ ਨੂੰ ਆਪਣੇ ਘਰ ਵਸਾ ਲੈਂਦਾ ਹੈ। ਜਤਿੰਦਰ ਬਰਾੜ ਦੀ ਇਸ ਰਚਨਾ ਦਾ ਯੋਗ ਸਵਾਗਤ ਹੋ ਰਿਹਾ ਹੈ।

ਇਸ ਲੜੀ ਵਿਚ ਸੀਮਾ ਬਿਸਵਾਸ ਦੀ ਅਦਾਕਾਰੀ ਵਾਲੇ ਟੈਗੋਰ ਦੇ ਨਾਟਕ ਦਾ ਪੰਜਾਬੀ ਰੂਪ ਵੀ ਨਾਇਕਾ ਦੀ ਸਰੀਰਕ ਖੂਬਸੂਰਤੀ ਨਾਲੋਂ ਉਸ ਦੀ ਅਕਲ ਨੂੰ ਉਸ ਦੀ ਅਸਲੀ ਦੁਸ਼ਮਣ ਬਣਾ ਕੇ ਪੇਸ਼ ਕਰਦਾ ਹੈ। ਇਨ੍ਹਾਂ ਨਾਟਕਾਂ ਦੀ ਪੇਸ਼ਕਾਰੀ ਤੇ ਵਿਲੱਖਣਤਾ ਏਨੀ ਗਜ਼ਬ ਦੀ ਸੀ ਕਿ ਕਿਰਪਾਲ ਕਜ਼ਾਕ ਦੀਆਂ ਚਾਰ ਕਹਾਣੀਆਂ ਉਤੇ ਅਧਾਰਤ 'ਹੁੰਮਸ' ਨਾਂ ਦੇ ਨਾਟਕ ਵਧੀਆ ਅਦਾਕਾਰੀ ਦੇ ਬਾਵਜੂਦ ਪੂਰੀ ਤਰ੍ਹਾਂ ਚਮਕ ਨਹੀਂ ਸਕਿਆ।

ਸੁਚੇਤਕ ਰੰਗ ਮੰਚ ਵੱਲੋਂ ਚੁਣੇ ਗਏ ਇਨ੍ਹਾਂ ਨਾਟਕਾਂ ਦੀ ਅਗਾਂਹ ਵਧੂ ਪਹੁੰਚ ਨੇ ਅੱਸੀ ਵਰ੍ਹੇ ਪਹਿਲਾਂ ਦੀ ਉਹ ਅਗਾਂਹਵਧੂ ਲਹਿਰ ਚੇਤੇ ਕਰਵਾ ਦਿੱਤੀ ਜਿਸ ਨੂੰ ਫੈਜ਼ ਅਹਿਮਦ ਫੈਜ਼ ਵਰਗੇ ਉਘੇ ਹਸਤਾਖਰ ਹੀ ਨਹੀਂ, ਸੰਤ ਸਿੰਘ ਸੇਖੋਂ ਤੇ ਮੋਹਨ ਸਿੰਘ ਮਾਹਰ ਵਰਗੇ ਸੁਪ੍ਰਸਿੱਧ ਸਾਹਿਤਕਾਰ ਵੀ ਪਰਨਾਏ ਹੋਏ ਸਨ। ਸੁਚੇਤਕ ਰੰਗਮੰਚ ਮੁਹਾਲੀ ਨੂੰ ਤੇਰ੍ਹਵਾਂ ਗੁਰਸ਼ਰਨ ਸਿੰਘ ਉਤਸਵ ਮੁਬਾਰਕ!

**ਪੰਜਾਬੀ ਅੰਗ-ਸੰਗੀਆਂ ਦੇ ਮਰਸੀਏ ਤੇ ਮੁਹਾਂਦਰੇ:** ਯੂਰਪੀ ਪੰਜਾਬੀ ਸੱਥ ਵੱਲੋਂ ਪ੍ਰਕਾਸ਼ਿਤ ਸ਼ਾਮ ਸਿੰਘ 'ਅੰਗ-ਸੰਗ' ਦੀ ਲਿਖੀ 'ਤੁਰ ਗਏ ਯਾਰ ਨਿਰਾਲੇ' ਨਾਂ ਦੀ ਪੁਸਤਕ ਇੱਕ ਵੱਖਰੀ ਪਹਿਚਾਣ ਵਾਲੀ ਰਚਨਾ ਹੈ। ਇਸ ਵਿਚ 1905 ਵਿਚ ਜਨਮੇ ਮੋਹਨ ਸਿੰਘ ਮਾਹਿਰ ਤੋਂ ਲੈ ਕੇ ਹਾਲ ਵਿਚ ਚਲਾਣਾ ਕਰਨ ਵਾਲੇ ਦਲਬੀਰ ਤੱਕ ਦੇ ਮੁਹਾਂਦਰੇ ਹੀ ਨਹੀਂ ਗੁਣਾਂ ਦਾ ਗੁਣ ਗਾਇਨ ਵੀ ਹੈ। ਇਸ ਵਿਚ ਚੁਤਾਲੀ-ਪੰਜਤਾਲੀ ਕਲਮਕਾਰਾਂ, ਕਲਾਕਾਰਾਂ, ਕਥਾਕਾਰਾਂ, ਰੰਗਕਰਮੀਆਂ ਤੇ ਸਮਾਜ ਸੇਵਕਾਂ ਦੇ ਮਰਸੀਏ ਹਨ। ਸ਼ਾਮ ਸਿੰਘ ਇਨ੍ਹਾਂ ਹਸਤੀਆਂ ਨਾਲ ਪੰਜਾਬੀ ਟ੍ਰਿਬਿਊਨ ਵਿਚ ਕੰਮ ਕਰਦਿਆਂ ਤੇ ਉਸ ਪਿਛੋਂ ਨੇੜਿਓਂ ਵਿਚਰਦਾ ਰਿਹਾ ਹੈ। ਇਨ੍ਹਾਂ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਨ੍ਹਾਂ ਵਿਚ ਕਾਵਿਕ ਉਤਮਤਾ ਨਾਲੋਂ ਸੁਹਿਰਦਤਾ ਪ੍ਰਧਾਨ ਹੈ। ਇਨ੍ਹਾਂ ਵਿਚ 'ਟਾਕੀਆਂ ਲਾਉਂਦਾ ਰਿਹਾ ਉਹ ਪਾਤਰਾਂ ਨੂੰ ਸ਼ਬਦਾਂ ਅਰਥਾਂ ਨਾਲ ਉਸੇ ਸਿਲਾਈ ਕੀਤੀ' ਵਾਲਾ ਦੇਵਿੰਦਰ ਸਤਿਆਰਥੀ ਵੀ ਹੈ; 'ਜਿੰਦ ਜਾਨ ਸੀ ਉਸ ਦੀ ਗ਼ਜ਼ਲਕਾਰੀ ਬਹਿਰ ਏਧਰੋਂ ਉਧਰ ਨਾ ਕਦੇ ਹੁੰਦੀ' ਵਾਲਾ ਸਾਧੂ ਸਿੰਘ ਹਮਦਰਦ ਵੀ;



ਸ਼ਾਮ ਸਿੰਘ 'ਅੰਗ-ਸੰਗ'

'ਸਖਤ ਬੋਲਦਾ ਸੱਚੇ ਅੰਦਾਜ਼ ਅੰਦਰ, ਹਰਫ ਐਸੇ ਕਿ ਵਕਤ ਜਗਾਣ ਵਾਲੇ' ਦਾ ਲੇਖਕ ਭਾਈ ਮੰਨਾ ਸਿੰਘ ਵੀ; 'ਕਲਮ ਵਾਲਿਆਂ ਨੂੰ ਕੀਤਾ ਉਸ 'ਕੱਠਾ, ਸਾਰੇ ਮਿਲ ਕੇ ਲੋਕਾਂ ਦੀ ਸਾਰ ਲਈਏ' ਵਾਲਾ ਤੇਰਾ ਸਿੰਘ ਚੰਨ ਵੀ; 'ਉਹ ਆਵਾਜ਼ ਦਾ ਧਨੀ ਸੀ ਲਰਜ਼ਦਾ ਸੀ, ਸਮੇਂ ਉਤੇ ਸੀ ਤੈਰਦਾ ਹਵਾ ਬਣ ਕੇ' ਵਰਗਾ ਸ਼ਿਵ ਬਟਾਲਵੀ ਤੇ 'ਕਦੇ ਚਲ ਚਿੱਤਰ ਕਦੇ ਤੇਲ ਚਿੱਤਰ' ਚਿੱਤਰ ਸਿਰਜ ਕੇ ਕਲਾ ਵਿਚ ਜਾਨ ਪਾਉਣ ਵਾਲਾ ਸ਼ਿਵ ਸਿੰਘ ਵੀ। ਇਨ੍ਹਾਂ ਤੋਂ ਬਿਨਾਂ 'ਕਦੇ ਦੇਖਿਆ ਨਹੀਂ ਗਰਮ ਨਹੀਂ ਸੀ ਗਰਮ ਉਹਨੂੰ ਦਿਲਦਾਰ ਵੀ ਸੀ ਠੰਡਾ ਠਾਰ ਵੀ ਸੀ (ਮੀਸ਼ਾ); ਹੌਲੀ ਬੋਲਦਾ ਸੀ ਨਰਮ ਸ਼ਬਦ ਲੈ ਕੇ ਰੰਗ ਜਿਵੇਂ ਰੂਹਾਨੀ ਬਿਖੇਰ ਦਿੰਦਾ' (ਨੇਕੀ); 'ਕਰਨ ਵਾਸਤੇ ਟਿੱਪਣੀ ਰੋਜ਼ ਸੱਜਰੀ, ਪੱਕੀ ਸੋਚ ਦੀ ਛਤਰੀ ਤਾਣਦਾ ਸੀ' (ਬੰਨੂਆਣਾ); 'ਉਹਦੀ ਦਾੜ੍ਹੀ ਸੀ ਧੁੰਨੀ ਤੱਕ ਚਲੀ ਜਾਂਦੀ, ਜਿਸ ਦੀ ਉਸ ਨੂੰ ਉਕਾ ਹੀ ਲੋੜ ਨਹੀਂ ਸੀ (ਭੂਸ਼ਨ ਧਿਆਨਪੁਰੀ) ਵਰਗਿਆਂ ਦੇ ਅੰਗ ਸੰਗ ਰਹਿ ਕੇ ਲੇਖਕ ਨੇ ਉਨ੍ਹਾਂ ਦੀ ਨਬਜ਼ ਹੀ ਨਹੀਂ ਪਛਾਣੀ ਉਨ੍ਹਾਂ ਦੀ ਆਤਮਾ ਨੂੰ ਬਣਦੀ ਸਰਦੀ ਦਾਰੂ ਵੀ ਦਿੱਤੀ ਹੈ। ਜਾਣੇ-ਪਛਾਣੇ ਪੰਜਾਬੀਆਂ ਬਾਰੇ ਇਹ ਦਸਤਾਵੇਜ਼ ਸਾਂਭ ਕੇ ਰੱਖਣ ਵਾਲੀ ਹੈ।

**ਨਵੀਂ ਨੋਟ ਨੀਤੀ ਦੀ ਪਰਿਭਾਸ਼ਾ:** ਉਹ ਨੀਤੀ ਜਿਸ ਨਾਲ ਆਪਣਾ ਕਾਲਾ ਦਿਨ ਚਿੱਟਾ ਕੀਤਾ ਜਾਂਦਾ ਹੈ ਤੇ ਲੋਕਾਂ ਦਾ ਚਿੱਟਾ ਧਨ ਕਾਲਾ।

**ਅੰਤਿਕਾ:**(ਸ਼ਾਮ ਸਿੰਘ ਦੀ ਨਜ਼ਰ ਵਿਚ ਭਗਤ ਪੂਰਨ ਸਿੰਘ)

ਲਾਹੌਰ ਛੱਡ ਅੰਮ੍ਰਿਤਸਰ ਲਾਏ ਡੇਰੇ,
ਜ਼ਮੀਨ ਲਭ ਕੇ ਡੇਰਾ ਲਗਾ ਲਿਆ ਸੀ।
ਰੋਗੀ ਉਥੋਂ ਹੀ ਪਿੱਠ 'ਤੇ ਲੈ ਆਇਆ,
ਹੋਰ ਅਪਾਹਜਾਂ ਨੂੰ ਗਲੇ ਲਾ ਲਿਆ ਸੀ।
ਨਾਂਹ ਕਦੀ ਵੀ ਕਿਸੇ ਨੂੰ ਨਹੀਂ ਕੀਤੀ,
ਵਾਤਾਵਰਣ ਹੀ ਐਸਾ ਬਣਾ ਲਿਆ ਸੀ।
ਬੁੱਕਲ ਵਿਚ ਲੈ ਕੇ ਕਾਇਨਾਤ ਸਾਰੀ,
ਹਰ ਇੱਕ ਰੱਬ ਨੂੰ ਜੇਬ 'ਚ ਪਾ ਲਿਆ ਸੀ।

## ਗਦਰ ਦਾ ਦੂਜਾ ਪੰਜਾਬੀ ਅੰਕ

(ਪਿਛਲੇ ਸਫੇ ਦੀ ਬਾਕੀ)

ਏਥੇ ਜਾਨ ਤੋਂ ਘਟ ਭੇਟ ਕਬੂਲ ਨਹੀਂ ਹੁੰਦੀ। ਜੋ ਦੇਸ਼ ਭਗਤ ਇਸ ਅਖਬਾਰ ਨੂੰ ਪੜ੍ਹਦਾ ਹੈ। ਉਸ ਦਾ ਫਰਜ਼ ਹੈ ਕਿ ਗ਼ਦਰ ਦਾ ਸਿਪਾਹੀ ਬਣ ਜਾਵੇ। ਗ਼ਦਰ ਰਜਮਿੰਟ ਵਿਚ ਭਾਰਤੀ ਹੋ ਜਾਵੇ। ਗ਼ਦਰ ਵਿਚ ਲੜਨ ਦੀ ਤਿਆਰੀ ਕਰੇ। ਗ਼ਦਰ ਦੇ ਹੀ ਸੁਪਨੇ ਦੇਖੋ। ਗ਼ਦਰ ਦੀ ਉਡੀਕ ਬੜੀ ਬੇਕਰਾਰੀ ਨਾਲ ਕਰੋ। ਅੱਜ ਇਸ ਕੇਸਰੀ ਬਾਣੇ ਵਿਚ ਗ਼ਦਰ ਏਹ ਉਪਦੇਸ਼ ਕਰਦਾ ਹੈ ਕਿ ਡਰ ਤੇ ਖੁਦਗਰਜ਼ੀ ਤੋਂ ਆਪਣੇ ਦਿਲ ਨੂੰ ਸਾਫ ਕਰ ਦਿਓ। ਆਪਣੇ ਦਿਲ ਵਿਚੋਂ ਗਲਤ, ਆਪਸ ਵਿਚ ਝਗੜਿਆਂ ਦੇ ਕੂੜੇ ਤੋਂ ਸਾਫ ਕਰਕੇ ਅਜ਼ਾਦੀ ਤੇ ਦੇਸ਼ ਭਗਤੀ ਦੀਆਂ ਮੋਹਣੀ ਮੂਰਤਾਂ ਦੇਖੋ। ਜਾਨ ਕੀ ਚੀਜ਼ ਹੈ। ਕਰੋੜਾਂ ਕੀੜੇ ਪੰਖੀ ਤੇ ਜਨੌਰ ਫਿਰਦੇ ਫਿਰਦੇ ਮਰ ਜਾਂਦੇ ਹਨ ਅਤੇ ਲੱਖਾਂ ਆਦਮੀ ਸੰਝ ਸਵੇਰ ਐਵੇਂ ਮਰ ਜਾਂਦੇ ਹਨ। ਰੋਟੀ ਖਾਧੀ, ਕੱਪੜੇ ਪਾਏ, ਵਿਆਹ ਕੀਤਾ। ਬੱਚੇ ਹੋਏ, ਉਨ੍ਹਾਂ ਨੂੰ ਪਾਲਿਆ ਪੋਸਿਆ, ਬਸ ਪੜਾ ਦਿਤੇ। ਪਰ ਭਲੀ ਜ਼ਿੰਦਗੀ ਉਸ ਆਦਮੀ ਦੀ ਹੈ। ਜਿਹੜਾ ਏਸ ਚਾਰ ਦਿਹਾੜੇ ਵਿਚ ਕੋਈ ਕੋਈ ਉਪਕਾਰ ਕਰਦਾ ਹੈ। ਵਿਦਿਆ ਵਿਚ ਮਦਦ ਦੇਵੇ। ਜ਼ਾਲਮਾਂ ਨਾਲ ਲੜੇ। ਅਜ਼ਾਦੀ ਦੇ ਰੱਥ ਨੂੰ ਜਿਹੜਾ ਗੁਲਾਮੀ ਤੇ ਬੇਪਰਵਾਈ ਦੇ ਚਿੱਕੜ ਵਿਚ ਫਸਿਆ ਹੋਇਆ ਹੈ। ਪਿਛੋਂ ਧੱਕ ਕੇ ਕੁਛ ਤਾਂ ਅੱਗੇ ਵਧਾਓ। ਜੇ ਕਰ ਮਨੁਸ਼ ਏਸ ਮਹਾਂ ਯੁੱਧ ਵਿਚ ਹਿਸਾ ਨਹੀਂ ਲੈਂਦਾ ਜਿਹੜਾ ਜ਼ਾਲਮਾਂ ਤੇ ਦੁਖੀਆਂ, ਅਮੀਰਾਂ ਤੇ ਗਰੀਬਾਂ ਅਤੇ ਜ਼ਬਰਦਸਤਾਂ ਤੇ ਕਮਜ਼ੋਰਾਂ ਦੇ ਵਿਚਕਾਰ ਹੋ ਰਿਹਾ ਹੈ। ਤਾਂ ਉਹ ਸਿਰਫ ਖੁਰਾਕ ਹਜ਼ਮ ਕਰਨ ਵਾਲੀ ਮਸ਼ੀਨ ਹੈ। ਕਿਉਂਕਿ ਉਸ ਦੇ ਦਿਲ ਤੇ ਦਿਮਾਗ ਬੇਕਾਰ ਪਏ ਹਨ।

ਬੱਸ ਅੱਜ ਕੇਸਰੀ ਵਸਤਰ ਦਾ ਗ਼ਦਰ ਤੁਸਾਂ ਨੂੰ ਯਾਦ ਦਿਲਾਉਂਦਾ ਹੈ ਕਿ ਸ਼ਹੀਦਾਂ ਦਾ ਕੰਮ ਤੁਰਿਆ ਰਹੇ ਜਿਥੇ ਉਨ੍ਹਾਂ ਨੇ ਅਜ਼ਾਦੀ ਦੀ ਖਾਤਰ ਇਕ ਜਾਨ ਵਾਰੀ ਹੈ। ਉਥੇ ਤੁਸੀ ਲਾਖ ਜਾਨ ਵਾਰੋ। ਇਨਾਂ ਦੀ ਵਿਦਿਆ ਤੇ ਚਲੋ।

ਹਿੰਦੋਸਤਾਨ ਵਿਚ ਛੇਤੀ ਗ਼ਦਰ ਕਰੋ, ਦੇਰ ਨਾ ਲਾਓ॥

**ਅੰਗਾਂ ਦੀ ਗੁਆਹੀ**

**ਪਲੇਗ ਨਾਲ ਮੌਤਾਂ:** ਮੂਜ਼ੀ ਪਲੇਗ 1896 ਵਿਚ ਹਿੰਦੋਸਤਾਨ ਵਿਚ ਆਈ ਅਤੇ ਹੁਣ ਸਾਰੇ ਸੂਬਿਆਂ ਵਿਚ ਖਿੰਡ ਗਈ ਹੈ। ਏਸ ਆਫਤ ਦਾ ਟਾਕਰਾ ਕਰਨ ਦੀ ਕੌਮ ਨੇ ਕੋਸ਼ਸ਼ ਨਹੀ ਕੀਤੀ ਅਤੇ ਗਵਰਮਿੰਟ ਨੇ ਭੀ ਕੁਛ ਪ੍ਰਵਾਹ ਨਹੀਂ ਕੀਤੀ। ਕੌਮ ਨੂੰ ਗਵਰਮਿੰਟ ਨੇ ਏਤਨਾ ਕਮਜ਼ੋਰ ਕਰ ਦਿੱਤਾ ਹੈ ਕਿ ਆਗੂ ਕੋਈ ਬੜਾ ਕੰਮ ਜੁਮੇ ਨਹੀਂ ਲੈਂਦੇ। ਗਵਰਮਿੰਟ ਦਾ ਮੂੰਹ ਦੇਖਦੇ ਹਨ ਅਤੇ ਗਵਰਮਿੰਟ ਜੇਹੜੀ ਕੌਮ ਦੀ ਦੁਸ਼ਮਣ ਹੈ, ਮੁਲਕ ਦੀ ਭਲਾਈ ਕਿਉਂ ਸੋਚੇਗੀ। ਉਸ ਨੂੰ ਕੀ ਲੋੜ ਹੈ ਕਿ ਹਿੰਦੋਸਤਾਨ ਖੁਸ਼ੀ ਵਸੇ। ਗਵਰਮਿੰਟ ਦਾ ਏਸੇ ਵਿਚ ਫੈਦਾ ਹੈ ਕਿ ਲੋਕ ਕਾਲ ਤੇ ਬੀਮਾਰੀ ਨਾਲ ਦੁਖੀ ਹੋ ਕੇ ਕਮਜ਼ੋਰ ਹੋ ਜਾਵਨ ਅਤੇ ਸਾਡੇ ਬਰਖਿਲਾਫ਼ ਉਠ ਨਾ ਸਕਨ। ਆਦਮੀ ਖੁਸ਼ੀ ਵਿਚ ਉਮੀਦ ਕਰਦਾ ਹੈ। ਉਮੀਦ ਅਜ਼ਾਦੀ ਦੀ ਕਾਸਦ ਹੈ। ਬਸ ਪਲੇਗ ਨਾਲ ਜੇਹੜੀ ਬੇਉਮੀਦੀ ਦਿਲ ਉਤੇ ਬੈਠ ਜਾਂਦੀ ਹੈ। ਉਸ ਨਾਲ ਗਵਰਮਿੰਟ ਨੂੰ ਫੈਦਾ ਹੈ।

ਯੂਰਪ ਵਿਚ ਚੌਦਵੀਂ ਸਦੀ ਵਿਚ ਪਲੇਗ ਆਈ ਸੀ। ਉਸ ਤੋਂ ਬਾਅਦ ਹੁਣ ਦੁਨੀਆਂ ਦੀ ਤਵਾਰੀਖ ਵਿਚ ਹਿੰਦੋਸਤਾਨ ਵਿਚ ਹੀ ਏਹ ਜ਼ਾਲਮ ਪਲੇਗ ਫੈਲੀ ਹੋਈ ਹੈ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੋਸਤਾਨ ਬੜੀ ਮੁਸੀਬਤਾਂ ਦਾ ਸ਼ਿਕਾਰ ਬਣ ਰਿਹਾ ਹੈ। ਪਲੇਗ ਏਸ ਕਰਕੇ ਫੈਲੀ ਹੋਈ ਹੈ ਕਿ ਗਵਰਮਿੰਟ ਸਫਾਈ ਦੇ ਬੰਦੋਬਸਤ ਤੇ ਕੁਛ ਰੁਪਿਆ ਨਹੀਂ ਖਰਚਦੀ ਅਤੇ ਖਿਲਕਤ ਗਰੀਬੀ ਵਜਾ ਹੋਣ ਕਰਕੇ ਬੁਰੀ ਖੁਰਾਕ ਖਾਂਦੀ ਹੈ। ਅੰਧੇਰੇ ਤੇ ਗੰਦੇ ਮਕਾਨਾਂ ਵਿਚ ਰਹਿੰਦੀ ਹੈ। ਮੈਲੇ ਕੱਪੜੇ ਪਹਿਨਦੀ ਹੈ। ਬਸ ਪਲੇਗ ਦੇ ਦੂਰ ਕਰਨ ਤੋਂ ਪਹਿਲਾਂ ਦੂਜੀ ਪਲੇਗ ਨੂੰ ਦੂਰ ਕਰਨਾ ਚਾਹੀਦਾ ਹੈ।

ਹੇਠ ਲਿਖੇ ਨਕਸ਼ੇ ਤੋਂ ਮਲੂਮ ਹੁੰਦਾ ਹੈ ਕਿ ਅੰਗਰੇਜ਼ੀ ਇਲਾਕੇ ਵਿਚ ਪਲੇਗ ਕਿਸ ਤਰ੍ਹਾਂ ਫੈਲ ਗਈ ਹੈ।

| ਸਾਲ | ਮੌਤਾਂ |
|---|---|
| 1896 ਤੋਂ 1902 ਤਾਈਂ... | 9 ਲੱਖ 94 ਹਜ਼ਾਰ |
| 1903 | 8 ਲੱਖ 2 ਹਜ਼ਾਰ |
| 1904 | 9 ਲੱਖ 36 ਹਜ਼ਾਰ |
| 1905 | 9 ਲੱਖ 41 ਹਜ਼ਾਰ |
| 1906 | 3 ਲੱਖ |
| 1907 | 11 ਲੱਖ 66 ਹਜ਼ਾਰ |
| 1908 | 1 ਲੱਖ 14 ਹਜ਼ਾਰ |
| 1909 | 1 ਲੱਖ 45 ਹਜ਼ਾਰ |
| 1910 | 4 ਲੱਖ 13 ਹਜ਼ਾਰ |
| 1911 | 7 ਲੱਖ 34 ਹਜ਼ਾਰ |
| 1912 | 3 ਲੱਖ 73 ਹਜ਼ਾਰ |
| ਕੁੱਲ ਗਿਣਤੀ = | 67 ਲੱਖ 22 ਹਜ਼ਾਰ |

ਦੇਖੋ ਇਤਨੀ ਬੜੀ ਅਬਾਦੀ ਪਲੇਗ ਨਾਲ ਗਾਰਤ ਹੋ ਗਈ। ਏਸ ਮੂਜ਼ੀ ਨੇ ਖਾਨਦਾਨ ਤਬਾਹ ਕਰ ਦਿਤੇ। ਪਿੰਡਾਂ ਦੇ ਪਿੰਡ ਉਜਾੜ ਦਿਤੇ। ਪਿਆਰਿਆਂ ਨੂੰ ਜੁਦਾ ਕਰ ਦਿਤਾ। ਹਰ ਪਾਸੇ ਉਦਾਸੀ ਤੇ ਪ੍ਰੇਸ਼ਾਨੀ ਦੇ ਦਿਨ ਬਣਾ ਦਿਤੇ ਹਨ। ਸਾਰੀ ਕੌਮ ਨੂੰ ਸੋਗ ਵਿਚ ਪਾ ਛੱਡਿਆ ਹੈ। ਬਸ ਏਸ ਬਲਾ ਤੋਂ ਬਚਣ ਦੀ ਖਾਤਰ ਛੇਤੀ ਗ਼ਦਰ ਕਰਨਾ ਚਾਹੀਦਾ ਹੈ। ਅੰਗਰੇਜ਼ੀ ਰਾਜ ਦੇ ਨਾਲ ਹੀ ਪਲੇਗ ਭੀ ਹਿੰਦੋਸਤਾਨ ਵਿਚ ਚਲੀ ਜਾਊਗੀ।

**ਆਇਰਲੈਂਡ ਵਿਚ ਵਲੰਟੀਅਰ**

ਵਲੰਟੀਅਰ ਉਹ ਹੁੰਦੇ ਹਨ ਜਿਹੜੇ ਬਿਨਾਂ ਤਨਖਾਹ ਸਿਪਾਹੀ ਬਣ ਕੇ ਲੜਦੇ ਹਨ ਜਿਸ ਤਰ੍ਹਾਂ ਅਕਾਲੀ ਸਿੰਘ ਹਨ। (ਚਲਦਾ)

# ਧੁਖਦਾ ਚੋ-ਸੁਖਵਿੰਦਰ ਕੰਬੋਜ

ਸੁਖਵਿੰਦਰ ਕੰਬੋਜ ਪ੍ਰਤੀਬੱਧ ਸ਼ਾਇਰ ਹੈ। ਉਸ ਦੀ ਕਵਿਤਾ ਜ਼ਿੰਦਗੀ ਅਤੇ ਸਮਾਜੀ ਸਰੋਕਾਰਾਂ ਨੂੰ ਸਮਰਪਿਤ ਅਤੇ ਸੰਬੋਧਤ ਹੈ। ਅੱਖਰਾਂ ਵਿਚ ਸਿੰਮਦੀ ਪੀੜਾ ਪਾਠਕ ਦੇ ਮਨ ਵਿਚ ਪ੍ਰਸ਼ਨ ਪੈਦਾ ਕਰਦੀ ਹੈ ਜੋ ਇਕ ਕਵਿਤਾ ਦਾ ਸਭ ਤੋਂ ਮੀਰੀ ਗੁਣ ਹੁੰਦਾ ਏ।

'ਉਮਰ ਦੇ ਇਸ ਮੋੜ 'ਤੇ' ਉਸ ਦੀ ਹੁਣ ਤੀਕ ਦੀ ਕਵਿ-ਸਾਧਨਾ ਦਾ ਸੰਗ੍ਰਿਹ ਹੈ ਜਿਸ ਵਿਚ ਉਸ ਨੇ ਆਪਣੇ ਚਾਰ ਕਾਵਿ ਸੰਗ੍ਰਿਹ 'ਇਕੋ ਜਿਹਾ ਦੁੱਖ', 'ਜਾਗਦੇ ਅੱਖਰ', 'ਨਵੇਂ ਸੂਰਜ' ਅਤੇ 'ਪਰਵਾਸ' ਨੂੰ ਸ਼ਾਮਲ ਕਰਕੇ ਕਿਤਾਬੀ ਰੂਪ ਦਿਤਾ ਹੈ। ਸੁਖਵਿੰਦਰ ਅਮਰੀਕਾ ਵਿਚ ਆਉਣ ਤੋਂ ਪਹਿਲਾਂ ਹੀ ਜ਼ਿੰਦਗੀ ਦੇ ਸੂਖਮ ਤੇ ਸੁੱਚੇ ਸਰੋਕਾਰਾਂ ਨੂੰ ਪ੍ਰਣਾਇਆ ਹੋਇਆ ਸਥਾਪਤ ਸ਼ਾਇਰ ਸੀ ਅਤੇ ਹੈ। ਉਸ ਦੀ ਕਵਿਤਾ ਵਿਚ ਜ਼ਿੰਦਗੀ ਦੀਆਂ ਤੋਟਾਂ, ਤਲਖੀਆਂ ਅਤੇ ਤੁਰਸ਼ੀਆਂ ਮੁਖਾਤਬ ਹੁੰਦੀਆਂ, ਸਮਾਜ ਵਿਚ ਪਸਰੀ ਕਾਣੀ ਵੰਡ ਅਤੇ ਲੁੱਟ-ਖਸੁੱਟ ਪ੍ਰਤੀ ਰੋਹ ਨੂੰ ਪ੍ਰਚੰਡ ਕਰਦੀਆਂ ਹਨ। ਸੁਖਵਿੰਦਰ ਅਮਰੀਕਾ ਆ ਕੇ ਅਮਰੀਕੀ ਜੀਵਨ-ਸ਼ੈਲੀ ਨਹੀਂ ਅਪਨਾ ਸਕਿਆ, ਤਾਂ ਹੀ ਉਸ ਦੀ ਕਵਿਤਾ ਕਦੇ ਅਮਰੀਕੀ ਮਾਂ ਦਾ ਹਲਫੀਆ ਬਿਆਨ ਬਣਦੀ ਹੈ, ਮਾਂ ਦੇ ਅੱਥਰੂਆਂ ਦੀ ਦਵਾਈ ਬਣਨ ਤੋਂ ਨਾਬਰ ਹੁੰਦੀ ਏ ਜਾਂ ਚਾਰੇ ਖੁਰ ਚੁੱਕ ਲੜਨ ਵਾਲੇ ਪਿਤਾ ਨੂੰ ਯਾਦ ਕਰਦੀ ਏ ਤਾਂ ਉਸ ਨੂੰ ਸਮਝ ਆਉਂਦਾ ਏ ਕਿ ਪਿਤਾ ਇਕ ਰੌਅ ਸੀ। ਵਰਤੇ ਜਾ ਰਹੇ ਮਨੁੱਖ ਦੀ ਤ੍ਰਾਸਦੀ ਉਸ ਦੀ ਕਵਿਤਾ ਵਿਚ ਅੱਥਰੂ ਬਣਦੀ ਤਾਂ ਖੰਡਿਤ ਹੋ ਰਿਹਾ ਮਨੁੱਖ, ਤਿੜਕ ਰਹੇ ਰਿਸ਼ਤੇ ਅਤੇ ਜਿਸਮ ਤੋਂ ਜਿਸਮ ਤੀਕ ਦੇ ਸਫਰ ਦਾ ਬਾਖੂਬੀ ਚਿੱਤਰਨ, ਮਨੁੱਖ ਸਾਹਵੇਂ ਵੱਡਾ ਸਵਾਲ ਪੈਦਾ ਕਰਦਾ ਕਿ ਕੀ ਮਨੁੱਖ ਰੋਬੋਟ ਹੈ ਜਾਂ ਅਹਿਸਾਸਾਂ, ਭਾਵਾਂ ਅਤੇ ਚੇਤਨਾ ਨਾਲ ਲਬਰੇਜ਼ ਸ਼ਖ਼ਸੀਅਤ?



ਸੁਖਵਿੰਦਰ ਕੰਬੋਜ

ਕਦੇ ਸੈਨ ਹੋਜ਼ੇ ਦੀਆਂ ਜਾਗਦੀਆਂ ਤੇ ਤੜਫਦੀਆਂ ਰਾਤਾਂ ਦੀ ਵੇਦਨਾ ਦੀ ਬਾਤ ਪਾਉਂਦਾ ਪਾਉਂਦਾ ਉਹ ਅਮਰੀਕੀ ਜੀਵਨ-ਢੰਗ ਦੀਆਂ ਪਰਤਾਂ ਫਰੋਲਦਾ, ਅਮਰੀਕੀ ਡੇਟ ਦੀਆਂ ਸੱਤ ਪਰਤਾਂ ਫਰੋਲਦਾ ਏ ਤਾਂ ਮਨੁੱਖੀ ਮਨ ਵਿਚਲੀ ਭਟਕਣ ਤੇ ਜਿਸਮੀ-ਅਸੰਤੁਸ਼ਟੀ ਦਾ ਬਾਖੂਬੀ ਵਰਨਣ ਮਨ-ਮਸਤਕ 'ਚ ਚੀਸ ਪੈਦਾ ਕਰਦਾ। ਦਰਅਸਲ ਪਿਆਰ ਸਿਰਫ ਇਕ ਦੂਜੇ ਨੂੰ ਵਰਤਣ ਦੀ ਸ਼ੈਅ ਜਿਸ ਵਿਚੋਂ ਮਨਫੀ ਹੈ, ਮਾਨਵੀ-ਅਨੁਭਵ।

ਚੜ੍ਹਦੀ ਉਮਰੇ ਇਨਕਲਾਬੀ ਰੰਗ ਵਿਚ ਰੰਗੇ ਸੁਖਵਿੰਦਰ ਲਈ ਪਾਸ਼ ਇਕ ਰੋਲ ਮਾਡਲ ਸੀ ਅਤੇ ਪਾਸ਼ ਦਾ ਕਤਲ, ਸੱਚ ਨੂੰ ਦਬਾਉਣ ਦਾ ਭਰਮ ਸੀ। ਪਰ ਹੱਕ-ਸੱਚ ਦਾ ਹੋਕਰਾ ਸੁਖਵਿੰਦਰ ਦੀ ਕਵਿਤਾ ਵਿਚ ਸਰਬਮਾਨ ਹੈ।

ਸੁਖਵਿੰਦਰ ਆਪਣੇ ਪਿੰਡ, ਘਰ, ਥਾਂਵਾਂ, ਮਾਂਵਾਂ, ਸਾਹਾਂ ਅਤੇ ਜੀਵਨ-ਰਾਹਾਂ ਨੂੰ ਦਰ-ਬ-ਦਰ ਕਲਾਵੇ ਵਿਚ ਲੈਂਦਾ, ਹਿਰਖ-ਸੋਗ ਦਾ ਹਰਫ ਵੀ ਬਣਦਾ। ਉਹ ਇਨ੍ਹਾਂ ਦੀ ਜੂਹੇ ਬਲਦੇ ਹਰਫਾਂ ਦੀ ਲੋਅ ਕਰਦਾ ਤਾਂ ਕਿ ਸੁੱਤ-ਉਨੀਂਦਰੇ ਰਾਹਾਂ ਅਤੇ ਔਂਤਰੀਆਂ ਰਾਤਾਂ ਦੀ ਵੱਖੀ ਵਿਚ ਕੋਈ ਸੂਰਜ ਅੰਗੜਾਈ ਭਰੇ ਅਤੇ ਮਾਤਮੀ ਚੁੱਪ ਦੇ ਹੋਠਾਂ 'ਤੇ ਕੋਈ ਸੱਜਰਾ ਬੋਲ ਧਰੇ।

ਸੁਖਵਿੰਦਰ ਦੀ ਕਵਿਤਾ ਨੂੰ ਮੈਂ ਇਕ ਪਾਠਕ ਵਜੋਂ ਮਾਣਿਆ ਹੈ। ਹਰ ਰੰਗ ਨੂੰ ਅੰਤਰੀਵ ਵਿਚ ਉਤਾਰ, ਕਵਿਤਾ ਤੋਂ ਅਰਥਾਂ ਦਾ ਹਮ-ਸਫਰ ਬਣ, ਖੁਦ ਨਾਲ ਸੰਬੋਧਨੀ-ਸੁਰ ਵਿਚ ਸੰਵਾਦ ਰਚਾਉਣਾ, ਮੇਰੀ ਪ੍ਰਾਪਤੀ ਹੈ ਕਿਉਂਕਿ ਇਹ ਕਵਿਤਾ ਇਕ ਯੁੱਗ ਦਾ ਚਿਤਰਨ ਹੈ ਜਿਹੜਾ ਅਸੀਂ ਸਾਰਿਆਂ ਨੇ ਹੱਡੀਂ ਹੰਢਾਇਆ ਹੈ। ਇਸ ਯੁੱਗ ਦੀ ਬੀਹੀ ਵਿਚ ਅਸੀਂ-ਤੁਸੀਂ ਚਾਨਣ ਕਾਤਰਾਂ ਵੰਡਣ ਦੇ ਨਿਗੂਣੇ ਕਾਰਜ ਲਈ ਯਤਨਸ਼ੀਲ ਹਾਂ। ਕੰਬੋਜ ਦੀ ਸੰਵੇਦਨਸ਼ੀਲ ਸੋਚ ਅਤੇ ਕਲਮ-ਸਾਧਨਾ ਲਈ ਢੇਰ ਸਾਰੀਆਂ ਸ਼ੁਭ ਕਾਮਨਾਵਾਂ। ਹਰਫਾਂ ਸੰਗ ਸੰਵਾਦ, ਸਾਹਾਂ ਦੀ ਅਉਧ ਤੀਕ ਬਣਿਆ ਰਹੇ, ਇਹ ਕਾਮਨਾ ਮਿੱਤਰ ਪਿਆਰੇ ਸੁਖਵਿੰਦਰ ਕੰਬੋਜ ਲਈ ਹੈ।

-ਡਾ. ਗੁਰਬਖ਼ਸ਼ ਸਿੰਘ ਭੰਡਾਲ

# ਕਾਮਾਗਾਟਾ ਮਾਰੂ ਘਟਨਾ ਬਨਾਮ ਸਮੁੰਦਰ ਦੇ ਸ਼ੇਰ

ਜਗਜੀਤ ਸਿੰਘ ਸੇਖੋਂ

ਉਘਾ ਅਦਾਕਾਰ ਸਲਮਾਨ ਖਾਨ, ਟੋਰਾਂਟੋ ਦੇ ਕਾਰੋਬਾਰੀ ਅਜੇ ਵਿਰਮਾਨੀ ਨਾਲ ਰਲ ਕੇ ਕਾਮਾਗਾਟਾ ਮਾਰੂ ਦੇ ਨਾਇਕ ਗੁਰਦਿੱਤ ਸਿੰਘ ਦੇ ਜੀਵਨ 'ਤੇ ਆਧਾਰਤ ਫਿਲਮ ਬਣਾ ਰਿਹਾ ਹੈ। ਇਸ ਫਿਲਮ ਦਾ ਨਾਂ 'ਲਾਇਨਜ਼ ਆਫ ਦਿ ਸੀ' ਰੱਖਿਆ ਗਿਆ ਹੈ ਅਤੇ ਇਹ ਫਿਲਮ ਮੁੱਖ ਤੌਰ 'ਤੇ 1914 ਵਿਚ ਵਾਪਰੀ ਘਟਨਾ ਨੂੰ ਪਰਦੇ ਉਤੇ ਰੂਪਮਾਨ ਕਰੇਗੀ। ਫਿਲਮ ਵਿਚ ਗੁਰਦਿੱਤ ਸਿੰਘ ਸਰਹਾਲੀ ਕਲਾਂ ਵਾਲਾ ਦਾ ਕਿਰਦਾਰ ਮਸ਼ਹੂਰ ਅਦਾਕਾਰ ਇਰਫ਼ਾਨ ਖਾਨ ਨਿਭਾ ਰਿਹਾ ਹੈ। ਯਾਦ ਰਹੇ, ਇਸ ਘਟਨਾ ਲਈ ਪਿਛੇ ਜਿਹੇ ਕੈਨੇਡੀਅਨ ਸਰਕਾਰ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੁਆਫੀ ਮੰਗੀ ਹੈ। ਉਸ ਵੇਲੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਵੈਨਕੂਵਰ ਬੰਦਰਗਾਹ ਉਤੇ ਉਤਰਨ ਤੋਂ ਰੋਕ ਦਿੱਤਾ ਗਿਆ ਸੀ।

ਗੌਰਤਲਬ ਹੈ ਕਿ ਪੱਛਮੀ ਮੁਲਕਾਂ ਵਿਚ ਨਸਲੀ ਵਿਤਕਰੇ ਦੀਆਂ ਕਹਾਣੀਆਂ ਆਮ ਹਨ ਅਤੇ ਇਹ ਕਹਾਣੀ ਵੀ ਇਸੇ ਵਿਤਕਰੇ ਨਾਲ ਜੁੜੀ ਹੋਈ ਹੈ। 1914 ਵਿਚ ਜਦੋਂ ਕੈਨੇਡਾ ਸਰਕਾਰ ਨੇ ਪਰਵਾਸੀਆਂ ਦੇ ਦਾਖਲੇ ਲਈ ਜਹਾਜ਼ ਸਿੱਧੇ ਬੰਦਰਗਾਹ 'ਤੇ ਪੁੱਜਣ ਦੀ ਸ਼ਰਤ ਲਾ ਦਿੱਤੀ ਸੀ, ਤਾਂ ਪਿੰਡ ਸਰਹਾਲੀ ਕਲਾਂ ਦੇ ਗੁਰਦਿੱਤ ਸਿੰਘ ਨੇ ਜਪਾਨੀ ਕੰਪਨੀ ਦਾ ਕਾਮਾਗਾਟਾ ਮਾਰੂ ਜਹਾਜ਼ ਕਿਰਾਏ ਉਤੇ ਲਿਆ ਅਤੇ ਹਾਂਗਕਾਂਗ ਤੋਂ ਸ਼ੰਘਾਈ (ਚੀਨ), ਯੋਕੋਹਾਮਾ (ਜਪਾਨ) ਹੁੰਦਾ ਹੋਇਆ ਇਹ ਜਹਾਜ਼ ਕੈਨੇਡਾ ਦੇ ਪ੍ਰਾਂਤ ਬ੍ਰਿਟਿਸ਼ ਕੋਲੰਬੀਆ ਦੀ ਬੰਦਰਗਾਹ ਵੈਨਕੂਵਰ ਜਾ ਪੁੱਜਾ। ਉਦੋਂ ਕੈਨੇਡੀਅਨ ਸਰਕਾਰ ਨੇ ਸਿਰਫ 24 ਮੁਸਾਫਰਾਂ ਨੂੰ ਹੀ ਬੰਦਰਗਾਹ ਉਤੇ ਉਤਰਨ ਦਿੱਤਾ। ਇਹ ਜਹਾਜ਼ ਤਕਰੀਬਨ 2 ਮਹੀਨੇ ਬੰਦਰਗਾਹ 'ਤੇ ਖੜ੍ਹਾ ਰਿਹਾ। ਆਖਰਕਾਰ ਰਾਸ਼ਨ-ਪਾਣੀ ਖਤਮ ਹੋਣ ਤੋਂ ਬਾਅਦ ਜਹਾਜ਼ ਵਾਪਸ ਚੱਲ ਪਿਆ, ਪਰ ਇਸ ਜਹਾਜ਼ ਨੂੰ ਵਾਪਸੀ ਵੇਲੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਨੂੰ ਕਲਕੱਤਾ (ਹੁਣ ਕੋਲਕਾਤਾ) ਦੀ ਬਜ ਬਜ ਘਾਟ 'ਤੇ ਹੀ ਲੰਗਰ ਲਾਹੁਣ ਦਿੱਤੇ ਗਏ। ਇਹੀ ਨਹੀਂ, ਬ੍ਰਿਟਿਸ਼ ਸ਼ਾਸਕਾਂ ਨੇ ਮੁਸਾਫਰਾਂ 'ਤੇ ਗੋਲੀ ਚਲਾ ਦਿੱਤੀ ਜਿਸ ਕਾਰਨ 19 ਮੁਸਾਫਰ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ ਸਨ। ਇਨ੍ਹਾਂ ਮੁਸਾਫਰਾਂ ਵਿਚੋਂ ਬਹੁਤੇ ਪੰਜਾਬੀ ਸਨ।

ਸਲਮਾਨ ਖਾਨ ਜੋ ਅੱਜ ਕੱਲ੍ਹ ਆਪਣੀ ਪ੍ਰੋਡਕਸ਼ਨ ਲਈ ਨਵੀਆਂ ਕਹਾਣੀਆਂ ਤਲਾਸ਼ਦਾ ਰਹਿੰਦਾ ਹੈ, ਦੇ ਤਰਜਮਾਨ ਦਾ ਕਹਿਣਾ ਹੈ ਕਿ 'ਲਾਇਨਜ਼ ਆਫ ਦਿ ਸੀ' ਜੱਦੋ-ਜਹਿਦ ਦੀ ਜਾਨਦਾਰ ਕਹਾਣੀ ਹੈ। ਇਸ ਘਟਨਾ ਨਾਲ ਸ਼ਰਨਾਰਥੀ ਸੰਕਟ ਅਤੇ ਨਸਲੀ ਵਿਤਕਰੇ ਦੀਆਂ ਕਹਾਣੀਆਂ ਡੂੰਘੀਆਂ ਜੁੜੀਆਂ ਹੋਈਆਂ ਹਨ। ਇਹ ਫਿਲਮ ਦੱਸੇਗੀ ਕਿ ਮਨੁੱਖੀ ਜਾਨ, ਜ਼ੁਲਮਾਂ ਅਤੇ ਵਿਤਕਰਿਆਂ ਖਿਲਾਫ ਕਿਸ ਤਰ੍ਹਾਂ ਅਤੇ ਕਿੰਨੇ ਤਾਣ ਨਾਲ ਜੂਝਦੀ ਹੈ। ਯਾਦ ਰਹੇ, ਸਲਮਾਨ ਦੀਆਂ ਪਿਛਲੀਆਂ ਦੋ ਫਿਲਮਾਂ 'ਬਜਰੰਗੀ ਭਾਈਜਾਨ' ਅਤੇ 'ਸੁਲਤਾਨ' ਦੀਆਂ ਕਹਾਣੀਆਂ ਦੀ ਬਹੁਤ ਚਰਚਾ ਹੋਈ ਸੀ। ਦੋਵਾਂ ਫਿਲਮਾਂ ਵਿਚ ਮਾਨਵੀ ਪੱਖ ਉਘਾੜਿਆ ਗਿਆ ਸੀ ਅਤੇ ਇਹ ਫਿਲਮਾਂ ਸਲਮਾਨ ਖਾਨ ਦੀਆਂ ਪਹਿਲੀਆਂ, ਮਾਰ-ਧਾੜ ਵਾਲੀਆਂ ਬੇਸਿਰ-ਪੈਰ ਫਿਲਮਾਂ ਤੋਂ ਉਕਾ ਹੀ ਵੱਖਰੀਆਂ ਸਨ। ਹੁਣ ਦੇਖਣਾ ਇਹ ਹੈ ਕਿ ਕਾਮਾਗਾਟਾ ਮਾਰੂ ਦੀ ਇਸ ਮਾਰਮਿਕ ਘਟਨਾ ਨੂੰ ਸਲਮਾਨ ਖਾਨ ਦਾ ਪ੍ਰੋਡਕਸ਼ਨ ਹਾਊਸ ਕਿਸ ਤਰ੍ਹਾਂ ਪੇਸ਼ ਕਰਦਾ ਹੈ।

ਕਾਮਾਗਾਟਾ ਮਾਰੂ ਘਟਨਾ ਦੀ ਚਰਚਾ ਉਸ ਵੇਲੇ ਵੀ ਬਹੁਤ ਹੋਈ ਸੀ ਅਤੇ ਕੈਨੇਡੀਅਨ ਸਰਕਾਰ ਅੰਦਰ ਵੀ ਇਸ ਬਾਰੇ ਗੱਲ ਚੱਲੀ ਸੀ। ਹੁਣ ਇਕ ਸਦੀ ਬਾਅਦ ਕੈਨੇਡੀਅਨ ਸਰਕਾਰ ਨੇ ਉਸ ਵੇਲੇ ਅਪਨਾਈ ਨਸਲੀ ਵਿਤਕਰੇ ਵਾਲੀ ਪਹੁੰਚ ਨੂੰ ਤਸਲੀਮ ਕਰਦਿਆਂ ਕੈਨੇਡੀਅਨ ਪਾਰਲੀਮੈਂਟ ਵਿਚ ਮੁਆਫੀ ਮੰਗੀ ਸੀ। ਇਹ ਗੱਲ ਵੱਖਰੀ ਹੈ ਕਿ ਭਾਰਤ ਸਰਕਾਰ ਨੇ ਗੁਰਦਿੱਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਦੇਸ਼ ਭਗਤ ਮੰਨਣ ਲਈ ਕਈ ਦਹਾਕੇ ਲਗਾ ਦਿੱਤੇ। 'ਲਾਇਨਜ਼ ਆਫ ਦਿ ਸੀ' ਅਗਲੇ ਸਾਲ ਦੇ ਅੱਧ ਤੱਕ ਰਿਲੀਜ਼ ਹੋਣੀ ਹੈ। ਇਸ ਤੋਂ ਪਹਿਲਾਂ ਪ੍ਰਸਿੱਧ ਫਿਲਮਸਾਜ਼ ਦੀਪਾ ਮਹਿਤਾ ਨੇ ਵੀ ਇਸ ਘਟਨਾ ਨੂੰ ਆਧਾਰ ਬਣਾ ਕੇ ਫਿਲਮ ਬਣਾਉਣ ਦਾ ਐਲਾਨ ਕੀਤਾ ਸੀ, ਪਰ ਕਈ ਕਾਰਨਾਂ ਕਰ ਕੇ ਉਸ ਦਾ ਇਹ ਪ੍ਰਾਜੈਕਟ ਸਿਰੇ ਨਹੀਂ ਸੀ ਚੜ੍ਹਿਆ।


ਗੁਰਦਿੱਤ ਸਿੰਘ ਅਤੇ ਕਾਮਾਗਾਟਾ ਮਾਰੂ ਦੇ ਹੋਰ ਮੁਸਾਫਿਰ।


ਸਲਮਾਨ ਖਾਨ



ਇਰਫਾਨ ਖਾਨ




ਫਿਲਮ ਅਦਾਕਾਰਾ ਇਰਫਾਨ ਖਾਨ (ਸੱਜੇ) ਜੋ ਫਿਲਮ ਵਿਚ ਗੁਰਦਿੱਤ ਸਿੰਘ ਸਰਹਾਲੀ ਕਲਾਂ ਦਾ ਕਿਰਦਾਰ ਨਿਭਾਏਗਾ।


ਦੀਪਾ ਮਹਿਤਾ

# ਰਾਜ ਕੁਮਾਰ ਰਾਓ ਇਕ ਵਾਰ ਫਿਰ ਰਾਜ ਕੁਮਾਰ



ਨੌਜਵਾਨ ਅਦਾਕਾਰ ਰਾਜ ਕੁਮਾਰ ਰਾਓ ਜੋ ਆਪਣੀ ਅਦਾਕਾਰੀ ਨਾਲ ਸਭ ਦਾ ਧਿਆਨ ਖਿੱਚਦਾ ਰਿਹਾ ਹੈ, ਇਕ ਵਾਰ ਫਿਰ ਚਰਚਾ ਵਿਚ ਹੈ। ਉਹ ਵਿਕਰਮਾਦਿੱਤਿਆ ਮੋਤਵਾਨੇ ਦੀ ਫਿਲਮ 'ਟਰੈਪਡ' ਵਿਚ ਅਹਿਮ ਕਿਰਦਾਰ ਨਿਭਾਅ ਰਿਹਾ ਹੈ। ਇਸ ਫਿਲਮ ਦੇ ਨਾਂ ਬਾਰੇ ਭਾਵੇਂ ਅਜੇ ਰੌਲਾ ਹੀ ਹੈ ਅਤੇ ਇਸ ਦਾ ਨਾਂ ਬਦਲਣ ਬਾਰੇ ਵੀ ਚਰਚਾ ਚੱਲੀ ਜਾਂਦੀ ਹੈ, ਪਰ ਫਿਲਮ ਆਲੋਚਕਾਂ ਦਾ ਕਹਿਣਾ ਹੈ ਕਿ ਰਾਜ ਕੁਮਾਰ ਰਾਓ ਨੇ ਇਸ ਫਿਲਮ ਲਈ ਬਹੁਤ ਮਿਹਨਤ ਕੀਤੀ ਹੈ ਅਤੇ ਉਹ ਇਸ ਨੂੰ ਆਪਣੀ ਹੁਣ ਤੱਕ ਦੀ ਅਹਿਮ ਫਿਲਮ ਮੰਨ ਰਿਹਾ ਹੈ। ਇਸ ਫਿਲਮ ਨੂੰ ਅਸਲੀ ਰੰਗ ਦੇਣ ਲਈ ਉਸ ਨੇ ਕਈ ਅਸਲੀ ਸੀਨ ਦਿੱਤੇ ਹਨ। ਹਾਲ ਹੀ 'ਚ ਜਦੋਂ ਇਹ ਫਿਲਮ ਮੁੰਬਈ ਫਿਲਮ ਮੇਲੇ ਵਿਚ ਦਿਖਾਈ ਗਈ ਤਾਂ ਲੋਕਾਂ ਨੇ ਰਾਜ ਕੁਮਾਰ ਰਾਓ ਅਤੇ ਵਿਕਰਮਾਦਿੱਤਿਆ ਦਾ ਖੜ੍ਹੇ ਹੋ ਕੇ ਸਵਾਗਤ ਕੀਤਾ। ਫਿਲਮ ਦੀ ਕਹਾਣੀ ਅਜਿਹੇ ਨੌਜਵਾਨ ਦੀ ਕਹਾਣੀ ਹੈ ਜੋ ਕਿਸੇ ਘਰ ਅੰਦਰ ਫਸ ਜਾਂਦਾ ਹੈ। ਰਾਜ ਕੁਮਾਰ ਰਾਓ ਨੇ ਘਰ ਅੰਦਰਲੇ ਇਸ ਕਿਰਦਾਰ ਵਿਚ ਮਾਨੋ ਰੂਹ ਫੂਕ ਦਿੱਤੀ ਹੈ। ਉਸ ਦੀ ਅਦਾਕਾਰੀ ਦੀ ਪਹਿਲਾਂ ਵੀ ਬਥੇਰੀ ਸਿਫ਼ਤ ਹੁੰਦੀ ਰਹੀ ਹੈ। ਉਸ ਦੀ ਪਹਿਲੀ ਫਿਲਮ 'ਲਵ ਸੈਕਸ ਔਰ ਧੋਖਾ' ਸੀ। ਇਹ ਪ੍ਰਯੋਗਵਾਦੀ ਫਿਲਮ ਸੀ ਜਿਸ ਵਿਚ ਫਿਲਮਸਾਜ਼ ਦਿਬਾਂਕਰ ਬੈਨਰਜੀ ਨੇ ਖੂਬ ਤਜਰਬੇ ਕੀਤੇ ਸਨ। ਇਹ ਫਿਲਮ 2010 ਵਿਚ ਆਈ ਸੀ, ਪਰ ਰਾਜ ਕੁਮਾਰ ਰਾਓ ਨੂੰ ਅਸਲੀ ਸਫ਼ਲਤਾ 2012 ਵਿਚ ਵਿਚ ਰਿਲੀਜ਼ ਹੋਈ ਫਿਲਮ 'ਕਾਈ ਪੋ ਚੇ' ਨਾਲ ਹੀ ਮਿਲੀ ਸੀ। ਇਹ ਫਿਲਮ ਫਿਲਮਸਾਜ਼ ਅਭਿਸ਼ੇਕ ਕਪੂਰ ਨੇ ਬਣਾਈ ਸੀ ਅਤੇ ਇਹ ਤਿੰਨ ਨੌਜਵਾਨਾਂ ਦੀ ਜ਼ਿੰਦਗੀ ਉਤੇ ਆਧਾਰਿਤ ਸੀ। ਇਸ ਫਿਲਮ ਦਾ ਆਧਾਰ ਨਾਵਲਕਾਰ ਚੇਤਨ ਭਗਤ ਦਾ ਨਾਵਲ 'ਦਿ 3 ਮਿਸਟੇਕਸ ਆਫ਼ ਮਾਈ ਲਾਇਫ਼' ਸੀ। ਇਸ ਫਿਲਮ ਵਿਚ ਰਾਜ ਕੁਮਾਰ ਰਾਓ ਤੋਂ ਇਲਾਵਾ ਸੁਸ਼ਾਂਤ ਸਿੰਘ ਰਾਜਪੂਤ, ਆਸਿਫ਼ ਬਸਰਾ, ਅਮਿਤ ਸਾਧ ਅਤੇ ਅਮਰੀਸ਼ ਪੁਰੀ ਦੇ ਅਹਿਮ ਕਿਰਦਾਰ ਸਨ। ਇਸ ਫਿਲਮ ਦੀ ਚਰਚਾ ਤਾਂ ਹੋਈ ਹੀ ਸੀ, ਇਸ ਨੇ ਬਾਕਸ ਆਫ਼ਿਸ ਉਤੇ ਵੀ ਚੋਖੀ ਕਮਾਈ ਕੀਤੀ ਸੀ। ਇਸ ਤੋਂ ਬਾਅਦ ਰਾਜ ਕੁਮਾਰ ਰਾਓ ਦੀ ਗੁੱਡੀ ਖੂਬ ਚੜ੍ਹੀ। ਮੁੰਬਈ ਦੇ ਇਕ ਵਕੀਲ ਦੀ ਜ਼ਿੰਦਗੀ 'ਤੇ ਆਧਾਰਿਤ ਬਣੀ ਫਿਲਮ 'ਸ਼ਾਹਿਦ' (2013) ਲਈ ਉਸ ਨੂੰ ਸਰਵੋਤਮ ਅਦਾਕਾਰ ਦਾ ਕੌਮੀ ਪੁਰਸਕਾਰ ਅਤੇ ਫਿਲਮਫੇਅਰ ਸਰਵੋਤਮ ਅਦਾਕਾਰ ਪੁਰਸਕਾਰ ਮਿਲੇ। ਸਾਲ 2014 ਵਿਚ ਉਸ ਦੀਆਂ ਦੋ ਫਿਲਮਾਂ 'ਕੁਈਨ' ਅਤੇ 'ਸਿਟੀ ਲਾਈਟਸ' ਰਿਲੀਜ਼ ਹੋਈਆਂ ਸਨ ਜਿਨ੍ਹਾਂ ਨੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ ਸਨ। ਸਾਧਾਰਨ ਸ਼ਕਲ-ਸੂਰਤ ਵਾਲੇ ਰਾਜ ਕੁਮਾਰ ਰਾਓ ਦੀ ਚਰਚਾ ਅੱਜ ਕੱਲ੍ਹ ਚੋਟੀ ਦੇ ਕਲਾਕਾਰਾਂ ਵਿਚ ਹੁੰਦੀ ਹੈ।




Total ENTERTAINMENT INC®
TOTAL ENTERTAINMENT
AVTAR LAKHA & VIJAY SINGH
PROUDLY PRESENTS
Lopoke brothers
MEHFIL TOUR IN USA
DESIGN BY : KAPIL DHIMAN
ਚੰਮ ਨਾ ਵਿਕਦਾ ਇਥੇ, ਵਿਕਦਾ ਕੰਮ ਹੀ ਬੰਦੇ ਦਾ। ਬੰਦਾ ਆਪ ਨਾ ਬੋਲੇ, ਬੋਲੇ ਕੰਮ ਹੀ ਬੰਦੇ ਦਾ।
For More Info. Contact:
Avtar S Lakha 209-200-0818 or Vijay Singh 650-400-5156
Lyrics by Sukhi Dhaliwal, Kulwant Sekhon, Dharamvir Thandi, Harjinder Kang, Surinder Chandair, Jasbir Gunachoria, Jaswant S Shaad, Harjit Hathur
Special Thanks: Master Deepak, Ashwani Bhakri, Ashok Bhaura, Lakhbir Singh, Jodhbir Singh, Juss Aulakh, Smile Dhir, Asha Sharma, Sukhdev Sahil, Narinder Bagga, Atul Kapoor, Amrik Chand Lakha, Raj Bhanot, Lakhbir Singh Patwari, Micky Sra, Yaadwinder Sra, Poppy Singh, Kulwant Dhalian, Neeta Machhike, Jassi Banga, Kamal Bassi, Jaswant Mehmi, Dilbag Bangar, Ramesh Kumar Mehmi, Dharminder Singh, All Lakha Brothers, Des Raj Banga, Vijay Vij, Sikandar, Punjabi Dhaba, Rama Video, Jaswinder Sandhu, Shamsher Singh Liberty Trucking, Sarabjit Saroya

ੴ ਸਤਿਗੁਰ ਪ੍ਰਸਾਦਿ

# ਮਹਾਨ ਕੀਰਤਨ ਸਮਾਗਮ

## 25 ਤੋਂ 30 ਨਵੰਬਰ 2016 ਤੱਕ

ਸੰਗਤ ਨੂੰ ਬੇਨਤੀ ਹੈ ਕਿ ਪੰਥ ਪ੍ਰਸਿਧ ਕੀਰਤਨੀਏ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਤੇ ਸੰਤ ਅਨੂਪ ਸਿੰਘ ਊਨਾ ਸਾਹਿਬ ਵਾਲੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਸੈਨ ਹੋਜ਼ੇ ਵਿਖੇ ਵਿਸ਼ੇਸ਼ ਕੀਰਤਨ ਦੀਵਾਨ ਸਜਾਉਣਗੇ। ਆਪ ਸਭ ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ

### ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ

**25 ਨਵੰਬਰ (ਸ਼ੁੱਕਰਵਾਰ)**
ਸ਼ਾਮ 7:30 ਤੋਂ 8:30 ਵਜੇ ਤੱਕ

**26 ਨਵੰਬਰ (ਸਨਿਚਰਵਾਰ)**
ਸ਼ਾਮ 7:30 ਤੋਂ 8:30 ਵਜੇ ਤੱਕ

**27 ਨਵੰਬਰ (ਐਤਵਾਰ)**
ਸਵੇਰੇ 11:15 ਤੋਂ ਦੁਪਹਿਰ 12 ਵਜੇ ਤੱਕ



### ਸੰਤ ਅਨੂਪ ਸਿੰਘ ਜੀ ਊਨਾ ਸਾਹਿਬ

**27 ਨਵੰਬਰ (ਐਤਵਾਰ)**
ਦੁਪਹਿਰ 12 ਵਜੇ ਤੋਂ ਇਕ ਵਜੇ ਤੱਕ

**28 ਨਵੰਬਰ (ਸੋਮਵਾਰ)**
ਸ਼ਾਮ 7:30 ਤੋਂ 8:30 ਵਜੇ ਤੱਕ

**29 ਨਵੰਬਰ (ਮੰਗਲਵਾਰ)**
ਸ਼ਾਮ 7:30 ਤੋਂ 8:30 ਵਜੇ ਤੱਕ

**30 ਨਵੰਬਰ (ਬੁੱਧਵਾਰ)**
ਸ਼ਾਮ 7:30 ਤੋਂ 8:30 ਵਜੇ ਤੱਕ



# ਜਨਰਲ ਬਾਡੀ ਮੀਟਿੰਗ

## ਐਤਵਾਰ, 18 ਦਸੰਬਰ 2016 (ਸਮਾਂ ਬਾਅਦ ਦੁਪਹਿਰ 1:30 ਤੋਂ 3 ਵਜੇ ਤੱਕ)

## ਬਾਈਲਾਅਜ਼ ਵਿਚ ਸੋਧਾਂ ਬਾਰੇ ਜਾਣਕਾਰੀ

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

5 ਨਵੰਬਰ 2016 ਨੂੰ ਪ੍ਰਬੰਧਕ ਕਮੇਟੀ ਦੀ ਮੀਟਿੰਗ 'ਚ ਸੰਵਿਧਾਨ ਵਿਚ ਕੁਝ ਸੋਧਾਂ ਕਰਨ ਦੇ ਸੁਝਾਅ ਦਾ ਮਤਾ ਪਾਸ ਕੀਤਾ ਗਿਆ ਅਤੇ ਜਨਰਲ ਬਾਡੀ ਦੀ ਮਨਜ਼ੂਰੀ ਲਈ ਐਤਵਾਰ, 18 ਦਸੰਬਰ 2016 ਨੂੰ ਜਨਰਲ ਬਾਡੀ ਦੀ ਮੀਟਿੰਗ ਮੁੱਖ ਕੀਰਤਨ ਹਾਲ ਵਿਚ ਬਾਅਦ ਦੁਪਹਿਰ 1.30 ਵਜੇ ਤੋਂ 3 ਵਜੇ ਤੱਕ ਬੁਲਾਈ ਗਈ ਹੈ। ਸਾਰੇ ਮੈਂਬਰਾਂ ਨੂੰ ਇਸ ਬਾਰੇ ਨੋਟਿਸ ਵੀ ਭੇਜਿਆ ਗਿਆ ਹੈ।

**ਸੰਵਿਧਾਨ ਵਿਚ ਮਾਮੂਲੀ ਸੋਧਾਂ ਕਰਨ ਦੀ ਜਰੂਰਤ ਹੈ, ਕਿਉਂ?**

ਗੁਰਦੁਆਰਾ ਸਾਹਿਬ ਦਾ ਹੁਣ ਵਾਲਾ ਸੰਵਿਧਾਨ ਕਰੀਬ 23 ਸਾਲ ਪਹਿਲਾਂ ਸੋਧਿਆ ਗਿਆ ਸੀ। ਇਸ ਸਮੇਂ ਸੰਗਤ ਅਤੇ ਮੈਂਬਰਸ਼ਿੱਪ ਵਿਚ ਕਈ ਗੁਣਾ ਵਾਧਾ ਹੋ ਗਿਆ ਹੈ। ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਅਤੇ ਅਮਰੀਕਾ ਦੇ ਸਾਰੇ ਗੁਰੂ ਘਰਾਂ ਤੋਂ ਵੱਡੀ ਇਮਾਰਤ ਹੋਂਦ ਵਿਚ ਆਈ ਹੈ। ਮਹਿੰਗਾਈ ਵਿਚ ਵੀ ਕਈ ਗੁਣਾ ਵਾਧਾ ਹੋਇਆ ਹੈ। ਇਨ੍ਹਾਂ ਕਾਰਨਾਂ ਕਰਕੇ ਮੌਜੂਦਾ ਸੰਵਿਧਾਨ ਵਿਚ ਪ੍ਰਬੰਧਕ ਕਮੇਟੀ ਲਈ ਮਿਥੀਆਂ ਮਾਇਕ ਸੀਮਾਵਾਂ ਗੁਰਦੁਆਰਾ ਸਾਹਿਬ ਦੇ ਕਾਰਜਾਂ ਲਈ ਬਹੁਤ ਹੀ ਘਟ ਹਨ। ਵੱਡੀ ਮੈਂਬਰਸ਼ਿੱਪ ਕਾਰਨ ਚੋਣਾਂ ਦਾ ਖਰਚਾ ਵੀ ਵਧ ਗਿਆ ਹੈ। ਪ੍ਰਬੰਧ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਅਤੇ ਜਰੂਰੀ ਫੈਸਲੇ ਸਮੇਂ ਸਿਰ ਲੈਣ ਲਈ ਸੰਵਿਧਾਨ ਵਿਚ ਹੇਠ ਲਿਖੀਆਂ ਤਬਦੀਲੀਆਂ ਜਰੂਰੀ ਹਨ। ਬੇਨਤੀ ਹੈ ਕਿ ਮੈਂਬਰ ਸਾਹਿਬਾਨ ਮੀਟਿੰਗ ਵਿਚ ਸ਼ਾਮਲ ਹੋ ਕੇ ਇਨ੍ਹਾਂ ਤਬਦੀਲੀਆਂ ਦੀ ਮਨਜ਼ੂਰੀ ਦੇਣ।

**(1) ਹੁਣ ਵਾਲੇ ਸੰਵਿਧਾਨ ਅਨੁਸਾਰ 50 ਹਜ਼ਾਰ ਡਾਲਰ ਤੋਂ ਵੱਧ ਦੇ ਪ੍ਰਾਜੈਕਟ ਲਈ ਜਨਰਲ ਬਾਡੀ ਦੀ ਮਨਜ਼ੂਰੀ ਲੈਣੀ ਜਰੂਰੀ ਹੈ।**

ਗੁਰੂ ਘਰ ਦਾ ਲਗਭਗ $11.2 ਮਿਲੀਅਨ ਡਾਲਰ ਲੋਨ ਵੇਰੀਏਬਲ (ਘੱਟਣ-ਵੱਧਣ ਵਾਲੇ) ਵਿਆਜ ਵਾਲਾ ਹੈ, ਬੈਂਕ ਵਲੋਂ ਹਦਾਇਤ ਕੀਤੀ ਗਈ ਹੈ ਕਿ ਲੋਨ ਨੂੰ ਪੱਕਾ ਕਰਵਾਉਣ ਲਈ ਹੁਣ ਵਾਲੇ ਸੰਵਿਧਾਨ ਮੁਤਾਬਿਕ ਜਨਰਲ ਬਾਡੀ ਤੋਂ ਮਨਜ਼ੂਰੀ ਲਓ। ਜਨਰਲ ਬਾਡੀ ਦੀ ਮੀਟਿੰਗ ਲਈ ਬਹੁਤ ਸਮਾਂ ਲਗ ਜਾਂਦਾ ਹੈ ਅਤੇ ਕਈ ਚੰਗੇ ਮੌਕੇ ਹੱਥੋਂ ਨਿਕਲ ਜਾਂਦੇ ਹਨ। ਇਸ 'ਤੇ ਖਰਚਾ ਵੀ ਬਹੁਤ ਆਉਂਦਾ ਹੈ।

ਸੰਵਿਧਾਨ ਦੀ ਸੋਧ ਅਨੁਸਾਰ ਗੁਰੂ ਘਰ ਦੇ ਹੋਰ ਪ੍ਰਾਜੈਕਟ ਜਿਵੇਂ ਕਿ ਸਮੇਂ-ਸਮੇਂ ਅਤੇ ਟਾਈਮ ਸਿਰ ਨਵਾਂ ਲੋਨ, ਰੀਫਾਈਨਾਂਸ, ਕੰਸਟਰਕਸ਼ਨ, ਬਿਲਡਿੰਗ ਵਿਚ ਸੁਧਾਰ, ਛੋਟੇ ਬੱਚਿਆਂ ਲਈ ਖੇਡ ਮੈਦਾਨ, ਵਾਲੀਬਾਲ ਖੇਡ ਮੈਦਾਨ, ਗੁਰੂ ਨਾਨਕ ਪਗਡੰਡੀ ਉਤੇ ਆਮ ਤੌਰ 'ਤੇ 50 ਹਜ਼ਾਰ ਤੋਂ ਵਧੇਰੇ ਦਾ ਖਰਚਾ ਆ ਜਾਂਦਾ ਹੈ। ਪ੍ਰਬੰਧਕ ਕਮੇਟੀ ਦੀ ਬਹੁਸੰਮਤੀ ਨਾਲ ਇਹੋ ਜਿਹੇ ਪ੍ਰਾਜੈਕਟ ਮੁਕੰਮਲ ਕੀਤੇ ਜਾ ਸਕਦੇ ਹਨ। 50 ਹਜ਼ਾਰ ਡਾਲਰ ਤੋਂ ਘਟ ਦੇ ਖਰਚੇ ਐਗਜੈਕਟਿਵ ਕਮੇਟੀ ਦੀ ਸਰਬਸੰਮਤੀ ਨਾਲ ਕੀਤੇ ਜਾ ਸਕਦੇ ਹਨ।

**(2) ਹੁਣ ਵਾਲੇ ਸੰਵਿਧਾਨ ਵਿਚ ਗੁਰੂ ਘਰ ਦੀ ਜ਼ਮੀਨ ਵੇਚਣ ਬਾਰੇ ਕੋਈ ਵੇਰਵਾ ਨਹੀਂ ਹੈ।**

ਕੁਝ ਸਾਲ ਪਹਿਲਾਂ ਸੰਗਤ ਦੇ ਕਈ ਮੈਂਬਰ ਪ੍ਰਬੰਧਕਾਂ 'ਤੇ ਇਲਜ਼ਾਮ ਲਾਉਂਦੇ ਸਨ ਕਿ ਪ੍ਰਬੰਧਕ ਗੁਰੂ ਘਰ ਦੀ ਜ਼ਮੀਨ ਵੇਚਣ ਲੱਗੇ ਹਨ।

ਸੰਵਿਧਾਨ ਵਿਚ ਇਹ ਸੋਧ ਕਰ ਦੇਣੀ ਜਰੂਰੀ ਹੈ ਕਿ ਗੁਰੂ ਘਰ ਦੀ ਜ਼ਮੀਨ ਵੇਚਣ ਦੀ ਪ੍ਰਵਾਨਗੀ ਦੇਣ ਦਾ ਹੱਕ ਸਿਰਫ ਜਨਰਲ ਬਾਡੀ ਕੋਲ ਹੋਵੇਗਾ।

**(3) ਹੁਣ ਵਾਲੇ ਸੰਵਿਧਾਨ ਵਿਚ ਪ੍ਰਬੰਧਕ ਕਮੇਟੀ ਦੀ ਚੋਣ ਦੇ ਖਰਚੇ ਬਾਰੇ ਕੋਈ ਵੇਰਵਾ ਨਹੀਂ ਹੈ।**

ਪ੍ਰਬੰਧਕ ਕਮੇਟੀ ਦੀ ਚੋਣ ਦਾ ਖਰਚਾ ਸੰਗਤ (ਗੁਰੂ ਘਰ) 'ਤੇ ਪਾਉਣ ਦੀ ਬਜਾਏ ਪ੍ਰਬੰਧਕ ਕਮੇਟੀ ਦੀ ਚੋਣ ਲੜ ਰਹੇ ਹਰ ਇੱਕ ਉਮੀਦਵਾਰ 'ਤੇ ਪਾਇਆ ਜਾਵੇ ਜਿਸ ਦੀ ਫੀਸ ਇੱਕ ਹਜ਼ਾਰ ਡਾਲਰ ਹੋਵੇ।

**ਅਰਟੀਕਲ 4/ਏ/2** ਪ੍ਰਬੰਧਕ ਕਮੇਟੀ (ਜਿਸ ਨੂੰ ਕਮੇਟੀ ਵੀ ਕਿਹਾ ਜਾਂਦਾ ਹੈ) ਦੇ ਵੱਧ ਤੋਂ ਵੱਧ 21 ਮੈਂਬਰ ਹੋਣਗੇ। ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰ ਜਨਰਲ ਬਾਡੀ ਵਿਚੋਂ ਚੁਣੇ ਜਾਣਗੇ। ਪ੍ਰਬੰਧਕ ਕਮੇਟੀ ਦੀ ਕਿਸੇ ਵੀ ਲੜੀ ਗਈ ਚੋਣ ਲਈ ਉਮੀਦਵਾਰ ਨੂੰ ਆਪਣੀ ਅਰਜੀ ਨਾਲ ਚੋਣ ਲੜਨ ਲਈ ਇਕ ਹਜ਼ਾਰ ਡਾਲਰ ਦੀ ਫੀਸ ਜਮ੍ਹਾ ਕਰਾਉਣੀ ਪਵੇਗੀ। ਇਹ ਫੀਸ ਚੋਣ ਕਰਵਾਉਣ ਲਈ ਗੁਰਦੁਆਰਾ ਸਾਹਿਬ ਵਲੋਂ ਕੀਤੇ ਜਾ ਰਹੇ ਖਰਚੇ ਲਈ ਹੋਵੇਗੀ।

**(4) ਹੁਣ ਵਾਲੇ ਸੰਵਿਧਾਨ ਮੁਤਾਬਿਕ ਮੁੱਖ ਖਜ਼ਾਨਚੀ ਸਿਰਫ ਇੱਕ ਹਜ਼ਾਰ ਡਾਲਰ ਤੱਕ ਚੈਕ ਲਿਖ ਸਕਦਾ ਹੈ।**

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਖਰਚੇ (ਬਿੱਲ) ਅਤੇ ਐਗਜੈਕਟਿਵ ਅਤੇ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਨ ਕੀਤੇ ਹੋਰ ਪ੍ਰਾਜੈਕਟ/ਪ੍ਰਬੰਧ ਚਲਾਉਣ ਲਈ ਮੁੱਖ ਖਜ਼ਾਨਚੀ 2 ਹੋਰ ਸਹਾਇਕ ਖਜ਼ਾਨਚੀਆਂ ਦੀ ਮਨਜ਼ੂਰੀ ਨਾਲ ਚੈਕ ਲਿਖ ਸਕਦਾ ਹੈ।

ਜਨਰਲ ਬਾਡੀ ਦੀ ਮੀਟਿੰਗ ਵਿਚ ਤੁਹਾਡਾ ਸ਼ਾਮਲ ਹੋਣਾ ਬਹੁਤ ਜਰੂਰੀ ਹੈ। ਕੋਈ ਵੀ ਸੰਗਤ ਮੈਂਬਰ ਜੋ ਅਗਸਤ 2015 ਦੀ ਚੋਣ ਸਮੇਂ ਵੋਟ ਪਾਉਣ ਦਾ ਹੱਕਦਾਰ ਸੀ, ਉਹ ਹੁਣ ਵੀ ਵੋਟ ਪਾਉਣ ਦਾ ਹੱਕਦਾਰ ਹੈ। ਪ੍ਰਬੰਧਕ ਕਮੇਟੀ ਨੇ ਸਰਬਸੰਮਤੀ ਨਾਲ ਤੁਹਾਡੀ ਮੈਂਬਰਸ਼ਿਪ ਹੋਰ ਚਾਰ ਸਾਲ ਲਈ ਵਧਾਉਣ ਦਾ ਮਤਾ ਪਾਸ ਕਰ ਦਿੱਤਾ ਹੈ।

ਹੋਰ ਜਾਣਕਾਰੀ ਫੋਨ (408) 274-9373 ਜਾਂ ਗੁਰੂ ਘਰ ਦੀ ਵੈਬ ਸਾਈਟ www.sanjosegurdwara.org ਰਾਹੀਂ ਹਾਸਲ ਕੀਤੀ ਜਾ ਸਕਦੀ ਹੈ

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

Sikh Gurdwara San Jose: 3636 Murillo Ave, San Jose CA 95148